21-SEP-PAGE-1.qxd 9/20/2025 10:38 PM Page 1

ਐਤਵਾਰ, 21 ਸਤੰਬਰ, 2025
6 ਅੱਸੂ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 111

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 21 SEPTEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 10+6=16

# ਸੀ ਪੀ ਆਈ ਦੇ 25ਵੇਂ ਮਹਾਂ-ਸੰਮੇਲਨ ਦਾ ਅੱਜ ਵਿਸ਼ਾਲ ਰੈਲੀ ਨਾਲ ਆਗਾਜ਼







**ਚੰਡੀਗੜ੍ਹ (ਪਰਮਜੀਤ ਢਾਬਾਂ/ ਗਿਆਨ ਸੈਦਪੁਰੀ/ਰੈਕਟਰ ਕਥੂਰੀਆ)**
ਭਾਰਤੀ ਕਮਿਊਨਿਸਟ ਪਾਰਟੀ ਦੇ ਪੰਜਾਬ ਸੂਬੇ ਵੱਲੋਂ ਚੰਡੀਗੜ੍ਹ ਵਿਖੇ ਕਰਵਾਏ ਜਾ ਰਹੇ ਕੌਮੀ ਮਹਾਂ-ਸੰਮੇਲਨ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਇਹ ਮਹਾਂ-ਸੰਮੇਲਨ 21 ਸਤੰਬਰ ਤੋਂ 25 ਸਤੰਬਰ ਤੱਕ ਚੱਲੇਗਾ। ਪਹਿਲੇ ਦਿਨ 21 ਸਤੰਬਰ ਨੂੰ ਮੁਹਾਲੀ ਦੀ ਸਬਜ਼ੀ ਮੰਡੀ ਗਰਾਊਂਡ ਵਿਖੇ ਇੱਕ ਵਿਸ਼ਾਲ ਰੈਲੀ ਕੀਤੀ ਜਾਏਗੀ, ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬ ਦੇ ਨੌਜਵਾਨ, ਵਿਦਿਆਰਥੀ, ਮਜ਼ਦੂਰ, ਕਿਸਾਨ ਅਤੇ ਆਮ ਲੋਕ ਸ਼ਮੂਲੀਅਤ ਕਰਨਗੇ।

ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਦੱਸਿਆ ਕਿ ਦੇਸ਼ ਭਰ ਵਿੱਚੋਂ ਸਾਢੇ ਛੇ ਸੌ ਦੇ ਕਰੀਬ ਚੁਣੇ ਹੋਏ ਡੈਲੀਗੇਟ ਵੱਖ-ਵੱਖ ਸੂਬਿਆਂ ਤੋਂ ਪਹੁੰਚ ਚੁੱਕੇ ਹਨ ਅਤੇ ਦੇਰ ਰਾਤ ਤੱਕ ਸਾਰੇ ਡੈਲੀਗੇਟ ਪੁੱਜ ਜਾਣਗੇ। ਉਹਨਾ ਕਿਹਾ ਕਿ ਕਾਂਗਰਸ ਪ੍ਰਤੀ ਜਿੱਥੇ ਸੂਬਾ ਪਾਰਟੀ ਵਿੱਚ ਵੱਡਾ ਉਤਸ਼ਾਹ ਹੈ, ਉਥੇ ਨਾਲ ਹੀ ਦੇਸ਼ ਦੇ ਲੋਕ ਇਸ ਕਾਂਗਰਸ ਵੱਲ ਤੱਕ ਰਹੇ ਹਨ ਕਿ ਇਸ ਵਿੱਚ ਕੀਤੇ ਜਾਣ ਵਾਲੇ ਇਤਿਹਾਸਕ ਫੈਸਲੇ ਦੇਸ਼ ਨੂੰ ਨਵੀਂ ਸੇਧ ਦੇਣਗੇ। ਕਾਮਰੇਡ ਬਰਾੜ ਨੇ ਦੱਸਿਆ ਕਿ ਪਾਰਟੀ ਦੇ ਨੌਜਵਾਨ ਵਲੰਟੀਅਰਜ਼ ਵੱਲੋਂ ਕਾਨਫਰੰਸ ਹਾਲ ਸਜਾਇਆ ਜਾ ਚੁੱਕਿਆ ਹੈ ਅਤੇ ਇਸੇ ਤਰ੍ਹਾਂ ਰੈਲੀ ਵਾਲਾ ਪੰਡਾਲ ਵੀ ਪੂਰੀ ਤਰ੍ਹਾਂ ਲਾਲੋ-ਲਾਲ ਹੋ ਚੁੱਕਿਆ ਹੈ। ਰੈਲੀ ਵਿੱਚ ਸੂਬੇ ਭਰ ਤੋਂ ਢੋਲ-ਢਮੱਕਿਆਂ ਨਾਲ ਖ਼ੁਸ਼ੀ ਮਨਾਉਂਦੇ ਪੰਜਾਬ ਦੇ ਲੋਕ ਹਜ਼ਾਰਾਂ ਦੀ ਗਿਣਤੀ 'ਚ ਪਹੁੰਚਣਗੇ। ਕਾਮਰੇਡ ਬਰਾੜ ਅਤੇ ਪੰਜਾਬ ਏਟਕ ਦੇ ਜਨਰਲ ਸਕੱਤਰ ਤੇ ਕੌਮੀ ਕੌਂਸਲ ਦੇ ਮੈਂਬਰ ਨਿਰਮਲ ਸਿੰਘ ਧਾਲੀਵਾਲ ਨੇ ਦੱਸਿਆ ਕਿ ਪੂਰੇ ਸੰਮੇਲਨ ਨੂੰ ਸੁਚੱਜੇ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਵੱਖ-ਵੱਖ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ। ਸਵਾਗਤੀ ਕਮੇਟੀ ਦੇ ਚੇਅਰਮੈਨ ਡਾਕਟਰ ਸਵਰਾਜਬੀਰ ਸਿੰਘ ਅਤੇ ਜਨਰਲ ਸਕੱਤਰ ਬੰਤ ਸਿੰਘ ਬਰਾੜ ਹਨ।ਪੂਰੀ ਸਟੇਟ ਕਮੇਟੀ ਇਸ ਕਮੇਟੀ ਦੀ ਮੈਂਬਰ ਹੈ।ਇਸੇ ਤਰ੍ਹਾਂ ਰੈਜ਼ੀਡੈਂਸ਼ੀਅਲ ਕਮੇਟੀ, ਟਰਾਂਸਪੋਰਟ ਕਮੇਟੀ, ਭੋਜਨ ਕਮੇਟੀ, ਵਲੰਟੀਅਰ ਕਮੇਟੀ, ਮੀਡੀਆ ਕਮੇਟੀ ਦੇ ਸੋਸ਼ਲ ਮੀਡੀਆ ਕਮੇਟੀ ਦਾ ਗਠਨ ਕੀਤਾ ਗਿਆ ਹੈ।

ਪਾਰਟੀ ਕਾਂਗਰਸ ਵਿੱਚ ਅੰਤਰਰਾਸ਼ਟਰੀ ਤੇ ਰਾਸ਼ਟਰੀ ਮਸਲਿਆਂ 'ਤੇ ਨਿੱਠ ਕੇ ਚਰਚਾ ਹੋਵੇਗੀ।ਦੇਸ਼-ਦੁਨੀਆ ਇਸ ਵੇਲੇ ਅਨੇਕਾਂ ਸੰਕਟਾਂ ਵਿੱਚ ਘਿਰੇ ਹੋਏ ਹਨ। ਇਹਨਾਂ ਸੰਕਟਾਂ ਨੂੰ ਹੱਲ ਕਰਨ ਲਈ ਰਾਹ ਤਲਾਸ਼ੇ ਜਾਣਗੇ।ਖੱਬੀਆਂ ਤਾਕਤਾਂ ਦੀ ਏਕਤਾ ਵਧਾਉਣ ਲਈ ਵਿਚਾਰਾਂ ਕੀਤੀਆਂ ਜਾਣਗੀਆਂ।ਫਲਸਤੀਨ ਦੇ ਲੋਕਾਂ ਨਾਲ ਯਕਯਹਿਤੀ ਪ੍ਰਗਟ ਕਰਨ ਲਈ ਖੁੱਲ੍ਹਾ ਸਮਾਗਮ ਕੀਤਾ ਜਾਵੇਗਾ।ਕਿਊਬਾ ਦੇ ਲੋਕਾਂ ਨਾਲ ਵੀ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ ਜਾਵੇਗਾ।ਫਾਸ਼ੀਵਾਦ, ਨਾਜ਼ੀਵਾਦ ਕਿਉਂ ਸਿਰ ਚੁੱਕ ਰਿਹਾ ਹੈ, ਇਸ ਨੂੰ ਰੋਕਣ ਦੇ ਹੀਲੇ-ਵਸੀਲੇ ਲੱਭੇ ਜਾਣਗੇ।

ਆਗੂਆਂ ਨੇ ਦੱਸਿਆ ਕਿ ਖੱਬੀਆਂ ਪਾਰਟੀਆਂ, ਜਿਨ੍ਹਾਂ ਵਿੱਚ ਸੀ ਪੀ ਆਈ (ਐੱਮ), ਆਰ ਐੱਮ ਪੀ ਆਈ, ਫਾਰਵਰਡ ਬਲਾਕ ਤੇ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਸ਼ਾਮਿਲ ਹਨ, ਦੇ ਮੁਖੀ ਭਰਾਤਰੀ ਸੰਦੇਸ਼ ਦੇਣ ਲਈ ਮਹਾਂ-ਸੰਮੇਲਨ ਦਾ ਹਿੱਸਾ ਬਣਨਗੇ।ਵਿਦੇਸ਼ਾਂ ਤੋਂ ਵੀ ਕੁਝ ਅੰਬੈਸਡਰ ਸ਼ਾਮਲ ਹੋਣਗੇ। ਮਹਾਂ-ਸੰਮੇਲਨ ਵਿੱਚ ਕੌਮੀ ਝੰਡਾ ਪ੍ਰੋਫੈਸਰ ਜਗਮੋਹਨ ਸਿੰਘ (ਭਾਣਜਾ ਸ਼ਹੀਦ-ਏ-ਆਜ਼ਮ ਭਗਤ ਸਿੰਘ) ਲਹਿਰਾਉਣਗੇ ਤੇ ਪਾਰਟੀ ਦਾ ਝੰਡਾ ਭੁਪਿੰਦਰ ਸਾਂਬਰ ਲਹਿਰਾਉਣਗੇ।ਸਮਾਗਮ ਦੇ ਸਾਰੇ ਦਿਨਾਂ ਦੀਆਂ ਸ਼ਾਮਾਂ ਨੂੰ ਸੱਭਿਆਚਾਰਕ ਸਮਾਗਮ ਹੋਇਆ ਕਰਨਗੇ।ਇਹਨਾਂ ਵਿੱਚ ਗੀਤ, ਕੋਰੀਓਗ੍ਰਾਫੀ ਤੇ ਨਾਟਕ ਪੇਸ਼ ਕੀਤੇ ਜਾਣਗੇ।

ਇਸ ਮੌਕੇ ਗੱਲਬਾਤ ਕਰਦਿਆਂ ਸੀ ਪੀ ਆਈ ਦੇ ਜਨਰਲ ਸਕੱਤਰ ਡੀ. ਰਾਜਾ ਨੇ ਕਿਹਾ ਕਿ ਇਹ ਸੱਚ ਹੈ ਕਿ ਦੇਸ਼ ਦੇ ਸਾਹਮਣੇ ਦੇਸ਼ ਨੂੰ • ਬਾਕੀ ਸਫਾ 2 'ਤੇ

## ਜਲ੍ਹਿਆਂਵਾਲਾ ਬਾਗ਼ ਤੋਂ ਚੱਲਿਆ ਮਸ਼ਾਲ ਜਥਾ



**ਅੰਮ੍ਰਿਤਸਰ (ਜਸਬੀਰ ਪੱਟੀ, ਕੰਵਲਜੀਤ ਸਿੰਘ)**
ਮਹਾਂ-ਸੰਮੇਲਨ ਲਈ ਸਰਬ ਭਾਰਤ ਨੌਜਵਾਨ ਸਭਾ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਸਥਾਨਕ ਵਰਕਰਾਂ ਦਾ ਮਸ਼ਾਲ ਜਥਾ ਜਲ੍ਹਿਆਂ ਵਾਲੇ ਬਾਗ਼ ਤੋਂ ਚੱਲਿਆ । ਨੌਜਵਾਨ ਸਭਾ ਦੇ ਆਗੂ ਵਿਸ਼ਾਲਦੀਪ ਵਲਟੋਹਾ ਹੱਥ ਫੜੀ ਸ਼ਹੀਦੀ ਮਸ਼ਾਲ ਨੂੰ ਸੀ ਪੀ ਆਈ ਆਗੂ ਬਲਕਾਰ ਸਿੰਘ ਦੁਧਾਲਾ ਨੇ ਰੌਸ਼ਨ ਕੀਤਾ। ਇਸ ਮੌਕੇ ਨੌਜਵਾਨ ਸਭਾ ਤੇ ਪਾਰਟੀ ਆਗੂਆਂ ਨੇ ਕਿਹਾ ਕਿ ਰਾਜ ਸ਼ਕਤੀ ਵੱਲੋਂ ਨੌਜਵਾਨ ਮੁੰਡੇ-ਕੁੜੀਆਂ ਨੂੰ ਰੁਜ਼ਗਾਰ ਦੇਣ ਦੀ ਬਜਾਏ ਨਸ਼ਿਆਂ, ਲੁੱਟਾਂ-ਖੋਹਾਂ, ਗੈਂਗਸਟਰਵਾਦ ਤੇ ਫ਼ਿਕਾਪ੍ਰਸਤੀ ਦੇ ਰਾਹ ਪਾਇਆ ਜਾ ਰਿਹਾ ਹੈ। ਭਾਰਤੀ ਕਮਿਊਨਿਸਟ ਪਾਰਟੀ ਤੇ ਹੋਰ ਕਮਿਊਨਿਸਟ ਪਾਰਟੀਆਂ ਦਾ ਏਕਾ ਇਸ ਦੇਸ਼ ਨੂੰ ਆਜ਼ਾਦੀ ਦੇ • ਬਾਕੀ ਸਫਾ 2 'ਤੇ

## ਮੁਹਾਲੀ ਰੈਲੀ ਸਿਆਸੀ ਖਲਾਅ ਭਰੇਗੀ : ਕੈਲੇ



**ਸ਼ਾਹਕੋਟ (ਗਿਆਨ ਸੈਦਪੁਰੀ)**- ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾਂ-ਸੰਮੇਲਨ ਦੇ ਪਹਿਲੇ ਦਿਨ 21 ਸਤੰਬਰ ਨੂੰ ਮੁਹਾਲੀ ਵਿਖੇ ਹੋ ਰਹੀ ਰੈਲੀ ਇਤਿਹਾਸਕ ਹੋਵੇਗੀ। ਇਹ ਰੈਲੀ ਪੰਜਾਬ ਵਿੱਚ ਪੈਦਾ ਹੋਏ ਰਾਜਨੀਤਕ ਖਲਾਅ ਨੂੰ ਭਰਨ ਦਾ ਕੰਮ ਕਰੇਗੀ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਜਲੰਧਰ ਦੇ ਸਕੱਤਰ ਰਸ਼ਪਾਲ ਕੈਲੇ ਨੇ ਸਮੁੱਚੇ ਜ਼ਿਲ੍ਹੇ ਵਿੱਚੋਂ ਤਿਆਰੀ ਸੰਬੰਧੀ ਰਿਪੋਰਟ ਪ੍ਰਾਪਤ ਹੋਣ 'ਤੇ ਬਿਆਨ ਜਾਰੀ ਕਰਦਿਆਂ ਕੀਤਾ। ਇਸ ਰੈਲੀ 'ਚ ਜ਼ਿਲ੍ਹੇ ਵਿੱਚੋਂ ਪੰਜ ਸੌ ਤੋਂ ਵੱਧ ਸਾਥੀ ਸ਼ਾਮਲ ਹੋਣਗੇ, ਜਿਨ੍ਹਾਂ ਦੀ ਅਗਵਾਈ ਜ਼ਿਲ੍ਹੇ ਦੀ ਐਗਜ਼ੈਕਟਿਵ ਕਰੇਗੀ।

## ਮਹਾਂ-ਸੰਮੇਲਨ ਲਈ ਸ਼ੁਗਲੀ ਪਰਵਾਰ ਤੇ ਸਨੇਹੀਆਂ ਵੱਲੋਂ ਇੱਕ ਲੱਖ ਇੱਕ ਹਜ਼ਾਰ ਦਾ ਯੋਗਦਾਨ





ਗੁਰਮੀਤ ਸਿੰਘ ਸ਼ੁਗਲੀ



ਸਤਨਾਮ ਮਾਣਕ



ਐਡਵੋਕੇਟ ਰਜਿੰਦਰ ਮੰਡ ਤੇ ਰਾਜੇਸ਼ ਥਾਪਾ ਚੰਦ ਫਤਿਹਪੁਰੀ ਨੂੰ (ਸੱਜੇ) ਡਾ. ਜੁਗਬਦਲ ਸਿੰਘ ਜਸਵਿੰਦਰ ਮੰਡ ਨੂੰ ਚੈੱਕ ਭੇਟ ਕਰਦੇ ਹੋਏ।

**ਜਲੰਧਰ** : ਕਾਮਰੇਡ ਰਜਿੰਦਰ ਸਿੰਘ ਮੰਡ ਐਡਵੋਕੇਟ ਨੇ ਸੀ ਪੀ ਆਈ ਦੀ 25ਵੀਂ ਕਾਂਗਰਸ ਲਈ ਇੱਕ ਲੱਖ ਇੱਕ ਹਜ਼ਾਰ ਰੁਪਏ ਦੇ ਆਨਲਾਈਨ ਭੇਜੇ ਫੰਡ ਦਾ ਵੇਰਵਾ ਤੇ ਇੱਕ ਚੈੱਕ 'ਨਵਾਂ ਜ਼ਮਾਨਾ' ਦੇ ਸੰਪਾਦਕ ਤੇ ਸੂਬਾ ਕੰਟਰੋਲ ਕਮਿਸ਼ਨ ਦੇ ਮੈਂਬਰ ਕਾਮਰੇਡ ਚੰਦ ਫਤਿਹਪੁਰੀ ਨੂੰ ਭੇਟ ਕੀਤਾ। ਫੰਡ ਦਾ ਵੇਰਵਾ ਇਸ ਤਰ੍ਹਾਂ ਹੈ : ਡਾਕਟਰ ਜੁਗਬਦਲ ਸਿੰਘ ਨੰਨੂਆ 21 ਹਜ਼ਾਰ ਰੁਪਏ, ਜਸ ਮੰਡ 15 ਹਜ਼ਾਰ ਰੁਪਏ, ਸੁਕੀਰਤ ਆਨੰਦ 10 ਹਜ਼ਾਰ ਰੁਪਏ, ਸਤਨਾਮ ਸਿੰਘ ਮਾਣਕ 5 ਹਜ਼ਾਰ ਰੁਪਏ ਅਤੇ ਸ਼ੁਗਲੀ ਪਰਵਾਰ ਵੱਲੋਂ 50 ਹਜ਼ਾਰ ਰੁਪਏ।

## ਮਾਣੂੰਕੇ ਨੂੰ ਵੱਡੀ ਰਾਹਤ

**ਚੰਡੀਗੜ੍ਹ** : ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਆਮ ਆਦਮੀ ਪਾਰਟੀ ਦੀ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਨੂੰ ਵੱਡੀ ਰਾਹਤ ਦਿੱਤੀ ਹੈ।ਅਦਾਲਤ ਨੇ ਐੱਨ ਆਰ ਆਈ ਅਮਰਜੀਤ ਕੌਰ ਵੱਲੋਂ ਦਾਇਰ ਪਟੀਸ਼ਨ ਨੂੰ ਖਾਰਜ ਕਰ ਦਿੱਤਾ, ਜਿਸ ਵਿੱਚ ਉਸ ਨੇ ਵਿਧਾਇਕਾ ਅਤੇ ਉਸ ਦੇ ਪਰਵਾਰ 'ਤੇ ਉਸ ਦੀ ਕੋਠੀ ਉੱਤੇ ਕਬਜ਼ਾ ਕਰਨ ਦੇ ਦੋਸ਼ ਲਾਏ ਸਨ।ਅਮਰਜੀਤ ਕੌਰ ਵੱਲੋਂ ਦੋਸ਼ ਲਾਇਆ ਗਿਆ ਸੀ ਕਿ ਵਿਧਾਇਕਾ ਨੇ ਜਗਰਾਉਂ ਦੇ ਹੀਰਾ ਬਾਗ ਵਿੱਚ ਸਥਿਤ ਉਸ ਦੀ ਕੋਠੀ ਉੱਤੇ ਕਬਜ਼ਾ ਕੀਤਾ ਹੈ। ਇਹ ਮਾਮਲਾ ਸਿਰਫ਼ ਪੰਜਾਬ ਹੀ ਨਹੀਂ, ਸਗੋਂ ਦੇਸ਼-ਵਿਦੇਸ਼ ਵਿੱਚ ਵੀ ਚਰਚਾ ਦਾ ਕੇਂਦਰ ਬਣਿਆ ਸੀ।

## ਰਿਟਾਇਰਮੈਂਟ ਆ ਗਈ

**ਨਵੀਂ ਦਿੱਲੀ** : ਏਸ਼ੀਆ ਦੀ ਪਹਿਲੀ ਰੇਲ ਡਰਾਈਵਰ (ਲੋਕੋ ਪਾਇਲਟ) ਸੁਰੇਖਾ ਯਾਦਵ 36 ਸਾਲ ਦੀ ਸੇਵਾ ਤੋਂ ਬਾਅਦ 30 ਸਤੰਬਰ ਨੂੰ ਰਿਟਾਇਰ ਹੋ ਜਾਵੇਗੀ। ਇਸ ਵੇਲੇ ਉਹ ਕੇਂਦਰੀ ਰੇਲਵੇ ਦੇ ਮੁੰਬਈ ਡਵੀਜ਼ਨ ਵਿੱਚ ਸੇਵਾ ਦੇ ਰਹੀ ਹੈ। ਮਹਾਰਾਸ਼ਟਰ ਦੇ ਸਤਾਰਾ ਜ਼ਿਲ੍ਹੇ ਦੀ ਯਾਦਵ ਨੇ 13 ਫਰਵਰੀ 1989 ਨੂੰ ਪਹਿਲੀ ਲੋਕੋ ਪਾਇਲਟ ਵਜੋਂ ਸੇਵਾ ਸ਼ੁਰੂ ਕੀਤੀ ਸੀ।

## ਚੀਮਾ ਨੇ ਹਲਕਾ ਦਿੜ੍ਹਬਾ ਲਈ ਭੇਜੀਆਂ ਤਿੰਨ ਐਂਬੂਲੈਂਸਾਂ




**ਸੰਗਰੂਰ (ਪ੍ਰਵੀਨ ਸਿੰਘ)**-ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸਨਿੱਚਰਵਾਰ ਹਲਕਾ ਦਿੜ੍ਹਬਾ ਦੇ ਹੜ੍ਹ ਪ੍ਰਭਾਵਤ ਖੇਤਰਾਂ ਦੇ ਵਸਨੀਕਾਂ ਨੂੰ ਮੈਡੀਕਲ ਸੇਵਾਵਾਂ ਪ੍ਰਦਾਨ ਕਰਨ ਲਈ ਸਥਾਨਕ ਰੈਸਟ ਹਾਊਸ ਤੋਂ ਤਿੰਨ ਐਂਬੂਲੈਂਸਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਉਨ੍ਹਾ ਕਿਹਾ ਕਿ ਇਨ੍ਹਾਂ ਐਂਬੂਲੈਂਸਾਂ ਰਾਹੀਂ ਅਗਲੇ 15 ਦਿਨਾਂ ਲਈ ਮੁਫ਼ਤ ਡਾਕਟਰੀ ਜਾਂਚ ਤੇ ਦਵਾਈਆਂ ਪ੍ਰਦਾਨ ਕੀਤੀਆਂ ਜਾਣਗੀਆਂ। ਗੰਭੀਰ ਮਾਮਲਿਆਂ ਵਿੱਚ ਮਰੀਜ਼ਾਂ ਨੂੰ ਅਗਲੇ ਇਲਾਜ ਲਈ ਨੇੜਲੇ ਸਿਹਤ ਕੇਂਦਰਾਂ ਵਿੱਚ ਭੇਜਿਆ ਜਾਵੇਗਾ।

### ਮੁੱਖ ਮੰਤਰੀ ਦੇ ਮਿਸ਼ਨ ਚੜ੍ਹਦੀ ਕਲਾ ਨੂੰ ਸਮਾਜ ਸੇਵੀਆਂ ਵੱਲੋਂ ਭਰਵਾਂ ਸਮਰਥਨ

## ਯੂਨੀਅਨ ਬੈਂਕ ਆਫ਼ ਇੰਡੀਆ ਨੇ ਹੜ੍ਹ ਪੀੜਤਾਂ ਲਈ ਦੋ ਕਰੋੜ ਦਾ ਦਿੱਤਾ ਯੋਗਦਾਨ



**ਚੰਡੀਗੜ੍ਹ (ਗੁਰਜੀਤ ਬਿੱਲਾ)**
ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸੱਦੇ 'ਤੇ ਸਕਾਰਾਤਮਕ ਹੁੰਗਾਰਾ ਭਰਦੇ ਹੋਏ ਯੂਨੀਅਨ ਬੈਂਕ ਆਫ਼ ਇੰਡੀਆ ਨੇ ਪੰਜਾਬ ਵਿੱਚ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਸ਼ੁਰੂ ਕੀਤੇ ਮਿਸ਼ਨ ਚੜ੍ਹਦੀ ਕਲਾ ਵਿੱਚ ਦੋ ਕਰੋੜ ਰੁਪਏ ਦਾ ਯੋਗਦਾਨ ਪਾਇਆ ਹੈ।ਇਸ ਨੇਕ ਕਾਰਜ ਲਈ ਬੈਂਕ ਪ੍ਰਬੰਧਨ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਕ ਹਜ਼ਾਰ ਤੋਂ ਵੱਧ ਸਮਾਜ ਸੇਵੀ ਪਹਿਲਾਂ ਹੀ ਚੜ੍ਹਦੀ ਕਲਾ ਮਿਸ਼ਨ ਦਾ ਸਮਰਥਨ ਕਰਨ ਲਈ ਅੱਗੇ ਆ ਚੁੱਕੇ ਹਨ। ਉਨ੍ਹਾਂ ਅੱਗੇ ਕਿਹਾ ਕਿ ਯੂਨੀਅਨ ਬੈਂਕ ਆਫ਼ ਇੰਡੀਆ ਹੁਣ ਦੋ ਕਰੋੜ ਰੁਪਏ ਦਾ ਚੈੱਕ ਸੌਂਪ ਕੇ ਯੋਗਦਾਨ ਪਾਉਣ ਵਾਲਿਆਂ ਦੀ ਇਸ ਵਧਦੀ ਸੂਚੀ ਵਿੱਚ ਸ਼ਾਮਲ ਹੋ ਗਿਆ ਹੈ, ਜਿਸ ਨਾਲ ਹਾਲ ਹੀ ਵਿੱਚ ਹੜ੍ਹਾਂ ਨਾਲ ਤਬਾਹ ਹੋਏ ਸੂਬੇ ਦੇ ਮੁੜ ਨਿਰਮਾਣ ਦੇ ਯਤਨਾਂ ਨੂੰ ਹੋਰ ਮਜ਼ਬੂਤੀ ਮਿਲੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮਿਸ਼ਨ ਚੜ੍ਹਦੀ ਕਲਾ ਫੰਡ ਇਕੱਠਾ ਕਰਨ ਵਾਲੀ ਇੱਕ ਵਿਸ਼ਵਵਿਆਪੀ • ਬਾਕੀ ਸਫਾ 2 'ਤੇ

## ਅੱਜ-ਨਾਮਾ

ਕੇਂਦਰੀ ਆਏ ਆਗੂ ਕਾਂਗਰਸ ਪਾਰਟੀ ਦੇ,
ਲੋਕਲ ਲੀਡਰਾਂ ਦੀ ਮੀਟਿੰਗ ਲਾਈ ਮੀਆਂ।
ਜਿਹੜੇ ਖੇਤਰ ਦੇ ਵਿੱਚ ਆ ਜਾਣ ਹੋਇਆ,
ਪਾਰਟੀ ਪਾਟਦੀ ਨਜ਼ਰ ਬੱਸ ਆਈ ਮੀਆਂ।
ਕਿਤੇ ਤਾਂ ਦੋ ਥਾਈਂ, ਕਿਤੇ ਨੇ ਤਿੰਨ ਥਾਈਂ,
ਤਸਵੀਰ ਅਸਲ ਨਾ ਗਈ ਲੁਕਾਈ ਮੀਆਂ।
ਜਿਹੜਾ ਬੋਲਿਆ, ਦੂਜੇ ਵੱਲ ਚੁੱਕ ਉਂਗਲ,
ਮੁੜ-ਮੁੜ ਦੋਸ਼ ਆ ਗਏ ਗਿਣਾਈ ਮੀਆਂ।
ਇਹਦੇ ਪਿੱਛੋਂ ਵੀ ਕਹਿਣਾ ਸੀ ਸਾਰਿਆਂ ਦਾ,
ਅਗਲੀ ਚੋਣ ਲਈ ਪਾਰਟੀ ਤਿਆਰ ਮੀਆਂ।
ਇਹੀਉ ਪਾਟਕ ਸੀ ਪਹਿਲਾਂ ਵੀ ਜੜ੍ਹ ਪੁੱਟੀ,
ਇਹੀਓ ਕਰਨ ਵਾਲਾ ਮੁੜ ਕੇ ਮਾਰ ਮੀਆਂ।

-ਤੀਸ ਮਾਰ ਖਾਂ

## ਟਰੰਪ ਦੇ ਵੀਜ਼ਾ ਬੰਬ ਨੇ ਪਾਇਆ ਭੜਥੂ

**ਵਾਸ਼ਿੰਗਟਨ** : ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਉਸ ਐਲਾਨ 'ਤੇ ਦਸਤਖਤ ਕਰ ਦਿੱਤੇ ਹਨ, ਜਿਸ ਨਾਲ ਐੱਚ 1-ਬੀ ਵੀਜ਼ੇ ਦੀ ਫੀਸ ਸਾਲਾਨਾ ਇੱਕ ਲੱਖ ਡਾਲਰ (ਕਰੀਬ 88 ਲੱਖ ਰੁਪਏ) ਹੋ ਜਾਵੇਗੀ। ਨਵੀਂ ਫੀਸ 21 ਸਤੰਬਰ ਤੋਂ ਲਾਗੂ ਹੋ ਜਾਵੇਗੀ। ਪਹਿਲਾਂ ਇਹ ਵੀਜ਼ਾ ਔਸਤਨ ਪੰਜ ਲੱਖ ਰੁਪਏ 'ਚ ਮਿਲ ਜਾਂਦਾ ਸੀ ਤੇ ਤਿੰਨ ਸਾਲ ਚਲਦਾ ਸੀ। ਉਸ ਤੋਂ ਬਾਅਦ ਇਸ ਨੂੰ ਹੋਰ ਤਿੰਨ ਸਾਲ ਲਈ ਨਵਿਆਇਆ ਜਾ ਸਕਦਾ ਸੀ। ਹੁਣ ਛੇ ਸਾਲ ਵਿੱਚ 5.28 ਕਰੋੜ ਰੁਪਏ ਲੱਗਣਗੇ। ਅਮਰੀਕਾ ਸਰਕਾਰ ਹਰ ਸਾਲ ਲਾਟਰੀ ਨਾਲ 85 ਹਜ਼ਾਰ ਐੱਚ-1-ਬੀ ਵੀਜ਼ੇ ਜਾਰੀ ਕਰਦੀ ਹੈ, ਜਿਨ੍ਹਾਂ ਦੀ ਵਰਤੋਂ ਤਕਨੀਕੀ ਨੌਕਰੀਆਂ 'ਚ ਹੁੰਦੀ ਹੈ। ਸਭ ਤੋਂ ਵੱਧ ਭਾਰਤੀ (72 ਫੀਸਦੀ) ਇਸ ਦੀ ਵਰਤੋਂ ਕਰਦੇ ਹਨ। ਹੁਣ ਵੀਜ਼ਾ ਫੀਸ ਵਧਣ ਨਾਲ ਤਿੰਨ ਲੱਖ ਤੋਂ ਵੱਧ ਭਾਰਤੀ ਪੇਸ਼ੇਵਰਾਂ 'ਤੇ ਸਿੱਧਾ ਅਸਰ ਪਵੇਗਾ। ਟਰੰਪ ਨੇ ਐੱਚ-1-ਬੀ ਵਿੱਚ ਤਬਦੀਲੀ ਦੇ ਇਲਾਵਾ ਤਿੰਨ ਨਵੀਂ ਤਰ੍ਹਾਂ ਦੇ ਵੀਜ਼ਾ ਕਾਰਡ ਵੀ ਲਾਂਚ ਕੀਤੇ ਹਨ—ਟਰੰਪ ਗੋਲਡ ਕਾਰਡ, ਟਰੰਪ ਪਲੈਟੀਨਮ ਕਾਰਡ ਤੇ ਕਾਰਪੋਰੇਟ ਗੋਲਡ ਕਾਰਡ। ਟਰੰਪ ਗੋਲਡ ਕਾਰਡ 8.8 ਕਰੋੜ ਦਾ ਮਿਲੇਗਾ ਤੇ ਇਸ ਨਾਲ ਹਮੇਸ਼ਾ ਲਈ ਅਮਰੀਕੀ ਨਾਗਰਿਕਤਾ ਮਿਲ ਸਕੇਗੀ। ਪਲੈਟੀਨਮ ਕਾਰਡ ਸਾਢੇ 41 ਕਰੋੜ ਦਾ ਮਿਲੇਗਾ ਤੇ ਇਸ ਨਾਲ ਬਿਨਾਂ ਟੈਕਸ 270 ਦਿਨ ਅਮਰੀਕਾ ਵਿੱਚ ਰਹਿ ਸਕਦੇ ਹੋ ਤੇ ਟਰੈਵਲ ਵੀਜ਼ਾ ਦੀ ਲੋੜ ਨਹੀਂ ਹੋਵੇਗੀ। ਕਾਰਪੋਰੇਟ ਗੋਲਡ ਕਾਰਡ 17 ਕਰੋੜ 60 ਲੱਖ ਰੁਪਏ ਦਾ ਮਿਲੇਗਾ।

ਨਵੇਂ ਫੈਸਲੇ ਦੇ ਤੁਰੰਤ ਬਾਅਦ ਐਮਾਜ਼ੋਨ, ਮਾਈਕਰੋਸਾਫਟ ਤੇ ਜੇ ਪੀ ਮਾਰਗਨ ਵਰਗੀਆਂ ਕੰਪਨੀਆਂ ਨੇ ਆਪਣੇ ਵਿਦੇਸ਼ੀ ਇੰਜੀਨੀਅਰਾਂ ਨੂੰ ਕਿਹਾ ਕਿ ਉਹ ਭਾਰਤ ਪਰਤਣ ਦਾ ਪ੍ਰੋਗਰਾਮ ਰੱਦ ਕਰ ਦੇਣ। ਕੰਪਨੀਆਂ ਨੇ ਛੁੱਟੀਆਂ ਮਨਾਉਣ ਗਏ ਭਾਰਤ ਪਰਤੇ • ਬਾਕੀ ਸਫਾ 2 'ਤੇ



21-SEP-PAGE-1.qxd 9/20/2025 10:39 PM Page 2



## ਫਿਰੋਜ਼ਪੁਰ ਰੇਲਵੇ ਡਵੀਜ਼ਨ ਵੱਲੋਂ 'ਸਵੱਛਤਾ ਹੀ ਸੇਵਾ' ਲਈ ਸਾਈਕਲ ਰੈਲੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਰਤੀ ਰੇਲਵੇ ਦੇ ਫਿਰੋਜ਼ਪੁਰ ਡਵੀਜ਼ਨ ਵੱਲੋਂ 'ਸਵੱਛਤਾ ਹੀ ਸੇਵਾ-2025' ਮੁਹਿੰਮ ਤਹਿਤ ਇਕ ਸਾਈਕਲ ਰੈਲੀ ਕੱਢੀ ਗਈ। ਇਸ ਰੈਲੀ ਦਾ ਮੁੱਖ ਉਦੇਸ਼ ਲੋਕਾਂ ਵਿੱਚ ਸਫਾਈ ਪ੍ਰਤੀ ਜਾਗਰੂਕਤਾ ਵਧਾਉਣਾ ਤੇ 'ਸਵੱਛ ਭਾਰਤ' ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾਉਣਾ ਸੀ। ਇਸ ਰੈਲੀ ਵਿੱਚ ਰੇਲਵੇ ਅਧਿਕਾਰੀਆਂ, ਕਰਮਚਾਰੀਆਂ ਤੇ ਉਨ੍ਹਾਂ ਦੇ ਪਰਵਾਰਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਮੰਡਲ ਸਪੋਰਟਸ ਐਸੋਸੀਏਸ਼ਨ ਫਿਰੋਜ਼ਪੁਰ ਵੱਲੋਂ ਕਰਵਾਈ ਗਈ ਇਸ ਰੈਲੀ ਨੂੰ ਸੀਨੀਅਰ ਡਵੀਜ਼ਨਲ ਸਪੋਰਟਸ ਅਫਸਰ ਰਾਹੁਲ ਦੇਵ ਤੇ ਸੀਨੀਅਰ ਡਵੀਜ਼ਨਲ ਮਕੈਨੀਕਲ ਇੰਜੀਨੀਅਰ ਭੁਪਿੰਦਰ ਨੇ ਅਗਵਾਈ ਕੀਤੀ। ਮੰਡਲ ਦਫ਼ਤਰ ਤੋਂ ਸ਼ੁਰੂ ਹੋ ਕੇ ਮੁਕਤਸਰ ਰੋਡ ਤੱਕ ਗਈ ਇਸ ਰੈਲੀ ਵਿੱਚ ਹਰ ਉਮਰ ਦੇ ਲੋਕਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਰੈਲੀ ਦੌਰਾਨ ਰੇਲਵੇ ਕਰਮਚਾਰੀਆਂ ਨੇ ਹੱਥਾਂ ਵਿੱਚ ਬੈਨਰ ਫੜੇ ਹੋਏ ਸਨ, ਜਿਨ੍ਹਾਂ 'ਤੇ ਸਫਾਈ ਨਾਲ ਸਬੰਧਤ ਨਾਅਰੇ ਲਿਖੇ ਹੋਏ ਸਨ, ਜਿਵੇਂ ਕਿ 'ਸਫਾਈ ਵਿੱਚ ਹੀ ਸਿਹਤ ਹੈ' ਤੇ 'ਸਵੱਛਤਾ ਹੀ ਸੇਵਾ ਹੈ'। ਇਸ ਮੌਕੇ ਬੋਲਦਿਆਂ ਮੰਡਲ ਰੇਲ ਪ੍ਰਬੰਧਕ (ਡੀ ਆਰ ਐੱਮ) ਸੰਜੀਵ ਕੁਮਾਰ ਨੇ ਸਾਰੇ ਰੇਲ ਕਰਮਚਾਰੀਆਂ, ਉਨ੍ਹਾਂ ਦੇ ਪਰਵਾਰਾਂ ਤੇ ਸਥਾਨਕ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਭਾਗੀਦਾਰੀ ਕਰਨ ਤੇ ਸਫਾਈ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਇੱਕ ਅਟੁੱਟ ਹਿੱਸਾ ਬਣਾਉਣ।

## ਬਲਾਕ ਦੋਰਾਹਾ, ਮਲੌਦ, ਪਾਇਲ ਵੱਲੋਂ ਸੰਗਠਨ ਸਿਰਜਣ ਅਭਿਆਨ ਮੀਟਿੰਗ



**ਦੋਰਾਹਾ (ਹਰਮਿੰਦਰ ਸੇਠ)**-ਕਾਂਗਰਸ ਪਾਰਟੀ ਬਲਾਕ ਦੋਰਾਹਾ ਵੱਲੋਂ ਸੰਗਠਨ ਸਿਰਜਣ ਅਭਿਆਨ ਤਹਿਤ ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਸਾਬਕਾ ਐਮ.ਐਲ.ਏ ਜ਼ਿਲ੍ਹਾ ਕਾਂਗਰਸ ਖੰਨਾ ਦੇ ਪ੍ਰਧਾਨ ਲਖਵੀਰ ਸਿੰਘ ਲੱਖਾ ਦੀ ਅਗਵਾਈ ਵਿੱਚ ਕਾਂਗਰਸ ਦਾ ਗੜ੍ਹ ਮੰਨੇ ਜਾਂਦੇ ਕਸਬਾ ਦੋਰਾਹਾ ਹਿੰਦੂ ਧਰਮਸ਼ਾਲਾ ਵਿਖੇ ਇੱਕ ਸੰਗਠਨ ਸਿਰਜਣ ਅਭਿਆਨ ਮੀਟਿੰਗ ਆਯੋਜਨ ਕੀਤਾ ਗਿਆ।ਸਿਰਜਣ ਅਭਿਆਨ ਮੀਟਿੰਗ ਨੇ ਇਕ ਵੱਡੀ ਰੈਲੀ ਦਾ ਰੂਪ ਧਾਰ ਲਿਆ। ਸੰਗਠਨ ਸੰਮੇਲਨ ਦੌਰਾਨ ਵਿਸ਼ੇਸ਼ ਤੌਰ 'ਤੇ ਪਹੁੰਚੇ ਆਲ ਇੰਡੀਆ ਕਾਂਗਰਸ ਤੇ ਜ਼ਿਲ੍ਹਾ ਅਬਜ਼ਰਵਰ ਸ੍ਰੀ ਰਘੁਵੀਰ ਸਿੰਘ ਬਾਲੀ ਤੇ ਸਾਬਕਾ ਕੈਬਨਿਟ ਮੰਤਰੀ ਗੁਰਕੀਰਤ ਸਿੰਘ ਕੋਟਲੀ ਸਾਬਕਾ ਐਮ.ਐਲ.ਏ ਜ਼ਿਲ੍ਹਾ ਕਾਂਗਰਸ ਖੰਨਾ ਦੇ ਪ੍ਰਧਾਨ ਲਖਵੀਰ ਸਿੰਘ ਲੱਖਾ, ਹਲਕਾ ਪਾਇਲ ਕੋਆਰਡੀਨੇਟਰ ਚੇਅਰਮੈਨ ਬੰਤ ਸਿੰਘ ਦੋਬੁਰਜੀ ਟਕਸਾਲੀ ਕਾਂਗਰਸੀ ਆਗੂ ਡਾ.ਜੇ ਐੱਲ ਆਨੰਦ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਸੰਗਠਨ ਦੀ ਮਜ਼ਬੂਤੀ ਬਿਨਾਂ ਪਰਿਵਰਤਨ ਨਹੀਂ ਹੋ ਸਕਦਾ ਤੇ ਨਾ ਹੀ ਸੰਵਿਧਾਨ ਬਚਾਇਆ ਜਾ ਸਕਦਾ ਹੈ।ਰਾਹੁਲ ਗਾਂਧੀ ਦੀ ਨਵੀਂ ਕਾਂਗਰਸ ਦੀ ਸੋਚ ਨੂੰ ਬੂਥ ਪੱਧਰ ਤੱਕ ਮਜ਼ਬੂਤ ਕਰਨ ਲਈ ਇਹ ਅਭਿਆਨ ਚਲਾਇਆ ਗਿਆ ਹੈ।ਆਲ ਇੰਡੀਆ ਕਾਂਗਰਸ ਤੇ ਜ਼ਿਲ੍ਹਾ ਅਬਜ਼ਰਵਰ ਸ੍ਰੀ ਰਘੁਵੀਰ ਸਿੰਘ ਬਾਲੀ ਨੇ ਖਾਸ ਤੌਰ 'ਤੇ ਲਖਵੀਰ ਸਿੰਘ ਲੱਖਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ 2027 ਦੀਆਂ ਚੋਣਾਂ 'ਤੇ ਪਹਿਲਾਂ ਹੀ ਤਿਆਰੀਆਂ ਵਿੱਚ ਜੁਟ ਗਏ ਹਨ। ਇਸ ਮੌਕੇ ਬਲਾਕ ਪ੍ਰਧਾਨ ਗਿੱਲ ਬੇਰਕਲਾਂ ਗੁਰਵਿੰਦਰ ਸਿੰਘ ਘਲੋਟੀ ਤੇ ਸ਼ਹਿਰੀ ਪ੍ਰਧਾਨ ਵਿਨੀਤ ਆਸ਼ਟ ਨੇ ਲੱਖਾ ਦੀ ਕੁਸ਼ਲਤਾ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਉਹ ਨੌਜਵਾਨ ਵਰਕਰਾਂ ਨੂੰ ਇਕੱਠਾ ਕਰਕੇ ਪਾਰਟੀ ਨੂੰ ਨਵੀਂ ਮਜ਼ਬੂਤੀ ਦੇ ਰਹੇ ਹਨ।

## ਮਾਤਾ ਕੌਸ਼ਲਿਆ ਹਸਪਤਾਲ 'ਚ ਨਵੀਆਂ ਸਹੂਲਤਾਂ ਤੇ ਸਟਾਫ਼ ਵਾਧੇ ਦਾ ਐਲਾਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਸਰਕਾਰ ਵੱਲੋਂ ਸਿਹਤ ਖੇਤਰ ਨੂੰ ਮਜ਼ਬੂਤ ਕਰਨ ਲਈ ਨਿਰੰਤਰ ਉਪਰਾਲਿਆਂ ਨੂੰ ਉਜਾਗਰ ਕਰਦਿਆਂ ਪਟਿਆਲਾ ਸ਼ਹਿਰੀ ਹਲਕੇ ਤੋਂ ਵਿਧਾਇਕ ਸ੍ਰੀ ਅਜੀਤਪਾਲ ਸਿੰਘ ਕੋਹਲੀ ਨੇ ਮਾਤਾ ਕੌਸ਼ਲਿਆ ਹਸਪਤਾਲ ਵਿੱਚ ਰੋਗੀ ਕਲਿਆਣ ਸਮਿਤੀ ਦੀ ਮੀਟਿੰਗ ਦੌਰਾਨ ਕਿਹਾ ਕਿ ਹਸਪਤਾਲ ਵਿੱਚ ਮਰੀਜ਼ਾਂ ਲਈ ਸਹੂਲਤਾਂ ਵਿੱਚ ਲਗਾਤਾਰ ਸੁਧਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਵਚਨਬੱਧਤਾ ਸਿੱਧੀ ਤਰ੍ਹਾਂ ਲੋਕਾਂ ਤੱਕ ਪਹੁੰਚ ਰਹੀ ਹੈ ਤੇ ਹਸਪਤਾਲ ਦੀਆਂ ਸੇਵਾਵਾਂ ਵਿੱਚ ਪਹਿਲਾਂ ਨਾਲੋਂ ਕਾਫੀ ਸੁਧਾਰ ਆਇਆ ਹੈ।ਵਿਧਾਇਕ ਕੋਹਲੀ ਨੇ ਦੱਸਿਆ ਕਿ ਰੋਗੀ ਕਲਿਆਣ ਸਮਿਤੀ ਵੱਲੋਂ ਹਸਪਤਾਲ ਵਿੱਚ ਨਵੇਂ ਵਾਰਡਾਂ ਦੀ ਤਿਆਰੀ ਤੇ ਧਾਤਰੀ ਮਾਵਾਂ ਲਈ ਵਿਸ਼ੇਸ਼ ਕਮਰਾ (ਮਾਵਾਂ ਨੂੰ ਦੁੱਧ ਪਿਲਾਉਣ ਲਈ) ਬਣਾਉਣ ਦੀ ਮਨਜ਼ੂਰੀ ਦਿੱਤੀ ਗਈ ਹੈ, ਜਿਸ ਰਾਹੀਂ ਮਾਵਾਂ ਤੇ ਨਵਜਨਮੇ ਬੱਚਿਆਂ ਦੀ ਸਿਹਤ ਸੰਭਾਲ ਵਿੱਚ ਸੁਧਾਰ ਹੋਵੇਗਾ।ਵਿਧਾਇਕ ਕੋਹਲੀ ਨੇ ਕਿਹਾ ਕਿ ਹਸਪਤਾਲ ਵਿੱਚ ਸਫਾਈ ਪ੍ਰਣਾਲੀ ਵਿੱਚ ਬਹੁਤ ਸੁਧਾਰ ਆਇਆ ਹੈ ਤੇ ਪਹਿਲਾਂ ਨਾਲੋਂ ਮਰੀਜ਼ਾਂ ਦੀ ਪਹੁੰਚ ਵਿੱਚ ਵੀ ਵਾਧਾ ਹੋਇਆ ਹੈ।ਉਨ੍ਹਾਂ ਕਿਹਾ ਕਿ ਹਸਪਤਾਲ ਵਿੱਚ ਸਟਾਫ ਦੀ ਕਮੀ ਨੂੰ ਦੂਰ ਕਰਨ ਲਈ ਹੋਰ ਮੈਡੀਕਲ ਤੇ ਸਹਾਇਕ ਕਰਮਚਾਰੀ ਤਾਇਨਾਤ ਕੀਤੇ ਜਾਣਗੇ ਅਤੇ ਭਵਿੱਖ ਵਿੱਚ ਹੋਰ ਨਵੀਆਂ ਸਹੂਲਤਾਂ ਵੀ ਸ਼ੁਰੂ ਕੀਤੀਆਂ ਜਾਣਗੀਆਂ।ਉਨ੍ਹਾਂ ਰੋਗੀ ਕਲਿਆਣ ਸਮਿਤੀ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਵੀ ਕੀਤੀ।ਇਸ ਮੌਕੇ ਸੰਜੇ ਕਮਰਾ, ਡਾ. ਜਸਬੀਰ ਸਿੰਘ ਗਾਂਧੀ, ਮਲਕੀਤ ਸਿੰਘ ਮਾਨ, ਮਨਜੀਤ ਸਿੰਘ ਜੋਗਾਮਾਜਰਾ, ਐੱਸ.ਐੱਮ.ਓ. ਡਾ. ਵਿਕਾਸ ਗੋਇਲ, ਐੱਸ.ਐੱਮ.ਓ. ਡਾ. ਅਮਨਦੀਪ ਚਾਹਲ ਤੇ ਭਾਰਤ ਭੂਸ਼ਨ ਹਾਜ਼ਰ ਸਨ।

## ਅਪ੍ਰੇਸ਼ਨ ਸੀਲ ਅਧੀਨ ਪੁਲਸ ਵੱਲੋਂ ਵਿਸ਼ਾਲ ਚੈਕਿੰਗ ਮੁਹਿੰਮ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪ੍ਰਜਾ)**-ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਨਸ਼ਿਆਂ ਤੇ ਗੈਰਕਾਨੂੰਨੀ ਗਤੀਵਿਧੀਆਂ ਖ਼ਿਲਾਫ਼ ਚੱਲ ਰਹੀ ਲਗਾਤਾਰ ਮੁਹਿੰਮ ਦੇ ਤਹਿਤ, ਐੱਸ.ਐੱਸ.ਪੀ. ਡਾ. ਅਖਿਲ ਚੌਧਰੀ ਦੀ ਰਹਿਨੁਮਾਈ ਹੇਠ ਆਪ੍ਰੇਸ਼ਨ ਸੀਲ ਸਰਚ ਅਭਿਆਨ ਚਲਾਇਆ ਗਿਆ।ਇਸ ਕਾਰਵਾਈ ਦੌਰਾਨ ਜ਼ਿਲ੍ਹੇ ਦੀਆਂ ਹਰਿਆਣਾ ਤੇ ਰਾਜਸਥਾਨ ਨਾਲ ਲੱਗਦੀਆਂ ਸਰਹੱਦਾਂ 'ਤੇ ਵਿਸ਼ੇਸ਼ ਨਾਕਾਬੰਦੀਆਂ ਲਗਾ ਕੇ ਦੋਵਾਂ ਰਾਜਾਂ ਦੀ ਪੁਲਸ ਨਾਲ ਮਿਲ ਕੇ ਸਾਂਝੀ ਚੈਕਿੰਗ ਕੀਤੀ ਗਈ।ਇਸ ਦੌਰਾਨ ਲਗਭਗ 300 ਦੇ ਕਰੀਬ ਚਾਰ ਪਹੀਆ ਵਾਹਨਾਂ ਤੇ ਦੋ ਪਹੀਆ ਵਾਹਨਾਂ ਦੀ ਵੀ ਪੂਰੀ ਤਰ੍ਹਾਂ ਚੈਕਿੰਗ ਕੀਤੀ ਗਈ, ਤਾਂ ਜੋ ਸ਼ੱਕੀ ਤੱਤਾਂ 'ਤੇ ਨਿਗਰਾਨੀ ਰੱਖੀ ਜਾ ਸਕੇ ਅਤੇ ਕਿਸੇ ਵੀ ਕਿਸਮ ਦੀ ਗੈਰ-ਕਾਨੂੰਨੀ ਗਤੀਵਿਧੀ ਨੂੰ ਰੋਕਿਆ ਜਾ ਸਕੇ।ਇਸ ਕਾਰਵਾਈ ਦੌਰਾਨ ਐੱਸ.ਪੀ. ਲੰਬੀ, ਜਸਪਾਲ ਸਿੰਘ ਸਮੇਤ ਲਗਭਗ 240 ਪੁਲਸ ਅਧਿਕਾਰੀ ਤੇ ਸਟਾਫ਼ ਨੂੰ ਤਾਇਨਾਤ ਕੀਤਾ ਗਿਆ।ਐੱਸ.ਐੱਸ.ਪੀ. ਦੀ ਦਿਸ਼ਾ ਹੇਠ ਕੀਤੀ ਗਈ ਇਸ ਨਾਕਾਬੰਦੀ ਦਾ ਮੁੱਖ ਮਕਸਦ ਸੀ ਕਿ ਸਰਹੱਦਾਂ ਰਾਹੀਂ ਨਸ਼ਿਆਂ ਦੀ ਆਵਾਜਾਈ, ਗੈਰਕਾਨੂੰਨੀ ਸ਼ਰਾਬ ਤੇ ਹੋਰ ਅਪਰਾਧਕ ਗਤੀਵਿਧੀਆਂ ਨੂੰ ਰੋਕਿਆ ਜਾ ਸਕੇ।ਡੀ.ਐੱਸ.ਪੀ. ਨੇ ਦੱਸਿਆ ਕਿ ਆਪ੍ਰੇਸ਼ਨ ਸੀਲ ਦੌਰਾਨ ਸਰਹੱਦਾਂ ਤੋਂ ਆਉਣ ਜਾਣ ਵਾਲੇ ਸਾਰੇ ਸ਼ੱਕੀ ਵਾਹਨਾਂ ਤੇ ਵਿਅਕਤੀਆਂ ਦੀ ਤਲਾਸ਼ੀ ਕੀਤੀ ਗਈ।ਉਨ੍ਹਾਂ ਕਿਹਾ ਕਿ ਅਜਿਹੀਆਂ ਸੰਯੁਕਤ ਕਾਰਵਾਈਆਂ ਭਵਿੱਖ ਵਿੱਚ ਵੀ ਜਾਰੀ ਰਹਿਣਗੀਆਂ ਅਤੇ ਕਿਸੇ ਵੀ ਅਪਰਾਧੀ ਤੱਤ ਨੂੰ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

## ਸਰਕਾਰੀ ਹਸਪਤਾਲ 'ਚ ਮੁੜ ਹੋਈ ਡਾ. ਸੁਮਿਤ ਲੂਨਾ ਦੀ ਬਦਲੀ



**ਜਲਾਲਾਬਾਦ (ਜੀਤ ਕੁਮਾਰ)**-ਸਰਕਾਰੀ ਹਸਪਤਾਲ ਜਲਾਲਾਬਾਦ ਵਿੱਚ ਬਤੌਰ ਐੱਸ.ਐੱਮ.ਓ. ਵਜੋਂ ਸੇਵਾਵਾਂ ਦੇਣ ਵਾਲੇ ਡਾ. ਸੁਮਿਤ ਲੂਨਾ, ਜਿਨ੍ਹਾਂ ਦੀ ਬਦਲੀ ਕੀਤੇ ਦਿਨ ਗੁਰੂ ਹਰਸਹਾਏ ਦੇ ਸਰਕਾਰੀ ਹਸਪਤਾਲ ਵਿੱਚ ਹੋ ਗਈ ਸੀ, ਦੀ ਬਦਲੀ ਇਕ ਵਾਰ ਫਿਰ ਸਰਕਾਰੀ ਹਸਪਤਾਲ ਜਲਾਲਾਬਾਦ ਵਿਖੇ ਹੋ ਗਈ ਹੈ। ਹੱਡੀਆਂ ਦੇ ਮਾਹਰ ਡਾ. ਸੁਮਿਤ ਲੂਨਾ ਵੱਲੋਂ ਇਕ ਵਾਰ ਫਿਰ ਸਰਕਾਰੀ ਹਸਪਤਾਲ ਜਲਾਲਾਬਾਦ ਵਿੱਚ ਜੁਆਇਨਿੰਗ ਕਰ ਲਈ ਗਈ ਹੈ। ਇਥੇ ਜੁਆਇਨਿੰਗ ਕਰਨ ਕਰਨ ਦੇ ਬਾਅਦ ਡਾ. ਸੁਮਿਤ ਲੂਨਾ ਵੱਲੋਂ ਹਲਕਾ ਵਿਧਾਇਕ ਜਗਦੀਪ ਕੰਬੋਜ ਗੋਲਡੀ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਡਾ. ਸੁਮਿਤ ਲੂਨਾ ਨੇ ਕਿਹਾ ਕਿ ਉਹ ਪਹਿਲਾਂ ਦੀ ਤਰ੍ਹਾਂ ਇਥੇ ਸਰਕਾਰੀ ਹਸਪਤਾਲ 'ਚ ਆਪਣੀਆਂ ਸੇਵਾਵਾਂ ਦੇਣਗੇ। ਇਸ ਮੌਕੇ ਉਨ੍ਹਾਂ ਦੇ ਨਾਲ ਸਮਾਜ ਸੇਵੀ ਹਰੀਸ਼ ਸੇਤੀਆ, ਐਡਵੋਕੇਟ ਰਜੀਵ ਬਜਾਜ, ਤਨੂ ਵਿੱਜ ਵੀ ਮੌਜੂਦ ਸਨ। ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਸਿਹਤ ਸੇਵਾਵਾਂ ਦੇਣ ਲਈ ਵਚਨਬੱਧ ਹੈ ਅਤੇ ਜੋ ਵੀ ਹਸਪਤਾਲ ਵਿੱਚ ਕਮੀਆਂ ਹਨ, ਉਨ੍ਹਾਂ ਨੂੰ ਪੂਰਾ ਕੀਤਾ ਜਾਵੇਗਾ।

# 5178 ਅਧਿਆਪਕਾਂ ਦੇ ਪਰਖ ਸਮੇਂ ਦੇ ਬਕਾਏ ਤੁਰੰਤ ਜਾਰੀ ਕੀਤੇ ਜਾਣ : ਡੀ ਟੀ ਐੱਫ



**ਮਾਨਸਾ (ਆਤਮਾ ਸਿੰਘ ਪਮਾਰ)**-5178 ਅਧਿਆਪਕਾਂ ਦੇ ਪਰਖ ਸਮੇਂ ਦੇ ਬਕਾਏ ਜਾਰੀ ਕਰਨ ਤੇ 17 ਜੁਲਾਈ 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ 'ਤੇ ਛੇਵਾਂ ਤਨਖਾਹ ਕਮਿਸ਼ਨ ਲਾਉਣ ਦੀ ਮੰਗ ਨੂੰ ਲੈ ਕੇ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਵੱਲੋਂ ਜ਼ਿਲ੍ਹਾ ਪ੍ਰਧਾਨ ਅਮੋਲਕ ਡੇਲੂਆਣਾ ਦੀ ਅਗਵਾਈ ਹੇਠ ਡੀ.ਈ.ਓ. ਮਾਨਸਾ ਰਾਹੀਂ ਵਿੱਤ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜਿਆ ਗਿਆ।ਇਸ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਕਮੇਟੀ ਮੈਂਬਰਾਂ ਜਸਵੀਰ ਭੰਮਾ, ਗੁਰਦਾਸ ਗੁਰਨੇ, ਗੁਰਪ੍ਰੀਤ ਬੀਰੋਕੇ, ਸੁਖਵੀਰ ਬੱਬੀ, ਮਨਮੋਹਨ ਸਿੰਘ, ਗੁਰਵਿੰਦਰ ਸਿੰਘ, ਨਵੀਨ ਬੋਹਾ, ਗੁਰਜੀਤ ਜੀਤੀ, ਸੁਖਜੀਤ ਹੀਰੇਵਾਲਾ, ਕੁਲਵੰਤ ਬਹਿਣੀਵਾਲ ਤੇ ਸੁਖਵਿੰਦਰ ਬੀਰੋਕੇ-ਹਰਪ੍ਰੀਤ ਖੜਕ ਸਿੰਘ ਵਾਲਾ ਤੇ ਸੰਦੀਪ ਢੰਡ, ਜ਼ਿਲ੍ਹਾ ਪ੍ਰੈੱਸ ਸਕੱਤਰ ਮਾਨਸਾ ਨੇ ਦੱਸਿਆ ਕਿ 5178 ਅਧਿਆਪਕਾਂ ਨੇ ਲੰਮੇ ਸਮੇਂ ਦੇ ਸੰਘਰਸ਼ ਤੇ ਅਦਾਲਤੀ ਕਾਰਵਾਈ ਤਹਿਤ ਪਰਖ ਸਮੇਂ ਦੌਰਾਨ ਪੂਰੀ ਤਨਖਾਹ ਲੈਣ ਦਾ ਫ਼ੈਸਲਾ ਪਿਛਲੇ ਸਮੇਂ ਵਿੱਚ ਇਨ੍ਹਾਂ ਅਧਿਆਪਕਾਂ ਦੇ ਹੱਕ ਵਿੱਚ ਹੋਇਆ ਸੀ, ਜਿਸ 'ਤੇ ਸਿੱਖਿਆ ਵਿਭਾਗ ਵੱਲੋਂ ਸਪੀਕਿੰਗ ਆਰਡਰ ਵੀ ਜਾਰੀ ਕਰ ਦਿੱਤੇ ਗਏ ਸਨ, ਪਰ ਹੁਣ ਬਿਨਾਂ ਕਿਸੇ ਕਾਰਨ ਉਨ੍ਹਾਂ ਅਧਿਆਪਕਾਂ ਦੇ ਬਕਾਇਆਂ ਦੇ ਬਿੱਲਾਂ ਦਾ ਖਜ਼ਾਨਾ ਦਫਤਰਾਂ ਵੱਲੋਂ ਭੁਗਤਾਨ ਨਹੀਂ ਕੀਤਾ ਜਾ ਰਿਹਾ।ਆਗੂਆਂ ਨੇ ਇਸ ਮੰਗ ਪੱਤਰ ਰਾਹੀਂ ਵਿੱਤ ਮੰਤਰੀ ਪੰਜਾਬ ਪਾਸੋਂ ਮੰਗ ਕੀਤੀ ਹੈ ਕਿ ਇਨ੍ਹਾਂ ਅਧਿਆਪਕਾਂ ਦੇ ਬਕਾਇਆ ਬਿੱਲਾਂ ਦਾ ਤੁਰੰਤ ਭੁਗਤਾਨ ਕੀਤਾ ਜਾਵੇ।

ਆਗੂਆਂ ਨੇ ਦੱਸਿਆ ਕਿ 17 ਜੁਲਾਈ 2020 ਤੇ ਇਸ ਤੋਂ ਬਾਅਦ ਭਰਤੀ ਕਰਮਚਾਰੀਆਂ ਲਈ ਕੇਂਦਰੀ ਪੈਟਰਨ ਦੇ ਨਵੇਂ ਤਨਖਾਹ ਸਕੇਲਾਂ ਦੀ ਥਾਂ ਉਨ੍ਹਾਂ ਦੇ ਭਰਤੀ ਹੋਣ ਮੌਕੇ ਲਾਗੂ ਸੇਵਾ ਨਿਯਮਾਂ ਅਨੁਸਾਰ ਪੁਰਾਣੇ ਕਰਮਚਾਰੀਆਂ ਦੀ ਤਰਜ਼ 'ਤੇ ਪੰਜਾਬ ਤਨਖਾਹ ਸਕੇਲ ਤੇ ਪੇਅ ਪੈਟਰਨ ਲਾਗੂ ਕਰਨ ਦਾ ਫੈਸਲਾ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਦਿੱਤਾ ਗਿਆ ਹੈ।ਪੰਜਾਬ ਸਰਕਾਰ ਦੀ ਇਸ ਫੈਸਲੇ ਖਿਲਾਫ ਦਾਇਰ ਐੱਲ ਪੀ ਏ ਰੀਵਿਊ ਪਟੀਸ਼ਨ ਤੇ ਐੱਲ ਐੱਲ ਪੀ ਰੱਦ ਹੋਣ ਤੋਂ ਬਾਅਦ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਵੱਖ-ਵੱਖ ਪਟੀਸ਼ਨਰਾਂ ਦੀਆਂ ਤਨਖਾਹਾਂ ਨੂੰ ਰੀਫਿਕਸ ਕਰਨ ਸਬੰਧੀ ਸਪੀਕਿੰਗ ਆਰਡਰ ਜਾਰੀ ਕੀਤੇ ਗਏ ਹਨ, ਪ੍ਰੰਤੂ ਬਹੁਤ ਸਾਰੇ ਥਾਵਾਂ 'ਤੇ ਤਨਖਾਹਾਂ ਠੀਕ ਫਿਕਸ ਨਾ ਹੋਣ ਕਾਰਨ ਖਜ਼ਾਨਾ ਦਫਤਰਾਂ ਵੱਲੋਂ ਬਿਲ ਨਾ-ਮਨਜ਼ੂਰ ਹੋਣ ਕਰਕੇ ਪੀੜਤ ਅਧਿਆਪਕਾਂ 'ਚ ਸਖਤ ਰੋਸ ਪਾਇਆ ਜਾ ਰਿਹਾ ਹੈ।ਆਗੂਆਂ ਨੇ ਇਸ ਮੰਗ ਪੱਤਰ ਰਾਹੀਂ 6635, 5994, 2364 ਈ ਟੀ ਟੀ, 2392, 3704, 4161 ਮਾਸਟਰ ਕਾਡਰ ਅਤੇ 569 ਲੈਕਚਰਾਰ ਅਸਾਮੀਆਂ ਸਮੇਤ 17 ਜੁਲਾਈ 2020 ਤੋਂ ਬਾਅਦ ਭਰਤੀ ਸਮੂਹ ਕਰਮਚਾਰੀਆਂ ਦੀਆਂ ਤਨਖਾਹਾਂ ਛੇਵੇਂ ਪੰਜਾਬ ਤਨਖਾਹ ਕਮਿਸ਼ਨ ਸਮੇਤ 15% ਤਨਖਾਹ ਵਾਧੇ ਅਨੁਸਾਰ ਫਿਕਸ ਕਰਨ ਤੇ ਅਜਿਹੀਆਂ ਸਾਰੀਆਂ ਭਰਤੀਆਂ 'ਤੇ ਇਸ ਫੈਸਲੇ ਨੂੰ ਜਰਨਲਾਈਜ਼ ਕਰਨ ਬਾਰੇ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਜਾਣ ਦੀ ਮੰਗ ਕੀਤੀ।

## ਸੜਕ ਹਾਦਸੇ 'ਚ ਜ਼ਖਮੀ ਦੀ ਇਲਾਜ ਦੌਰਾਨ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਜੀ.ਟੀ. ਰੋਡ 'ਤੇ ਪਰਸੋਂ ਵਾਪਰੇ ਇੱਕ ਸੜਕ ਹਾਦਸੇ ਵਿੱਚ ਗੰਭੀਰ ਜ਼ਖਮੀ ਹੋਏ ਸਕੂਟਰੀ ਸਵਾਰ ਵਿਅਕਤੀ ਦੀ ਇਲਾਜ ਦੌਰਾਨ ਮੌਤ ਹੋ ਜਾਣ ਦਾ ਸਮਾਚਾਰ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ 17 ਸਤੰਬਰ ਨੂੰ ਇਮਰਾਨ ਵਾਸੀ ਹਾਪੜ(ਉੱਤਰ ਪ੍ਰਦੇਸ਼) ਜੂਪੀਟਰ ਸਕੂਟਰੀ ਤੇ ਸਵਾਰ ਹੋ ਕੇ ਪਿੰਡ ਕੋਟਲਾ ਬਜਵਾੜਾ ਵਿਖੇ ਸਥਿਤ ਆਪਣੀ ਕਬਾੜ ਦੀ ਦੁਕਾਨ ਤੇ ਜਾ ਰਿਹਾ ਸੀ ਤਾਂ ਸਰਹਿੰਦ ਦੇ ਮਾਧੋਪੁਰ ਫਲਾਈਓਵਰ ਨਜ਼ਦੀਕ ਪਹੁੰਚਣ ਤੇ ਇੱਕ ਤੇਜ਼ ਰਫਤਾਰ ਟਰੱਕ ਨੇ ਪਿੱਛੋਂ ਉਸਦੀ ਸਕੂਟਰੀ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਇਮਰਾਨ ਸਕੂਟਰੀ ਸਮੇਤ ਸੜਕ ਕਿਨਾਰੇ ਲੱਗੇ ਲੋਹੇ ਦੇ ਐਂਗਲਾਂ ਤੇ ਟਰੱਕ ਦੇ ਵਿਚਾਲੇ ਫਸ ਕੇ ਗੰਭੀਰ ਜ਼ਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਪਹਿਲਾਂ ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ ਵਿਖੇ ਤੇ ਫਿਰ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਦਾਖਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਇਮਰਾਨ ਦੀ ਮੌਤ ਹੋ ਗਈ। ਮ੍ਰਿਤਕ ਦੇ ਬਿਆਨਾਂ 'ਤੇ ਟਰੱਕ ਦੇ ਕਥਿਤ ਡਰਾਇਵਰ ਪਰਮਜੀਤ ਸਿੰਘ ਵਾਸੀ ਤਰਖਾਣਮਾਜਰਾ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਸਰਹਿੰਦ ਦੀ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

## ਡਾ. ਅਮਨਪ੍ਰੀਤ ਦੀ ਸੁਰੀਲੀ ਆਵਾਜ਼ ਨੇ ਸਰੋਤੇ ਕੀਲੇ



**ਸਮਰਾਲਾ (ਸੁਰਜੀਤ ਸਿੰਘ)**-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਵਿਖੇ ਸੰਗੀਤ ਕਾਰਜਸ਼ਾਲਾ ਦੌਰਾਨ ਕਾਲਜ ਦੇ ਮਿਊਜ਼ਿਕ ਵਿਭਾਗ ਦੀ ਮੁਖੀ ਪ੍ਰੋਫੈਸਰ ਡਾ. ਅਮਨਪ੍ਰੀਤ ਕੌਰ ਕੰਗ ਤੇ 'ਸਵਰਾ ਕਿਰਤੀ' ਸੰਗੀਤ ਸੰਸਥਾ ਦੇ ਨਿਦੇਸ਼ਕ ਡਾ. ਗਵੀਸ਼ ਦੀਆਂ ਪੇਸ਼ਕਾਰੀਆਂ ਨੇ ਕਾਲਜ ਦੀਆਂ ਵਿਦਿਆਥਣਾਂ ਤੇ ਜਾਦੂਈ ਅਸਰ ਕੀਤਾ।ਕਾਲਜ ਸੰਗੀਤ ਵਿਭਾਗ ਵੱਲੋਂ ਡਾ. ਅਮਨਪ੍ਰੀਤ ਕੌਰ ਕੰਗ ਦੀ ਅਗਵਾਈ ਵਿੱਚ ਸੰਗੀਤ ਸਿੱਖਿਆ ਦੀਆਂ ਵਿਦਿਆਰਥਣਾਂ ਨੂੰ ਸੰਗੀਤ ਦੀਆਂ ਬਰੀਕੀਆਂ ਤੋਂ ਜਾਣੂ ਕਰਾਉਣ ਲਈ ਮਿਊਜ਼ਿਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪ੍ਰੋਫੈਸਰ ਡਾ. ਗਵੀਸ਼ ਰਾਏ ਦੀ ਟੀਮ ਵੱਲੋਂ ਸੰਗੀਤ ਦੀ ਪੇਸ਼ਕਾਰੀ ਦਿੱਤੀ ਗਈ। ਉਨ੍ਹਾਂ ਵੱਲੋਂ ਕਾਲਜ ਦੀਆਂ ਵਿਦਿਆਰਥਣਾਂ ਨੂੰ ਸੰਗੀਤ ਦੀਆਂ ਬਾਰੀਕੀਆਂ ਬਾਰੇ ਜਾਣਕਾਰੀ ਦਿੱਤੀ ਗਈ।ਉਨ੍ਹਾਂ ਕਿਹਾ ਕਿ ਸੰਗੀਤ ਮਨੁੱਖ ਦੀ ਰੂਹ ਦੀ ਖੁਰਾਕ ਹੈ।ਸੰਗੀਤ ਸਿੱਖਿਆ ਜਿੱਥੇ ਮਨੋਰੰਜਨ ਦਿੰਦੀ ਹੈ, ਉਥੇ ਇਹ ਰੋਜ਼ਗਾਰ ਦਾ ਸਾਧਨ ਵੀ ਹੈ।ਕਾਲਜ ਦੇ ਸੰਗੀਤ ਵਿਭਾਗ ਦੀ ਮੁਖੀ ਡਾ. ਅਮਨਪ੍ਰੀਤ ਕੌਰ ਕੰਗ ਨੇ ਕਿਹਾ ਕਿ ਸੰਗੀਤ ਬੱਚਿਆਂ ਦੀ ਮਾਨਸਿਕ ਚੇਤਨਾ ਨੂੰ ਜਾਗਰੂਕ ਕਰਦਾ ਹੈ।ਉਨ੍ਹਾਂ ਦੱਸਿਆ ਕਿ ਝਾੜ ਸਾਹਿਬ ਕਾਲਜ ਵਿੱਚ ਹਰ ਤਰ੍ਹਾਂ ਦੇ ਸੰਗੀਤ ਦੀ ਸਿੱਖਿਆ ਦਿੱਤੀ ਜਾਂਦੀ ਹੈ।ਇਸ ਕਾਲਜ ਤੋਂ ਤਾਲੀਮ ਹਾਸਲ ਕਰਕੇ ਬੱਚਾ ਅਪਣਾ ਸੰਗੀਤ ਸਟੂਡੀਓ ਸ਼ੁਰੂ ਕਰ ਸਕਦਾ ਹੈ।ਇਸ ਮੌਕੇ 'ਸਵਰਾ ਕੀਰਤੀ' ਸੰਗੀਤ ਅਕੈਡਮੀ ਦੇ ਸੀਨੀਅਰ ਅਧਿਆਪਕ ਕੁਲਬੀਰ ਸਿੰਘ ਨੇ ਕਾਲਜ ਦੇ ਬੱਚਿਆਂ ਨੂੰ ਸੰਗੀਤ ਦੇ ਸਾਜ਼ਾਂ ਬਾਰੇ ਜਾਣਕਾਰੀ ਮੁਹੱਈਆ ਕਾਰਵਾਈ।'ਸਵਰਾ ਕੀਰਤੀ' ਦੀ ਟੀਮ 'ਚ ਗੁਰਪ੍ਰੀਤ ਸਿੰਘ ਜਾਤੀਵਾਲ ਨੇ ਗੀਤ, ਧਰੁਵਦੀਪ ਸਿੰਘ ਨੇ ਤਬਲਾ ਤੇ ਅਜੈ ਵਰਮਾ ਨੇ ਹਰਮੋਨੀਅਮ 'ਤੇ ਗੀਤ ਪੇਸ਼ ਕਰਕੇ ਸਰੋਤਿਆਂ 'ਤੇ ਆਪਣਾ ਪ੍ਰਭਾਵ ਛੱਡਿਆ।ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਕਿਹਾ ਕਿ ਕਾਲਜ ਵੱਲੋਂ ਵਿਦਿਆਰਥਣਾਂ ਦੀ ਸ਼ਖਸੀਅਤ ਦੇ ਬਹੁ-ਪੱਖੀ ਵਿਕਾਸ ਲਈ ਅਜਿਹੀਆਂ ਕਾਰਜਸ਼ਾਲਾਵਾਂ ਦਾ ਆਯੋਜਨ ਕੀਤਾ ਜਾਂਦਾ ਹੈ।ਇਸ ਮੌਕੇ ਕਾਲਜ ਵੱਲੋਂ 'ਸਵਰਾ ਕੀਰਤੀ' ਦੀ ਮਿਊਜ਼ਿਕ ਟੀਮ ਨੂੰ ਸਨਮਾਨਤ ਕੀਤਾ ਗਿਆ ਤੇ ਕਾਲਜ ਦੀ ਕਾਰਜਕਾਰੀ ਪ੍ਰਿੰਸੀਪਲ ਡਾ. ਰਣਜੀਤ ਕੌਰ ਨੇ ਟੀਮ ਦਾ ਧੰਨਵਾਦ ਕੀਤਾ।

## ਹੜ੍ਹਾਂ ਸਮੇਂ ਵਿਧਾਇਕ ਸੁਖਾਨੰਦ ਵੱਲੋਂ ਨਿਭਾਈਆਂ ਸੇਵਾਵਾਂ ਪ੍ਰਸੰਸਾਯੋਗ : ਆਪ ਆਗੂ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਗੁਰਪ੍ਰੀਤ ਗੋਂਦਾਰਾ, ਪ੍ਰਧਾਨ ਪਵਨ ਗੁਪਤਾ, ਉਪ ਪ੍ਰਧਾਨ ਰਣਜੀਤ ਸਿੰਘ ਟੀਟੂ ਬਰਾੜ, ਚੇਅਰਮੈਨ ਮਨਦੀਪ ਸਿੰਘ ਮਾਨ ਕੋਟਲਾ, ਚੇਅਰਮੈਨ ਵਿੱਕੀ ਸੁਖਾਨੰਦ, ਬਾਊ ਸੁਭਾਸ਼ ਗੋਇਲ, ਟਰੱਕ ਯੂਨੀਅਨ ਬਾਘਾ ਪੁਰਾਣਾ ਦੇ ਪ੍ਰਧਾਨ ਅੰਤਰਜੀਤ ਟਿੰਕੂ ਮੱਲਕੇ ਅਤੇ ਕੌਂਸਲਰ ਮਨਦੀਪ ਕੱਕੜ ਨੇ ਹਲਕਾ ਬਾਘਾ ਪੁਰਾਣਾ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੀ ਹੜ੍ਹਾਂ ਦੌਰਾਨ ਨਿਭਾਈ ਗਈ ਕਾਰਗੁਜ਼ਾਰੀ ਦੀ ਖ਼ੂਬ ਪ੍ਰਸ਼ੰਸਾ ਕੀਤੀ ਹੈ। ਉਕਤ ਆਗੂਆਂ ਨੇ ਕਿਹਾ ਕਿ ਹੜ੍ਹਾਂ ਦੇ ਸੰਕਟਮਈ ਸਮੇਂ ਵਿੱਚ ਵਿਧਾਇਕ ਸੁਖਾਨੰਦ ਨੇ ਨਿੱਜੀ ਤੌਰ 'ਤੇ ਪੀੜਤ ਇਲਾਕਿਆਂ ਦਾ ਦੌਰਾ ਕਰ ਕੇ ਲੋਕਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਤੇ ਰਾਹਤ ਸਮੱਗਰੀ ਮੁਹੱਈਆ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਆਪਣੀ ਖੇਤ ਆਪਣਾ ਰੇਤ' ਯੋਜਨਾ ਕਿਸਾਨਾਂ ਲਈ ਬਹੁਤ ਹੀ ਲਾਭਕਾਰੀ ਸਾਬਤ ਹੋਵੇਗੀ।ਇਸ ਨਾਲ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਕਿਸਾਨਾਂ ਨੂੰ ਰੇਤ ਦੀ ਸਮੱਸਿਆ ਤੋਂ ਛੁਟਕਾਰਾ ਮਿਲੇਗਾ ਅਤੇ ਉਹ ਆਪਣੀਆਂ ਜ਼ਮੀਨਾਂ ਦੀ ਮੁੜ ਕਾਸ਼ਤਕਾਰੀ ਕਰ ਸਕਣਗੇ।ਉਨ੍ਹਾਂ ਇਸ ਗੱਲ ਦਾ ਵੀ ਸਵਾਗਤ ਕੀਤਾ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਹੜ੍ਹਾਂ ਕਾਰਨ ਹੋਏ ਨੁਕਸਾਨ ਲਈ ਮੁਆਵਜ਼ਾ ਜਾਰੀ ਕਰਨ ਦਾ ਫ਼ੈਸਲਾ ਲਿਆ ਹੈ।ਉਨ੍ਹਾਂ ਕਿਹਾ ਕਿ ਇਹ ਕਦਮ ਕਿਸਾਨਾਂ ਦੇ ਆਰਥਿਕ ਬੋਝ ਨੂੰ ਘਟਾਉਣ ਵਿੱਚ ਮਦਦਗਾਰ ਸਾਬਿਤ ਹੋਵੇਗਾ ਤੇ ਪੀੜਤ ਪਰਿਵਾਰਾਂ ਨੂੰ ਨਵੀਂ ਉਮੀਦ ਮਿਲੇਗੀ। ਅਖੀਰ ਵਿਚ ਉਕਤ ਆਗੂਆਂ ਨੇ ਆਪਣੇ ਸਾਂਝੇ ਬਿਆਨ ਰਾਹੀਂ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੀਆਂ ਇਨ੍ਹਾਂ ਕੋਸ਼ਿਸ਼ਾਂ ਨੂੰ ਇਨਸਾਫ਼ ਤੇ ਲੋਕ-ਕੇਂਦਰਿਤ ਸ਼ਾਸਨ ਦਾ ਨਤੀਜਾ ਦੱਸਿਆ।ਉਨ੍ਹਾਂ ਕਿਹਾ ਕਿ ਸਰਕਾਰ ਤੇ ਹਲਕਾ ਵਿਧਾਇਕ ਦੋਹਾਂ ਦੀਆਂ ਸਾਂਝੀਆਂ ਕੋਸ਼ਿਸ਼ਾਂ ਨਾਲ ਹੜ੍ਹ ਪੀੜਤਾਂ ਦੀ ਮੁਸ਼ਕਲ ਘੜੀ ਵਿਚ ਮਦਦ ਕੀਤੀ ਜਾ ਰਹੀ ਹੈ, ਜੋ ਲੋਕਾਂ ਦੇ ਭਰੋਸੇ ਨੂੰ ਮਜ਼ਬੂਤ ਕਰਦਾ ਹੈ।

# ਡਾ. ਅੰਬੇਡਕਰ ਦੇ ਬੁੱਤ ਦਾ ਵਿਰੋਧ ਕਰਨ ਵਾਲਿਆਂ ਦਾ ਦਲਿਤ ਬਾਈਕਾਟ ਕਰਨ : ਕਾਲੀ ਪਾਇਲ

### 75 ਸਾਲਾਂ ਤੋਂ ਰਾਜ ਕਰਦੀਆਂ ਰਾਜਨੀਤਕ ਪਾਰਟੀਆਂ ਨੇ ਹਮੇਸ਼ਾ ਹੀ ਦਲਿਤਾਂ ਨੂੰ ਨੀਚਾ ਦਿਖਾਇਆ : ਹਰਭਜਨ ਦੁੱਲਵਾ




**ਦੋਰਾਹਾ (ਹਰਮਿੰਦਰ ਸਿੰਘ)**-ਵਿਧਾਨ ਸਭਾ ਹਲਕਾ ਖੰਨਾ ਅੰਦਰ ਲੰਮੇ ਸਮੇਂ ਤੋਂ ਦਲਿਤ ਸਮਾਜ ਤੇ ਅੰਬੇਡਕਰੀ ਜਥੇਬੰਦੀਆਂ ਦੀ ਮੰਗ ਹੈ ਕਿ ਅਮਲੋਹ ਚੌਂਕ, ਜੋ ਡਾਕਟਰ ਅੰਬੇਡਕਰ ਸਾਹਿਬ ਦੇ ਨਾਂਅ 'ਤੇ ਰੱਖਿਆ ਹੈ, ਉੱਥੇ ਉਨ੍ਹਾਂ ਦਾ ਬੁੱਤ ਲਗਾਇਆ ਜਾਵੇ, ਪ੍ਰੰਤੂ ਪਹਿਲਾਂ ਕਾਂਗਰਸ ਤੇ ਹੁਣ ਝਾੜੂ ਪਾਰਟੀ ਦਲਿਤਾਂ ਤੇ ਅੰਬੇਡਕਰ ਜਥੇਬੰਦੀਆਂ ਨੂੰ ਬੇਵਕੂਫ ਬਣਾ ਰਹੀਆਂ ਹਨ ਕਿ ਇਥੇ ਬੁੱਤ ਲਗਾਉਣ ਵਿੱਚ ਨੈਸ਼ਨਲ ਹਾਈਵੇ ਅਥਾਰਟੀ ਅੜਿੱਕਾ ਡਾਹ ਰਹੀ ਹੈ ਕਿ ਪੁਲ ਥੱਲੇ ਬੁੱਤ ਜਾਂ ਹੋਰ ਕਿਸੇ ਕਿਸਮ ਦੀ ਉਸਾਰੀ ਨਹੀਂ ਹੋ ਸਕਦੀ। ਇਸ ਸਬੰਧੀ ਅਥਾਰਟੀ ਨੇ ਸਾਨੂੰ ਮਨਜ਼ੂਰੀ ਨਹੀਂ ਦਿੱਤੀ, ਪ੍ਰੰਤੂ ਹੁਣ ਖੰਨਾ ਅੰਦਰ ਜਿਥੇ ਪੁਲ ਥੱਲੇ ਬੁੱਤ ਲਗਾਉਣਾ ਸੀ, ਨੇੜੇ ਲੋਕਾਂ ਦੇ ਮੂਤਣ ਲਈ ਪਖਾਨੇ ਬਣਾਏ ਜਾ ਰਹੇ ਹਨ। ਇਸ ਤੋਂ ਸਿੱਧਾ ਤੇ ਸਾਫ ਸਪੱਸ਼ਟ ਹੈ ਕਿ ਦੁਨੀਆ, ਜਿਸ ਅੰਬੇਡਕਰ ਸਾਹਿਬ ਨੂੰ ਆਪਣਾ ਆਈਡਲ ਮੰਨਦੀ ਹੈ, ਇੱਥੇ ਮੰਨੂਵਾਦੀ ਸਿਸਟਮ ਡਾਕਟਰ ਅੰਬੇਡਕਰ ਸਾਹਿਬ ਦਾ ਬੁੱਤ ਲਗਾਉਣ ਵਾਲੀ ਜਗ੍ਹਾ 'ਤੇ ਬਾਥਰੂਮ ਬਣਾ ਰਿਹਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਅਮਲੋਹ ਚੌਂਕ ਜਿੱਥੇ ਬੁੱਤ ਬਣਾਉਣ ਲਈ ਥੜਾ ਬਣਿਆ ਹੋਇਆ ਹੈ, ਉਥੇ ਵੱਖ ਵੱਖ ਰਾਜਨੀਤਕ, ਸਮਾਜਿਕ, ਧਾਰਮਿਕ ਤੇ ਅੰਬੇਡਕਰੀ ਜਥੇਬੰਦੀਆਂ ਅਤੇ ਪਾਰਟੀ ਦੇ ਨੁਮਾਇੰਦਿਆਂ ਵੱਲੋਂ ਗੁਰਦੀਪ ਸਿੰਘ ਕਾਲੀ ਦੀ ਅਗਵਾਈ ਵਿੱਚ ਇੱਕ ਪ੍ਰੈੱਸ ਕਾਨਫਰੰਸ ਕੀਤੀ ਗਈ। ਇਸ ਮੌਕੇ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਆਗੂ ਹਰਭਜਨ ਸਿੰਘ ਦੁਲਮਾ ਨੇ ਕਿਹਾ ਕਿ ਪਿਛਲੇ ਲਗਭਗ 75 ਸਾਲ ਤੋਂ ਦਲਿਤ ਲੋਕ ਅਕਾਲੀ, ਕਾਂਗਰਸ, ਬੀਜੇਪੀ ਤੇ ਝਾੜੂ ਦੀਆਂ ਸਰਕਾਰਾਂ ਬਣਾਉਂਦੇ ਆ ਰਹੇ ਹਨ, ਪ੍ਰੰਤੂ ਇਹ ਰਾਜਨੀਤਕ ਪਾਰਟੀਆਂ ਜਦ ਸੱਤਾ ਵਿੱਚ ਆ ਜਾਂਦੀਆਂ ਹਨ ਤਾਂ ਇਹ ਦਲਿਤ ਸਮਾਜ ਤੇ ਉਨ੍ਹਾਂ ਦੇ ਮਹਾਂਪੁਰਸ਼ਾਂ ਨੂੰ ਹੀ ਜ਼ਲੀਲ ਕਰਦੀਆਂ ਹਨ। ਇਸ ਮੌਕੇ ਗੁਰਦੀਪ ਸਿੰਘ ਕਾਲੀ ਨੇ ਕਿਹਾ ਕਿ ਜੋ ਡਾਕਟਰ ਅੰਬੇਡਕਰ ਸਾਹਿਬ ਦਾ ਖਾ ਕੇ ਇੱਥੇ ਐੱਮ ਸੀ ਤੇ ਪ੍ਰਧਾਨ ਬਣੇ ਹਨ, ਉਨ੍ਹਾਂ ਨੂੰ ਬੁੱਤ ਲਗਵਾਉਣਾ ਚਾਹੀਦਾ ਸੀ, ਪ੍ਰੰਤੂ ਸਭ ਤੋਂ ਵੱਧ ਡਾਕਟਰ ਅੰਬੇਡਕਰ ਸਾਹਿਬ ਦੇ ਬੁੱਤ ਦਾ ਵਿਰੋਧ ਇਹ ਕਰ ਰਹੇ ਹਨ। ਨਗਰ ਕੌਂਸਲ ਖੰਨਾ 'ਤੇ ਕਾਂਗਰਸ ਦਾ ਕਬਜ਼ਾ ਹੈ, ਦੂਜੇ ਪਾਸੇ ਆਮ ਆਦਮੀ ਪਾਰਟੀ ਦਾ ਕੈਬਨਿਟ ਮੰਤਰੀ ਤਰੁਨ ਸੌਂਦ ਵੀ ਲੋਕਾਂ ਨੂੰ ਬੇਵਕੂਫ ਹੀ ਬਣਾ ਰਿਹਾ ਹੈ। ਚੌਂਕ 'ਚ ਬੁੱਤ ਲਗਾਉਣ ਦਾ ਤਿੰਨ ਮਹੀਨੇ ਦਾ ਲਾਰਾ ਲਗਾ ਦਿੱਤਾ, ਪ੍ਰੰਤੂ ਪਖਾਨੇ ਬਣਾਉਣ ਲਈ ਪ੍ਰਮਿਸ਼ਨ ਦੋ ਦਿਨ ਵਿੱਚ ਲੈ ਲਈ। ਉਨ੍ਹਾ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਬੁੱਤ ਲਵਾਉਣ ਲਈ ਦੁਬਾਰਾ ਤੋਂ ਵੱਡਾ ਸੰਘਰਸ਼ ਉਲੀਕਣਾ ਪਵੇਗਾ। ਇਸ ਮੌਕੇ ਸਾਬਕਾ ਥਾਣੇਦਾਰ ਰਣਜੀਤ ਸਿੰਘ ਅਵਤਾਰ ਸਿੰਘ ਤਾਰੀ, ਬਸਪਾ ਦੇ ਜਿਲੇ ਦੇ ਆਗੂ ਬਿੱਟੂ ਕਿਸ਼ਨਗੜ੍ਹ, ਸੰਜੂ ਜੱਸਲ, ਬੰਟੀ ਪਾਇਲ, ਦਵਿੰਦਰ ਕਰੋਦੀਆ ਆਦਿ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਸਨ।

## ...ਸ.ਫਾ 1 ਦੇ ਬਾਕੀ

### ਸੀ ਪੀ ਆਈ ਦੇ 25ਵੇਂ ਮਹਾਂ-ਸੰਮੇਲਨ...

ਵੰਡਣ ਵਾਲੀਆਂ ਤਾਕਤਾਂ ਨਾਲ ਟਾਕਰਾ ਕਰਨ ਲਈ ਵੱਡੀਆਂ ਚੁਣੌਤੀਆਂ ਹਨ, ਪਰੰਤੂ ਦੇਸ਼ ਦੀਆਂ ਕਮਿਊਨਿਸਟ ਪਾਰਟੀਆਂ ਇੱਕ ਪਲੇਟਫਾਰਮ 'ਤੇ ਇਕੱਠੀਆਂ ਹੋ ਕੇ ਇਹਨਾਂ ਸਾਰੀਆਂ ਲੋਕ ਵਿਰੋਧੀ ਤਾਕਤਾਂ ਦਾ ਡਟ ਕੇ ਟਾਕਰਾ ਕਰ ਰਹੀਆਂ ਹਨ।

ਰਾਜਾ ਨੇ ਕਿਹਾ ਕਿ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਲਈ ਕਮਿਊਨਿਸਟ ਪਾਰਟੀਆਂ ਆਪਣਾ ਅਹਿਮ ਰੋਲ ਅਦਾ ਕਰ ਰਹੀਆਂ ਹਨ ਅਤੇ ਕਰਦੀਆਂ ਰਹਿਣਗੀਆਂ। ਉਹਨਾ ਕਿਹਾ ਕਿ ਸੀ ਪੀ ਆਈ ਦਾ ਸ਼ਾਨਾਮੱਤਾ ਪ੍ਰਾਪਤੀਆਂ ਭਰਿਆ ਇਤਿਹਾਸ ਹੈ। ਕਮਿਊਨਿਸਟ ਪਾਰਟੀ ਨੇ ਦੇਸ਼ ਨੂੰ ਵੱਡੇ ਨਾਮਵਰ ਆਗੂ ਦਿੱਤੇ ਹਨ, ਜਿਨ੍ਹਾਂ ਦੇਸ਼ ਦੀ ਆਜ਼ਾਦੀ ਲਈ ਵੀ ਸੰਘਰਸ਼ ਕੀਤਾ, ਲੜੇ ਅਤੇ ਆਜ਼ਾਦੀ ਦਿਵਾਈ। ਇਸ ਦੇ ਨਾਲ ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਦੇਸ਼ ਦੀ ਪਾਰਲੀਮੈਂਟ ਵਿੱਚ ਪਹੁੰਚ ਕੇ ਦੇਸ਼ ਦੇ ਲੋਕਾਂ ਦੇ ਹਿੱਤਾਂ ਲਈ ਕਾਨੂੰਨ ਬਣਾਏ, ਜਿਸ ਦਾ ਅੱਜ ਵੀ ਰਿਕਾਰਡ ਹੈ। ਉਨ੍ਹਾ ਦੇਸ਼ ਦੀਆਂ ਕਮਿਊਨਿਸਟ ਪਾਰਟੀਆਂ, ਲੋਕਤੰਤਰਿਕ ਕੌਮੀ ਅਤੇ ਖੇਤਰੀ ਪਾਰਟੀਆਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਲਈ, ਦੇਸ਼ ਵਿੱਚ ਸਭ ਲਈ ਰੁਜ਼ਗਾਰ ਦੀ ਗਾਰੰਟੀ ਲਈ, ਸਭ ਨੂੰ ਸਿੱਖਿਆ ਅਤੇ ਇਲਾਜ ਦੀ ਗਾਰੰਟੀ ਲਈ ਇੱਕ ਪਲੇਟਫਾਰਮ 'ਤੇ ਇਕੱਠਾ ਹੋ ਕੇ ਹੁਣ ਲੜਾਈ ਲੜਨ ਦਾ ਵੇਲਾ ਆ ਗਿਆ ਹੈ। ਉਹਨਾ ਕਿਹਾ ਕਿ ਵੋਟ ਚੋਰੀ ਦਾ ਮਾਮਲਾ ਇੱਕ ਬਹੁਤ ਵੱਡਾ ਮਾਮਲਾ ਹੈ, ਜਿਸ ਨੂੰ ਸਧਾਰਨ ਰੂਪ ਵਿੱਚ ਨਹੀਂ ਲਿਆ ਜਾਣਾ ਚਾਹੀਦਾ। ਇਹ ਸਿੱਧੇ ਤੌਰ 'ਤੇ ਸੰਵਿਧਾਨ 'ਤੇ ਵੱਡਾ ਹਮਲਾ ਹੈ। ਜੇਕਰ ਵੋਟ ਹੀ ਚੋਰੀ ਹੋ ਗਈ, ਤਾਂ ਫਿਰ ਲੋਕਤੰਤਰ ਨਹੀਂ ਬਚੇਗਾ। ਇਸ ਨੂੰ ਬਚਾਉਣ ਲਈ ਸਾਨੂੰ ਹਰ ਵਾਹ ਲਾ ਦੇਣੀ ਚਾਹੀਦੀ ਹੈ। ਪੰਜਾਬ ਸੂਬੇ ਵੱਲੋਂ ਕਰਵਾਈ ਜਾ ਰਹੀ ਪਾਰਟੀ ਦੀ ਨੈਸ਼ਨਲ ਕਾਂਗਰਸ ਬਾਰੇ ਬੋਲਦਿਆਂ ਉਹਨਾ ਕਿਹਾ ਕਿ ਪੰਜਾਬ ਸੂਬੇ ਦਾ ਆਪਣਾ ਇੱਕ ਵੱਖਰਾ, ਨਿਵੇਕਲਾ ਅਤੇ ਕੁਰਬਾਨੀਆਂ ਭਰਿਆ ਇਤਿਹਾਸ ਹੈ।

ਪੰਜਾਬ ਦੇ ਅਣਖੀ, ਦੇਸ਼ ਭਗਤ ਅਤੇ ਇੱਥੋਂ ਦੇ ਸ਼ਹੀਦਾਂ ਨੇ ਸੂਬੇ ਅਤੇ ਦੇਸ਼ ਨੂੰ ਬਚਾਉਣ ਲਈ ਕੁਰਬਾਨੀਆਂ ਦਿੱਤੀਆਂ ਹਨ, ਜਿਸ ਨੂੰ ਅਸੀਂ ਸਲਾਮ ਕਰਦੇ ਹਾਂ। ਇਸ ਮਹਾਂ-ਸੰਮੇਲਨ ਵਿੱਚ ਔਰਤਾਂ ਅਤੇ ਨੌਜਵਾਨ ਡੈਲੀਗੇਟਾਂ ਦੀ ਗਿਣਤੀ ਵੀ ਵੱਡੀ ਹੈ, ਉਹ ਇਸ ਸੰਮੇਲਨ 'ਚ ਹਿੱਸਾ ਲੈਣ ਲਈ ਉਤਸ਼ਾਹ ਨਾਲ ਪਹੁੰਚ ਰਹੇ ਹਨ।

ਇਸ ਕਾਂਗਰਸ ਦੀ ਕਾਮਯਾਬੀ ਲਈ ਪੰਜਾਬ ਦੀ ਪੂਰੀ ਲੀਡਰਸ਼ਿਪ ਨੇ ਆਪਣੇ ਮੋਰਚੇ ਸੰਭਾਲੇ ਹੋਏ ਹਨ। ਪਾਰਟੀ ਦੇ ਸੂਬਾਈ ਆਗੂ ਨਿਰਮਲ ਸਿੰਘ ਧਾਲੀਵਾਲ, ਜਗਰੂਪ ਸਿੰਘ, ਹਰਦੇਵ ਅਰਸ਼ੀ, ਪ੍ਰਿਥੀਪਾਲ ਮਾੜੀਮੇਘਾ, ਕੁਲਦੀਪ ਭੋਲਾ, ਸੁਖਜਿੰਦਰ ਮਹੇਸਰੀ, ਹੰਸਰਾਜ ਗੋਲਡਨ, ਨਰਿੰਦਰ ਕੌਰ ਸੋਹਲ, ਜਸਪਾਲ ਦੱਪਰ, ਦਿਲਦਾਰ ਸਿੰਘ, ਹਰਚੰਦ ਬਾਠ, ਅਸ਼ਵਨੀ ਬਖਸ਼ੀ, ਮਹਿੰਦਰ ਪਾਲ ਸਿੰਘ ਮੁਹਾਲੀ ਸਾਰੇ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਦੇਖ-ਰੇਖ ਕਰ ਰਹੇ ਹਨ।

### ਜਲ੍ਹਿਆਂ ਵਾਲਾ ਬਾ.ਗ ਤੋਂ ...

ਪਰਵਾਨਿਆਂ ਦੇ ਸੁਪਨਿਆਂ ਦਾ ਦੇਸ਼ ਬਣਾ ਸਕਦਾ ਹੈ। ਉਹਨਾਂ ਕਿਹਾ ਕਿ ਭਗਤ ਸਿੰਘ ਰੁਜ਼ਗਾਰ ਗਰੰਟੀ ਐਕਟ ਬਣਵਾ ਕੇ ਰਹਾਂਗੇ, ਜਿਸ ਨਾਲ ਹਰੇਕ ਨੌਜਵਾਨ ਮੁੰਡੇ-ਕੁੜੀ ਨੂੰ ਉਸ ਦੀ ਲਿਆਕਤ ਅਨੁਸਾਰ ਰੁਜ਼ਗਾਰ ਮਿਲੇਗਾ ਜਾਂ ਕੰਮ ਇੰਤਜ਼ਾਰ ਭੱਤਾ ਮਿਲੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਬ ਭਾਰਤ ਨੌਜਵਾਨ ਸਭਾ ਦੇ ਵਰਕਰ ਲਖਵਿੰਦਰ ਸਿੰਘ ਗੁਪਾਲਪੁਰਾ, ਸਿਮਰਜੀਤ ਕੌਰ, ਪਾਰਟੀ ਵਰਕਰ ਗੁਰਦੀਪ ਸਿੰਘ ਗਿੱਲਵਾਲੀ, ਪੂਰਨ ਸਿੰਘ ਗਿੱਲਵਾਲੀ, ਮੱਖਣ ਸਿੰਘ, ਸੁਖਵਿੰਦਰ ਸਿੰਘ , ਪੈਨਸ਼ਨਰਜ਼ ਆਗੂ ਹਰਦੇਵ ਸਿੰਘ ਭਕਨਾ ਤੇ ਬਲਕਾਰ ਸਿੰਘ ਵਲਟੋਹਾ ਵੀ ਮੌਜੂਦ ਸਨ।

### ਟਰੰਪ ਦੇ ਵੀਜ਼ਾ ਬੰਬ...

ਪੇਸ਼ੇਵਰਾਂ ਨੂੰ 24 ਘੰਟਿਆਂ ਵਿੱਚ ਮੁੜ ਆਉਣ ਲਈ ਵੀ ਕਿਹਾ। ਇਸੇ ਦੌਰਾਨ ਹਵਾਈ ਕੰਪਨੀਆਂ ਨੇ ਦਿੱਲੀ ਤੋਂ ਨਿਊ ਯਾਰਕ ਦਾ ਇੱਕ ਪਾਸੇ ਦਾ ਕਿਰਾਇਆ 37 ਹਜ਼ਾਰ ਤੋਂ ਵਧਾ ਕੇ 70-80 ਹਜ਼ਾਰ ਰੁਪਏ ਕਰ ਦਿੱਤਾ।

ਜਿਹੜੇ ਅਮਰੀਕਾ ਜਾਂਦਿਆਂ ਡੁਬਈ ਤੱਕ ਪੁੱਜੇ ਸਨ, ਉਹ ਉਥੇ ਹੀ ਉੱਤਰ ਗਏ, ਕਿਉਂਕਿ 21 ਸਤੰਬਰ ਤੱਕ ਨਾ ਪੁੱਜ ਸਕਣ ਕਾਰਨ ਉਨ੍ਹਾ ਨੂੰ ਫਿਰ ਜਾਣਾ ਮੁਸ਼ਕਲ ਹੋ ਜਾਣਾ ਸੀ। ਜਿਹੜੇ ਸਾਨ ਫਰਾਂਸਿਸਕੋ ਤੋਂ ਭਾਰਤ ਆ ਰਹੇ ਸਨ, ਉਹ ਉੱਥੇ ਹੀ ਉੱਤਰ ਗਏ। ਵ੍ਹਾਈਟ ਹਾਊਸ ਦੇ ਸਟਾਫ ਸਕੱਤਰ ਵਿਲ ਸ਼ਾਰਫ ਨੇ ਕਿਹਾ ਕਿ ਐੱਚ-1-ਬੀ ਗੈਰ-ਪ੍ਰਵਾਸੀ ਵੀਜ਼ਾ ਪ੍ਰੋਗਰਾਮ ਦੇਸ਼ ਦੀ ਮੌਜੂਦਾ ਇਮੀਗ੍ਰੇਸ਼ਨ ਪ੍ਰਣਾਲੀ ਵਿੱਚ ਸਭ ਤੋਂ ਵੱਧ ਦੁਰਵਰਤੋਂ ਕੀਤੀਆਂ ਜਾਣ ਵਾਲੀਆਂ ਵੀਜ਼ਾ ਪ੍ਰਣਾਲੀਆਂ ਵਿੱਚੋਂ ਇੱਕ ਹੈ। ਇਹ ਉੱਚ ਹੁਨਰਮੰਦ ਕਾਮਿਆਂ, ਜੋ ਉਨ੍ਹਾਂ ਖੇਤਰਾਂ ਵਿੱਚ ਕੰਮ ਕਰਦੇ ਹਨ, ਜਿੱਥੇ ਅਮਰੀਕੀ ਕੰਮ ਨਹੀਂ ਕਰਦੇ, ਨੂੰ ਅਮਰੀਕਾ ਆਉਣ ਦੀ ਆਗਿਆ ਦੇਣ ਲਈ ਹੁੰਦਾ ਹੈ।

### ਮਿਲਕਫੈੱਡ ਪੰਜਾਬ ਤੇ ਐੱਨ ਡੀ ਡੀ ਬੀ ਦੀ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਨਿਵੇਕਲੀ ਮੁਹਿੰਮ ਸ਼ੁਰੂ

**ਗੁਰਦਾਸਪੁਰ (ਜਨਕ ਮਹਾਜਨ)**

ਚੇਅਰਮੈਨ ਮਿਲਕਫੈੱਡ ਪੰਜਾਬ ਸਰਦਾਰ ਨਰਿੰਦਰ ਸਿੰਘ ਸ਼ੇਰਗਿੱਲ ਅਤੇ ਰਾਹੁਲ ਗੁਪਤਾ ਆਈ ਏ ਐੱਸ ਐੱਮ.ਡੀ. ਮਿਲਕਫੈੱਡ ਪੰਜਾਬ ਦੇ ਸ਼ਾਨਦਾਰ ਯਤਨਾ ਸਦਕਾ ਐੱਨ.ਡੀ.ਡੀ.ਬੀ, ਹੜ੍ਹ ਪ੍ਰਭਾਵਿਤ ਖੇਤਰ ਵਿਚ ਮੱਦਦ ਲਈ ਅੱਗੇ ਆਈ ਹੈ ਜਿਸ ਤਹਿਤ ਨੈਸ਼ਨਲ ਡੇਅਰੀ ਡਿਵੈਲਪਮੈਂਟ ਬੋਰਡ ਜਲੰਧਰ ਦੇ ਪ੍ਰਿੰਸੀਪਲ ਡਾ. ਸਤਿਆਪਾਲ ਕੁਰੀ ਦੀ ਨਿਗਰਾਨੀ ਵਿਚ ਐੱਨ.ਡੀ.ਡੀ.ਬੀ. ਦੀ ਟੀਮ ਅਤੇ ਵੇਰਕਾ ਗੁਰਦਾਸਪੁਰ ਡੇਅਰੀ ਦੀ ਟੀਮ ਵਲੋਂ ਸਾਂਝੇ ਤੌਰ 'ਤੇ ਹੜ੍ਹ ਪ੍ਰਭਾਵਿਤ ਵੇਰਕਾ ਨਾਲ ਜੁੜੇ ਦੁੱਧ ਉਦਪਾਦਕ ਭੁੱਲਾ ਅਤੇ ਉੱਚਾ ਧਕਾਲਾ ਸਹਿਕਾਰੀ ਸਭਾਵਾਂ ਵਿਖੇ ਵਿਸ਼ੇਸ਼ ਮੈਡੀਕਲ ਕੈਂਪ ਲਾਏ ਗਏ, ਜਿਸ ਵਿਚ ਲੋਕਾ ਨੂੰ ਹੜ੍ਹਾਂ ਤੋਂ ਬਾਅਦ ਹੋਣ ਵਾਲਿਆਂ ਬਿਮਾਰੀਆਂ ਦੀ ਜਾਣਕਾਰੀ ਦਿੱਤੀ ਗਈ। ਇਸ ਸੰਬਧੀ ਲੋੜੀਂਦੀਆਂ ਦਵਾਈਆਂ ਦੀਆ ਕਿੱਟਾਂ ਵੰਡੀਆਂ ਗਿਆ।

### ਯੂਨੀਅਨ ਬੈਂਕ ਆਫ਼...

ਮੁਹਿੰਮ ਹੈ, ਜੋ 2025 ਦੇ ਪੰਜਾਬ ਹੜ੍ਹ ਪੀੜਤਾਂ ਲਈ ਸੂਬਾ ਸਰਕਾਰ ਦੀਆਂ ਮੁੜ-ਵਸੇਬਾ ਪਹਿਲਕਦਮੀਆਂ ਲਈ ਫੰਡ ਇਕੱਠਾ ਕਰਨ ਲਈ ਸ਼ੁਰੂ ਕੀਤੀ ਗਈ ਹੈ।ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਨੇ ਹਾਲ ਹੀ ਵਿੱਚ ਇੱਕ ਅਜਿਹੀ ਕੁਦਰਤੀ ਆਫ਼ਤ ਦੇਖੀ ਹੈ, ਜੋ ਪੀੜ੍ਹੀਆਂ ਤੱਕ ਲੋਕਾਂ ਦੇ ਚੇਤਿਆਂ ਵਿੱਚ ਉੱਕਰੀ ਰਹੇਗੀ। ਭਗਵੰਤ ਸਿੰਘ ਮਾਨ ਨੇ ਕਿਹਾ, 'ਹੜ੍ਹਾਂ ਨੇ ਸਿਰਫ਼ ਪਾਣੀ ਹੀ ਨਹੀਂ ਲਿਆਂਦਾ, ਸਗੋਂ ਲੱਖਾਂ ਸੁਪਨਿਆਂ ਨੂੰ ਰੋੜ੍ਹ ਦਿੱਤਾ।' ਉਨ੍ਹਾਂ ਇਸ ਨੂੰ ਪੰਜਾਬ ਦੇ ਹਾਲੀਆ ਇਤਿਹਾਸ ਵਿੱਚ ਸਭ ਤੋਂ ਭਿਆਨਕ ਦੁਖਾਂਤਾਂ ਵਿੱਚੋਂ ਇੱਕ ਦੱਸਿਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਪੰਜਾਬ ਦਾ ਸਭ ਤੋਂ ਵੱਡਾ ਇਮਤਿਹਾਨ ਵੀ ਹੈ ਪਰ ਇਤਿਹਾਸ ਦਰਸਾਉਂਦਾ ਹੈ ਕਿ ਪੰਜਾਬ ਹਮੇਸ਼ਾ ਹਰ ਸੰਕਟ ਵਿੱਚੋਂ ਮਜ਼ਬੂਤੀ ਨਾਲ ਉਭਰਦਾ ਹੈ।

## ਜੁਆਇੰਟ ਐਕਸ਼ਨ ਕਮੇਟੀ ਵੱਲੋਂ ਗ੍ਰਾਂਟ ਰਾਸ਼ੀ 'ਚ ਵਾਧੇ ਲਈ ਵਿਧਾਇਕ ਦਹੀਆ ਦਾ ਸਨਮਾਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜੁਆਇੰਟ ਐਕਸ਼ਨ ਕਮੇਟੀ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫਿਰੋਜ਼ਪੁਰ ਵੱਲੋਂ ਵਿਧਾਇਕ ਰਜਨੀਸ਼ ਦਹੀਆ ਐਡਵੋਕੇਟ ਹਲਕਾ ਦਿਹਾਤੀ ਫਿਰੋਜ਼ਪੁਰ ਦਾ ਉਨ੍ਹਾਂ ਦੇ ਦਫ਼ਤਰ ਵਿਖੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਯੂਨੀਵਰਸਿਟੀ ਦੇ ਬਹੁ-ਗਿਣਤੀ ਮੁਲਾਜ਼ਮਾਂ ਦੇ ਨਾਲ ਰਜਿਸਟਰਾਰ ਡਾ. ਗ਼ਜ਼ਲਪ੍ਰੀਤ ਅਰਨੇਜਾ ਵੀ ਹਾਜ਼ਰ ਸਨ। ਜੁਆਇੰਟ ਐਕਸ਼ਨ ਕਮੇਟੀ ਵੱਲੋਂ ਯੂਨੀਵਰਸਿਟੀ ਦੀ ਗ੍ਰਾਂਟ-ਇਨ-ਏਡ 15 ਕਰੋੜ ਤੋਂ ਵਧਾ ਕੇ 30 ਕਰੋੜ ਕਰਵਾਉਣ ਲਈ ਕੀਤੇ ਗਏ ਯਤਨਾਂ ਲਈ ਵਿਧਾਇਕ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਹ ਫੈਸਲਾ ਨਾ ਸਿਰਫ ਯੂਨੀਵਰਸਿਟੀ ਦੇ ਹਿੱਤਾਂ ਨੂੰ ਮਜ਼ਬੂਤ ਕਰੇਗਾ, ਸਗੋਂ ਸਟਾਫ ਮੈਂਬਰਾਂ, ਵਿਦਿਆਰਥੀਆਂ ਤੇ ਹੋਰ ਸਹੂਲਤਾਂ ਨੂੰ ਵੀ ਬਿਹਤਰੀ ਦੇ ਨਵੇਂ ਮੌਕੇ ਪ੍ਰਦਾਨ ਕਰੇਗਾ। ਗ੍ਰਾਂਟ ਵਿੱਚ ਵਾਧਾ ਹੋਣ ਨਾਲ ਯੂਨੀਵਰਸਿਟੀ ਦੇ ਵਿਕਾਸ ਕਾਰਜ ਹੋਰ ਤੇਜ਼ੀ ਨਾਲ ਅੱਗੇ ਵਧਣਗੇ। ਸੰਯੁਕਤ ਕਾਰਵਾਈ ਕਮੇਟੀ ਨੇ ਕਿਹਾ ਕਿ ਇਹ ਯੋਗਦਾਨ ਯੂਨੀਵਰਸਿਟੀ ਦੇ ਵਿੱਤੀ ਸੰਕਟ ਨੂੰ ਦੂਰ ਕਰਨ ਵਿਚ ਮੀਲ ਪੱਥਰ ਸਾਬਿਤ ਹੋਵੇਗਾ ਤੇ ਉੱਚ ਗੁਣਵੱਤਾ ਵਾਲੀ ਸਿੱਖਿਆ ਦੇਣ ਦੇ ਯਤਨਾਂ ਨੂੰ ਨਵੀਂ ਦਿਸ਼ਾ ਤੇ ਮਜ਼ਬੂਤੀ ਮਿਲੇਗੀ। ਅੰਤ ਵਿੱਚ ਕਮੇਟੀ ਨੇ ਇਕ ਵਾਰ ਫਿਰ ਵਿਧਾਇਕ ਰਜਨੀਸ਼ ਦਹੀਆ ਦਾ ਦਿਲ ਤੋਂ ਧੰਨਵਾਦ ਕੀਤਾ ਤੇ ਭਰੋਸਾ ਜ਼ਾਹਰ ਕੀਤਾ ਕਿ ਭਵਿੱਖ ਵਿੱਚ ਵੀ ਉਹ ਯੂਨੀਵਰਸਿਟੀ ਦੇ ਹਿੱਤਾਂ ਨੂੰ ਪਹਿਲ ਦੇਣਗੇ।

## ਸੱਪ ਦੇ ਡੰਗਣ ਸੰਬੰਧੀ ਲੋਕਾਂ ਨੂੰ ਕੀਤਾ ਜਾਗਰੂਕ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸੀ ਐੱਚ ਸੀ ਮਾਛੀਵਾੜਾ ਸਾਹਿਬ ਵਿਖੇ ਸਿਵਲ ਸਰਜਨ ਲੁਧਿਆਣਾ ਡਾ. ਰਮਨਦੀਪ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਜਸਦੇਵ ਸਿੰਘ ਦੀ ਅਗਵਾਈ ਹੇਠ ਸੱਪ ਦੇ ਡੰਗਣ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਐੱਸ.ਐੱਮ.ਓ. ਡਾ. ਜਸਦੇਵ ਸਿੰਘ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਸੱਪ ਦੇ ਡੰਗਣ 'ਤੇ ਘਬਰਾਉਣਾ ਨਹੀਂ ਚਾਹੀਦਾ, ਸਗੋਂ ਮਰੀਜ਼ ਦਾ ਛੇਤੀ ਤੋਂ ਛੇਤੀ ਡਾਕਟਰੀ ਇਲਾਜ ਕਰਵਾਉਣਾ ਚਾਹੀਦਾ ਹੈ ਅਤੇ ਕਿਸੇ ਵੀ ਪ੍ਰਕਾਰ ਦੇ ਅੰਧ ਵਿਸ਼ਵਾਸ ਦੇ ਚੱਕਰ 'ਚ ਨਹੀਂ ਪੈਣਾ ਚਾਹੀਦਾ। ਪ੍ਰਦੀਪ ਸਿੰਘ ਬਲਾਕ ਐਜੂਕੇਟਰ ਨੇ ਦੱਸਿਆ ਕਿ ਸੱਪ ਦੇ ਡੰਗਣ ਦਾ ਇਲਾਜ ਸਰਕਾਰੀ ਹਸਪਤਾਲ ਮਾਛੀਵਾੜਾ ਸਾਹਿਬ ਵਿੱਚ ਮੁਫ਼ਤ ਕੀਤਾ ਜਾਂਦਾ ਹੈ। ਇਸ ਮੌਕੇ ਮਨਮੋਹਨ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ ਮੇਲ, ਕੁਲਵੀਰ ਕੌਰ ਐੱਲ.ਐੱਚ.ਵੀ. ਗੁਰਜੀਤ ਕੌਰ ਏ.ਐੱਨ.ਐੱਮ. ਤੋਂ ਇਲਾਵਾ ਆਸ਼ਾ ਵਰਕਰਜ਼ ਤੇ ਪਤਵੰਤੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਯੂਥ ਕਲੱਬਾਂ ਦੀ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਮੰਡੀ ਬੋਰਡ ਮਾਨਸਾ ਦੇ ਰੈਸਟ ਹਾਊਸ ਵਿਖੇ ਯੂਥ ਕਲੱਬਾਂ ਦੀ ਇੱਕ ਮੀਟਿੰਗ ਹਲਕਾ ਯੂਥ ਕੋਆਰਡੀਨੇਟਰ ਸੁਖਵਿੰਦਰ ਸਿੰਘ ਖੋਖਰ ਦੀ ਅਗਵਾਈ ਹੇਠ ਹੋਈ।ਇਸ ਮੌਕੇ ਚੇਅਰਮੈਨ ਮਾਰਕਿਟ ਕਮੇਟੀ ਮਾਨਸਾ ਸ੍ਰ. ਗੁਰਪ੍ਰੀਤ ਸਿੰਘ ਭੁੱਚਰ ਵੀ ਮੌਜੂਦ ਸਨ।ਸੁਖਵਿੰਦਰ ਸਿੰਘ ਖੋਖਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਯੂਥ ਕਲੱਬਾਂ ਦੀ ਮੀਟਿੰਗ ਦਾ ਮੰਤਵ ਪਿੰਡਾਂ ਵਿੱਚ ਯੂਥ ਕਲੱਬ ਬਣਾਉਣਾ ਹੈ ਤਾਂ ਜੋ ਨੌਜਵਾਨ ਸ਼ਕਤੀ ਦਾ ਪਿੰਡਾਂ ਦੇ ਵਿਕਾਸ 'ਚ ਯੋਗਦਾਨ ਲਿਆ ਜਾ ਸਕੇ।ਗੁਰਪ੍ਰੀਤ ਸਿੰਘ ਭੁੱਚਰ ਨੇ ਯੂਥ ਕਲੱਬਾਂ ਦੇ ਨੌਜਵਾਨਾਂ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਕਾਰਜ ਜਾਰੀ ਰੱਖਣ ਤੇ ਪਿੰਡਾਂ ਵਿੱਚ ਨੌਜਵਾਨ ਭਲਾਈ ਲਈ ਸੁਚਾਰੂ ਕੰਮ ਕਰਨ ਲਈ ਕਿਹਾ।ਇਸ ਮੌਕੇ ਬਿੰਦਰ ਸਿੰਘ ਮਾਖਾ, ਸ਼ਿੰਗਾਰਾ ਖਾਨ, ਜਸਪਾਲ ਸਿੰਘ ਐਡਵੋਕੇਟ, ਅਜੈਬ ਸਿੰਘ ਕੋਟ ਧਰਮੂ, ਹਰਦੇਵ ਸਿੰਘ ਉੱਲਕ ਸੰਗਠਨ ਇੰਚਾਰਜ ਹਾਜ਼ਰ ਸਨ।

## ਪ੍ਰਧਾਨ ਮੰਤਰੀ ਸ਼੍ਰੀ ਸਕੂਲ ਯੋਜਨਾ ਤਹਿਤ ਪੰਜਾਬ ਨੂੰ 31 ਕਰੋੜ ਦੀ ਰਾਸ਼ੀ ਜਾਰੀ ਕਰਨ 'ਤੇ ਡਾ. ਹਰਜੋਤ ਕਮਲ ਵੱਲੋਂ ਧੰਨਵਾਦ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਨੇ ਪੰਜਾਬ ਦੇ 331 ਸਕੂਲਾਂ ਨੂੰ ਪ੍ਰਧਾਨ ਮੰਤਰੀ ਸ਼੍ਰੀ ਸਕੂਲ ਯੋਜਨਾ ਦੇ ਤਹਿਤ 31 ਕਰੋੜ 25 ਲੱਖ ਰੁਪਏ ਦੀ ਪਹਿਲੀ ਕਿਸ਼ਤ ਦੀ ਰਾਸ਼ੀ ਜਾਰੀ ਕਰਨ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦਾ ਵਿਜ਼ਨ ਰਾਜਨੀਤੀ ਤੋਂ ਉੱਪਰ ਉੱਠ ਕੇ ਹਰ ਵਰਗ ਦੀ ਭਲਾਈ ਲਈ ਕੰਮ ਕਰਨਾ ਹੈ। ਡਾ. ਹਰਜੋਤ ਨੇ ਕਿਹਾ ਕਿ ਜਿੱਥੇ ਇੱਕ ਪਾਸੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਪ੍ਰਧਾਨ ਮੰਤਰੀ ਵਚਨਬੱਧ ਹਨ, ਉਥੇ ਹੀ ਉਹ ਪੰਜਾਬ ਵਿੱਚ ਸਿੱਖਿਆ ਦੀ ਗੁਣਵੱਤਾ ਨੂੰ ਵੀ ਬਿਹਤਰ ਬਣਾਉਣ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਹੇ ਹਨ।ਮੋਗਾ ਜ਼ਿਲ੍ਹੇ ਵਿੱਚ ਸਿੱਖਿਆ ਖੇਤਰ ਨੂੰ ਪਹਿਲਾਂ ਤੋਂ ਹੀ ਖਾਸ ਤਰਜੀਹ ਦਿੱਤੀ ਗਈ ਹੈ।ਲਗਭਗ 1.07 ਕਰੋੜ ਦੀ ਲਾਗਤ ਨਾਲ ਦੱਤ ਰੋਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੀ ਨਵੀਂ ਇਮਾਰਤ ਕੱਚਾ ਦੋਸਾਂਝ ਰੋਡ 'ਤੇ ਤਿਆਰ ਹੋ ਗਈ ਹੈ, ਜੋ ਸਾਰੇ ਪੰਜਾਬ ਲਈ ਇੱਕ ਮਿਸਾਲ ਹੈ।ਹੁਣ ਜ਼ਿਲ੍ਹੇ ਦੇ ਹੋਰ 12 ਸਕੂਲਾਂ ਨੂੰ 99.07 ਲੱਖ ਦੀ ਰਾਸ਼ੀ ਜਾਰੀ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਪੀ ਐੱਮ ਸ੍ਰੀ ਸਕੂਲ ਯੋਜਨਾ ਅਧੀਨ ਲਾਭਵਾਨ ਸਕੂਲਾਂ ਨੂੰ ਆਧੁਨਿਕ ਸਾਧਨਾਂ ਨਾਲ ਲੈਸ ਕੀਤਾ ਜਾਵੇਗਾ, ਜਿਵੇਂ ਡਿਜ਼ੀਟਲ ਕਲਾਸਰੂਮ, ਵਿਗਿਆਨ ਲੈਬ, ਖੇਡ ਸਹੂਲਤਾਂ, ਸਮਾਰਟ ਢਾਂਚਾ ਆਦਿ। ਇਸ ਯੋਜਨਾ ਦਾ ਉਦੇਸ਼ ਬੱਚਿਆਂ ਨੂੰ 21ਵੀਂ ਸਦੀ ਦੀਆਂ ਲੋੜਾਂ ਅਨੁਸਾਰ ਸਿੱਖਿਆ ਤੇ ਹੁਨਰ ਵਿਕਾਸ ਦੇਣਾ ਹੈ।ਨਾਲ ਹੀ, ਇਹ ਸਕੂਲ ਰਾਸ਼ਟਰੀ ਸਿੱਖਿਆ ਨੀਤੀ 2020 ਦੇ ਅਨੁਕੂਲ ਆਦਰਸ਼ ਸੰਸਥਾਵਾਂ ਵਜੋਂ ਵਿਕਸਤ ਕੀਤੇ ਜਾਣਗੇ।ਕੇਂਦਰ ਸਰਕਾਰ ਇਸ ਯੋਜਨਾ 'ਤੇ ਪੰਜਾਬ ਵਿੱਚ ਕੁੱਲ 5,801 ਕਰੋੜ ਰੁਪਏ ਖਰਚੇਗੀ, ਜਿਸ ਨਾਲ ਪੰਜਾਬ ਦੀ ਸਿੱਖਿਆ ਪ੍ਰਣਾਲੀ ਨੂੰ ਨਵੀਂ ਦਿਸ਼ਾ ਮਿਲੇਗੀ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਮਜ਼ਬੂਤ ਨੀਂਹ ਤਿਆਰ ਹੋਵੇਗੀ।


## ਵਿਧਾਇਕ ਤੇ ਚੇਅਰਮੈਨ ਵੱਲੋਂ ਅਨਾਜ ਮੰਡੀ ਨਿਹਾਲ ਸਿੰਘ ਵਾਲਾ ਦੇ ਵਿਕਾਸ ਕਾਰਜਾਂ ਦਾ ਉਦਘਾਟਨ

### *ਸਰਕਾਰ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਚਨਬੱਧ : ਬਿਲਾਸਪੁਰ*



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਦਾ ਮੁੱਖ ਕਿੱਤਾ ਖੇਤੀਬਾੜੀ ਹੋਣ ਕਰਕੇ ਤਕਰੀਬਨ ਸਾਰੇ ਧੰਦੇ ਖੇਤੀਬਾੜੀ 'ਤੇ ਹੀ ਨਿਰਭਰ ਹਨ।ਖੇਤੀਬਾੜੀ ਨੂੰ ਉੱਪਰ ਚੁੱਕਣ ਨਾਲ ਹਰ ਵਰਗ ਨੂੰ ਹੁਲਾਰਾ ਮਿਲਦਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਨਿਹਾਲ ਸਿੰਘ ਵਾਲਾ ਦੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੇ ਅਨਾਜ ਮੰਡੀ ਨਿਹਾਲ ਸਿੰਘ ਵਾਲਾ ਵਿੱਚ 4 ਕਰੋੜ 96 ਲੱਖ ਤੋਂ ਵੱਧ ਦੇ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਸਮੇਂ ਕੀਤਾ।ਉਨ੍ਹਾਂ ਨਾਲ ਮਾਰਕੀਟ ਕਮੇਟੀ ਦੇ ਚੇਅਰਮੈਨ ਤੇ 'ਆਪ' ਦੇ ਜ਼ਿਲ੍ਹਾ ਪ੍ਰਧਾਨ ਬਰਿੰਦਰ ਕੁਮਾਰ ਮਧੇਕੇ ਵੀ ਹਾਜ਼ਰ ਸਨ।ਵਿਧਾਇਕ ਬਿਲਾਸਪੁਰ ਨੇ ਦੱਸਿਆ ਕਿ ਅਨਾਜ ਮੰਡੀ ਦੀਆਂ ਅੰਦਰੂਨੀ ਸੜਕਾਂ ਤੇ ਪਾਰਕਿੰਗਾਂ 'ਤੇ 2 ਕਰੋੜ 30 ਲੱਖ ਰੁਪਏ ਤੇ ਸਟਰੀਟ ਲਾਈਟਾਂ, ਨਵੇਂ ਫੜ੍ਹ, ਕੰਕਰੀਟ ਕੰਧ ਦੀ ਉਸਾਰੀ ਤੇ ਮੰਡੀ ਦੀ ਫੁੱਟਕਲ ਜਗ੍ਹਾ 'ਤੇ ਡੀ ਬੀ ਫਲੋਰਿੰਗ 'ਤੇ ਤਕਰੀਬਨ 2 ਕਰੋੜ 66 ਲੱਖ ਰੁਪਏ, ਕੁੱਲ 4 ਕਰੋੜ 96 ਲੱਖ ਰੁਪਏ ਦੀ ਲਾਗਤ ਨਾਲ ਅਨਾਜ ਮੰਡੀ ਨਿਹਾਲ ਸਿੰਘ ਵਾਲਾ ਦੇ ਵਿਕਾਸ ਕਾਰਜ ਮੁਕੰਮਲ ਹੋਏ ਹਨ।ਇਸ ਸਮੇਂ ਉਨ੍ਹਾਂ ਨੇ ਹਲਕੇ ਦੇ ਕਿਸਾਨਾਂ ਤੇ ਆੜ੍ਹਤੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕਿਸਾਨ ਪਰਵਾਰ ਵਿੱਚ ਪੈਦਾ ਹੋਏ ਹਨ ਤੇ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਨੇੜੇ ਤੋਂ ਜਾਣਦੇ ਹਨ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਹੱਲ ਵੀ ਕਰਦੇ ਹਨ।ਇਸ ਮੌਕੇ ਨਗਰ ਪੰਚਾਇਤ ਦੇ ਪ੍ਰਧਾਨ ਤੇ ਕਿਸਾਨ ਵਿੰਗ ਦੇ ਜੋਨ ਇੰਚਾਰਜ ਜਗਦੀਪ ਸਿੰਘ ਧਾਲੀਵਾਲ (ਗਟਰਾ), ਐੱਸ ਡੀ ਓ ਮੰਡੀ ਬੋਰਡ ਜਸਵੀਰ ਸਿੰਘ, ਸੈਕਟਰੀ ਮੰਡੀ ਬੋਰਡ ਜਸਪ੍ਰੀਤ ਸਿੰਘ, ਮੈਂਬਰ ਪਲੈਨਿੰਗ ਬੋਰਡ ਦਵਿੰਦਰ ਸਿੰਘ ਤਖਤੂਪੁਰਾ, ਜ਼ਿਲ੍ਹਾ ਮੀਡੀਆ ਸੈਕਟਰੀ ਅੰਮ੍ਰਿਤਪਾਲ ਸਿੰਘ ਖਾਲਸਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਾਰਟੀ ਵਲੰਟੀਅਰ ਹਾਜ਼ਰ ਸਨ।

## ਸਮੂਹ ਵਪਾਰ ਸੰਘ ਦਾ ਵਫ਼ਦ ਸਿਟੀ ਥਾਣਾ ਮੁਖੀ ਨੂੰ ਮਿਲਿਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਮੂਹ ਵਪਾਰ ਸੰਘ ਪਟਿਆਲਾ ਮੰਡੀ ਰਾਮਪੁਰਾ ਫੂਲ ਦਾ ਵਫ਼ਦ ਸੰਘ ਦੇ ਪ੍ਰਧਾਨ ਸੰਜੀਵ ਪਹਾੜੀਆ ਦੀ ਅਗਵਾਈ ਵਿੱਚ ਸਿਟੀ ਥਾਣਾ ਮੁਖੀ ਹਰਬੰਸ ਸਿੰਘ ਨੂੰ ਮਿਲਿਆ।ਇਸ ਮੌਕੇ ਵਪਾਰ ਸੰਘ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਜਲਦੀ ਹੀ ਇਕ ਸਮਾਰੋਹ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਸਥਾਨਕ ਵਿਧਾਇਕ ਸਮੇਤ ਉਹ ਸਾਰੇ ਪਤਵੰਤੇ ਸੱਜਣ ਸਨਮਾਨਤ ਕੀਤੇ ਜਾਣਗੇ, ਜਿਨ੍ਹਾਂ ਦੁਕਾਨਾਂ ਦੇ ਕਿਰਾਏ ਵਿੱਚ ਵਾਧਾ ਰੋਕਣ ਲਈ ਅਹਿਮ ਭੂਮਿਕਾ ਨਿਭਾਈ ਹੈ। ਸਮਾਰੋਹ ਦੌਰਾਨ ਸੁਰੱਖਿਆ ਪ੍ਰਬੰਧਾਂ ਨੂੰ ਮਜ਼ਬੂਤ ਕਰਨ ਤੇ ਸ਼ਰਾਰਤੀ ਅਨਸਰਾਂ ਤੇ ਨੱਥ ਪਾਉਣ ਲਈ ਵਾਧੂ ਪੁਲਸ ਕਰਮਚਾਰੀਆਂ ਦੀ ਡਿਊਟੀ ਲਗਾਉਣ ਦੀ ਮੰਗ ਵੀ ਥਾਣਾ ਮੁਖੀ ਸਾਹਮਣੇ ਰੱਖੀ ਗਈ।ਇਸ ਮੌਕੇ ਵਪਾਰ ਸੰਘ ਵੱਲੋਂ ਥਾਣਾ ਮੁਖੀ ਹਰਬੰਸ ਸਿੰਘ ਨੂੰ ਵਿਸ਼ੇਸ਼ ਮਹਿਮਾਨ ਵਜੋਂ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਸੱਦਾ ਪੱਤਰ ਭੇਟ ਕੀਤਾ ਗਿਆ।ਇਸ ਮੀਟਿੰਗ ਦੌਰਾਨ ਸਮੂਹ ਵਪਾਰ ਸੰਘ ਪਟਿਆਲਾ ਮੰਡੀ ਰਾਮਪੁਰਾ ਫੂਲ ਦੇ ਆਗੂ ਇੰਦਰਪਾਲ ਸਿੰਘ, ਟੇਕ ਚੰਦ, ਰਾਜ ਕੁਮਾਰ, ਪ੍ਰਦੀਪ ਆਰਕੀਟੈਕਟ ਤੇ ਰਜਨੀਸ਼ ਕਰਕਰਾ ਹਾਜ਼ਰ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

# ਪਰਾਲੀ ਦੇ ਸੁਚੱਜੇ ਪ੍ਰਬੰਧਨ ਸਬੰਧੀ ਲਗਾਇਆ ਕਿਸਾਨ ਜਾਗਰੂਕਤਾ ਕੈਂਪ

**ਪੱਟੀ (ਬਲਦੇਵ ਸਿੰਘ ਸੰਧੂ)**- ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਤਰਨ ਤਾਰਨ ਵੱਲੋਂ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਸਾੜਨ ਦੀ ਥਾਂ ਉਸ ਦੇ ਸੁਚੱਜੇ ਪ੍ਰਬੰਧਾਂ ਸਬੰਧੀ ਜਾਣਕਾਰੀ ਦੇਣ ਲਈ ਪਿੰਡ ਮੰਨਣ ਅਤੇ ਕੋਟ ਧਰਮ ਚੰਦ ਦੇ ਕਿਸਾਨਾਂ ਦੇ ਸਹਿਯੋਗ ਨਾਲ ਗੁਰਦੁਆਰਾ ਗੁਰੂ ਨਾਨਕ ਸਾਹਿਬ ਪਿੰਡ ਮੰਨਣ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਾਇਆ ਗਿਆ।ਇਹ ਕੈਂਪ ਮੁੱਖ ਖੇਤੀਬਾੜੀ ਅਫ਼ਸਰ ਤਰਨ ਤਾਰਨ ਡਾ. ਤੇਜਬੀਰ ਸਿੰਘ ਭੰਗੂ ਦੀ ਪ੍ਰਧਾਨਗੀ ਤੇ ਖੇਤੀਬਾੜੀ ਅਫ਼ਸਰ ਡਾ. ਗੁਰਲਾਲ ਸਿੰਘ ਦੀ ਅਗਵਾਈ ਹੇਠ ਲਗਾਇਆ ਗਿਆ।ਕੈਂਪ ਵਿੱਚ ਵਧੀਕ ਡਿਪਟੀ ਕਮਿਸ਼ਨਰ ਜਰਨਲ ਰਾਜਦੀਪ ਸਿੰਘ ਬਰਾੜ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ।ਇਸਦੇ ਨਾਲ ਹੀ ਨਾਇਬ ਤਹਿਸੀਲਦਾਰ ਝਬਾਲ ਅਤੇ ਬੀਡੀਪੀਓ ਤਰਨ ਤਾਰਨ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਟੇਜ ਸੰਚਾਲਕ ਡਾ: ਗੁਰਪਾਲ ਸਿੰਘ ਵੱਲੋਂ ਹਾਟ ਸਪੋਟ ਪਿੰਡ ਮੰਨਣ ਅਤੇ ਕੋਟ ਧਰਮ ਚੰਦ ਦੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਕੈਂਪ ਵਿੱਚ ਪਹੁੰਚਣ ਲਈ ਜੀ ਆਇਆਂ ਕਿਹਾ।ਉਨ੍ਹਾਂ ਨੇ ਕਿਸਾਨਾਂ ਨੂੰ



ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਅਪੀਲ ਕਰਦਿਆਂ ਕਿਹਾ ਕਿ ਪਰਾਲੀ ਨੂੰ ਅੱਗ ਲਾਉਣ ਨਾਲ ਮਿੱਤਰ ਕੀੜੇ ਮਰ ਜਾਂਦੇ ਹਨ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਘਟਦੀ ਹੈ।ਪਰਾਲੀ ਨੂੰ ਅੱਗ ਲਾਉਣ ਨਾਲ ਸੜਕੀ ਹਾਦਸੇ ਵਾਪਰਦੇ ਹਨ ਅਤੇ ਜ਼ਹਿਰੀਲੇ ਧੂੰਏਂ ਨਾਲ ਗਰਭਵਤੀ ਮਹਿਲਾਵਾਂ ਅਤੇ ਬਜ਼ੁਰਗਾਂ ਦਾ ਵਾਤਾਵਰਨ ਵਿੱਚ ਸਾਹ ਲੈਣਾ ਔਖਾ ਹੋ ਜਾਂਦਾ ਹੈ।ਇਸ ਮੌਕੇ ਡਾ. ਪ੍ਰਭਸਿਮਰਨ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ ਤਰਨ ਤਾਰਨ ਨੇ ਕਿਸਾਨਾਂ ਨੂੰ ਮਸ਼ੀਨੀ ਸਬਸਿਡੀ ਬਾਰੇ ਜਾਣਕਾਰੀ ਦਿੱਤੀ ਅਤੇ ਵੱਧ ਤੋਂ ਵੱਧ ਸਕੀਮ ਦਾ ਲਾਭ ਲੈਣ ਲਈ ਪ੍ਰੇਰਿਤ ਕੀਤਾ।ਮਨਜਿੰਦਰ ਸਿੰਘ ਖੇਤੀਬਾੜੀ ਵਿਸਥਾਰ ਅਫ਼ਸਰ ਤਰਨ ਤਾਰਨ ਨੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਦੇ ਯੋਗ ਹੱਲ ਦੱਸੇ ਅਤੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਦੀ ਅਪੀਲ ਕੀਤੀ।ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਵਧੀਕ ਡਿਪਟੀ ਕਮਿਸ਼ਨਰ ਰਾਜਦੀਪ ਸਿੰਘ ਬਰਾੜ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਅੱਗ ਨਾ ਲਾਉਣ ਅਤੇ ਪਿੰਡ ਕੋਟ ਧਰਮ ਚੰਦ ਅਤੇ ਮੰਨਣ ਨੂੰ ਜੀਰੋ ਸਟਬਲ ਵਰਨਿੰਗ ਤੇ ਲੈ ਕੇ ਆਉਣ।ਇਸ ਮੌਕੇ ਬਲਾਕ ਤਰਨ ਤਾਰਨ ਦਾ ਸਮੁੱਚਾ ਖੇਤੀਬਾੜੀ ਸਟਾਫ ਹਾਜ਼ਰ ਸਨ।

# ਸਾਲਾਨਾ ਜੋੜ ਮੇਲੇ ਦੀਆਂ ਤਿਆਰੀਆਂ ਨੂੰ ਲੈ ਕੇ ਵੱਖ-ਵੱਖ ਆਗੂਆਂ ਨੇ ਦਿੱਤੇ ਅਣਮੁੱਲੇ ਸੁਝਾਅ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਪੁੱਤਰਾਂ ਦੇ ਦਾਨੀ, ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਇਤਿਹਾਸਕ ਤੇ ਮਾਝੇ ਦੇ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਬਾਬਾ ਬੁੱਢਾ ਜੀ ਬੀੜ ਸਾਹਿਬ



ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧਾਂ ਹੇਠ 20, 21 ਅਤੇ 22 ਅੱਸੂ ਨਾਨਕਸ਼ਾਹੀ ਸੰਮਤ 557 ਮੁਤਾਬਕ 5, 6 ਅਤੇ 7 ਅਕਤੂਬਰ ਦਿਨ ਐਤਵਾਰ, ਸੋਮਵਾਰ ਅਤੇ ਮੰਗਲਵਾਰ ਮਨਾਏ ਜਾ ਰਹੇ ਸਾਲਾਨਾ ਤਿੰਨ ਰੋਜ਼ਾ ਜੋੜ ਮੇਲੇ ਦੀਆਂ ਤਿਆਰੀਆਂ ਸਬੰਧੀ ਸਮੂਹ ਸਰਪੰਚਾਂ, ਪੰਚਾਂ, ਸਭਾ ਸੁਸਾਇਟੀਆਂ, ਮੋਹਤਬਰਾਂ ਤੇ ਇਲਾਕੇ ਦੇ ਪਤਵੰਤੇ ਸੱਜਣਾਂ ਦੀ ਮੀਰੀ ਪੀਰੀ ਹਾਲ ਗੁ: ਬੀੜ ਸਾਹਿਬ ਵਿਖੇ ਹੋਈ ਮੀਟਿੰਗ ਦੌਰਾਨ ਕਾਰ ਸੇਵਾ ਸੰਪ੍ਰਦਾਵਾਂ ਬਾਬਾ ਕਸ਼ਮੀਰ ਸਿੰਘ ਕਾਰ ਸੇਵਾ ਡੇਰਾ ਭੂਰੀ ਵਾਲੇ, ਬਾਬਾ ਸੁਬੇਗ ਸਿੰਘ ਕਾਰ ਸੇਵਾ ਡੇਰਾ ਗੋਇੰਦਵਾਲ, ਬਾਬਾ ਜਗਤਾਰ ਸਿੰਘ ਤਰਨਤਾਰਨ, ਬਾਬਾ ਹੀਰਾ ਸਿੰਘ ਝੂਲਣੇ ਮਹਿਲ, ਬਾਬਾ ਗੁਰਵਿੰਦਰ ਸਿੰਘ ਝੂਲਣੇ ਮਹਿਲ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ ਭੂਰਾ ਕੋਹਨਾ, ਸਾਬਕਾ ਐਸਜੀਪੀਸੀ ਮੈਂਬਰ ਜਥੇਦਾਰ ਕਸ਼ਮੀਰ ਸਿੰਘ ਗੰਡੀਵਿੰਡ, ਜਥੇਦਾਰ ਬਲਬੀਰ ਸਿੰਘ ਸੁਰਸਿੰਘ, ਜਥੇਦਾਰ ਵਰਿੰਦਰ ਸਿੰਘ ਠੱਠਾ ਜਥੇਬੰਦਕ ਸਕੱਤਰ ਅਕਾਲੀ ਦਲ, ਗੁਰਦੇਵ ਸਿੰਘ ਠੱਠਾ ਜ਼ਿਲਾ ਪ੍ਰਧਾਨ ਕਸ਼ਯਪ ਰਾਜਪੂਤ ਦਲ, ਪਟਵਾਰੀ ਬਲਜੀਤ ਸਿੰਘ ਗੰਡੀਵਿੰਡ, ਸਾਬਕਾ ਵਾਇਸ ਚੇਅਰਮੈਨ ਗੁਰਬੀਰ ਸਿੰਘ ਝਬਾਲ,ਜਥੇਦਾਰ ਨਿਸ਼ਾਨ ਸਿੰਘ ਚੰਦੇ, ਕੈਪਟਨ ਸਿੰਘ ਬਘਿਆੜੀ, ਭਾਈ ਰਣਧੀਰ ਸਿੰਘ ਝਬਾਲ ਪ੍ਰਧਾਨ ਗ੍ਰੰਥੀ ਸਹਿਬਾਨ ਵੈੱਲਫੇਅਰ ਸੁਸਾਇਟੀ ਤੋਂ ਇਲਾਵਾ ਇਲਾਕੇ ਦੀ ਵੱਖ-ਵੱਖ ਸ਼ਖਸੀਅਤਾਂ ਨੇ ਮੇਲੇ ਦੇ ਪ੍ਰਬੰਧਾਂ ਸਬੰਧੀ ਸੁਝਾਅ ਪੇਸ਼ ਕੀਤੇ। ਇਸ ਮੌਕੇ ਬਾਬਾ ਜਸਵੰਤ ਸਿੰਘ, ਬਾਬਾ ਮਨੋਹਰ ਸਿੰਘ ਠੱਠਾ ਬੀੜ ਸਾਹਿਬ ਕਾਰ ਸੇਵਾ ਭੂਰੀ ਵਾਲੇ,ਬਲਕਾਰ ਸਿੰਘ ਛਾਪਾ, ਮਲਕੀਤ ਸਿੰਘ ਛਾਪਾ, ਗੁਰਸੇਵਕ ਸਿੰਘ ਐਮਾਂ, ਬਲਵਿੰਦਰ ਸਿੰਘ ਝਬਾਲ,ਨਿਸ਼ਾਨ ਸਿੰਘ ਸਾਂਘਣਾ ਸਮੇਤ ਇਲਾਕੇ ਦੇ ਵੱਖ-ਵੱਖ ਪਿੰਡਾਂ ਤੋਂ ਪੁੱਜੇ ਮੋਹਤਬਰਾ, ਸਰਪੰਚਾਂ, ਸਭਾ ਸੇਵਾ ਸੁਸਾਇਟੀਆ ਦੇ ਮੈਂਬਰ ਸਹਿਬਾਨ ਤੇ ਪੰਤਵੰਤੇ ਸੱਜਣ ਵੀ ਹਾਜਰ ਸਨ।

# ਜਪਨੂਰ ਸਿੰਘ ਨੂੰ ਗੁਰਮਤਿ ਕਾਵਿ ਮੁਕਾਬਲੇ 'ਚ ਦੂਜਾ ਸਥਾਨ ਹਾਸਲ



**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਗੋਇੰਦਵਾਲ ਸਾਹਿਬ ਦੇ ਵਿਦਿਆਰਥੀ ਜਪਨੂਰ ਸਿੰਘ ਨੇ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕਰਵਾਏ ਜਾ ਰਹੇ ਗੁਰਮਤਿ ਮੁਕਾਬਲਿਆਂ ਵਿੱਚ ਕਵਿਤਾ ਗਾਇਨ ਪ੍ਰਤੀਯੋਗਤਾ ਵਿੱਚ ਦੂਸਰਾ ਸਥਾਨ ਪ੍ਰਾਪਤ ਕਰਕੇ ਆਪਣਾ ਤੇ ਆਪਣੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ।ਇਹ ਸਫ਼ਲਤਾ ਉਸ ਦੇ ਧਾਰਮਿਕ ਅਧਿਆਪਕ ਸ. ਇੰਦਰਪਾਲ ਸਿੰਘ ਦੀ ਯੋਗ ਅਗਵਾਈ ਅਤੇ [?] ਬਾ-ਕਮਾਲ ਤਿਆਰੀ ਦਾ ਨਤੀਜਾ ਹੈ।ਇਸ ਸ਼ਾਨਦਾਰ ਪ੍ਰਾਪਤੀ 'ਤੇ ਸਕੂਲ ਦੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਅਤੇ ਸਕੂਲ ਦੇ ਪ੍ਰਿੰਸੀਪਲ ਮਨੀਸ਼ਾ ਸੂਦ, ਸਮੂਹ ਅਧਿਆਪਕ ਵਰਗ ਅਤੇ ਸਹਿਯੋਗੀ ਵਿਦਿਆਰਥੀਆਂ ਵੱਲੋਂ ਜਪਨੂਰ ਸਿੰਘ ਨੂੰ ਤਹਿ ਦਿਲੋਂ ਵਧਾਈ ਦਿੱਤੀ ਗਈ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਉਪਲਬਧੀਆਂ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਨਾਲ ਜੋੜਨ ਵਿੱਚ ਮਦਦਗਾਰ ਸਾਬਤ ਹੁੰਦੀਆਂ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਦਾ ਸਰੋਤ ਬਣਦੀਆਂ ਹਨ।

# ਹੜ੍ਹਾਂ ਨਾਲ਼ ਪ੍ਰਭਾਵਿਤ ਲੋਕਾਂ ਲਈ ਲਾਇਆ ਮੁਫਤ ਮੈਡੀਕਲ ਕੈਂਪ

**ਧਾਰੀਵਾਲ/ਹਰਚੋਵਾਲ (ਮਨਦੀਪ ਸਿੰਘ ਵਿੱਕੀ)**- ਸਰਬ ਸੇਵਾ ਟਰਸਟ ਹਰਚੋਵਾਲ, ਰੀਜਨਲ ਯੂਥ ਕਲੱਬ ਪੰਡੋਰੀ ਬੈਂਸਾਂ ਅਤੇ ਅਸੀਸ ਪਬਲਿਕ ਟਰਸਟ ਹਰਚੋਵਾਲ ਦੇ ਸਹਿਯੋਗ ਨਾਲ ਹੜ੍ਹ ਪੀੜਤ ਲੋਕਾਂ ਲਈ ਫਰੀ ਮੈਡੀਕਲ ਕੈਂਪ ਲਗਾਇਆ ਗਿਆ।ਇਸ ਕੈਂਪ ਬਾਰੇ ਗੱਲਬਾਤ ਕਰਦਿਆਂ ਸਰਬ ਸੇਵਾ ਟਰਸਟ ਦੇ ਚੇਅਰਮੈਨ




ਡਾਕਟਰ ਭੁਪਿੰਦਰ ਸਿੰਘ ਗਿੱਲ ਅਤੇ ਯੂਥ ਕਲੱਬ ਦੇ ਪ੍ਰਧਾਨ ਡਾਕਟਰ ਛਤਰਪਾਲ ਸਿੰਘ ਅਤੇ ਅਸੀਸ ਟਰੱਸਟ ਦੇ ਪ੍ਰਧਾਨ ਭਾਈ ਮਨਿੰਦਰ ਸਿੰਘ ਨੇ ਦੱਸਿਆ ਕਿ ਹੜ ਦੇ ਪ੍ਰਭਾਵ ਹੇਠ ਬਹੁਤ ਸਾਰੇ ਲੋਕਾਂ ਦੇ ਵਿੱਚ ਭਿਆਨਕ ਬਿਮਾਰੀਆਂ ਫੈਲਣ ਦੇ ਖਦਸੇ ਨੂੰ ਦੇਖਦੇ ਹੋਏ ਇਨ੍ਹਾਂ ਟਰਸਟਾਂ ਵੱਲੋਂ ਫਰੀ ਮੈਡੀਕਲ ਕੈਂਪ ਵਿੱਚ ਮਾਹਿਰ ਡਾਕਟਰਾਂ ਦੀ ਟੀਮ ਦੁਆਰਾ ਚੈੱਕ ਅਪ ਕਰਕੇ ਉਨ੍ਹਾਂ ਦਾ ਇਲਾਜ ਕੀਤਾ ਗਿਆ । ਡਾ. ਗਿੱਲ ਨੇ ਅੱਗੇ ਦਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਇਸੇ ਤਰ੍ਹਾਂ ਹੋਰ ਵੱਖ-ਵੱਖ ਪਿੰਡਾਂ ਵਿੱਚ ਫ਼ਰੀ ਮੈਡੀਕਲ ਕੈਂਪ ਲਗਾਏ ਜਾਣਗੇ।

# ਕੇਂਦਰੀ ਮੰਤਰੀ ਜਤਿਨ ਪ੍ਰਸਾਦ ਨੇ ਪਿੰਡ ਆਧੀਆਂ ਦਾ ਕੀਤਾ ਦੌਰਾ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਭਾਜਪਾ ਜ਼ਿਲਾ ਪ੍ਰਧਾਨ ਬਘੇਰ ਸਿੰਘ ਬਾਹੀਆ ਦੀ ਪ੍ਰਧਾਨਗੀ ਹੇਠ ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਸ਼ਿਵਬੀਰ ਸਿੰਘ ਰਾਜਨ ਦੀ ਅਗਵਾਈ ਵਿੱਚ ਹਲਕੇ ਦੀਨਾਨਗਰ ਦੇ ਦੋਰਾਂਗਲਾ ਮੰਡਲ ਦੇ ਪਿੰਡ ਆਧੀਆਂ ਵਿੱਚ ਕੇਂਦਰੀ ਵਪਾਰਕ ਅਤੇ ਉਦਯੋਗ, ਇਲੈਕਟਰੋਨਿਕਸ ਅਤੇ ਸੂਚਨਾ ਤਕਨਾਲੋਜੀ ਰਾਜ ਮੰਤਰੀ ਜਤਿਨ ਪ੍ਰਸਾਦ ਦੁਆਰਾ ਹੜ੍ਹ ਦੇ ਕਾਰਨ ਖਰਾਬ ਹੋ ਗਈਆਂ ਫਸਲਾਂ ਅਤੇ ਘਰਾਂ ਦਾ ਜਾਇਜ਼ਾ ਲਿਆ ਗਿਆ।ਉਨ੍ਹਾਂ ਨੇ ਜ਼ਿਲਾ ਗੁਰਦਾਸਪੁਰ ਐਡਮਿਨਿਸਟਰੇਸ਼ਨ ਦੇ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਦਿੱਤੇ ਅਤੇ ਜਲਦੀ ਹੀ ਇਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਕਿਹਾ।ਇਸ ਮੌਕੇ ਪੰਜਾਬ ਪ੍ਰਦੇਸ਼ ਦੇ ਉਪ ਪ੍ਰਧਾਨ ਫਤਿਹਜੰਗ ਸਿੰਘ , ਰਵਿਕਰਣ ਸਿੰਘ ਕਾਹਲੋਂ, ਦੋਰਾਂਗਲਾ ਮੰਡਲ ਦੇ ਪ੍ਰਧਾਨ



ਪਰਮਜੀਤ ਸਿੰਘ ਪੰਮਾ, ਸਾਹੋਵਾਲ ਮੰਡਲ ਦੇ ਪ੍ਰਧਾਨ ਸੈਂਪੀ ਸੋਹਲ, ਭਾਜਪਾ ਐੱਸ. ਸੀ. ਮੋਰਚਾ ਜ਼ਿਲਾ ਪ੍ਰਧਾਨ ਲੱਕੀ ਸੂਰਜਵੰਸ਼ੀ, ਰਾਕੇਸ਼ ਮਹਾਜਨ, ਰਾਜੇਸ਼ ਸ਼ਰਮਾ, ਰਾਮਜੀਤ ਖਜੂਰੀਆ, ਮੰਡਲ ਪ੍ਰਧਾਨ ਸੰਜੀਵ ਕਾਕਾ, ਰਮਨ ਠਾਕੁਰ, ਭਾਰਤ ਭੂਸ਼ਣ ਅਤੇ ਜ਼ਿਲ੍ਹਾ ਗੁਰਦਾਸਪੁਰ ਦੀ ਲੀਡਰਸ਼ਿਪ ਹਾਜ਼ਰ ਸੀ।

# ਗੱਦੀ ਨਾਲੇ ਦੇ ਪਾਣੀ ਨਾਲ ਅੱਧੀ ਦਰਜਨ ਪਿੰਡਾਂ ਦੇ ਕਿਸਾਨਾਂ ਦੀ ਦੋ ਤੋਂ ਤਿੰਨ ਸੌ ਏਕੜ ਫ਼ਸਲ ਹੋਈ ਬੁਰੀ ਤਰ੍ਹਾਂ ਤਬਾਹ

**ਗੁਰਦਾਸਪੁਰ (ਜਨਕ ਮਹਾਜਨ)**- ਗੁਰਦਾਸਪੁਰ ਦੇ ਬੇਟ ਖੇਤਰ ਅੰਦਰ ਵਗਦੇ ਗੱਦੀ ਨਾਲੇ 'ਚ ਜੰਗਲੀ ਘਾਹ ਬੂਟੀ ਦੀ ਭਰਮਾਰ ਕਾਰਨ ਅੱਧੀ ਦਰਜਨ ਪਿੰਡਾਂ ਦੀ ਫ਼ਸਲ ਬਹੁਤ ਬੁਰੀ ਤਰ੍ਹਾਂ ਨਾਲ ਖ਼ਰਾਬ ਹੋ ਗਈ ਅਤੇ ਕਿਸਾਨਾਂ ਦਾ ਗੰਨਾ ਸੁੱਕ ਰਿਹਾ ਹੈ। ਝੋਨੇ ਦੇ ਦਾਣੇ ਕਾਲੇ ਹੋਣ ਦੇ ਨਾਲ ਝਾੜ ਬਿਲਕੁਲ ਨਾ ਮਾਤਰ ਰਹਿ ਗਿਆ ਹੈ ਅਤੇ ਕਿਸਾਨਾਂ ਦਾ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ। ਸੀਨੀਅਰ ਕਾਂਗਰਸੀ ਆਗੂ ਬਾਬਾ ਰਣਜੀਤ ਸਿੰਘ, ਕਿਸਾਨ ਫਤਿਹ ਸਿੰਘ, ਬੂਆ ਸਿੰਘ, ਸੁਰਜੀਤ ਸਿੰਘ, ਗੁਰਜੰਟ ਸਿੰਘ, ਸੂਬਾ ਸਿੰਘ,



ਗੁਲਜ਼ਾਰ ਸਿੰਘ, ਸੋਮਾ ਸਿੰਘ ਬਾਬੂ ਅਤੇ ਰਮਨ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਪਿੰਡ ਗੁੰਝੀਆਂ ਬੇਟ, ਸੈਦੋਵਾਲ ਕਲਾਂ, ਭੈਣੀ ਮੀਲਮਾ, ਭੱਟੀਆਂ, ਭੁੰਡੋਵਾਲ ਅਤੇ ਹੋਰ ਪਿੰਡਾਂ ਦਾ ਹੜ੍ਹ ਦੌਰਾਨ ਗੱਦੀ ਨਾਲੇ ਦਾ ਪਾਣੀ ਫ਼ਸਲਾਂ ਵਿਚ ਆਉਣ ਕਰਕੇ ਫ਼ਸਲ ਤਬਾਹ ਹੋ ਗਈ ਹੈ ਤੇ ਕਮਾਦ, ਝੋਨੇ ਦੀ ਫ਼ਸਲ ਨੂੰ ਭਾਰੀ ਨੁਕਸਾਨ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਸ ਬਾਬਤ ਉਨ੍ਹਾਂ ਨੇ ਮਾਲ ਮਹਿਕਮੇ ਦੇ ਅਧਿਕਾਰੀਆਂ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਵੀ ਜਾਣੂੰ ਕਰਵਾਇਆ ਹੈ ਅਤੇ ਕੋਈ ਵੀ ਅਧਿਕਾਰੀ ਮੌਕਾ ਵੇਖਣ ਨਹੀਂ ਆਇਆ ਜਿਸ ਕਰਕੇ ਇਲਾਕੇ ਦੇ ਕਿਸਾਨਾਂ ਦਾ ਜ਼ਿਲ੍ਹਾ ਪ੍ਰਸ਼ਾਸਨ ਮਾਲ ਮਹਿਕਮੇ ਦੇ ਅਧਿਕਾਰੀਆਂ ਖ਼ਿਲਾਫ਼ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਫ਼ਸਲ ਮਰਨ ਦਾ ਮੁੱਖ ਕਾਰਨ ਇਹ ਹੈ ਕਿ ਸੈਦੋਵਾਲ ਕਲਾਂ ਦੀ ਪੁਲੀ ਤੇ ਡਰੇਨ ਦੀ ਸਫ਼ਾਈ ਤੇ ਡੂੰਘਾਈ ਨਾ ਹੋਣ ਕਰਕੇ ਸਾਰਾ ਪਾਣੀ ਡਾਫ ਲੱਗਣ ਨਾਲ ਖੇਤਾਂ ਵਿਚ ਖੜ੍ਹਾ ਹੋ ਜਾਂਦਾ ਹੈ ਜਿਸ ਦਾ ਨਿਕਾਸ ਕੋਈ ਵੀ ਨਹੀਂ ਹੈ ਅਤੇ ਫ਼ਸਲਾਂ ਨੂੰ ਪਾਣੀ ਸਾੜ ਦਿੰਦਾ ਹੈ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਉਕਤ ਪਿੰਡਾਂ ਦੀ ਫ਼ਸਲਾਂ ਦਾ ਵਿਸ਼ੇਸ਼ ਨਿਰੀਖਣ ਕਰਵਾ ਕੇ ਮਾਲ ਮਹਿਕਮੇ ਨੂੰ ਗਿਰਦਾਵਰੀਆ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ।

# ਪਾਰਟੀ ਦੀ ਮਜ਼ਬੂਤੀ ਹਿੱਤ ਸੱਚਰ ਦੀ ਅਗਵਾਈ 'ਚ ਕਾਂਗਰਸੀ ਆਗੂਆਂ ਦੀ ਇਕੱਤਰਤਾ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਹਲਕਾ ਮਜੀਠਾ ਦੇ ਕਾਂਗਰਸ ਪਾਰਟੀ ਦੇ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਦੀ ਅਗਵਾਈ ਦੇ ਵਿੱਚ ਬਲਾਕ ਕਾਂਗਰਸ ਕਮੇਟੀਆਂ ਦੇ ਪ੍ਰਧਾਨਾਂ, ਅਹੁਦੇਦਾਰਾਂ, ਜ਼ਿਲਾ ਕਾਂਗਰਸ ਕਮੇਟੀਆਂ ਦੇ ਅਹੁਦੇਦਾਰਾਂ ਤੇ ਹੋਰਨਾਂ ਸੀਨੀਅਰ ਕਾਂਗਰਸੀ ਆਗੂਆਂ ਦੀ ਇੱਕ ਪ੍ਰਭਾਵਸ਼ਾਲੀ ਮੀਟਿੰਗ ਸੰਯੋਗ ਪੈਲੇਸ ਕੱਥੂਨੰਗਲ ਵਿੱਚ ਕਰਵਾਈ ਜਿਹੜੀ ਕਿ ਰੈਲੀ ਦਾ ਰੂਪ ਧਾਰ ਗਈ। ਇਸ ਮੌਕੇ ਸੀ. ਪੀ. ਜੋਸ਼ੀ ਨੇ ਸੰਗਠਨ ਸਿਰਜਣ ਅਭਿਆਨ ਬਾਰੇ ਦੱਸਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਪ੍ਰਕਿਰਿਆ ਹਰ ਵਿਧਾਨ ਸਭਾ ਹਲਕੇ ਵਿੱਚ ਕੀਤੀ ਜਾਵੇਗੀ ਤੇ ਉਸ ਤੋਂ ਬਾਅਦ ਇਸ ਦੀ ਰਿਪੋਰਟ ਬਣਾ ਕੇ ਕਾਂਗਰਸ ਹਾਈ ਕਮਾਂਡ ਨੂੰ ਦਿੱਲੀ ਭੇਜ ਦਿੱਤੀ ਜਾਵੇਗੀ। ਪ੍ਰਭਾਵਸ਼ਾਲੀ ਮੀਟਿੰਗ ਤੋਂ ਖੁਸ਼ ਨਜ਼ਰ ਆਏ ਹਲਕਾ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਨੇ ਜਿੱਥੇ ਸਾਰਿਆਂ ਦਾ ਧੰਨਵਾਦ ਕੀਤਾ ਉੱਥੇ ਨਾਲ ਹੀ ਹਲਕੇ ਮਜੀਠੇ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਵਾਰ ਹਲਕੇ ਮਜੀਠੇ ਵਿੱਚ ਵੀ ਕਾਂਗਰਸ ਪਾਰਟੀ ਜਿੱਤ ਦਾ ਝੰਡਾ ਗੱਡੇਗੀ। ਇਸ ਮੌਕੇ ਜ਼ਿਲਾ ਦਿਹਾਤੀ ਪ੍ਰਧਾਨ ਹਰਪ੍ਰਤਾਪ ਸਿੰਘ ਅਜਨਾਲਾ, ਕੋਆਰਡੀਨੇਟਰ ਬਲਜੀਤ ਸਿੰਘ,




ਬਲਬੀਰ ਸਿੰਘ ਪਹਿਲਵਾਨ, ਬਲਾਕ ਪ੍ਰਧਾਨ ਨਵਤੇਜਪਾਲ ਸਿੰਘ, ਬਲਾਕ ਪ੍ਰਧਾਨ ਸਤਨਾਮ ਸਿੰਘ ਕਾਜੀਕੋਟ, ਪ੍ਰਧਾਨ ਨਵਦੀਪ ਸਿੰਘ ਸੋਨਾ, ਸਾਬਕਾ ਚੇਅਰਮੈਨ ਗੁਰਮੀਤ ਸਿੰਘ ਭੀਲੋਵਾਲ, ਸਾਬਕਾ ਚੇਅਰਮੈਨ ਜਗਦੇਵ ਸਿੰਘ ਬੱਗਾ, ਕਿਸਾਨ ਵਿੰਗ ਮਜੀਠਾ ਦੇ ਪ੍ਰਧਾਨ ਹਰਮਨ ਸਿੰਘ ਗਿੱਲ, ਬਲਾਕ ਪ੍ਰਧਾਨ ਪਰਮਜੀਤ ਸਿੰਘ ਭੋਏਵਾਲ, ਬਲਾਕ ਪ੍ਰਧਾਨ ਸੁਖਜਿੰਦਰ ਸਿੰਘ ਭੰਗਾਲੀ, ਐੱਸਸੀ ਵਿੰਗ ਮਜੀਠਾ ਦੇ ਪ੍ਰਧਾਨ ਸ਼ਰਨਜੀਤ ਸਿੰਘ,ਐਸਸੀ ਵਿੰਗ ਮਜੀਠਾ ਟੂ ਦੇ ਪ੍ਰਧਾਨ ਪ੍ਰਗਟ ਸਿੰਘ ,ਯੂਥ ਕਾਂਗਰਸ ਦੇ ਪ੍ਰਧਾਨ ਸੁਖਬੀਰ ਸਿੰਘ ਬੋਪਾਰਾਏ, ਸਾਬਕਾ ਕੌਂਸਲਰ ਬਲਵਿੰਦਰ ਸਿੰਘ ਰੋੜੀ, ਸਾਬਕਾ ਕੌਂਸਲਰ ਮੰਗਤ ਸਿੰਘ, ਸਾਬਕਾ ਕੌਂਸਲਰ ਪੱਪੀ ਭੱਲਾ, ਨਿਸ਼ਾਨ ਸਿੰਘ ਭੰਗਾਲੀ, ਸਰਪੰਚ ਸਤਨਾਮ ਸਿੰਘ ਤੋਂ ਇਲਾਵਾ ਹੋਰ ਵੀ ਆਗੂ ਹਾਜ਼ਰ ਸਨ।

# 15 ਵਿਦਿਆਰਥੀਆਂ ਨੇ 57ਵੇਂ ਰਾਸ਼ਟਰੀ ਗਣਿਤ ਪ੍ਰਤਿਭਾ ਮੁਕਾਬਲੇ ਦੀ ਪ੍ਰੀਖਿਆ ਪਾਸ ਕੀਤੀ



**ਪਠਾਨਕੋਟ (ਦਵਿੰਦਰ ਸਿੰਘ)**- ਪ੍ਰਤਾਪ ਵਰਲਡ ਸਕੂਲ ਪਠਾਨਕੋਟ ਦੇ 15 ਹੋਣਹਾਰ ਵਿਦਿਆਰਥੀਆਂ ਨੇ 57ਵੀਂ ਰਾਸ਼ਟਰੀ ਗਣਿਤ ਪ੍ਰਤਿਭਾ ਮੁਕਾਬਲੇ 2025 ਦੀ ਪ੍ਰੀਖਿਆ ਸਫਲਤਾਪੂਰਵਕ ਪਾਸ ਕਰ ਲਈ ਹੈ। ਪਿਛਲੇ ਸਾਲ ਦੇਸ਼ ਭਰ ਤੋਂ 56,000 ਤੋਂ ਵੱਧ ਵਿਦਿਆਰਥੀਆਂ ਨੇ ਇਸ ਮੁਕਾਬਲੇ ਵਿੱਚ ਹਿੱਸਾ ਲਿਆ ਸੀ, ਜਿਨ੍ਹਾਂ ਵਿੱਚੋਂ ਕੇਵਲ ਲਗਭਗ 10% ਹੀ ਅੰਤਿਮ ਫੇਜ਼ ਲਈ ਚੁਣੇ ਗਏ ਸਨ।ਇਸ ਮੁਕਾਬਲੇ ਦਾ ਉਦੇਸ਼ ਉਨ੍ਹਾਂ ਵਿਦਿਆਰਥੀਆਂ ਦੀ ਪਛਾਣ ਕਰਨੀ ਅਤੇ ਉਨ੍ਹਾਂ ਨੂੰ ਉਤਸ਼ਾਹਤ ਕਰਨਾ ਹੈ ਜੋ ਮੂਲ ਤੇ ਰਚਨਾਤਮਕ ਸੋਚ, ਸਮੱਸਿਆ-ਹੱਲ ਕਰਨ ਦੀ ਯੋਗਤਾ ਅਤੇ ਔਖੇ ਅਤੇ ਅਪਰੰਪਰਾਗਤ ਪ੍ਰਸ਼ਨਾਂ ਨੂੰ ਹੱਲ ਕਰਨ ਦਾ ਆਤਮ ਵਿਸ਼ਵਾਸ ਵਿਖਾਉਂਦੇ ਹਨ।ਇਸ ਉਪਲਬਧੀ 'ਤੇ ਆਪਣੀ ਪ੍ਰਤੀਕਿਰਿਆ ਦਿੰਦਿਆਂ ਨਿਰਦੇਸ਼ਕ ਸੰਨੀ ਮਹਾਜਨ ਨੇ ਕਿਹਾ ਕਿ ਇਹ ਸਫਲਤਾ ਸਾਡੇ ਵਿਦਿਆਰਥੀਆਂ ਦੀ ਮਿਹਨਤ ਅਤੇ ਅਧਿਆਪਕਾਂ ਦੇ ਲਗਾਤਾਰ ਮਾਰਗਦਰਸ਼ਨ ਦਾ ਸਾਫ਼ ਸਬੂਤ ਹੈ।ਪ੍ਰਿੰ. ਸੁਭਰਾ ਰਾਣੀ ਨੇ ਕਿਹਾ ਕਿ ਇਹ ਨਤੀਜੇ ਸਾਡੇ ਸਕੂਲ ਦੀ ਉਸ ਦ੍ਰਿਸ਼ਟੀ ਨੂੰ ਹੋਰ ਮਜ਼ਬੂਤ ਕਰਦੇ ਹਨ ਜਿਸ ਦੇ ਤਹਿਤ ਅਸੀਂ ਵਿਦਿਆਰਥੀਆਂ ਨੂੰ ਆਲੋਚਨਾਤਮਕ ਸੋਚ ਅਤੇ ਸਮੱਸਿਆ-ਹੱਲ ਕਰਨ ਦੀ ਸਮਰੱਥਾ ਵਿਕਸਤ ਕਰਨ ਲਈ ਪ੍ਰੇਰਿਤ ਕਰਦੇ ਹਾਂ।

# ਹੜ੍ਹ ਪ੍ਰਭਾਵਿਤ ਕੋਈ ਵੀ ਵਿਅਕਤੀ ਮੁਆਵਜ਼ੇ ਤੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ : ਸ਼ਮਸ਼ੇਰ ਸਿੰਘ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਮੁਲਾਂਕਣ ਕਰਨ ਲਈ ਸੂਬੇ ਭਰ ਵਿੱਚ ਵਿਸ਼ੇਸ਼ ਗਿਰਦਾਵਰੀ ਦਾ ਕੰਮ ਤੇਜ਼ੀ ਨਾਲ ਜਾਰੀ ਹੈ ਅਤੇ ਸੂਬੇ ਦੇ ਕਿਸੇ ਵੀ ਹੜ੍ਹ ਪ੍ਰਭਾਵਿਤ ਵਿਅਕਤੀ ਨੂੰ ਮੁਆਵਜ਼ੇ ਤੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਹੜ੍ਹ ਪ੍ਰਭਾਵਿਤਾਂ ਨੂੰ ਕੀਤੇ ਵਾਅਦੇ ਅਨੁਸਾਰ 45 ਦਿਨਾਂ ਦੇ ਅੰਦਰ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਦੇ ਮੰਤਵ ਨਾਲ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ ਜਿਸ ਲਈ ਸੂਬਾ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਵਿਸ਼ੇਸ਼ ਗਿਰਦਾਵਰੀ ਕਰਵਾਉਣ ਲਈ ਕੁੱਲ 2167 ਪਟਵਾਰੀਆਂ ਨੂੰ ਤੈਨਾਤ ਕੀਤਾ ਗਿਆ ਹੈ ਅਤੇ ਸਿਰਫ ਗੁਰਦਾਸਪੁਰ ਜ਼ਿਲ੍ਹੇ ਅੰਦਰ ਹੀ 343 ਪਟਵਾਰੀ ਇਸ ਕੰਮ ਵਿੱਚ ਲੱਗੇ ਹੋਏ ਹਨ। ਵਿਸ਼ੇਸ਼ ਗਿਰਦਾਵਰੀ ਲਈ ਤੈਨਾਤ ਟੀਮਾਂ ਪਿੰਡ-ਪਿੰਡ ਜਾ ਕੇ ਖੇਤਾਂ ਦਾ ਨਿਰੀਖਣ ਕਰ ਰਹੀਆਂ ਹਨ ਅਤੇ ਫ਼ਸਲਾਂ ਤੇ ਘਰਾਂ ਦੇ ਨੁਕਸਾਨ ਅਤੇ ਪਸ਼ੂਆਂ ਦੀ ਮੌਤ ਬਾਰੇ ਵੀ ਰਿਪੋਰਟਾਂ ਤਿਆਰ ਕਰ ਰਹੀਆਂ ਹਨ। ਪੰਜਾਬ ਸਰਕਾਰ ਵੱਲੋਂ ਸੂਬੇ ਦੇ ਇਤਿਹਾਸ ਵਿੱਚ ਫਸਲਾਂ ਦੇ ਹੋਏ ਨੁਕਸਾਨ ਦੀ ਹੁਣ ਤੱਕ ਦੀ ਸਭ ਤੋਂ ਵੱਧ ਮੁਆਵਜ਼ਾ ਰਾਸ਼ੀ ਦੇਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸ਼ਲਾਘਾ ਕਰਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਕਿਸਾਨਾਂ ਨੂੰ ਫਸਲਾਂ ਦੇ ਨੁਕਸਾਨ ਲਈ ਨਿਸ਼ਚਿਤ ਕੀਤੀ ਗਈ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਰਾਸ਼ੀ ਹੁਣ ਤੱਕ ਦੀ ਸਭ ਤੋਂ ਵੱਧ ਰਾਸ਼ੀ ਹੈ।ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨਾਂ ਅਤੇ ਹੋਰ ਅਹੁਦੇਦਾਰਾਂ ਨੂੰ ਵੀ ਕਿਹਾ ਕਿ ਉਹ ਵੀ ਇਸ ਗੱਲ ਨੂੰ ਯਕੀਨੀ ਬਨਾਉਣ ਕਿ ਕਿਸੇ ਵੀ ਪਿੰਡ ਵਿੱਚ ਕੋਈ ਵੀ ਹੜ੍ਹ ਪ੍ਰਭਾਵਿਤ ਵਿਅਕਤੀ ਮੁਆਵਜ਼ੇ ਤੋਂ ਵਾਂਝਾ ਨਾ ਰਹੇ।

# ਕਸਬਾ ਫਤਿਆਬਾਦ ਵਿਖੇ ਪੁਲਸ ਦੀ ਢਿੱਲੀ ਕਾਰਗੁਜ਼ਾਰੀ ਵਿਰੁੱਧ ਕਲੋਨੀ ਵਾਸੀਆਂ ਵੱਲੋਂ ਰੋਸ ਪ੍ਰਦਰਸ਼ਨ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਫਤਿਆਬਾਦ ਪੁਲਸ ਦੀ ਕਥਿਤ ਢਿੱਲੀ ਕਾਰਗੁਜ਼ਾਰੀ ਵਿਰੁੱਧ ਕਸਬਾ ਫਤਿਆਬਾਦ ਦੀ ਕਲੋਨੀ ਵਾਸੀਆਂ ਵਿੱਚ ਰੋਸ ਦੀ ਲਹਿਰ ਪਾਈ ਜਾ ਰਹੀ ਜਿਸ ਦੇ ਚੱਲਦਿਆਂ ਕਲੋਨੀ ਨਿਵਾਸੀਆਂ ਮੈਂਬਰ ਪੰਚਾਇਤ ਜਸਬੀਰ ਸਿੰਘ ਸਾਬੀ ਤੇ ਮਲਕੀਅਤ ਸਿੰਘ ਮੀਤਾ ਦੀ ਅਗਵਾਈ ਹੇਠ ਨਾਅਰੇਬਾਜ਼ੀ ਕਰਦਿਆਂ



ਰੋਸ ਪ੍ਰਦਰਸ਼ਨ ਕੀਤਾ।ਮੌਕੇ ਤੇ ਜਾਣਕਾਰੀ ਦਿੰਦੇ ਜਸਬੀਰ ਸਿੰਘ ਸਾਬੀ ਮੈਂਬਰ, ਮਲਕੀਅਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਕਾਲੋਨੀ ਨਿਵਾਸੀ ਗੁਰਜੰਟ ਸਿੰਘ ਪੁੱਤਰ ਦਵਿੰਦਰ ਸਿੰਘ ਮਾਲਕ ਭੈਲ ਸਵੀਟ ਹਾਊਸ ਨੂੰ ਬੀਤੇ ਦਿਨੀਂ ਵਿਦੇਸ਼ੀ ਤੋਂ ਵੱਟਸਪ ਕਾਲ ਰਾਹੀਂ ਫਿਰੌਤੀ ਦੀ ਮੰਗ ਕੀਤੀ ਗਈ ਸੀ ਤੇ ਉਸ ਦੇ ਕੁਝ ਦਿਨ ਬਾਅਦ ਉਨ੍ਹਾਂ ਦੇ ਘਰ ਦੇ ਬਾਹਰ ਫਾਇਰਿੰਗ ਦੀ ਘਟਨਾ ਵਾਪਰੀ ਜਿਸ ਦੀ ਉਕਤ ਪਰਿਵਾਰ ਵੱਲੋਂ ਰਿਪੋਰਟ ਪੁਲਸ ਨੂੰ ਦਰਜ ਕਰਵਾਈ ਸੀ ਤੇ ਦੋਸ਼ੀਆਂ ਵਿਰੁੱਧ ਕਾਰਵਾਈ ਤੇ ਕਲੋਨੀ ਨਿਵਾਸੀਆਂ ਦੀ ਸੁਰਖਿਆ ਯਕੀਨੀ ਬਨਾਉਣ ਲਈ ਪੁਲਿਸ ਗਸ਼ਤ ਦੀ ਮੰਗ ਕੀਤੀ ਗਈ ਸੀ।ਜਸਬੀਰ ਸਿੰਘ, ਮਲਕੀਤ ਸਿੰਘ, ਗੁਰਜੰਟ ਸਿੰਘ, ਦਵਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਵੱਲੋਂ ਅਣਪਛਾਤਿਆਂ ਵਿਰੁੱਧ ਮਾਮਲਾ ਤਾਂ ਦਰਜ ਕਰ ਦਿੱਤਾ ਪ੍ਰੰਤੂ ਸੁਰੱਖਿਆ ਦਾ ਕੋਈ ਪ੍ਰਬੰਧ ਨਹੀਂ ਕੀਤਾ ਜਿਸ ਤੇ ਉਕਤ ਪਰਿਵਾਰ ਦੇ ਨਾਲ ਮੁਹੱਲਾ ਨਿਵਾਸੀ ਵੀ ਦਹਿਸ਼ਤ ਭਰੇ ਮਾਹੌਲ ਵਿਚ ਰਹਿਣ ਲਈ ਮਜਬੂਰ ਹਨ।ਬੀਤੀ ਦੇਰ ਰਾਤ ਇੱਕ ਨੌਜਵਾਨ ਨੂੰ ਸ਼ੱਕੀ ਹਾਲਾਤ 'ਚ ਇਲਾਕੇ 'ਚ ਘੁੰਮਦਿਆਂ ਵੇਖ ਪੁਲਸ ਨੂੰ ਸੂਚਿਤ ਕੀਤਾ ਪ੍ਰੰਤੂ ਕੋਈ ਵੀ ਪੁਲਸ ਮੁਲਾਜ਼ਮ ਮੌਕੇ 'ਤੇ ਨਾ ਪੁੱਜਾ ਤਾਂ ਕਲੋਨੀ ਨਿਵਾਸੀਆਂ ਹੌਸਲਾ ਕਰਕੇ ਨੌਜਵਾਨ ਨੂੰ ਕਾਬੂ ਕਰਕੇ ਪੁੱਛਗਿੱਛ ਕੀਤੀ। ਤਸੱਲੀਬਖਸ਼ ਉੱਤਰ ਨਾ ਮਿਲਣ ਤੇ ਪੁਲਸ ਨੂੰ ਸ਼ੱਕੀ ਨੂੰ ਹਿਰਾਸਤ 'ਚ ਲੈਣ ਲਈ ਵਾਰ ਵਾਰ ਫੋਨ ਕੀਤੇ, ਸਥਾਨਕ ਪੁਲਸ ਵੱਲੋਂ ਮੌਕੇ 'ਤੇ ਨਾ ਪੁੱਜਣ 'ਤੇ ਕਲੋਨੀ ਨਿਵਾਸੀਆਂ 'ਚ ਰੋਹ ਫੈਲ ਗਿਆ ਤੇ ਉਨ੍ਹਾਂ ਪੁਲਸ ਪ੍ਰਸ਼ਾਸਨ ਵਿਰੁੱਧ ਰੋਸ ਦਾ ਪ੍ਰਗਟਾਵਾ ਕੀਤਾ।ਮੈਂਬਰ ਪੰਚਾਇਤ ਜਸਬੀਰ ਸਿੰਘ ਸਾਬੀ ਵੱਲੋਂ ਵਾਰ ਵਾਰ ਫੋਨ ਕਰਨ ਤੇ ਦੇਰ ਰਾਤ ਪਹੁੰਚੇ ਚੌਕੀ ਇੰਚਾਰਜ ਨੇ ਮੁਹੱਲਾ ਨਿਵਾਸੀਆਂ ਵੱਲੋਂ ਕਾਬੂ ਕੀਤੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ।ਪੁਲਸ ਚੌਕੀ ਫਤਿਆਬਾਦ ਦੇ ਇੰਚਾਰਜ ਕ੍ਰਿਪਾਲ ਸਿੰਘ ਨਾਲ ਜਦੋਂ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਉਕਤ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਪੂਰੀ ਮੁਸਤੈਦੀ ਨਾਲ ਕੰਮ ਕਰ ਰਹੀ ਹੈ।

# 'ਹਿਊਮੈਨਿਟੀ ਫਸਟ' ਐੱਨਜੀਓ ਦੇ ਤੀਹ ਵਰ੍ਹੇ ਪੂਰੇ




**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਦੁਨੀਆ ਭਰ ਵਿੱਚ ਲੋਕ ਭਲਾਈ ਸੇਵਾਵਾਂ ਅਦਾ ਕਰਨ ਵਾਲੀ ਐੱਨਜੀਓ 'ਹਿਊਮੈਨਿਟੀ ਫਸਟ' ਨੇ ਆਪਣੇ 30 ਸਾਲ ਪੂਰੇ ਹੋਣ ਤੇ ਇੱਕ ਵਿਲੱਖਣ ਵਿਸ਼ਵ ਮੁਹਿੰਮ ਆਯੋਜਿਤ ਕੀਤੀ। ਮੁਹਿੰਮ ਦਾ ਸਿਰਲੇਖ ਸੀ 'ਵਾਕ ਰਨ ਬਾਈਕ ਅਕਰੌਸ ਦਾ ਗਲੋਬ ਫਾਰ ਹਿਊਮੈਨਿਟੀ'। ਇਹ ਮੁਹਿੰਮ 6 ਸਤੰਬਰ ਤੋਂ 20 ਸਤੰਬਰ ਤੱਕ ਦੁਨੀਆ ਦੇ 65 ਦੇਸ਼ਾਂ ਵਿੱਚ ਇਕੱਠਿਆਂ ਆਯੋਜਿਤ ਕੀਤੀ ਗਈ। ਇਸ ਦਾ ਮਕਸਦ ਲੋਕਾਂ ਨੂੰ ਤੁਰਨ, ਦੌੜਨ ਅਤੇ ਸਾਈਕਲਿੰਗ ਵਰਗੀਆਂ ਸਿਹਤਮੰਦ ਅਤੇ ਸਾਕਾਰਾਤਮਕ ਗਤੀਵਿਧੀਆਂ ਵੱਲ ਪ੍ਰੇਰਿਤ ਕਰਨਾ ਹੈ ਤਾਂ ਜੋ ਲੋਕ ਭਲਾਈ ਦੇ ਪ੍ਰੋਜੈਕਟਾਂ ਲਈ ਲੋਕਾਂ ਵਿੱਚ ਜਾਗਰੂਕਤਾ ਪੈਦਾ ਹੋਵੇ ਅਤੇ ਫੰਡ ਇਕੱਠੇ ਕੀਤੇ ਜਾ ਸਕਣ। ਮੁਸਲਿਮ ਜਮਾਤ ਅਹਿਮਦੀਆ ਦੇ ਸਰਬਰਾਹ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਸਾਹਿਬ ਦੀ ਮਹਾਨ ਰੂਹਾਨੀ ਅਗਵਾਈ ਵਿੱਚ ਇਹ ਸੰਸਥਾ ਦੁਨੀਆ ਭਰ ਵਿੱਚ ਲੋਕ ਭਲਾਈ ਅਤੇ ਖਿਦਮਤੇ ਇਨਸਾਨੀਅਤ ਦੇ ਕਾਰਜ ਕਰ ਰਹੀ ਹੈ। ਇਸੇ ਮੁਹਿੰਮ ਤਹਿਤ ਕਾਦੀਆਂ ਤੋਂ ਨੌਜਵਾਨ ਸਾਈਕਲਾਂ 'ਤੇ ਅੰਮ੍ਰਿਤਸਰ ਲਈ ਰਵਾਨਾ ਹੋਏ ਜਿੱਥੇ ਉਨ੍ਹਾਂ ਵੱਖ-ਵੱਖ ਸਥਾਨਾਂ ਤੇ ਲੋਕਾਂ ਨਾਲ ਮੁਲਾਕਾਤ ਕੀਤੀ ਜਿਨ੍ਹਾਂ ਦਾ ਕਾਦੀਆਂ ਤੋਂ ਅੰਮ੍ਰਿਤਸਰ ਤੱਕ ਵੱਖ-ਵੱਖ ਸਥਾਨਾਂ ਤੇ ਲੋਕਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਅਤੇ ਉਨਾਂ ਦੇ ਇਸ ਕਾਰਜ ਦੀ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ ।

# ਸ਼ਹੀਦਾਂ ਦੇ ਨਾਂਅ 'ਤੇ ਬਣੇਗਾ ਸਮਾਰਕ

**ਗੁਰਦਾਸਪੁਰ (ਜਨਕ ਮਹਾਜਨ)**- ਕਮਾਂਡਰ ਬਲਜਿੰਦਰ ਵਿਰਕ (ਰਿਟਾ:) ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਸ਼ਹੀਦਾਂ ਨੂੰ



ਸ਼ਰਧਾਂਜਲੀ ਦੇਣ ਵਾਸਤੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਮੁੱਖ ਪਾਰਕ ਵਿਚ ਉਨ੍ਹਾਂ ਦੀ ਯਾਦ ਵਿੱਚ ਸਮਾਰਕ ਬਣਾਇਆ ਜਾਵੇਗਾ। ਇਸ ਸਮਾਰਕ 'ਤੇ ਜ਼ਿਲ੍ਹਾ ਗੁਰਦਾਸਪੁਰ ਦੇ ਉਨ੍ਹਾਂ ਸਾਰੇ ਸ਼ਹੀਦਾਂ ਦਾ ਨਾਵਾਂ ਨੂੰ ਲਿਖਿਆ ਜਾਣਾ ਹੈ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਜਾਂ ਕਿਸੇ ਜੰਗ ਜਾਂ ਓਪਰੇਸ਼ਨ ਵਿੱਚ ਦੇਸ਼ ਲਈ ਸ਼ਹਾਦਤ ਪ੍ਰਾਪਤ ਕੀਤੀ ਹੈ। ਜ਼ਿਲ੍ਹਾ ਗੁਰਦਾਸਪੁਰ ਦੇ ਉਕਤ ਸ਼ਹੀਦਾਂ ਦੇ ਨਾਵਾਂ ਦੀ ਵੈਰੀਫਿਕੇਸ਼ਨ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਗੁਰਦਾਸਪੁਰ ਵਲੋਂ ਕੀਤੀ ਜਾ ਰਹੀ ਹੈ। ਇਸ ਲਈ ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਿਤ ਸ਼ਹੀਦ ਹੋਏ ਸੈਨਿਕਾਂ ਅਤੇ ਅਰਧ ਸੈਨਿਕਾਂ ਦੇ ਸਮੂਹ ਪਰਿਵਾਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਪਰਿਵਾਰਾਂ ਕੋਲ ਸ਼ਹੀਦ ਦੀ ਸ਼ਹਾਦਤ ਨਾਲ ਸਬੰਧਿਤ ਦਸਤਾਵੇਜ਼ ਹਨ ਉਹ 15 ਦਿਨਾਂ ਦੇ ਅੰਦਰ-ਅੰਦਰ ਦਸਤਾਵੇਜ਼ ਲੈ ਕੇ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਗੁਰਦਾਸਪੁਰ ਨੇੜੇ ਗੁਰੂ ਨਾਨਕ ਪਾਰਕ ਕੋਰਟ ਰੋਡ ਗੁਰਦਾਸਪੁਰ ਨਾਲ ਸੰਪਰਕ ਕਰਨ ਅਤੇ ਆਪਣੇ ਲੋੜੀਂਦੇ ਦਸਤਾਵੇਜ਼ ਜਮ੍ਹਾ ਕਰਵਾਉਣ।

# ਵਿਦਿਆਰਥੀਆਂ ਨੂੰ ਨਿੱਜੀ ਅਤੇ ਆਲੇ-ਦੁਆਲੇ ਦੀ ਸਾਫ-ਸਫਾਈ ਰੱਖਣ ਬਾਰੇ ਕੀਤਾ ਜਾਗਰੂਕ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਡਿਪਟੀ ਕਮਿਸ਼ਨਰ ਰਾਹੁਲ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾ ਅਨੁਸਾਰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋ ਸਵੱਛਤਾ ਹੀ ਸੇਵਾ ਮੁਹਿੰਮ 2025 ਤਹਿਤ ਸਰਕਾਰੀ ਸਕੂਲ ਡੇਹਰਾ ਸਾਹਿਬ ਵਿਖੇ ਸਵੱਛਤਾ ਸਬੰਧੀ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਤੇ ਅਧਿਆਪਕਾਂ, ਵਿਦਿਆਰਥੀਆਂ ਅਤੇ ਸਫਾਈ ਕਰਮੀਆਂ ਵੱਲੋਂ ਇਹ ਪ੍ਰਣ ਲਿਆ ਗਿਆ ਕਿ ਸਭ ਤੋਂ ਪਹਿਲਾਂ ਸਫਾਈ ਦੀ ਮੁਹਿੰਮ ਆਪਣੇ ਘਰ



ਪਰਿਵਾਰ, ਇਲਾਕੇ, ਪਿੰਡ ਅਤੇ ਕੰਮ ਦੇ ਸਥਾਨ ਤੋਂ ਸ਼ੁਰੂ ਕਰਨਗੇ ਅਤੇ ਸਾਡਾ ਸਫਾਈ ਵੱਲ ਚੁੱਕਿਆ ਗਿਆ ਕਦਮ ਭਾਰਤ ਦੇਸ਼ ਨੂੰ ਸਾਫ-ਸੁਥਰਾ ਬਣਾਉਣ ਵਿੱਚ ਸਹਾਇਕ ਹੋਵੇਗਾ।ਇਸ ਮੁਹਿੰਮ ਨੂੰ ਕਾਮਯਾਬ ਬਣਾਉਣ ਲਈ ਵੱਧ ਚੜ੍ਹ ਕੇ ਯੋਗਦਾਨ ਪਾਉਣ ਲਈ ਕਿਹਾ ਗਿਆ ।ਇਸ ਮੌਕੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਤੋਂ ਮੈਡਮ ਰਮਨਦੀਪ ਕੌਰ ਬਲਾਕ ਕੋਆਰਡੀਨੇਟਰ, ਪ੍ਰਿੰਸੀਪਲ ਅਤੇ ਅਧਿਆਪਕ ਆਦਿ ਹਾਜ਼ਰ ਸਨ।

# ਫੌਜੀ ਅਮਰ ਸਿੰਘ ਪੰਜਵੜ ਨੂੰ ਸ਼ਰਧਾ ਦੇ ਫੁੱਲ ਭੇਟ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਪਿੰਡ ਪੰਜਵੜ ਦੇ ਸਾਬਕਾ ਫੌਜੀ ਹੌਲਦਾਰ ਅਮਰ ਸਿੰਘ ਪੰਜਵੜ 82 ਜੋ ਅਚਾਨਕ ਅਕਾਲ ਚਲਾਣਾ ਕਰ ਗਏ ਸਨ, ਦੀ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਮੌਕੇ ਰਾਜਸੀ ਆਗੂਆਂ ਤੇ ਸਾਬਕਾ ਸੈਨਿਕਾਂ ਵੱਲੋਂ ਸ਼ਰਧਾ ਦੇ ਫੁੱਲ ਕੀਤੇ ਗਏ। ਇਸ ਮੌਕੇ ਹਲਕਾ ਤਰਨਤਾਰਨ ਦੇ ਸੀਨੀਅਰ ਕਾਂਗਰਸੀ ਆਗੂ ਰਾਜਬੀਰ ਸਿੰਘ ਭੁੱਲਰ, ਬਾਬਾ ਗੁਲਾਬ ਬੀਰ ਸਿੰਘ ਪੰਜਵੜ ਸਾਬਕਾ ਸਰਪੰਚ, ਬੀਬੀ ਹਰਬਿੰਦਰ ਕੌਰ ਉਸਮਾ, ਦਲਬੀਰ



ਸਿੰਘ ਪੰਡੋਰੀ ਆਦਿ ਤੋਂ ਇਲਾਵਾ ਸਾਬਕਾ ਸੈਨਿਕਾ ਦੇ ਪਾਰਟੀ ਪ੍ਰਧਾਨ ਸ੍ਰ: ਗੁਰਬਾਜ ਸਿੰਘ, ਕੈਪਟਨ ਗੁਰਚਰਨ ਸਿੰਘ, ਸੂਬੇਦਾਰ ਸਾਹਿਬ ਸਿੰਘ, ਸੂਬੇਦਾਰ, ਗੁਰਮੇਜ ਸਿੰਘ, ਇੰਸਪੈਕਟਰ ਮੋਹਨ ਸਿੰਘ, ਸੂਬੇਦਾਰ ਦਿਲਬਾਗ ਸਿੰਘ, ਸੂਬੇਦਾਰ ਬਲਜੀਤ ਸਿੰਘ, ਪਾਰਟੀ ਪ੍ਰਧਾਨ ਗੁਰਬਾਜ ਸਿੰਘ, ਹੌਲਦਾਰ ਸਲਵਿੰਦਰ ਸਿੰਘ ਸੁਰ ਸਿੰਘ, ਹੌਲਦਾਰ ਗੁਰਨਾਮ ਸਿੰਘ, ਨੰਬਰਦਾਰ ਹੌਲਦਾਰ ਸਤਨਾਮ ਸਿੰਘ, ਹੌਲਦਾਰ ਫੁੰਮਣ ਸਿੰਘ, ਕੈਸ਼ੀਅਰ ਰਣਜੀਤ ਸਿੰਘ, ਸਾਬਕਾ ਸਰਪੰਚ ਮਿਲਖਾ ਸਿੰਘ ਮੱਜੂਪੁਰ, ਪ੍ਰਧਾਨ ਜਸਵੰਤ ਸਿੰਘ ਜੱਸਾ, ਗੁਰਮੀਤ ਸਿੰਘ ਭੱਟੀ, ਹਰਜੀਤ ਸਿੰਘ, ਦਲਵਿੰਦਰ ਸਿੰਘ, ਰੋਸ਼ਨ ਸਿੰਘ ਮੱਜੂਪੁਰ, ਪ੍ਰਗਟ ਸਿੰਘ ਮੈਂਬਰ, ਹੈੱਡ ਕਾਂਸਟੇਬਲ ਬਲਵਿੰਦਰ ਸਿੰਘ, ਹਰਜਿੰਦਰ ਸਿੰਘ ਲਾਲਾ ਝਬਾਲ, ਡਾ. ਪੱਪੂ ਪੰਜਵੜ, ਸਤਨਾਮ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਤੇ ਰਿਸ਼ਤੇਦਾਰ ਮੌਜੂਦ ਸਨ।

# ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਦੀ ਅਗਵਾਈ ਹੇਠ 8ਵੇਂ ਪੋਸ਼ਣ ਮਾਹ ਦੀ ਸ਼ੁਰੂਆਤ



**ਗੁਰਦਾਸਪੁਰ (ਜਨਕ ਮਹਾਜਨ)**- ਭਾਰਤ ਸਰਕਾਰ ਅਤੇ ਸਮਾਜਿਕ ਸੁਰੱਖਿਆ ਅਤੇ ਬਾਲ ਵਿਕਾਸ ਵਿਭਾਗ ਪੰਜਾਬ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਅਤੇ ਜਸਮੀਤ ਕੌਰ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗੁਰਦਾਸਪੁਰ ਦੀ ਅਗਵਾਈ ਹੇਠ 8ਵੇਂ ਪੋਸ਼ਣ ਮਾਹ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗੁਰਦਾਸਪੁਰ ਵੱਲੋਂ ਪੋਸ਼ਣ ਮਾਹ ਦੀ ਸ਼ੁਰੂਆਤ ਕਰਦੇ ਹੋਏ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ। ਜਸਮੀਤ ਕੌਰ ਨੇ ਦੱਸਿਆ ਕਿ ਮਿਤੀ 17 ਸਤੰਬਰ ਤੋਂ 16 ਅਕਤੂਬਰ ਤੱਕ ਰਾਸ਼ਟਰੀ ਪੋਸ਼ਣ ਮਾਹ ਮਨਾਇਆ ਜਾਣਾ ਹੈ। ਪੋਸ਼ਣ ਮਾਹ ਦੌਰਾਨ ਕੁਪੋਸ਼ਣ ਦੇ ਵੱਧ ਸ਼ਿਕਾਰ (ਐੱਸ.ਏ.ਐੱਮ.) ਅਤੇ ਅੰਸ਼ਕ ਤੌਰ 'ਤੇ ਕੁਪੋਸ਼ਣ ਦੇ ਸ਼ਿਕਾਰ (ਐੱਮ.ਏ.ਐੱਮ.) ਬੱਚਿਆਂ ਦੀ ਸਿਹਤ ਤੇ ਤੰਦਰੁਸਤੀ 'ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੋਸ਼ਣ ਅਭਿਆਨ ਗਰਭਵਤੀ ਔਰਤਾਂ, ਦੁੱਧ ਚੁੰਘਾਉਣ ਵਾਲੀਆਂ ਮਾਵਾਂ, ਕਿਸ਼ੋਰ ਲੜਕੀਆਂ ਅਤੇ 6 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿਚ ਪੋਸ਼ਣ ਸਬੰਧੀ ਨਤੀਜਿਆਂ ਨੂੰ ਸੰਪੂਰਨ ਰੂਪ ਵਿੱਚ ਬਿਹਤਰ ਬਣਾਉਣ ਦਾ ਯਤਨ ਕਰਦਾ ਹੈ। ਇਸ ਮੌਕੇ ਪੋਸ਼ਣ ਮਾਹ ਦੌਰਾਨ ਜ਼ਿਲ੍ਹੇ ਦੇ ਵੱਖ-ਵੱਖ ਆਂਗਣਵਾੜੀ ਸੈਂਟਰਾਂ ਦੇ ਵਿਚ ਵੱਖ-ਵੱਖ ਗਤੀਵਿਧੀਆਂ ਕਰਨ ਬਾਰੇ ਜਾਗਰੂਕ ਕੀਤਾ ਗਿਆ। ਮੀਟਿੰਗ ਵਿਚ ਸ਼ਸ਼ੀ ਬਾਲਾ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ, ਮਲਕੀਤ ਸਿੰਘ (ਸੁਪਰਡੈਂਟ) ਅਤੇ ਸਟਾਫ਼ ਦੇ ਕਰਮਚਾਰੀ ਹਾਜ਼ਰ ਸਨ।

# ਕਿਸਾਨਾਂ ਨੂੰ ਹੜ੍ਹ ਪ੍ਰਭਾਵਿਤ ਆਪਣੇ ਖੇਤਾਂ 'ਚੋਂ ਰੇਤ ਚੁੱਕਣ ਦੀ ਮਿਲੀ ਮਨਜ਼ੂਰੀ

**ਗੁਰਦਾਸਪੁਰ (ਦਿਨੇਸ਼ ਕੁਮਾਰ)**- ਹਾਲ ਹੀ ਵਿਚ ਆਏ ਹੜ੍ਹਾਂ ਕਾਰਨ ਜ਼ਿਲ੍ਹਾ ਗੁਰਦਾਸਪੁਰ ਦੇ ਬਹੁਤ ਸਾਰੇ ਕਿਸਾਨਾਂ ਦੀ ਖੇਤੀਬਾੜੀ ਜ਼ਮੀਨ 'ਤੇ ਸਿਲਟ, ਰੇਤ ਅਤੇ ਹੋਰ ਦਰਿਆਈ ਪਦਾਰਥ ਜਮ੍ਹਾ ਹੋ ਗਏ ਹਨ, ਜਿਸ ਕਾਰਨ ਉਨ੍ਹਾਂ ਦੀ ਅਗਲੀ ਫ਼ਸਲ ਦੀ ਬਿਜਾਈ ਪ੍ਰਭਾਵਿਤ ਹੋ ਸਕਦੀ ਹੈ।ਪੰਜਾਬ ਸਰਕਾਰ ਨੇ ਕਿਸਾਨਾਂ ਦੇ ਹਿਤ ਵਿਚ 'ਜਿਸ ਦਾ ਖੇਤ, ਉਸ ਦੀ ਰੇਤ' ਨਾਮਕ ਇਕ ਵਿਸ਼ੇਸ਼ ਸਮਾਂਬੱਧ ਯੋਜਨਾ ਦਾ ਐਲਾਨ ਕੀਤਾ ਹੈ, ਜਿਸ ਦੇ ਤਹਿਤ ਕਿਸਾਨਾਂ ਨੂੰ ਆਪਣੇ ਖੇਤਾਂ ਵਿਚੋਂ ਰੇਤ, ਸਿਲਟ ਜਾਂ ਹੋਰ ਦਰਿਆਈ ਸਮਗਰੀ ਹਟਾਉਣ ਦੀ ਆਗਿਆ ਦਿੱਤੀ ਗਈ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ



ਪੰਜਾਬ ਸਰਕਾਰ ਵੱਲੋਂ 'ਜਿਸ ਦਾ ਖੇਤ, ਉਸ ਦੀ ਰੇਤ' ਦੀ ਇਹ ਸਹੂਲਤ 31 ਦਸੰਬਰ 2025 ਤੱਕ ਇਕ ਵਾਰ ਲਈ ਉਪਲਬਧ ਹੋਵੇਗੀ ਅਤੇ ਇਸ ਲਈ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦਾ ਪਰਮਿਟ ਜਾਂ ਵਿਭਾਗੀ ਇਜਾਜ਼ਤ (ਐੱਨ.ਓ.ਸੀ.) ਲੈਣ ਦੀ ਲੋੜ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਵਿਵਸਥਾ ਪੰਜਾਬ ਮਾਈਨਰ ਮਿਨਰਲ ਰੂਲਜ਼, 2013 ਦੇ ਨਿਯਮ 90 ਅਧੀਨ ਲਾਗੂ ਕੀਤੀ ਗਈ ਹੈ।ਉਨ੍ਹਾਂ ਸਪਸ਼ਟ ਕੀਤਾ ਕਿ ਖੇਤਾਂ ਵਿੱਚੋਂ ਰੇਤ ਜਾਂ ਗਾਰ ਕੱਢਣ ਦੀ ਇਸ ਗਤੀਵਿਧੀ ਨੂੰ 'ਮਾਈਨਿੰਗ' ਨਹੀਂ ਮੰਨਿਆ ਜਾਵੇਗਾ।ਉਨ੍ਹਾਂ ਨੇ ਕਿਹਾ ਕਿ ਇਹ ਕਦਮ ਕਿਸਾਨਾਂ ਨੂੰ ਅਗਲੀ ਬਿਜਾਈ ਲਈ ਜ਼ਮੀਨ ਤਿਆਰ ਕਰਨ ਵਿਚ ਮਦਦ ਕਰੇਗਾ ਅਤੇ ਉਨ੍ਹਾਂ ਦੀ ਵਿੱਤੀ ਸਥਿਤੀ ਨੂੰ ਸੰਭਾਲਣ ਵਿਚ ਮਦਦਗਾਰ ਸਾਬਤ ਹੋਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਇਸ ਸਬੰਧ ਵਿਚ ਪਾਰਦਰਸ਼ਤਾ, ਜਲਦੀ ਅਤੇ ਜ਼ਿੰਮੇਵਾਰੀ ਨਾਲ ਕੰਮ ਕਰਨ ਦੇ ਨਿਰਦੇਸ਼ ਦਿੱਤੇ।

# ਜ਼ਿਲ੍ਹਾ ਪੱਧਰੀ ਹੈਂਡਬਾਲ ਮੁਕਾਬਲਿਆਂ 'ਚ ਸੇਂਟ ਕਬੀਰ ਸਕੂਲ ਸੁਲਤਾਨਪੁਰ ਨੇ ਮਾਰੀਆਂ ਵੱਡੀਆਂ ਮੱਲਾਂ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਹੈਂਡ ਬਾਲ (ਲੜਕਿਆਂ) ਮੁਕਾਬਲਿਆਂ ਵਿੱਚੋਂ ਲਾਜਵਾਬ ਪ੍ਰਦਰਸ਼ਨ ਕਰਕੇ ਸਕੂਲ ਨੂੰ ਜ਼ਿਲ੍ਹੇ ਭਰ ਦੇ ਸਕੂਲਾਂ ਵਿੱਚੋਂ ਮੋਹਰੀ ਬਣਾਇਆ ਹੈ। ਇਸ ਸਬੰਧੀ ਸਕੂਲ ਦੇ ਪ੍ਰਿੰਸੀਪਲ ਐੱਸ. ਬੀ. ਨਾਯਰ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਹੈਂਡਬਾਲ ਇੰਟਰ ਸਕੂਲ ਮੁਕਾਬਲਿਆਂ ਵਿੱਚ ਜ਼ਿਲ੍ਹੇ ਭਰ ਦੇ ਸਕੂਲਾਂ ਤੋਂ ਵੱਖ-ਵੱਖ ਗਰੁੱਪ ਦੀਆਂ 19 ਟੀਮਾਂ ਸ਼ਾਮਲ ਹੋਈਆਂ। ਇਨ੍ਹਾਂ ਮੁਕਾਬਲਿਆਂ ਵਿੱਚ ਸੇਂਟ ਕਬੀਰ ਸਕੂਲ ਸੁਲਤਾਨਪੁਰ ਦੀਆਂ 3 ਟੀਮਾਂ (ਅੰਡਰ- 19, ਅੰਡਰ- 17 ਤੇ ਅੰਡਰ -14 ਲੜਕਿਆਂ) ਨੇ ਹਿੱਸੇਦਾਰੀ ਲਈ ਸੀ। ਜਿਨ੍ਹਾਂ ਵਿੱਚੋਂ



ਅੰਡਰ- 19 ਦੀ ਟੀਮ ਨੇ ਕਪਤਾਨ ਗਗਨਦੀਪ ਸਿੰਘ ਦੀ ਅਗਵਾਈ ਹੇਠ ਸ਼ਾਨਦਾਰ ਖੇਡ ਪ੍ਰਦਰਸ਼ਨ ਕਰਕੇ ਦੂਸਰਾ ਸਥਾਨ ਹਾਸਲ ਕੀਤਾ। ਕਪਤਾਨ ਤਾਵਿਸ ਦਲਮੋਤਰਾ ਦੀ ਅਗਵਾਈ ਹੇਠ ਖੇਡੀ ਅੰਡਰ- 17 ਦੀ ਟੀਮ ਨੇ ਤਿੱਬੜ ਵਿਖੇ ਖੇਡੇ ਮੁਕਾਬਲੇ ਵਿੱਚੋਂ ਤੀਸਰਾ ਸਥਾਨ ਅਤੇ ਕਪਤਾਨ ਗਗਨਦੀਪ ਸਿੰਘ ਅਧੀਨ ਖੇਡੀ ਅੰਡਰ- 14 ਦੀ ਟੀਮ ਨੇ ਦੂਸਰਾ ਸਥਾਨ ਹਾਸਿਲ ਕਰਕੇ ਆਪਣੇ ਸਕੂਲ ਅਤੇ ਮਾਪਿਆਂ ਦੇ ਨਾਂ ਨੂੰ ਦੇ ਇਲਾਕੇ ਵਿੱਚ ਰੁਸ਼ਨਾਇਆ ਹੈ। ਸਕੂਲ ਪਹੁੰਚਣ ਤੇ ਸਾਰੇ ਜੇਤੂ ਖਿਡਾਰੀਆਂ ਅਤੇ ਡੀ.ਪੀ ਅਧਿਆਪਕਾਂ ਨੂੰ ਪ੍ਰਿੰਸੀਪਲ ਐੱਸ. ਬੀ. ਨਾਯਰ ਅਤੇ ਮੈਨੇਜਮੈਂਟ ਮੈਂਬਰ ਮੈਡਮ ਨਵਦੀਪ ਕੌਰ ਅਤੇ ਕੁਲਦੀਪ ਕੌਰ ਵੱਲੋਂ ਸਨਮਾਨਿਤ ਕਰਦਿਆਂ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਹਮੇਸ਼ਾ ਪੜ੍ਹਾਈ ਦੇ ਨਾਲ- ਨਾਲ ਸਰੀਰਕ ਤੰਦਰੁਸਤੀ ਵੱਲ ਧਿਆਨ ਦੇਣ ਅਤੇ ਖੇਡਾਂ ਵਿੱਚ ਵੀ ਵਧੇਰੇ ਰੁਚੀ ਰੱਖਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੇ ਡੀ.ਪੀ ਅਧਿਆਪਕ ਸਮਸੇਰ ਸਿੰਘ, ਕੋਚ ਬੇਅੰਤ ਸਿੰਘ, ਜਤਿੰਦਰ ਕੌਰ, ਦਮਨਬੀਰ ਸਿੰਘ, ਗੁਰਪ੍ਰੀਤ ਸਿੰਘ ਸਮੇਤ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਆਨੰਦ ਕਾਲਜ ਆਫ ਐਜੂਕੇਸ਼ਨ ਜੇਠੂਵਾਲ ਦਾ ਬੀ ਐੱਡ ਦਾ ਨਤੀਜਾ ਰਿਹਾ ਸ਼ਾਨਦਾਰ

● ਵਿਦਿਆਰਥਣਾਂ ਦੀ ਮਾਣਮੱਤੀ ਕਾਰਗੁਜ਼ਾਰੀ ਦਾ ਸਿਹਰਾ ਮਿਹਨਤੀ ਸਟਾਫ ਨੂੰ ਜਾਂਦਾ : ਚੇਅਰਮੈਨ ਆਨੰਦ

**ਮਜੀਠਾ (ਸ਼ੋਇਮ ਆਨੰਦ)**- ਸਥਾਨਕ ਆਨੰਦ ਕਾਲਜ ਆਫ਼ ਐਜੂਕੇਸ਼ਨ ਫਾਰ ਵੋਮੈਨ ਜੇਠੂਵਾਲ ਦੀਆਂ ਵਿਦਿਆਰਥਣਾਂ ਨੇ ਬੀ. ਐੱਡ. ਦੂਜਾ ਸਮੈਸਟਰ ਦੇ ਐਲਾਨੇ ਗਏ ਨਤੀਜਿਆਂ 'ਚ ਵਧੀਆ ਪੁਜ਼ੀਸ਼ਨਾਂ ਹਾਸਿਲ ਕਰਕੇ ਕਾਲਜ ਤੇ ਮਾਤਾ-ਪਿਤਾ ਦਾ ਨਾਂਅ ਰੌਸ਼ਨ ਕੀਤਾ



ਹੈ।ਕਾਲਜ ਦੀ ਵਿਦਿਆਰਥਣ ਗੁਰਕੀਰਤ ਕੌਰ ਨੇ ਪਹਿਲਾ, ਨਤਾਸ਼ਾ ਮਹਾਜਨ ਨੇ ਦੂਜਾ ਅਤੇ ਅਰਸ਼ਪ੍ਰੀਤ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ ਹੈ।ਇਸ ਤੋਂ ਇਲਾਵਾ ਕਾਲਜ ਦੀਆਂ ਹੋਰ ਵਿਦਿਆਰਥਣਾਂ ਨੇ ਵਧੀਆ ਅੰਕ ਹਾਸਿਲ ਕੀਤੇ ਹਨ।ਇਸ ਮੌਕੇ ਕਾਲਜ ਦੇ ਚੇਅਰਮੈਨ ਡਾ. ਆਨੰਦ ਨੇ ਗੱਲਬਾਤ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਦੇ ਆਏ ਵਧੀਆ ਨਤੀਜਿਆਂ ਦਾ ਸਿਹਰਾ ਕਾਲਜ ਦੇ ਯੋਗ ਅਤੇ ਮਿਹਨਤੀ ਸਟਾਫ਼ ਨੂੰ ਜਾਂਦਾ ਹੈ।ਉਨ੍ਹਾਂ ਕਿਹਾ ਕਿ ਕਾਲਜ ਵਿੱਚ ਵਿਦਿਆਰਥੀਆਂ ਨੂੰ ਉੱਚਕੋਟੀ ਦੀ ਸਿੱਖਿਆ ਮੁਹੱਈਆ ਕਾਰਵਾਈ ਜਾ ਰਹੀ ਹੈ ਤਾਂ ਜੋ ਉਹ ਇਸ ਮੁਕਾਬਲੇ ਦੇ ਯੁੱਗ ਵਿਚ ਚੰਗੀਆਂ ਪੁਜ਼ੀਸ਼ਨਾਂ 'ਤੇ ਪਹੁੰਚ ਸਕਣ।ਇਸ ਮੌਕੇ ਕਾਲਜ ਮੈਨੇਜਮੈਂਟ ਵੱਲੋਂ ਵਧੀਆ ਅੰਕ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ ਦੀ ਹੌਂਸਲਾ ਅਫ਼ਜ਼ਾਈ ਕਰਦਿਆਂ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ।ਇਸ ਮੌਕੇ ਕਾਲਜ ਦੇ ਚੇਅਰਮੈਨ ਡਾ. ਐੱਮ. ਐੱਮ. ਆਨੰਦ, ਵਾਈਸ ਚੇਅਰਮੈਨ ਡਾ. ਜੇ. ਐੱਸ. ਢਿੱਲੋਂ, ਮੈਨੇਜਿੰਗ ਡਾਇਰੈਕਟਰ ਸੂਰਯਿਆ ਪ੍ਰਕਾਸ਼ ਆਨੰਦ, ਪ੍ਰਿੰਸੀਪਲ ਡਾ. ਕੰਵਲਬੀਰ ਕੌਰ ਮਾਹਲ, ਗੀਤੂ ਕਾਲੀਆ, ਰਾਜਬੀਰ ਕੌਰ, ਹਰਪ੍ਰੀਤ ਕੌਰ, ਬਲਜੀਤ ਕੌਰ, ਸੁਰਚੀ ਪਾਲ, ਰਮਿੰਦਰਜੀਤ ਕੌਰ, ਜੋਤੀ ਬਾਲਾ, ਜਗਰੂਪ ਕੌਰ, ਸੋਨਲ ਮਹਾਜਨ, ਭੁਪਿੰਦਰ ਕੌਰ ਸਮੇਤ ਹੋਰ ਸਟਾਫ ਤੇ ਵਿਦਿਆਰਥਣਾਂ ਹਾਜ਼ਰ ਸਨ ।

# ਬਲਾਕ ਤਰਸਿੱਕਾ ਨੂੰ ਖਤਮ ਕਰਨ ਦੇ ਫੈਸਲੇ ਖਿਲਾਫ ਕਾਂਗਰਸੀਆਂ ਵੱਲੋਂ ਵਿਰੋਧ ਪ੍ਰਦਰਸ਼ਨ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**— ਬਲਾਕ ਤਰਸਿੱਕਾ ਨੂੰ ਖਤਮ ਕਰਨ ਦੇ ਸਰਕਾਰ ਦੇ ਫੈਸਲੇ ਖਿਲਾਫ ਕਾਂਗਰਸ ਪਾਰਟੀ ਨੇ ਇੱਕ ਵਿਸ਼ਾਲ ਇਕੱਠ ਕਰਕੇ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕੀਤਾ।ਹਲਕਾ ਇੰਚਾਰਜ ਸੁਖਵਿੰਦਰ ਸਿੰਘ ਡੈਨੀ ਦੀ ਅਗਵਾਈ ਹੇਠ ਹੋਏ ਇਸ ਪ੍ਰਦਰਸ਼ਨ ਵਿੱਚ ਵੱਡੀ ਗਿਣਤੀ ਵਿੱਚ ਆਮ ਲੋਕ, ਕਾਂਗਰਸੀ ਵਰਕਰ, ਮੌਜੂਦਾ ਅਤੇ ਸਾਬਕਾ ਸਰਪੰਚ ਅਤੇ ਪੰਚ ਸ਼ਾਮਲ ਹੋਏ। ਉਨ੍ਹਾਂ ਨੇ ਸਰਕਾਰ ਦੇ ਇਸ ਕਦਮ ਨੂੰ ਨਾਦਰਸ਼ਾਹੀ ਫੁਰਮਾਨ ਕਰਾਰ ਦਿੱਤਾ ਅਤੇ ਇਸਦਾ ਡਟ ਕੇ ਵਿਰੋਧ ਕੀਤਾ।ਇਸ ਮੌਕੇ ਬੋਲਦਿਆਂ ਵੱਖ-ਵੱਖ ਬੁਲਾਰਿਆਂ ਨੇ ਸਰਕਾਰ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ।ਉਨ੍ਹਾਂ ਨੇ ਕਿਹਾ ਕਿ ਇਹ ਫੈਸਲਾ ਲੋਕਾਂ ਨਾਲ ਸਿੱਧਾ ਧੋਖਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਦੇ ਗੰਭੀਰ ਨਤੀਜੇ ਭੁਗਤਣੇ ਪੈਣਗੇ। ਸੁਖਵਿੰਦਰ ਸਿੰਘ ਡੈਨੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਲਾਕ ਤਰਸਿੱਕਾ ਨੂੰ ਖਤਮ ਕਰਨਾ ਸਰਕਾਰ ਦੀ ਇੱਕ ਵੱਡੀ ਭੁੱਲ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ 2027 ਦੀਆਂ ਚੋਣਾਂ ਵਿੱਚ ਲੋਕ ਇਸ ਦਾ ਮੂੰਹ ਤੋੜਵਾਂ ਜਵਾਬ ਦੇਣਗੇ। ਉਨ੍ਹਾਂ ਕਿਹਾ ਕਿ ਬਲਾਕ ਤਰਸਿੱਕਾ ਨੂੰ ਖਤਮ ਕਰਨ ਤੋਂ ਬਾਅਦ ਹਰਭਜਨ ਸਿੰਘ ਈਟੀਓ ਨੂੰ ਵਿਧਾਇਕ ਦੇ ਅਹੁਦੇ ਤੇ ਰਹਿਣ ਦਾ ਕੋਈ ਹੱਕ ਨਹੀਂ ਹੈ।ਉਹ ਲੋਕਾਂ ਦਾ ਵਿਸ਼ਵਾਸ ਗਵਾ ਚੁੱਕੇ ਹਨ।ਉਨ੍ਹਾਂ ਕਿਹਾ ਕਿ ਜਦੋਂ ਤੱਕ ਬਲਾਕ ਤਰਸਿੱਕਾ ਨੂੰ ਬਹਾਲ ਨਹੀਂ ਕੀਤਾ ਜਾਂਦਾ, ਉਦੋਂ ਤੱਕ ਉਹ ਹਰ ਸੰਘਰਸ਼ ਵਿੱਚ ਲੋਕਾਂ ਦਾ ਡਟ ਕੇ ਸਾਥ ਦੇਣਗੇ ।

# ਬੇਟੀ ਦੇ ਜਨਮ ਦਿਨ ਮੌਕੇ ਬੱਚਿਆਂ ਨੂੰ ਕਾਪੀਆਂ ਤੇ ਕਿਤਾਬਾਂ ਵੰਡੀਆਂ

**ਜੰਡਿਆਲਾ ਗੁਰੂ (ਹਰਿੰਦਰਪਾਲ ਸਿੰਘ)**- ਪਿੰਡ ਮੱਲ੍ਹੀਆਂ ਦੇ ਜੰਮਪਲ ਰਾਜ ਭਨੋਟ ਜੋ ਕਿ ਇਸ ਮੌਕੇ ਆਸਟ੍ਰੇਲੀਆ ਵਿਚ ਆਪਣੇ ਪਰਿਵਾਰ ਸਮੇਤ ਰਹਿ ਰਹੇ ਹਨ ਅਤੇ ਪ੍ਰਦੇਸ਼ ਵਿਚ ਰਹਿ ਕੇ ਵੀ ਪਿੰਡ ਪ੍ਰਤੀ ਉਨ੍ਹਾਂ ਦਾ ਅਥਾਹ ਪਿਆਰ ਹੈ ਅਤੇ ਉਹ ਉਮੀਦ ਆਰਗੇਨਾਈਜੇਸ਼ਨ ਸੰਸਥਾ ਮੱਲ੍ਹੀਆਂ ਦੇ ਚੇਅਰਮੈਨ ਵੀ ਹਨ।ਉਨ੍ਹਾਂ ਦੇ ਵੱਡੇ



ਭਰਾਤਾ ਸੰਜੀਵ ਭਨੋਟ ਅਤੇ ਕਸ਼ਿਸ਼ ਭਨੋਟ ਵੱਲੋਂ ਰਾਜ ਭਨੋਟ ਆਸਟਰੇਲੀਆ ਦੀ ਬੇਟੀ ਦੇ ਜਨਮ ਦਿਨ ਮੌਕੇ ਪ੍ਰਾਇਮਰੀ ਸਕੂਲ ਮੱਲ੍ਹੀਆਂ ਦੇ ਬੱਚਿਆਂ ਨੂੰ ਕਾਪੀਆਂ, ਕਿਤਾਬਾਂ ਅਤੇ ਸਟੇਸ਼ਨਰੀ ਦਾ ਸਾਮਾਨ ਵੰਡਿਆ ਗਿਆ।ਇਸ ਮੌਕੇ ਰਾਜ ਭਨੋਟ ਨੇ ਫੋਨ 'ਤੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਉਹ ਧੀਆਂ ਪੁੱਤਾਂ ਵਿੱਚ ਫਰਕ ਨਾ ਸਮਝਦੇ ਹੋਏ ਹਰ ਸਾਲ ਆਪਣੀ ਬੇਟੀ ਦੇ ਜਨਮ ਦਿਨ ਮੌਕੇ ਕਾਪੀਆਂ, ਕਿਤਾਬਾਂ, ਚਾਕਲੇਟਾਂ ਅਤੇ ਸਟੇਸ਼ਨਰੀ ਦਾ ਸਾਮਾਨ ਵੰਡਦੇ ਹਨ। ਉਨ੍ਹਾਂ ਕਿਹਾ ਕਿ ਇਹ ਮੇਰੀ ਬੇਟੀ ਸਿੱਦਕ ਸ਼ਰਮਾ ਦਾਂ ਪੰਜਵਾਂ ਜਨਮ ਦਿਨ ਹੈ ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਨਰਿੰਦਰ ਕੌਰ, ਮੈਡਮ ਕਰਮਜੀਤ ਕੌਰ, ਮੈਡਮ ਸੁਦਰਸ਼ਨ ਕੌਰ, ਸੰਦੀਪ, ਮੈਡਮ ਰਣਜੀਤ ਕੌਰ, ਮਮਤਾ ਮੈਡਮ, ਰੂਪਾ ਮੈਡਮ ਅਤੇ ਪਿੰਡ ਦੇ ਵਸਨੀਕ ਸਤਨਾਮ ਸਿੰਘ, ਗੁਰਭੇਜ ਸਿੰਘ, ਲਾਡੀ, ਜੱਜ ਬੀਰ ਸਿੰਘ, ਅਤੇ ਸੰਜੀਵ ਭਨੋਟ ਅਤੇ ਕਸ਼ਿਸ਼ ਭਨੋਟ ਹਾਜ਼ਰ ਸਨ।

# ਜ਼ਿਲ੍ਹਾ ਪੱਧਰੀ ਮੁਕਾਬਲਿਆਂ 'ਚ ਅਕਾਲ ਅਕੈਡਮੀ ਦੇ ਵਿਦਿਆਰਥੀ ਮੈਡਲ ਜਿੱਤੇ



**ਚੀਮਾ ਮੰਡੀ (ਰਵਿੰਦਰ ਚੀਮਾ)**-ਅਕਾਲ ਅਕੈਡਮੀ ਚੀਮਾ ਸਾਹਿਬ ਅੰਗਰੇਜ਼ੀ ਮਾਧਿਅਮ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਕਾਬਿਲ-ਏ-ਤਾਰੀਫ਼ ਪ੍ਰਦਰਸ਼ਨ ਕਰਦੇ ਕਈ ਮੈਡਲ ਜਿੱਤੇ ਅਤੇ ਅਨੇਕਾਂ ਵਿਦਿਆਰਥੀਆਂ ਨੇ ਰਾਜ ਪੱਧਰੀ ਮੁਕਾਬਲਿਆਂ ਲਈ ਕੁਆਲੀਫਾਈ ਕੀਤਾ।ਗਤਕਾ (ਉਮਰ ਵਰਗ-19) ਵਿੱਚ ਅਕਾਦਮੀ ਦੀ ਟੀਮ ਨੇ ਜ਼ਿਲ੍ਹਾ ਪੱਧਰ 'ਤੇ ਪਹਿਲਾ ਸਥਾਨ ਹਾਸਲ ਕਰਕੇ ਆਪਣੀ ਪ੍ਰਤਿਭਾ ਸਾਬਤ ਕੀਤੀ।ਵਿਦਿਆਰਥੀ ਹਰਜਪ੍ਰੀਤ ਸਿੰਘ ਤੇ ਅਰਸ਼ਦੀਪ ਸਿੰਘ ਨੇ ਸੋਨੇ ਦੇ ਤਮਗੇ ਜਿੱਤਦਿਆਂ ਰਾਜ ਪੱਧਰੀ ਮੁਕਾਬਲਿਆਂ ਲਈ ਚੋਣ ਪ੍ਰਾਪਤ ਕੀਤੀ।ਕੁੱਸ਼ਤੀ ਮੁਕਾਬਲੇ ਵਿੱਚ ਵੀ ਅਕਾਦਮੀ ਨੂੰ ਮਾਣ ਹਾਸਲ ਹੋਇਆ, ਜਦੋਂ ਵਿਜੇਪ੍ਰਤਾਪ ਸਿੰਘ ਨੇ ਗੋਲਡ ਮੈਡਲ ਜਿੱਤ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਜੂਡੋ ਮੁਕਾਬਲਿਆਂ ਵਿੱਚ ਵੀ ਅਕਾਦਮੀ ਦੇ ਵਿਦਿਆਰਥੀਆਂ ਨੇ ਉਤਕ੍ਰਿਸ਼ਟ ਪ੍ਰਦਰਸ਼ਨ ਕੀਤਾ।ਹਰਮਨਦੀਪ ਕੌਰ (44 ਕਿੱਲੋ, ਅਠਵੀਂ ਜਮਾਤ), ਸਮਰੀਤ ਕੌਰ (27 ਕਿੱਲੋ) ਤੇ ਹਰਸੀਰਤ ਕੌਰ (23 ਕਿੱਲੋ) ਨੇ ਸੋਨੇ ਦੇ ਤਮਗੇ ਜਿੱਤੇ ਅਤੇ ਰਾਜ ਪੱਧਰ ਲਈ ਚੁਣੇ ਗਏ।ਨਿਰਗੁਣ ਕੌਰ ਨੇ 23 ਕਿੱਲੋ ਵਰਗ ਵਿੱਚ ਸਿਲਵਰ ਮੈਡਲ, ਜਦਕਿ ਅਮਨਦੀਪ ਕੌਰ (52 ਕਿੱਲੋ, ਅਠਵੀਂ), ਹਰਸ਼ਪ੍ਰੀਤ ਸਿੰਘ (+2 ਆਰਟਸ, 66 ਕਿੱਲੋ) ਤੇ ਏਕਮਪ੍ਰੀਤ ਸਿੰਘ (50+ ਕਿੱਲੋ, ਅਠਵੀਂ) ਨੇ ਬ੍ਰੌਂਜ਼ ਮੈਡਲ ਹਾਸਲ ਕੀਤੇ। ਸੇਵਾਦਾਰ ਕਰਮਜੀਤ ਸਿੰਘ ਤੇ ਪ੍ਰਿੰਸੀਪਲ ਮੈਡਮ ਨੀਨਾ ਸ਼ਰਮਾ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਦੇ ਭਵਿੱਖ ਲਈ ਸ਼ੁੱਭ-ਇੱਛਾਵਾਂ ਪ੍ਰਗਟਾਈਆਂ।

# ਕਥਾ ਵਾਚਕ ਭਾਈ ਸੁਰਿੰਦਰ ਸਿੰਘ ਕੈਨੇਡੀਅਨ ਦਾ ਸਨਮਾਨ



**ਮਹਿਲ ਕਲਾਂ (ਪ੍ਰਦੀਪ ਸਿੰਘ ਅਣਖੀ)**-ਇਤਿਹਾਸਕ ਗੁਰਦੁਆਰਾ ਛੇਵੀਂ ਪਾਤਸ਼ਾਹੀ ਮਹਿਲ ਕਲਾਂ ਵਿਖੇ ਕਥਾਵਾਚਕ ਵਜੋਂ ਸੇਵਾਵਾਂ ਨਿਭਾਅ ਰਹੇ ਭਾਈ ਸੁਰਿੰਦਰ ਸਿੰਘ ਕੈਨੇਡੀਅਨ ਨੇ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੀਵਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਸਮੂਹ ਸੰਗਤਾਂ ਨੂੰ ਪਰਵਾਰਾਂ ਸਮੇਤ ਅੰਮ੍ਰਿਤਪਾਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਨੌਜਵਾਨਾਂ ਨੂੰ ਧਾਰਮਿਕ ਤੇ ਸਮਾਜ ਸੇਵੀ ਕਾਰਜਾਂ 'ਚ ਆਗੂ ਰੋਲ ਅਦਾ ਕਰਨ ਦੀ ਅਪੀਲ ਕੀਤੀ।ਉਨ੍ਹਾਂ ਸੰਗਤਾਂ ਨੂੰ ਦੇਹਧਾਰੀ ਨਾਲ ਨਾ ਜੁੜਨ ਤੇ ਵਹਿਮਾਂ ਭਰਮਾਂ ਦੇ ਚੱਕਰ ਤੋਂ ਬਚ ਕੇ ਗੁਰੂ ਸਾਹਿਬਾਨ ਦੇ ਹੁਕਮਾਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜਨ ਲਈ ਪ੍ਰੇਰਿਆ। ਇਸ ਮੌਕੇ ਕਮੇਟੀ ਪ੍ਰਧਾਨ ਬਾਬਾ ਸ਼ੇਰ ਸਿੰਘ ਖ਼ਾਲਸਾ, ਕਰਨੈਲ ਸਿੰਘ ਢੈਪਈ, ਨੰਬਰਦਾਰ ਆਤਮਾ ਸਿੰਘ, ਅਜਮੇਰ ਸਿੰਘ, ਰਣਜੀਤ ਸਿੰਘ ਬਿੱਟੂ, ਗੁਰਮੇਲ ਸਿੰਘ, ਨੰਬਰਦਾਰ ਜਗਦੇਵ ਸਿੰਘ ਆਦਿ ਦੀ ਅਗਵਾਈ ਹੇਠ ਕਥਾਵਾਚਕ ਭਾਈ ਸੁਰਿੰਦਰ ਸਿੰਘ ਕੈਨੇਡੀਅਨ ਨੂੰ ਅਣਥੱਕ ਸੇਵਾਵਾ ਨਿਭਾਉਣ ਬਦਲੇ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਗਿਆਨੀ ਕਰਮ ਸਿੰਘ ਆਸਟ੍ਰੇਲੀਆ, ਭਾਈ ਚਮਕੌਰ ਸਿੰਘ, ਹੈੱਡ ਗਰੰਥੀ ਭਾਈ ਨੱਥਾ ਸਿੰਘ, ਜ਼ੈਲਦਾਰ ਸਿੰਘ ਹਲਵਾਈ, ਅਵਤਾਰ ਸਿੰਘ ਦੂਲੋਂ, ਰਾਗੀ ਭਾਈ ਕੁਲਦੀਪ ਸਿੰਘ, ਸੁਖਦੇਵ ਸਿੰਘ ਰਾਗੀ, ਹਰੀ ਸਿੰਘ ਮੈਂਬਰ, ਸੁਰਿੰਦਰ ਸਿੰਘ ਜੌਹਲਾਂ, ਰਾਜਿੰਦਰਪਾਲ ਸਿੰਘ ਚੀਮਾ, ਗੁਰਜੰਟ ਸਿੰਘ ਕਾਲਾ, ਮੇਜਰ ਸਿੰਘ ਕਲੇਰ, ਅਮਰਜੀਤ ਸਿੰਘ ਬੱਸੀਆਂ, ਮੋਹਣ ਸਿੰਘ ਆਦਿ ਹਾਜ਼ਰ ਸਨ।

# ਜਸਕੀਰਤ ਸਿੱਧੂ ਵੱਲੋਂ 'ਏਅਰ ਪਿਸਟਲ ਸ਼ੂਟਿੰਗ' 'ਚ ਨਵਾਂ ਰਿਕਾਰਡ ਕਾਇਮ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ.ਬੀ.ਐੱਸ.ਈ. ਤੋਂ ਮਾਨਤਾ ਪ੍ਰਾਪਤ ਸਰਾਫ ਐਜੂਬੀਕਨ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਫੂਲ ਦੇ ਸੱਤਵੀਂ ਜਮਾਤ ਦੇ ਵਿਦਿਆਰਥੀ ਜਸਕੀਰਤ ਸਿੰਘ ਸਿੱਧੂ ਨੇ 'ਏਅਰ ਪਿਸਟਲ ਸ਼ੂਟਿੰਗ' ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।ਉਸ ਨੇ ਏਸ਼ੀਆ ਬੁੱਕ ਆਫ਼ ਰਿਕਾਰਡਜ਼ ਤੇ ਇੰਡੀਆ ਬੁੱਕ ਆਫ਼ ਰਿਕਾਰਡਜ਼-2025 ਵਿੱਚ ਆਪਣਾ ਨਾਮ ਦਰਜ ਕਰਵਾ ਕੇ ਇੱਕ ਨਵਾਂ ਰਿਕਾਰਡ ਕਾਇਮ ਕੀਤਾ ਹੈ।ਜਸਕੀਰਤ ਸਿੰਘ ਸਿੱਧੂ ਨੇ 5 ਮਿੰਟਾਂ ਵਿੱਚ 50 ਰਾਊਂਡ ਗੋਲੀਬਾਰੀ ਕਰਕੇ 'ਏਸ਼ੀਆ ਬੁੱਕ ਆਫ਼ ਰਿਕਾਰਡਜ਼' ਤੇ 5 ਮਿੰਟਾਂ ਵਿੱਚ ਸਭ ਤੋਂ ਵੱਧ ਏਅਰ ਪਿਸਟਲ ਸ਼ਾਟ ਮਾਰ ਕੇ 'ਇੰਡੀਆ ਬੁੱਕ ਆਫ਼ ਰਿਕਾਰਡਜ਼-2025' ਵਿੱਚ ਪ੍ਰਵੇਸ਼ ਕੀਤਾ।ਇਨ੍ਹਾਂ ਵਿਸ਼ੇਸ਼ ਪ੍ਰਾਪਤੀਆਂ ਲਈ ਜਸਕੀਰਤ ਸਿੰਘ ਸਿੱਧੂ ਨੂੰ ਸੋਨੇ ਦਾ ਤਮਗਾ ਤੇ ਸਰਟੀਫਿਕੇਟ ਨਾਲ ਸਨਮਾਨਤ ਕੀਤਾ ਗਿਆ।ਸਕੂਲ ਦੇ ਚੇਅਰਮੈਨ ਇੰਜੀਨੀਅਰ ਸ੍ਰੀ ਕਮਲੇਸ਼ ਸਰਾਫ਼ ਨੇ ਜਸਕੀਰਤ ਸਿੰਘ ਸਿੱਧੂ ਤੇ ਉਨ੍ਹਾਂ ਦੇ ਪਿਤਾ ਮਨਜਿੰਦਰ ਸਿੰਘ ਸਿੱਧੂ, ਮਾਤਾ ਸਿਮਰਨਜੀਤ ਕੌਰ ਸਿੱਧੂ ਨੂੰ ਵਧਾਈ ਦਿੱਤੀ।

# ਨੌਜਵਾਨ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਡੀ.ਐੱਸ.ਪੀ. ਮਹਿਲ ਕਲਾਂ ਜਤਿੰਦਰਪਾਲ ਸਿੰਘ ਦੀ ਅਗਵਾਈ ਹੇਠ ਪੁਲਸ ਨੇ ਇੱਕ ਨੌਜਵਾਨ ਨੂੰ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਹੈ।ਇਸ ਮੌਕੇ ਐੱਸ.ਐੱਚ.ਓ. ਸਰਬਜੀਤ ਸਿੰਘ ਨੇ ਦੱਸਿਆ ਕਿ ਹੌਲਦਾਰ ਬਲਵਿੰਦਰ ਸਿੰਘ ਨੇ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਦਾਨਾ ਮੰਡੀ ਮਹਿਲ ਕਲਾਂ ਤੋਂ ਰਵਿੰਦਰ ਸਿੰਘ ਮਹਿਲ ਕਲਾਂ ਨੂੰ 55 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ।ਇਸ ਸਬੰਧੀ ਉਸ ਖ਼ਿਲਾਫ਼ ਐੱਨ.ਡੀ.ਪੀ.ਐੱਸ. ਐਕਟ ਤਹਿਤ ਪਰਚਾ ਦਰਜ ਕਰ ਦਿੱਤਾ ਗਿਆ ਹੈ।ਐੱਸ.ਐੱਚ.ਓ. ਸਰਬਜੀਤ ਸਿੰਘ ਨੇ ਸਖ਼ਤ ਚੇਤਾਵਨੀ ਦਿੰਦਿਆਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ।ਉਨ੍ਹਾਂ ਨਸ਼ੇ ਦੇ ਸਮੱਗਲਰਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜਾਂ ਤਾਂ ਉਹ ਆਪਣੇ ਗੈਰ-ਕਾਨੂੰਨੀ ਧੰਦੇ ਨੂੰ ਤੁਰੰਤ ਬੰਦ ਕਰ ਦੇਣ ਜਾਂ ਇਲਾਕੇ ਨੂੰ ਛੱਡ ਜਾਣ।

# ਨਵ ਭਾਰਤ ਕਲਾ ਮੰਚ ਵੱਲੋਂ ਥਾਣਾ ਮੁਖੀ ਨਾਲ ਮੀਟਿੰਗ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਨਵ ਭਾਰਤ ਕਲਾ ਮੰਚ ਰਾਮਪੁਰਾ ਫੂਲ ਵੱਲੋਂ ਭਗਵਾਨ ਸ੍ਰੀ ਰਾਮ ਚੰਦਰ ਜੀ ਦੇ ਜੀਵਨ ਅਧਾਰਤ ਰਾਮਲੀਲ੍ਹਾ ਦੇ ਮੰਚਨ ਤੇ ਦੁਸਹਿਰਾ ਤਿਉਹਾਰ ਮਨਾਉਣ ਸਬੰਧੀ ਇਕ ਅਹਿਮ ਮੀਟਿੰਗ ਥਾਣਾ ਮੁਖੀ ਹਰਬੰਸ ਸਿੰਘ ਨਾਲ ਕੀਤੀ ਗਈ।ਇਸ ਮੌਕੇ ਕਲਾ ਮੰਚ ਦੇ ਪ੍ਰਧਾਨ ਸੁਰਿੰਦਰ ਧੀਰ ਨੇ ਸਮਾਗਮ ਦੌਰਾਨ ਸੁਰੱਖਿਆ ਪ੍ਰਬੰਧਾਂ ਨੂੰ ਮਜ਼ਬੂਤ ਕਰਨ ਤੇ ਸ਼ਰਾਰਤੀ ਅਨਸਰਾਂ 'ਤੇ ਨੱਥ ਪਾਉਣ ਲਈ ਪੁਲਸ ਕਰਮਚਾਰੀਆਂ ਦੀ ਗਿਣਤੀ ਵਧਾਉਣ ਦੀ ਮੰਗ ਰੱਖੀ ਗਈ।ਥਾਣਾ ਸਿਟੀ ਰਾਮਪੁਰਾ ਮੁਖੀ ਹਰਬੰਸ ਸਿੰਘ ਨੇ ਕਲਾ ਮੰਚ ਦੇ ਮੈਂਬਰਾਂ ਨੂੰ ਭਰੋਸਾ ਦਿਵਾਇਆ ਕਿ ਸ਼ਰਾਰਤੀ ਅਨਸਰਾਂ 'ਤੇ ਸਖਤੀ ਕੀਤੀ ਜਾਵੇਗੀ।ਉਨ੍ਹਾ ਮੰਚ ਦੇ ਮੈਂਬਰਾਂ ਨੂੰ ਸਮਾਗਮ ਦੌਰਾਨ ਸਰਕਾਰੀ ਹਦਾਇਤ ਦੀ ਪਾਲਣਾ ਕਰਨ ਲਈ ਕਿਹਾ। ਇਸ ਮੌਕੇ ਕਲਾ ਮੰਚ ਦੇ ਜਨਰਲ ਸਕੱਤਰ ਰਜਨੀਸ਼ ਕਰਕਰਾ, ਗਗਨ ਬੱਲੋ, ਹਰਦੀਪ ਸਿੰਘ ਹਾਜ਼ਰ ਸਨ।

# ਸੱਪ ਦੇ ਡੰਗਣ 'ਤੇ ਘਰੇਲੂ ਇਲਾਜ 'ਤੇ ਸਮਾਂ ਬਰਬਾਦ ਨਾ ਕਰੋ : ਡਾ. ਗੋਇਲ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਸਿਵਲ ਸਰਜਨ ਡਾਕਟਰ ਰਾਜ ਕੁਮਾਰ ਦੀ ਉਚੇਚੀ ਨਿਗਰਾਨੀ ਵਿੱਚ ਸਹਾਇਕ ਸਿਵਲ ਸਰਜਨ ਕਮ ਨੋਡਲ ਅਫਸਰ ਡਾਕਟਰ ਰੋਹਿਤ ਗੋਇਲ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਸੱਪ ਦੇ ਡੰਗਣ ਬਾਰੇ ਜਾਗਰੂਕਤਾ ਦਿਵਸ ਮਨਾਇਆ।ਡਾਕਟਰ ਰੋਹਿਤ ਗੋਇਲ ਨੇ ਦੱਸਿਆ ਕਿ ਸੱਪ ਦੇ ਡੰਗਣ 'ਤੇ ਲੋਕਾਂ ਦੀ ਪ੍ਰਤੀਕਿਰਿਆ ਸੱਪ ਦੇ ਡੰਗਣ ਨਾਲੋਂ ਜ਼ਿਆਦਾ ਖ਼ਤਰਨਾਕ ਹੁੰਦੀ ਹੈ।ਅੱਜ ਵੀ ਬਹੁਤ ਸਾਰੇ ਲੋਕ ਤਾਂਤਰਿਕਾ ਜਾਂ ਘਰੇਲੂ ਇਲਾਜ 'ਤੇ ਵਿਸ਼ਵਾਸ ਕਰਦੇ ਹਨ।ਇਸ ਪ੍ਰਕਿਰਿਆ ਵਿੱਚ ਜ਼ਹਿਰ ਸਰੀਰ 'ਚ ਫੈਲ ਜਾਂਦਾ ਹੈ ਤੇ ਫਿਰ ਇਲਾਜ ਮੁਸ਼ਕਲ ਹੋ ਜਾਂਦਾ ਹੈ।ਜੇਕਰ ਸੱਪ ਦੇ ਡੰਗਣ ਦੇ ਪਹਿਲੇ 60 ਮਿੰਟਾਂ 'ਚ ਇਲਾਜ ਕੀਤਾ ਜਾਵੇ ਤਾਂ ਪੀੜਤ ਦੀ ਜਾਨ ਬਚਾਉਣਾ ਆਸਾਨ ਹੈ।ਸਿਵਲ ਹਸਪਤਾਲ ਫ਼ਾਜ਼ਿਲਕਾ, ਅਬੋਹਰ ਤੇ ਜਲਾਲਾਬਾਦ ਦੀ ਐਮਰਜੈਂਸੀ 'ਚ ਸੱਪ ਦੇ ਜ਼ਹਿਰ ਵਿਰੋਧੀ ਟੀਕਿਆਂ ਦਾ ਪੂਰਾ ਸਟਾਕ ਉਪਲੱਬਧ ਹੈ ਤੇ ਸਿਖਲਾਈ ਪ੍ਰਾਪਤ ਡਾਕਟਰ 24 ਘੰਟੇ ਤਾਇਨਾਤ ਹਨ।ਇਸ ਦਾ ਇਲਾਜ ਬਿਲਕੁਲ ਮੁਫ਼ਤ ਹੈ।ਐਂਟੀ-ਵੇਨਮ ਟੀਕਾ ਹੀ ਸਭ ਤੋਂ ਪ੍ਰਭਾਵਸ਼ਾਲੀ ਇਲਾਜ ਹੈ। ਸੱਪ ਦੇ ਡੰਗਣ 'ਤੇ ਹਰ ਹਾਲਤ ਵਿੱਚ ਪਹਿਲਾਂ ਮਰੀਜ਼ ਨੂੰ ਸ਼ਾਂਤ ਕਰਨਾ ਜ਼ਰੂਰੀ ਹੈ।ਡਰ ਦਿਲ ਦੀ ਧੜਕਣ ਨੂੰ ਵਧਾਉਂਦਾ ਹੈ, ਜਿਸ ਕਾਰਨ ਜ਼ਹਿਰ ਪੂਰੇ ਸਰੀਰ 'ਚ ਤੇਜ਼ੀ ਨਾਲ ਫੈਲਦਾ ਹੈ।ਉਨ੍ਹਾਂ ਕਿਹਾ ਕਿ ਜ਼ਖ਼ਮ ਨੂੰ ਕੱਸ ਕੇ ਨਾ ਬੰਨ੍ਹੋ, ਕਿਉਂਕਿ ਇਸ ਨਾਲ ਟਿਸ਼ੂ ਨੂੰ ਨੁਕਸਾਨ ਹੋ ਸਕਦਾ ਹੈ।ਕੱਟ ਵਾਲੀ ਥਾਂ ਨੂੰ ਸਾਫ਼ ਕੱਪੜੇ ਨਾਲ ਢੱਕੋ, ਸਪਲਿੰਟ ਦੀ ਮਦਦ ਨਾਲ ਸੱਪ ਦੇ ਡੰਗ ਵਾਲੀ ਥਾਂ ਨੂੰ ਸਥਿਰ ਰੱਖੋ।ਜਦੋਂ ਸੱਪ ਡੰਗਦਾ ਹੈ ਤਾਂ ਮੂੰਹ ਨਾਲ ਜ਼ਹਿਰ ਨੂੰ ਚੂਸਣ ਦੀ ਕੋਸ਼ਿਸ਼ ਨਾ ਕਰੋ।ਕੋਈ ਸਥਾਨਕ ਦਵਾਈ ਜਾਂ ਜੜ੍ਹੀ-ਬੂਟੀ ਨਾ ਲਗਾਓ, ਬਰਫ਼ ਤੇਲ ਜਾਂ ਗਰਮ ਪਾਣੀ ਦੀ ਵਰਤੋਂ ਨਾ ਕਰੋ।ਆਪਣੇ-ਆਪ ਦਵਾਈ ਨਾ ਲਓ ਤੇ ਘਰੇਲੂ ਇਲਾਜ 'ਚ ਸਮਾਂ ਬਰਬਾਦ ਨਾ ਕਰੋ, ਜਿੰਨੀ ਜਲਦੀ ਹੋ ਸਕੇ ਵਿਅਕਤੀ ਨੂੰ ਨੇੜਲੇ ਹਸਪਤਾਲ ਲੈ ਜਾਓ। ਜ਼ਿਲ੍ਹਾ ਮਾਸ ਮੀਡੀਆ ਅਫਸਰ ਵਿਨੋਦ ਖੁਰਾਨਾ ਤੇ ਡਿਪਟੀ ਮਾਸ ਮੀਡੀਆ ਅਫਸਰ ਮਨਬੀਰ ਸਿੰਘ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸੇ ਵੀ ਮੈਡੀਕਲ ਐਮਰਜੈਂਸੀ ਲਈ 104 ਮੈਡੀਕਲ ਹੈਲਪਲਾਈਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਾਰਸ ਮੇਲੇ ਦੀ ਪੂਰੀ ਆਮਦਨ ਹੜ੍ਹ ਰਾਹਤ ਫੰਡ ਲਈ ਦਾਨ ਹੋਵੇਗੀ : ਡੀ ਸੀ

## ਪੀ.ਏ.ਯੂ. ਵਿਖੇ 4 ਤੋਂ 13 ਅਕਤੂਬਰ ਤੱਕ ਹੋਵੇਗਾ ਸਾਰਸ ਮੇਲਾ

**ਲੁਧਿਆਣਾ (ਰਾਜ ਸਿਗਲਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ 'ਮਿਸ਼ਨ ਚੜ੍ਹਦੀ ਕਲਾ' ਪਹਿਲਕਦਮੀ ਅਨੁਸਾਰ ਇੱਕ ਦਿਲੋਂ ਇਸ਼ਾਰਾ ਕਰਦੇ ਹੋਏ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਐਲਾਨ ਕੀਤਾ ਕਿ ਵੱਕਾਰੀ ਸਾਰਸ ਮੇਲਾ-2025 ਤੋਂ ਹੋਣ ਵਾਲੀ ਪੂਰੀ ਆਮਦਨ ਹਾਲ ਹੀ ਵਿੱਚ ਆਏ ਵਿਨਾਸ਼ਕਾਰੀ ਹੜ੍ਹਾਂ ਤੋਂ ਪੰਜਾਬ ਦੀ ਰਿਕਵਰੀ ਵਿੱਚ ਸਹਾਇਤਾ ਲਈ ਸਿੱਧੇ ਹੜ੍ਹ ਰਾਹਤ ਫੰਡਾਂ ਵਿੱਚ ਦਾਨ ਕੀਤੀ ਜਾਵੇਗੀ।ਹਿਮਾਂਸ਼ੂ ਜੈਨ ਨੇ ਦੇਸ਼ ਭਰ ਦੇ ਨਾਗਰਿਕਾਂ ਨੂੰ ਬੇਮਿਸਾਲ ਹੜ੍ਹਾਂ ਕਾਰਨ ਵਿਆਪਕ ਤਬਾਹੀ ਦਾ ਸਾਹਮਣਾ ਕਰਨ ਵਾਲੇ ਪੰਜਾਬ ਦੇ ਪਿੱਛੇ ਇਕੱਠੇ ਹੋਣ ਲਈ ਮੁੱਖ ਮੰਤਰੀ ਦੇ ਸਪੱਸ਼ਟ ਸੱਦੇ 'ਤੇ ਜ਼ੋਰ ਦਿੱਤਾ। ਜੈਨ ਨੇ ਕਿਹਾ, 'ਸਾਰਸ ਮੇਲਾ-2025 ਇਸ ਭਾਵਨਾ ਨੂੰ ਮੂਰਤੀਮਾਨ ਕਰੇਗਾ, ਜਿਸ ਦਾ ਥੀਮ ਪੰਜਾਬੀਆਂ ਦੀ ਅਦੁੱਤੀ ਚੜ੍ਹਦੀ ਕਲਾ ਦੇ ਸਿਧਾਂਤਾਂ ਨੂੰ ਦਰਸਾਉਂਦਾ ਹੈ, ਜੋ ਅਟੁੱਟ ਆਸ਼ਾਵਾਦ ਤੇ ਤਾਕਤ ਨਾਲ ਮੁਸੀਬਤਾਂ ਤੋਂ ਉੱਪਰ ਉੱਠਦੇ ਹਨ।' ਉਨ੍ਹਾਂ ਕਿਹਾ ਕਿ ਸਾਰਸ ਮੇਲਾ 4 ਤੋਂ 13 ਅਕਤੂਬਰ ਤੱਕ ਲੁਧਿਆਣਾ ਦੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਦੇ ਮੈਦਾਨ ਵਿੱਚ ਹੋਵੇਗਾ ਤੇ ਅਧਿਕਾਰੀਆਂ ਨੂੰ 10 ਦਿਨਾਂ ਦੇ ਇਸ ਸ਼ਾਨਦਾਰ ਪ੍ਰੋਗਰਾਮ ਲਈ ਨਿਰਵਿਘਨ ਪ੍ਰਬੰਧਾਂ ਦਾ ਤਾਲਮੇਲ ਕਰਨ ਦੇ ਨਿਰਦੇਸ਼ ਜਾਰੀ ਕੀਤੇ।ਇਸ ਪ੍ਰੋਗਰਾਮ ਵਿੱਚ 500 ਤੋਂ ਵੱਧ ਸਟਾਲ ਹੋਣਗੇ, ਜੋ ਭਾਰਤ ਭਰ ਦੇ 1000 ਤੋਂ ਵੱਧ ਕਾਰੀਗਰਾਂ, ਵਪਾਰੀਆਂ ਤੇ ਹੁਨਰਮੰਦ ਵਿਅਕਤੀਆਂ ਦੇ ਕੰਮਾਂ ਨੂੰ ਪ੍ਰਦਰਸ਼ਤ ਕਰਨਗੇ।ਦਸਤਕਾਰੀ, ਰਵਾਇਤੀ ਕਲਾਵਾਂ ਤੇ ਰਸੋਈ ਦੇ ਸੁਆਦਾਂ ਦਾ ਜੀਵੰਤ ਪ੍ਰਦਰਸ਼ਨ ਹੋਵੇਗਾ।ਮੇਲੇ ਵਿੱਚ ਵੱਖ-ਵੱਖ ਰਾਜਾਂ ਦੇ ਕਲਾਕਾਰ ਵੀ ਸ਼ਾਮਲ ਹੋਣਗੇ, ਜੋ ਸੰਗੀਤ, ਨਾਚ ਤੇ ਕਲਾ ਰਾਹੀਂ ਭਾਰਤ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਪੇਸ਼ ਕਰਨਗੇ।

# ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਕਲਮ ਛੋੜ ਹੜਤਾਲ 'ਤੇ ਜਾਣ ਦਾ ਫੈਸਲਾ

## ਭਵਿੱਖ 'ਚ ਸੰਘਰਸ਼ ਨੂੰ ਹੋਰ ਕਰਾਂਗੇ ਤਿੱਖਾ : ਰਣਜੀਤ ਕੌਰ ਬਰੇਟਾ



**ਮਾਨਸਾ (ਆਤਮਾ ਸਿੰਘ ਪਮਾਰ)**

ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਪੰਜਾਬ ਨੇ ਪੰਜਾਬ ਸਰਕਾਰ ਨੂੰ ਅਲਟੀਮੇਟਮ ਦਿੱਤਾ ਹੈ ਕਿ ਜੇਕਰ 28 ਸਤੰਬਰ ਤੱਕ ਆਂਗਣਵਾੜੀ ਮੁਲਾਜ਼ਮਾਂ ਨੂੰ ਦਰਪੇਸ਼ ਸਮੱਸਿਆਵਾਂ ਤੇ ਮੰਗਾਂ ਦਾ ਹੱਲ ਨਾ ਕੀਤਾ ਤਾਂ ਪੰਜਾਬ ਦੀ ਸੂਬਾਈ ਲੀਡਰਸ਼ਿਪ ਦੇ ਫੈਸਲੇ ਮੁਤਾਬਕ ਮਾਨਸਾ ਜ਼ਿਲ੍ਹੇ ਦੀਆਂ ਆਂਗਣਵਾੜੀ ਮੁਲਾਜ਼ਮਾਂ ਪੋਸ਼ਣ ਟਰੈਕ ਐਪ ਦਾ ਕੰਮ ਮੁਕੰਮਲ ਬੰਦ ਕਰਕੇ ਕਲਮ ਛੋੜ ਹੜਤਾਲ ਕਰਨਗੀਆਂ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਇੱਥੇ ਜਥੇਬੰਦੀ ਦੀ ਸੂਬਾਈ ਆਗੂ ਤੇ ਜ਼ਿਲ੍ਹਾ ਮਾਨਸਾ ਦੀ ਪ੍ਰਧਾਨ ਰਣਜੀਤ ਕੌਰ ਬਰੇਟਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਭਵਿੱਖ 'ਚ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ।ਆਂਗਣਵਾੜੀ ਆਗੂ ਨੇ ਕਿਹਾ ਕਿ ਆਈ.ਸੀ.ਡੀ.ਐੱਸ. ਸਕੀਮ ਪੰਜਾਹ ਵਰ੍ਹੇ ਪੂਰੇ ਕਰ ਚੁੱਕੀ ਹੈ। ਇੱਕ ਪਾਸੇ ਤਾਂ ਇਹ ਸਕੀਮ ਆਪਣੀ ਗੋਲਡਨ ਜੁਬਲੀ ਮਨਾਉਣ ਜਾ ਰਹੀ ਹੈ, ਦੂਜੇ ਪਾਸੇ ਇਸ ਵਿੱਚ ਕੰਮ ਕਰਨ ਵਾਲੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਅੱਜ ਵੀ ਨਿਗੂਣੇ ਜਿਹੇ ਮਾਣਭੱਤੇ ਵਿੱਚ ਕੰਮ ਕਰਨ ਲਈ ਮਜਬੂਰ ਹਨ ਅਤੇ ਉਹ ਵੀ ਪੰਜ-ਪੰਜ ਮਹੀਨੇ ਨਹੀਂ ਮਿਲਦਾ। ਆਂਗਣਵਾੜੀ ਕੇਂਦਰਾਂ ਦੇ ਕਿਰਾਏ ਸਮੇਂ ਸਿਰ ਨਹੀਂ ਦਿੱਤੇ ਜਾ ਰਹੇ, ਕੇਂਦਰਾਂ ਨੂੰ ਪੋਸ਼ਣ ਟਰੈਕ ਰਾਹੀਂ ਕੇਂਦਰ ਸਰਕਾਰ ਵੱਲੋਂ ਟਰੈਕ ਕੀਤਾ ਜਾਂਦਾ ਹੈ। ਕੇਂਦਰ ਸਰਕਾਰ ਦੀ ਨੀਤੀ ਅਨੁਸਾਰ ਹਰ ਲਾਭਪਾਤਰੀ ਨੂੰ ਉਸ ਦੀ ਈ ਕੇ ਵਾਈ ਸੀ ਕਰਦੇ ਹੋਏ ਫੇਸ਼ੀਅਲ ਰਿਕੋਗਨਾਈਜੇਸ਼ਨ ਸਿਸਟਮ ਨਾਲ ਵੀ ਜੋੜਨਾ ਹੈ, ਜਿਸ ਦੇ ਤਹਿਤ ਬਹੁਤ ਹੀ ਮਿਹਨਤ ਤੋਂ ਬਾਅਦ ਵੀ 60 ਫੀਸਦੀ ਲੋਕ ਹੀ ਜੁੜ ਪਾਏ ਹਨ ਅਤੇ ਤੇ 40 ਫੀਸਦੀ ਲੋਕ ਇਸ ਲਾਭ ਤੋਂ ਵਾਂਝੇ ਹੋਣ ਦਾ ਖ਼ਦਸ਼ਾ ਹੈ। ਉਨ੍ਹਾਂ ਮੰਗ ਕੀਤੀ ਕਿ ਜੇਕਰ ਸਰਕਾਰ ਇਸ ਨੂੰ ਪਾਰਦਰਸ਼ਤਾ ਵਿੱਚ ਲੈ ਕੇ ਹੀ ਆਉਣਾ ਚਾਹੁੰਦੀ ਹੈ ਤਾਂ ਇਸ ਦੇ ਲਈ ਸੁਖਾਲੇ ਤਰੀਕੇ ਵੀ ਅਪਣਾਏ ਜਾ ਸਕਦੇ ਹਨ।ਉਨ੍ਹਾਂ ਦੱਸਿਆ ਕਿ ਆਂਗਣਵਾੜੀ ਮੁਲਾਜ਼ਮਾਂ ਨੂੰ ਪੰਜ ਮਹੀਨੇ ਤੋਂ ਕੇਂਦਰ ਸਰਕਾਰ ਦਾ ਮਾਣਭੱਤਾ ਵੀ ਨਹੀਂ ਮਿਲਿਆ, ਜਿਸ ਨੂੰ ਲੈ ਕੇ ਸਮੂਹ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵਿੱਚ ਭਾਰੀ ਰੋਸ ਤੇ ਤਿੱਖਾ ਰੋਹ ਹੈ।ਸੀਟੂ ਆਗੂ ਨੇ ਦੱਸਿਆ ਕਿ ਜਥੇਬੰਦੀ ਦੇ ਫ਼ੈਸਲੇ ਤਹਿਤ ਪੰਜਾਬ ਦੇ ਇਸਤਰੀ ਸੁਰੱਖਿਆ ਤੇ ਬਾਲ ਵਿਕਾਸ ਵਿਭਾਗ ਦੇ ਸਕੱਤਰ ਨੂੰ ਨੋਟਿਸ ਭੇਜ ਕੇ ਜਾਣੂ ਕਰਵਾ ਦਿੱਤਾ ਹੈ ਅਤੇ ਜੇਕਰ ਸਰਕਾਰ ਤੇ ਵਿਭਾਗ ਇਸ ਨੂੰ ਗੰਭੀਰਤਾ ਨਾਲ ਨਹੀਂ ਲੈਂਦਾ ਤਾਂ ਉਹ ਹੀ ਇਸ ਦੇ ਜ਼ਿੰਮੇਵਾਰ ਹੋਣਗੇ।

# ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਕੀਤਾ



**ਦੋਰਾਹਾ (ਹਰਮਿੰਦਰ ਸੇਠ)**

ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਪੁਲਸ ਜ਼ਿਲ੍ਹਾ ਖੰਨਾ, ਸਮਾਜ ਸੇਵੀ ਸੰਸਥਾਵਾਂ ਤੇ ਕਾਲਜ ਦੇ ਐੱਨ.ਐੱਸ.ਐੱਸ ਯੂਨਿਟ, ਐੱਨ.ਸੀ.ਸੀ, ਬੱਡੀ ਪ੍ਰੋਗਰਾਮ ਤੇ ਮਨੋਵਿਗਿਆਨਕ ਸੈੱਲ ਦੁਆਰਾ ਸਾਂਝੇ ਤੌਰ 'ਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਦੱਸਿਆ ਕਿ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ ਦੀ ਸਰਪ੍ਰਸਤੀ ਹੇਠ ਆਯੋਜਤ ਇਸ ਨਸ਼ਾ ਵਿਰੋਧੀ ਜਾਗਰੂਕਤਾ ਪ੍ਰੋਗਰਾਮ ਵਿੱਚ ਪੁਲਸ ਜ਼ਿਲ੍ਹਾ ਖੰਨਾ ਤੋਂ ਐੱਸ.ਐੱਸ.ਪੀ ਡਾ. ਜਯੋਤੀ ਯਾਦਵ ਨੇ ਮੁੱਖ ਵਕਤਾ ਵਜੋਂ ਸ਼ਿਰਕਤ ਕੀਤੀ।ਪ੍ਰੋਗਰਾਮ ਦੇ ਆਰੰਭ 'ਚ ਡਾ. ਸਰਵਜੀਤ ਕੌਰ ਬਰਾੜ ਨੇ ਸਾਰਿਆਂ ਦਾ ਸਵਾਗਤ ਕੀਤਾ ਤੇ ਮੁੱਖ ਵਕਤਾ ਐੱਸ.ਐੱਸ.ਪੀ ਡਾ. ਜਯੋਤੀ ਯਾਦਵ ਨਾਲ਼ ਜਾਣ-ਪਛਾਣ ਕਰਾਈ।ਕਾਲਜ ਵਿਦਿਆਰਥੀਆਂ ਵੱਲੋਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਤਿਆਰ ਕੀਤੇ ਨੁੱਕੜ ਨਾਟਕ ਦੀ ਪੇਸ਼ਕਾਰੀ ਕੀਤੀ ਗਈ।ਇਸ ਮੌਕੇ ਕਾਲਜ ਤੇ ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਡਾ. ਜਯੋਤੀ ਯਾਦਵ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਨੁੱਖੀ ਸਰੀਰ, ਸਾਡੇ ਸਮਾਜ ਤੇ ਪਰਿਵਾਰ ਉੱਤੇ ਪੈਣ ਵਾਲ਼ੇ ਨੁਕਸਾਨਦੇਹ ਅਸਰਾਂ ਬਾਰੇ ਜਾਗਰੂਕ ਕੀਤਾ ਤੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਆ।ਡਾ. ਜਯੋਤੀ ਯਾਦਵ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਪਹੁੰਚੀਆਂ ਹੋਈਆਂ ਉੱਘੀਆਂ ਸ਼ਖਸੀਅਤਾਂ ਸ੍ਰੀ ਹੇਮੰਤ ਮਲਹੋਤਰਾ (ਡੀ.ਐੱਸ.ਪੀ ਪਾਇਲ), ਸ੍ਰੀ ਆਕਾਸ਼ ਦੱਤ (ਐੱਸ.ਐੱਚ.ਓ, ਦੋਰਾਹਾ), ਸ੍ਰੀ ਜਸਦੀਪ ਕੌਸ਼ਲ (ਪ੍ਰਧਾਨ, ਯੂਥ ਫੋਰਮ, ਦੋਰਾਹਾ) ਸ੍ਰੀ ਗਿੰਨੀ ਕਪੂਰ (ਪ੍ਰਧਾਨ, ਦੋਰਾਹਾ ਐਂਬੂਲੈਂਸ ਵੈਲਫੇਅਰ ਸੁਸਾਇਟੀ), ਸ੍ਰੀ ਰਾਹੁਲ ਬੈਕਟਰ (ਪ੍ਰਧਾਨ, ਦੋਰਾਹਾ ਯੂਥ ਵੈਲਫੇਅਰ ਕਲੱਬ), ਇਸ਼ਟਪ੍ਰੀਤ ਸਿੰਘ (ਪ੍ਰਧਾਨ, ਏਕ ਜ਼ਰੀਆ) ਨੂੰ ਵੀ ਸਨਮਾਨਤ ਕੀਤਾ ਗਿਆ।ਪ੍ਰੋਗਰਾਮ ਦੇ ਅੰਤਮ ਪੜਾਅ 'ਤੇ ਕਾਲਜ ਵਿਦਿਆਰਥੀਆਂ ਵੱਲੋਂ ਪੁਲਸ ਜ਼ਿਲ੍ਹਾ ਖੰਨਾ ਤੇ ਇਲਾਕੇ ਦੀਆਂ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ਼ ਜਾਗਰੂਕਤਾ ਰੈਲੀ ਕੱਢੀ ਗਈ।ਰੈਲੀ ਨੂੰ ਮੁੱਖ ਮਹਿਮਾਨ ਡਾ. ਜਯੋਤੀ ਯਾਦਵ ਵੱਲੋਂ ਹਰੀ ਝੰਡੀ ਦਿੱਤੀ ਗਈ।

# ਸਾਢੇ ਗਿਆਰਾਂ ਲੱਖ ਦੀ ਠੱਗੀ ਮਾਰਨ ਦੇ ਦੋਸ਼ 'ਚ ਕੇਸ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਵੱਲੋਂ 11 ਲੱਖ 51 ਹਜ਼ਾਰ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਇੱਕ ਵਿਅਕਤੀ ਵਿਰੁੱਧ ਪਰਚਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮੁਖਤਿਆਰ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਲਵਪ੍ਰੀਤ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਪਿੰਡ ਰੋੜਾ ਵਾਲਾ ਉਰਫ ਤਾਰੇਵਾਲਾ ਵੱਲੋਂ ਦਰਖਾਸਤ ਨੰਬਰ 5460 ਪੀ.ਜੀ.ਡੀ.-ਪੀ.ਸੀ.-ਡੀਟੀ 4-7-2025 ਨੂੰ ਜਗਦੀਸ਼ ਸਿੰਘ ਪੁੱਤਰ ਹੁਕਮ ਸਿੰਘ ਵਾਸੀ ਨੇੜੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਮਾਲਸਰ ਮੋਗਾ ਦੇ ਵਿਰੁੱਧ ਠੱਗੀ ਮਰਨ ਸਬੰਧੀ ਦਿੱਤੀ ਗਈ ਸੀ। ਸ਼ਿਕਾਇਤਕਰਤਾ ਨੇ ਬਿਆਨ ਦਿੱਤੇ ਹੈ ਕਿ ਜਗਦੀਸ਼ ਸਿੰਘ ਨੇ ਉਸ ਪਾਸੋਂ ਠੱਗੀ ਮਾਰਨ ਦੀ ਨਿਅਤ ਨਾਲ 11 ਲੱਖ 51 ਹਜ਼ਾਰ ਰੁਪਏ ਲੈ ਕੇ ਵਿਦੇਸ਼ ਭੱਜ ਗਿਆ ਹੈ। ਇਸ ਦਰਖਾਸਤ ਦੀ ਪੜਤਾਲ ਕਰਨ ਉਪਰੰਤ ਐੱਸ.ਐੱਸ.ਪੀ. ਫਾਜ਼ਿਲਕਾ ਤੋਂ ਥਾਣਾ ਵੈਰੋਕੇ ਵਿਖੇ ਅਪਰੂਵਲ ਆਉਣ ਤੋਂ ਬਾਅਦ ਮੁਦਈ ਲਵਪ੍ਰੀਤ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਜਗਦੀਸ਼ ਸਿੰਘ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ।

# ਸੜਕ ਦੇ ਨਵੀਨੀਕਰਨ ਦਾ ਸਵਨਾ ਨੇ ਰੱਖਿਆ ਨੀਂਹ ਪੱਥਰ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਐੱਮ ਆਰ ਕਾਲਜ ਤੋਂ ਹਨੂੰਮਾਨ ਮੰਦਰ, ਘੰਟਾ ਘਰ ਚੌਕ ਤੱਕ ਬਣਨ ਵਾਲੀ ਸੜਕ ਦਾ ਨੀਂਹ ਪੱਥਰ ਰੱਖਿਆ।ਇਸ ਦੇ ਨਿਰਮਾਣ ਤੇ 1.70 ਕਰੋੜ ਰੁਪਏ ਦੀ ਲਾਗਤ ਆਵੇਗੀ।ਇਸ ਮੌਕੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸ਼ਹਿਰੀ ਵਿਕਾਸ ਲਈ ਦ੍ਰਿੜ੍ਹਤਾ ਨਾਲ ਕੰਮ ਕਰ ਰਹੀ ਹੈ।ਉਨ੍ਹਾਂ ਆਖਿਆ ਕਿ 6 ਕਰੋੜ ਰੁਪਏ ਦੇ ਹੋਰ ਸੜਕਾਂ ਨਾਲ ਸੰਬੰਧਤ ਕੰਮਾਂ ਦੇ ਟੈਂਡਰ ਜਲਦੀ ਖੁੱਲ੍ਹਣਗੇ ਤੇ ਸ਼ਹਿਰ ਵਿੱਚ ਵੱਖ-ਵੱਖ ਸੜਕਾਂ ਦੇ ਕੰਮ ਹੋਣਗੇ। ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਸ਼ਹਿਰਾਂ ਤੇ ਪਿੰਡਾਂ ਵਿੱਚ ਬਰਾਬਰ ਤਰਜੀਹੀ ਅਧਾਰ ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਸ਼ਹਿਰ ਵਿੱਚ ਲੰਬੇ ਸਮੇਂ ਦੀ ਬਕਾਇਆ ਪਈ ਮੰਗ ਪੀਣ ਵਾਲੇ ਪਾਣੀ ਦੀਆਂ ਨਵੀਆਂ ਪਾਈਪ ਲਾਈਨਾਂ ਵਿਛਾਉਣ ਦਾ ਕੰਮ ਕਰਵਾਇਆ ਜਾ ਰਿਹਾ ਸੀ ਅਤੇ ਹੁਣ ਸੜਕਾਂ ਦਾ ਕੰਮ ਹੋਣ ਨਾਲ ਸ਼ਹਿਰ ਵਾਸੀਆਂ ਦੇ ਜੀਵਨ ਪੱਧਰ ਵਿੱਚ ਸੁਧਾਰ ਆਵੇਗਾ।ਉਨ੍ਹਾਂ ਕਿਹਾ ਕਿ ਸ਼ਹਿਰਾਂ ਤੇ ਪਿੰਡਾਂ ਵਿੱਚ ਬਰਾਬਰ ਤਰਜੀਹੀ ਅਧਾਰ 'ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਖੁਸ਼ਬੂ ਸਾਵਨਸੁੱਖਾ ਸਵਨਾ ਖੁਸ਼ੀ ਫਾਊਂਡੇਸ਼ਨ, ਸ਼ਾਮ ਲਾਲ ਗਾਂਧੀ ਐੱਮ ਸੀ ਵਾਰਡ ਨੰਬਰ 9, ਅਮਨ ਦਰੇਜਾ ਐੱਮ ਸੀ, ਅਲਕਾ ਜੁਨੇਜਾ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਮਹਿਲਾ ਵਿੰਗ, ਕਾਕਾ ਡੋਗਰਾ ਐੱਮ ਸੀ, ਬਿੱਟੂ ਸੇਤੀਆ, ਸੋਮਾ ਰਾਣੀ, ਸੁਨੀਲ ਮੈਣੀ, ਵਿਜੇ ਨਾਗਪਾਲ, ਕ੍ਰਿਸ਼ਨ ਕੰਬੋਜ ਬਲਾਕ ਪ੍ਰਧਾਨ, ਰਾਜ ਅਹੂਜਾ ਬਲਾਕ ਪ੍ਰਧਾਨ ਹਾਜ਼ਰ ਸਨ।

# ਸ਼ਹੀਦ ਭਗਤ ਸਿੰਘ ਸਟੇਟ 'ਵਰਸਿਟੀ ਵਿਖੇ ਖ਼ੂਨਦਾਨ ਕੈਂਪ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫ਼ਿਰੋਜ਼ਪੁਰ ਵਿਖੇ ਯੁਵਕ ਸੇਵਾਵਾਂ ਵਿਭਾਗ ਪੰਜਾਬ ਤੇ ਮੇਰਾ ਯੁਵਾ ਭਾਰਤ ਵੱਲੋਂ ਬੀਤੇ ਦਿਨ ਖ਼ੂਨਦਾਨ ਕੈਂਪ ਲਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਤੇ ਸਟਾਫ ਵੱਲੋਂ ਵਧ ਚੜ੍ਹ ਕੇ ਹਿੱਸਾ ਲਿਆ ਗਿਆ। ਕੈਂਪ ਦਾ ਉਦਘਾਟਨ ਕੈਂਪਸ ਰਜਿਸਟਰਾਰ ਪ੍ਰੋ. ਡਾ. ਗਜ਼ਲਪ੍ਰੀਤ ਸਿੰਘ ਵੱਲੋਂ ਕੀਤਾ ਗਿਆ। ਵਾਈਸ ਚਾਂਸਲਰ ਪ੍ਰੋ. ਡਾ. ਸੁਸ਼ੀਲ ਮਿੱਤਲ ਨੇ ਭੇਜੇ ਸੁਨੇਹੇ ਰਾਹੀਂ ਵਿਦਿਆਰਥੀਆਂ ਅਤੇ ਸਟਾਫ ਇਸ ਨੋਬਲ ਕੰਮ ਲਈ ਨੂੰ ਸ਼ੁੱਭ ਇਛਾਵਾਂ ਦਿੱਤੀਆਂ। ਕੈਂਪਸ ਪੀ.ਆਰ.ਓ. ਯਸ਼ਪਾਲ ਨੇ ਦੱਸਿਆ ਕਿ ਕੈਂਪ ਵਿੱਚ ਡਾ. ਦਿਸਵਨ ਬਾਜਵਾ ਤੇ ਉਨ੍ਹਾਂ ਦੀ ਟੀਮ ਵੱਲੋਂ ਕੁੱਲ 52 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ ਤੇ ਇਸ ਵਿੱਚ ਕੈਂਪਸ ਦੇ ਫਾਰਮਾਸਿਸਟ ਮਾਧਵ ਗੋਪਾਲ ਤੇ ਨਰਸ ਕਮਲ ਭੱਟੀ ਦਾ ਵਿਸ਼ੇਸ਼ ਯੋਗਦਾਨ ਰਿਹਾ। ਕੈਂਪ ਵਿੱਚ ਵਿਦਿਆਰਥੀਆਂ ਤੋਂ ਇਲਾਵਾ ਸਟਾਫ ਵੱਲੋਂ ਖ਼ੂਨਦਾਨ ਕਰਨ ਵਾਲਿਆਂ ਵਿੱਚ ਡਾ. ਬੋਹੜ ਸਿੰਘ, ਡਾ. ਗੁਰਪ੍ਰੀਤ ਸਿੰਘ, ਪੀ.ਆਰ.ਓ. ਯਸ਼ਪਾਲ, ਦੀਪਕ ਸ਼ਰਮਾ, ਅਸਿਸਟੈਂਟ ਪ੍ਰੋ. ਗੁਰਜੀਵਨ ਸਿੰਘ (ਹੁਣ ਤੱਕ 54 ਯੂਨਿਟ), ਬਲਕਰਨ ਸਿੰਘ, ਰਮਨ ਭੰਡਾਰੀ, ਸੁਖਜਿੰਦਰ ਸੰਧੂ, ਜਸਵਿੰਦਰ ਸਿੰਘ, ਦਵਿੰਦਰ ਮੋਂਗਾ ਆਦਿ ਸ਼ਾਮਲ ਸਨ। ਖ਼ੂਨ ਦਾਨ ਕਰਨ ਵਾਲੇ ਵਿਦਿਆਰਥੀਆਂ ਨੂੰ ਰੈੱਡ ਰਿਬਨ ਕਲੱਬ ਵੱਲੋਂ ਮੈਡਲ, ਸਰਟੀਫਿਕੇਟ ਤੇ ਟੀ ਸ਼ਰਟ ਤੋਂ ਇਲਾਵਾ 'ਮੇਰਾ ਯੁਵਾ ਭਾਰਤ' ਵੱਲੋਂ ਡਾਇਰੀ ਤੇ ਪੈੱਨ ਆਦਿ ਦਿੱਤੇ ਗਏ। ਇਸ ਮੌਕੇ ਨੋਡਲ ਅਫ਼ਸਰ ਤੇ ਪ੍ਰੋਗਰਾਮ ਅਫ਼ਸਰ, ਗੁਰਪ੍ਰੀਤ ਸਿੰਘ, ਯਸ਼ਪਾਲ, ਗੁਰਜੀਵਨ ਸਿੰਘ, ਜਸਵੀਰ ਚੰਦ ਤੇ ਦਵਿੰਦਰ ਮੋਂਗਾ ਆਦਿ ਹਾਜ਼ਰ ਸਨ।

# ਦੇਸ਼ ਭਗਤ ਹਸਪਤਾਲ ਵਿਖੇ ਖ਼ੂਨਦਾਨ ਕੈਂਪ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**

ਦੇਸ਼ ਭਗਤ ਹਸਪਤਾਲ ਤੇ ਦੇਸ਼ ਭਗਤ ਆਯੁਰਵੈਦਿਕ ਹਸਪਤਾਲ ਨੇ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਭਾਰਤ ਸਰਕਾਰ ਦੀ ਇੱਕ ਪਹਿਲਕਦਮੀ, ਮੈਗਾ ਖ਼ੂਨਦਾਨ ਮੁਹਿੰਮ-ਰਕਤਦਾਨ ਅੰਮ੍ਰਿਤ ਮਹੋਤਸਵ 2.0 ਤਹਿਤ ਖ਼ੂਨਦਾਨ ਕੈਂਪ ਲਗਾ ਕੇ ਸਰਗਰਮੀ ਨਾਲ ਹਿੱਸਾ ਲਿਆ।

ਇਹ ਕੈਂਪ ਦੇਸ਼ ਭਗਤ ਯੂਨੀਵਰਸਿਟੀ ਦੇ ਵਿਆਪਕ ਸਮਾਜਿਕ ਜ਼ਿੰਮੇਵਾਰੀ ਮਿਸ਼ਨ ਦੇ ਤਹਿਤ ਅਖਿਲ ਭਾਰਤੀ ਤੇਰਾਪੰਥ ਯੁਵਕ ਪ੍ਰੀਸ਼ਦ ਤੇ ਰੈੱਡ ਏਡ ਬਲੱਡ ਸੈਂਟਰ ਖੰਨਾ ਦੇ ਸਹਿਯੋਗ ਨਾਲ ਲਗਾਇਆ ਗਿਆ।ਕੈਂਪ ਵਿੱਚ ਯੂਨੀਵਰਸਿਟੀ ਦੇ ਵਿਦਿਆਰਥੀਆਂ, ਫੈਕਲਟੀ ਮੈਂਬਰਾਂ, ਸਟਾਫ਼ ਤੇ ਨੇੜਲੇ ਪਿੰਡਾਂ ਦੇ ਨੌਜਵਾਨਾਂ ਨੇ ਉਤਸ਼ਾਹ ਨਾਲ ਭਾਗ ਲਿਆ, ਜੋ ਸਾਰੇ ਏਕਤਾ ਤੇ ਹਮਦਰਦੀ ਦੀ ਭਾਵਨਾ ਨਾਲ ਇਕੱਠੇ ਹੋਏ ਸਨ।ਕੈਂਪ ਦੌਰਾਨ ਰੈੱਡ ਏਡ ਬਲੱਡ ਸੈਂਟਰ ਖੰਨਾ ਦੁਆਰਾ ਕੁੱਲ 51 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ। ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਨੌਜਵਾਨ ਪੀੜ੍ਹੀ ਵਿੱਚ ਹਮਦਰਦੀ ਤੇ ਨਾਗਰਿਕ ਜ਼ਿੰਮੇਵਾਰੀ ਪੈਦਾ ਕਰਨ ਵਿੱਚ ਅਜਿਹੇ ਉਪਰਾਲਿਆਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ।ਇਸ ਕੈਂਪ ਦਾ ਸੁਚਾਰੂ ਸੰਚਾਲਨ ਡਾ. ਕੁਲਭੂਸ਼ਣ (ਡਾਇਰੈਕਟਰ, ਕੈਂਪਸ, ਦੇਸ਼ ਭਗਤ ਯੂਨੀਵਰਸਿਟੀ), ਡਾ. ਬੀ. ਐੱਲ. ਭਾਰਦਵਾਜ (ਪ੍ਰੋ-ਵਾਈਸ-ਚਾਂਸਲਰ, ਮੈਡੀਕਲ), ਡਾ. ਜੋਤੀ ਐੱਚ. ਧਾਮੀ (ਮੈਡੀਕਲ ਸੁਪਰਡੈਂਟ, ਡੀ.ਬੀ.ਐੱਚ.) ਤੇ ਸਤਯਮ ਕੁਮਾਰ (ਸੀਨੀਅਰ ਲੈਬਾਰਟਰੀ ਟੈਕਨੀਸ਼ੀਅਨ, ਡੀ.ਬੀ.ਐੱਚ.) ਦੇ ਮਾਹਰ ਮਾਰਗਦਰਸ਼ਨ ਹੇਠ ਯਕੀਨੀ ਬਣਾਇਆ ਗਿਆ।

# ਨੈਣ ਕਲਾਂ ਕਬੱਡੀ ਕੱਪ 'ਚ ਢਿੱਲੋਂ ਦਾ ਵਿਸ਼ੇਸ਼ ਸਨਮਾਨ



**ਸਨੌਰ (ਰਾਜਿੰਦਰ ਸਿੰਘ ਥਿੰਦ)**-ਯੁਵਕ ਸੇਵਾਵਾਂ ਕਲੱਬ ਗੁੱਗਾ ਮਾੜੀ ਪ੍ਰਬੰਧਕ ਕਮੇਟੀ ਨੈਣ ਕਲਾਂ ਤੇ ਐੱਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ 26ਵਾਂ ਸਾਲਾਨਾ ਕੱਬਡੀ ਖੇਡ ਮੇਲਾ ਕਰਵਾਇਆ ਗਿਆ। ਇਸ ਖੇਡ ਮੇਲੇ ਵਿੱਚ ਵੱਖ ਵੱਖ ਇਲਾਕਿਆਂ ਤੋਂ ਆਏ ਖਿਡਾਰੀਆਂ ਨੂੰ ਹੌਸਲਾ ਅਫਜ਼ਾਈ ਕਰਨ ਲਈ ਵਿਸ਼ੇਸ਼ ਤੌਰ 'ਤੇ ਪਟਿਆਲਾ ਲੋਕ ਸਭਾ ਇੰਚਾਰਜ ਤੇ ਪੰਜਾਬ ਐਗਰੋ ਚੇਅਰਮੈਨ ਸ੍ਰ. ਬਲਜਿੰਦਰ ਸਿੰਘ ਢਿੱਲੋਂ ਦੀ ਪੂਰੀ ਟੀਮ ਲਖਵਿੰਦਰ ਸਿੰਘ ਢਿੱਲੋਂ, ਜਸਵੰਤ ਰਾਏ, ਮਨਦੀਪ ਜੋਲਾ, ਜੋਨੀ ਫਤਿਹਪੁਰ ਪਹੁੰਚੇ। ਕੱਬਡੀ ਖਿਡਾਰੀਆਂ ਨਾਲ ਮੁਲਕਾਤ ਕਰਨ ਦੌਰਾਨ ਢਿੱਲੋਂ ਨੇ ਕਿਹਾ ਕਿ ਖੇਡਾਂ ਸਾਡੇ ਜੀਵਨ ਦਾ ਇੱਕ ਵੱਡਾ ਹਿੱਸਾ ਹਨ ਤੇ ਭਗਵੰਤ ਮਾਨ ਸਰਕਾਰ ਪੰਜਾਬ ਵਿੱਚ ਖੇਡਾਂ ਨੂੰ ਤਰਜੀਹ ਦੇ ਰਹੀ ਹੈ। ਪੰਜਾਬ ਸਰਕਾਰ ਨੇ ਖੇਡਾਂ ਲਈ ਪਿੰਡਾਂ ਵਿੱਚ ਵੱਡੇ ਪੱਧਰ 'ਤੇ ਕਈ ਸਹੂਲਤਾਂ ਦੇ ਐਲਾਨ ਕੀਤੇ ਹਨ, ਤਾਂ ਕਿ ਨੌਜਵਾਨ ਖੇਡਾਂ ਵੱਲ ਵੱਧ ਤੋਂ ਵੱਧ ਉਤਸ਼ਾਹਤ ਹੋਣ ਤੇ ਨਸ਼ਿਆਂ ਤੋਂ ਦੂਰ ਰਹਿਣ। ਇਸ ਮੌਕੇ ਯੁਵਕ ਸੇਵਾਵਾਂ ਕਲੱਬ ਤੇ ਗੁੱਗਾ ਮਾੜੀ ਪ੍ਰਬੰਧਕ ਕਮੇਟੀ ਮੈਂਬਰਾਂ ਵੱਲੋਂ ਢਿੱਲੋਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਪਿੰਡ ਦੇ ਗੁੱਗਾ ਮਾੜੀ ਭਗਤ ਕਰਨੈਲ ਸਿੰਘ ਰਾਣਾ, ਜਸਪ੍ਰੀਤ ਸਿੰਘ ਜੱਸੀ ਕਲੱਬ ਪ੍ਰਧਾਨ ਭੁਪਿੰਦਰ ਸਿੰਘ, ਗੁਰਪ੍ਰੀਤ ਸਿੰਘ ਸਾਬਕਾ ਸਰਪੰਚ, ਲਖਵਿੰਦਰ ਨੰਬਰਦਾਰ ਤੋਂ ਇਲਾਵਾ ਵੱਡੀ ਗਿਣਤੀ ਖਿਡਾਰੀ ਤੇ ਪਿੰਡ ਵਾਸੀ ਹਾਜ਼ਰ ਸਨ।

# ਸਨਮਤੀ ਵਿਮਲ ਜੈਨ ਸਕੂਲ ਦੇ ਖਿਡਾਰੀਆਂ ਨੇ ਖੇਡਾਂ 'ਚ ਮਾਰੀਆਂ ਮੱਲਾਂ



**ਜਗਰਾਓਂ (ਅਮਿਤ ਖੰਨਾ)**-ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦੇ ਵਿਦਿਆਰਥੀ ਜਿੱਥੇ ਵਿਦਿਅਕ ਖੇਤਰ ਵਿੱਚ ਦਿਨੋ ਦਿਨ ਮੱਲਾ ਮਾਰ ਰਹੇ ਹਨ ਉਥੇ ਹੀ ਖੇਡ ਜਗਤ ਵਿੱਚ ਆਪਣੀ ਸਕੂਲ ਦੇ ਨਾਂ ਦੇ ਝੰਡੇ ਗਡ ਰਹੇ ਹਨ। ਇਸ ਸਬੰਧੀ ਸਕੂਲ ਦੇ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਨਾ ਵੱਲੋਂ ਬੜੇ ਹੀ ਉਤਸ਼ਾਹ ਨਾਲ ਦੱਸਿਆ ਗਿਆ ਕਿ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਈਆਂ ਗਈਆਂ 69ਵੀਆਂ ਅਥਲੈਟਿਕਸ ਮੀਟ ਜ਼ੋਨਲ ਪੱਧਰੀ ਖੇਡਾਂ, ਜੋ ਸੀ.ਟੀ ਯੂਨੀਵਰਸਿਟੀ ਵਿਖੇ ਕਰਾਈਆਂ ਗਈਆਂ, ਜਿਨ੍ਹਾਂ ਵਿੱਚੋਂ ਸਨਮਤੀ ਵਿਮਲ ਜੈਨ ਸਕੂਲ ਦੇ ਵਿਦਿਆਰਥੀਆਂ ਨੇ 11 ਸੋਨੇ ਅੱਠ ਚਾਂਦੀ ਦੇ ਤੇ ਅੱਠ ਤਾਂਬੇ ਦੇ ਤਗਮਿਆਂ ਤੇ ਆਪਣਾ ਦਬਦਬਾ ਕਾਇਮ ਰੱਖਦੇ ਹੋਏ ਸਕੂਲ ਦਾ ਨਾਂਅ ਚਮਕਾਇਆ। ਉਨ੍ਹਾਂ ਦੱਸਿਆ ਕਿ ਅੰਡਰ 14 ਲੜਕੇ ਪੰਕਜ ਨੇ 400 ਮੀਟਰ ਦੌੜ ਜੈਸਮੀਨ ਨੇ 600 ਮੀਟਰ ਦੌੜ ਅੰਡਰ 19 ਲੜਕੀਆਂ ਵਿੱਚ ਵੰਦਨਾ ਰਾਣੀ ਨੇ 300 ਮੀਟਰ ਵਾਕ ਤੇ ਚਾਰ ਕਿਲੋਮੀਟਰ ਕਰਾਸਕੰਟਰੀ ਨਵਦੀਪ ਕੌਰ ਜੈਵਲਿਗ ਥਰੋ ਵਿੱਚ ਅਮਨਜੋਤ ਕੌਰ, ਪ੍ਰਬਲਮ ਕੌਰ, ਦਲਬੀਰ ਕੌਰ, ਮਨਜੀਤ ਕੌਰ ਨੇ 1600 ਰਿਲੇਅ ਦੌੜ ਵਿੱਚ ਅੰਡਰ 19 ਲੜਕਿਆਂ ਵਿੱਚ ਸਾਹਿਬਦੀਪ ਸਿੰਘ ਹਾਈ ਜੰਪ ਵਿੱਚ ਇਨ੍ਹਾਂ ਸਾਰਿਆਂ ਖਿਡਾਰੀਆਂ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਸੋਨੇ ਦੇ 11 ਤਗਮੇ ਪ੍ਰਾਪਤ ਕੀਤੇ ਅੰਡਰ 17 ਲੜਕਿਆਂ ਵਿੱਚ ਰਣਵੀਰ ਸਿੰਘ 1500 ਮੀਟਰ ਤੇ ਲੰਮੀ ਛਾਲ ਮਨਵੀਰ ਸਿੰਘ ਹਾਈ ਜੰਪ ਵਿੱਚ ਮਨੀਸ਼ ਕੁਮਾਰ ਨੇ 110 ਮੀਟਰ ਹਡਲਸ ਅੰਡਰ 19 ਲੜਕੀਆਂ ਵਿੱਚ ਵੰਦਨਾ ਰਾਣੀ ਨੇ ਜੈਵਲਿੰਗ ਥਰੋਅ ਮਨਦੀਪ ਕੌਰ, 3000 ਮੀਟਰ ਦੌੜ ਜਸਲੀਨ ਕੌਰ, 3000 ਮੀਟਰ ਵਾਕ ਕੋਮਲ ਕੁਮਾਰੀ, 100 ਮੀਟਰ ਦੌੜ ਵਿੱਚ ਇਨ੍ਹਾਂ ਸਾਰਿਆਂ ਖਿਡਾਰੀਆਂ ਨੇ ਦੂਜਾ ਸਥਾਨ ਪ੍ਰਾਪਤ ਕਰਕੇ ਅੱਠ ਚਾਂਦੀ ਦੇ ਤਗਮੇ ਪ੍ਰਾਪਤ ਕੀਤੇ।

# ਭਗਵਾਨ ਵਿਸ਼ਵਕਰਮਾ ਜਯੰਤੀ ਧੂਮਧਾਮ ਨਾਲ ਮਨਾਈ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ਼ਹਿਰ ਦੇ ਮਿਹਨਤਕਸ਼ ਵਾਸੀਆਂ ਵੱਲੋਂ ਹਰ ਸਾਲ ਦੀ ਤਰ੍ਹਾਂ ਭਗਵਾਨ ਵਿਸ਼ਵਕਰਮਾ ਜੀ ਦਾ ਜਨਮ ਦਿਹਾੜਾ ਧੂਮਧਾਮ ਨਾਲ ਮਨਾਇਆ ਗਿਆ।ਇਸ ਸਮਾਗਮ ਵਿੱਚ ਹਾਜ਼ਰੀ ਭਰਦਿਆਂ ਮਾਰਕੀਟ ਕਮੇਟੀ ਸਰਹਿੰਦ ਫਤਿਹਗੜ੍ਹ ਸਾਹਿਬ ਦੇ ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਪੰਜਾਬ ਵਿੱਚ ਸਾਰੇ ਧਰਮਾਂ ਦੇ ਮਹਾਨ ਪੁਰਸ਼ਾਂ ਦੇ ਦਿਹਾੜੇ ਮਿਲਜੁਲ ਕੇ ਮਨਾਏ ਜਾਂਦੇ ਹਨ ਅਤੇ ਮਨਾਏ ਵੀ ਜਾਣੇ ਚਾਹੀਦੇ ਹਨ।ਇਨ੍ਹਾਂ ਧਾਰਮਿਕ ਸਥਾਨਾਂ ਵਿੱਚ ਹੁੰਦੇ ਇਕੱਠਾਂ ਵਿੱਚ ਲੋਕਾਂ ਦਾ ਆਪਸੀ ਰਿਸ਼ਤਾ ਮਜ਼ਬੂਤ ਬਣਾਉਣ ਲਈ ਮੱਦਦਗਾਰ ਸਾਬਿਤ ਹੁੰਦਾ ਹੈ।ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾਉ ਪਾ ਕੇ ਸਨਮਾਨਤ ਕੀਤਾ ਗਿਆ।ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਬਲਬੀਰ ਸਿੰਘ ਸੋਢੀ, ਨਿਰਮਲ ਸਿੰਘ ਸੀੜਾ, ਕਾਨੂੰਗੋ ਗੁਰਮੇਲ ਸਿੰਘ ਨੇ ਵੀ ਇਸ ਇਤਿਹਾਸਕ ਪਲ 'ਤੇ ਸਾਰੇ ਸ਼ਹਿਰ ਨਿਵਾਸੀਆਂ ਨੂੰ ਮੁਬਾਰਕਬਾਦ ਦਿੱਤੀ।

# ਲੋੜਵੰਦਾਂ ਲਈ ਲਾਇਆ ਦੋ ਰੋਜ਼ਾ ਸਿਖਲਾਈ ਕੈਂਪ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਭਾਈ ਘਨੱਈਆ ਜੀ ਯੁਵਕ ਸੇਵਾਵਾਂ ਕਲੱਬ ਪੰਡੋਰੀ ਵੱਲੋਂ ਦੋ ਦਿਨਾਂ ਸਿਖਲਾਈ ਕੈਂਪ ਲਾਇਆ ਗਿਆ, ਜਿਸ ਵਿੱਚ ਸਪੈਸ਼ਲ ਤੌਰ 'ਤੇ ਤਜਰਬੇਕਾਰ ਟ੍ਰੇਨਰ ਸੰਦੀਪ ਕੌਰ ਪੱਕਾ ਕਲਾਂ (ਬਠਿੰਡਾ) ਨੂੰ ਬੁਲਾਇਆ ਗਿਆ।ਇਸ ਮੌਕੇ ਹਾਜ਼ਰ ਬੀਬੀਆਂ ਨੂੰ ਅਜੋਕੇ ਸਮੇਂ ਵਿੱਚ ਸਭ ਤੋਂ ਵੱਧ ਕਮਾਈ ਦੇਣ ਵਾਲੇ ਰੁਜ਼ਗਾਰਾਂ ਬਾਰੇ ਜਾਣੂ ਕਰਵਾਉਂਦਿਆਂ ਬੜੀ ਹੀ ਬਰੀਕੀ ਨਾਲ ਉਨ੍ਹਾਂ ਕੰਮਾਂ ਨੂੰ ਨੇਪਰੇ ਚਾੜ੍ਹਨ ਦਾ ਹੁਨਰ ਸਿਖਾਇਆ ਗਿਆ।ਪ੍ਰਬੰਧਕਾਂ ਨੇ ਦੱਸਿਆ ਕਿ ਕੈਂਪ ਦਾ ਮੁੱਖ ਮਕਸਦ ਨਗਰ ਦੇ ਇੱਕ ਪਰਵਾਰ ਨੂੰ ਪੈਰਾਂ ਸਿਰ ਖੜ੍ਹੇ ਹੋਣ ਦਾ ਮੌਕਾ ਦੇਣਾ ਹੈ। ਨਗਰ ਦੇ 40 ਸਾਲਾ ਵੀਰ ਦੀ ਕੈਂਸਰ ਦੀ ਬਿਮਾਰੀ ਕਾਰਨ ਮੌਤ ਹੋ ਗਈ ਸੀ, ਘਰ ਦੇ ਮੁਖੀ ਦੀ ਮੌਤ ਤੋਂ ਬਾਅਦ ਘਰ ਵਿੱਚ ਉਸ ਦੀ ਅਪਾਹਜ ਪਤਨੀ ਅਤੇ ਛੋਟੇ ਛੋਟੇ ਬੱਚੇ ਜੋ ਬਿਲਕੁਲ ਬੇਸਹਾਰਾ ਹੋ ਚੁੱਕੇ ਹਨ।ਇਸੇ ਪਰਵਾਰ ਨੂੰ ਕਲੱਬ ਵੱਲੋਂ ਰੁਜ਼ਗਾਰ ਦੇਣ ਦਾ ਵਾਅਦਾ ਕੀਤਾ ਗਿਆ ਸੀ।ਕੈਂਪ ਦੌਰਾਨ ਟ੍ਰੇਨਰ ਵੱਲੋਂ ਕੇਕ, ਬਰਗਰ, ਮੋਮਜ, ਪੀਜ਼ਾ, ਨਿਊਡਲਸ, ਆਟੇ ਦੇ ਬਿਸਕੁਟ ਬਨਾਉਣ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ।ਇਸ ਦੋ ਦਿਨਾ ਟ੍ਰੇਨਿੰਗ ਕੈਂਪ ਦੀ ਸਮਾਪਤੀ ਮੌਕੇ ਸਮਾਜ ਸੇਵੀ ਬਲਜੀਤ ਸਿੰਘ ਸਿੱਧੂ ਵੱਲੋਂ ਟ੍ਰੇਨਰ ਭੈਣ ਸਨਦੀਪ ਕੌਰ ਪੱਕਾ ਕਲਾਂ ਤੇ ਉਨ੍ਹਾਂ ਦੇ ਪਤੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

# ਬੋੜ੍ਹਾਵਾਲ ਦੇ ਸਕੂਲ 'ਚ ਨਸ਼ਿਆਂ ਖਿਲਾਫ਼ ਜਾਗਰੂਕਤਾ ਪ੍ਰੋਗਰਾਮ



**ਬੁਢਲਾਡਾ (ਅਸ਼ੋਕ ਲਾਕੜਾ)**-ਸੰਜੀਵਨੀ ਵੈਲਫੇਅਰ ਸੁਸਾਇਟੀ ਵੱਲੋਂ ਸਰਕਾਰੀ ਸਮਾਰਟ ਹਾਈ ਸਕੂਲ ਵਿਖੇ ਨਸ਼ਿਆਂ ਖਿਲਾਫ਼ ਜਾਗਰੂਕਤਾ ਪ੍ਰੋਗਰਾਮ ਕਰਾਇਆ ਗਿਆ।ਸੈਮੀਨਾਰ ਦੀ ਸ਼ੁਰੂਆਤ ਸਕੂਲ ਦੇ ਹੈੱਡ ਮਾਸਟਰ ਮੈਡਮ ਕਰਮਜੀਤ ਕੌਰ ਦੇ ਸ਼ਬਦਾਂ ਨਾਲ ਹੋਈ।ਉਨ੍ਹਾਂ ਡਾਇਰੈਕਟਰ ਡਾ. ਡੀ ਕੇ ਵਰਮਾ ਤੇ ਵਿਜੈ ਸ਼ਰਮਾ ਪ੍ਰੋਗਰਾਮ ਮੈਨੇਜਰ ਨੂੰ ਸਕੂਲ ਪਹੁੰਚਣ 'ਤੇ ਜੀ ਆਇਆਂ ਕਿਹਾ। ਬੱਚਿਆਂ ਨੂੰ ਨਸ਼ੇ ਤੋਂ ਜਾਗਰੂਰਤਾ ਲਈ ਕੁਇਜ਼ ਪ੍ਰੋਗਰਾਮ ਕੀਤਾ ਗਿਆ।ਸਹੀ ਜੁਆਬ ਦੇਣ ਵਾਲੇ ਨੂੰ ਮੈਰਿਟ ਸਰਟੀਫਿਕੇਟ ਦਿਤਾ ਗਿਆ।ਮੈਡਮ ਕਰਮਜੀਤ ਕੌਰ ਨੇ ਕਿਹਾ ਕਿ ਸੰਜੀਵਨੀ ਵੈਲਫ਼ੇਅਰ ਸੁਸਾਇਟੀ ਵੱਲੋਂ ਇੱਕ ਅਹਿਮ ਕਦਮ ਹੈ।ਬਲਦੇਵ ਕੱਕੜ ਚੇਅਰਪਰਸਨ ਸੰਜੀਵਨੀ ਨੇ ਨਸ਼ਿਆਂ ਦੇ ਹੋਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਬੱਚਿਆ ਨੂੰ ਜਾਗਰੂਕ ਕੀਤਾ।ਮੈਡਮ ਸੋਨੂੰ ਨੇ ਕਿਹਾ ਕਿ ਨਸ਼ੇ ਸਰੀਰ ਦਾ ਨਾਸ਼ ਕਰਦੇ ਹਨ। ਸਰਕਾਰੀ ਹਸਪਤਾਲ ਤੋਂ ਹਰਬੰਸ ਲਾਲ ਬਲਾਕ ਐਜੂਕੇਟਰ ਤੇ ਭੋਲਾ ਸਿੰਘ ਵਿਰਕ ਨੇ ਕਿਹਾ ਕਿਹਾ ਕਿ ਨਸ਼ਿਆਂ ਵਿਰੁੱਧ ਇਕ ਵੱਡੀ ਤੇ ਫੈਸਲਾਕੁੰਨ ਜੰਗ ਲੜੇ ਜਾਣ ਦੀ ਲੋੜ ਹੈ।

# ਪਰਾਲੀ ਨਾ ਸਾੜਨ ਲਈ ਖੇਤੀਬਾੜੀ ਵਿਭਾਗ ਵੱਲੋਂ ਜਾਗਰੂਕਤਾ ਮੁਹਿੰਮ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੇ ਦਿਸ਼ਾ-ਨਿਰਦੇਸ਼ ਅਧੀਨ ਤੇ ਮੁੱਖ ਖੇਤੀਬਾੜੀ ਅਫਸਰ ਫਿਰੋਜ਼ਪੁਰ ਦੀ ਅਗਵਾਈ ਹੇਠ ਖੇਤੀਬਾੜੀ ਵਿਭਾਗ ਬਲਾਕ ਫਿਰੋਜ਼ਪੁਰ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਪਰਾਲੀ ਨਾ ਸਾੜਨ ਤੇ ਖੇਤੀਬਾੜੀ ਸੰਦਾਂ ਦੇ ਵੱਧ ਤੋਂ ਵੱਧ ਲਾਭ ਬਾਰੇ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਖੇਤੀਬਾੜੀ ਵਿਕਾਸ ਅਫਸਰ ਚਰਨਜੀਤ ਸਿੰਘ ਨੇ ਵੱਖ ਵੱਖ ਪਿੰਡਾਂ ਦੇ ਕਿਸਾਨਾਂ ਨੂੰ ਪਰਾਲੀ ਸਾੜਨ ਨਾਲ ਵਾਤਾਵਰਣ, ਜ਼ਮੀਨ ਤੇ ਮਨੁੱਖੀ ਸਿਹਤ ਨੂੰ ਪਹੁੰਚਦੇ ਨੁਕਸਾਨ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਆਧੁਨਿਕ ਖੇਤੀ ਸੰਦ ਘੱਟ ਕੀਮਤ 'ਤੇ ਮੁਹੱਈਆ ਕਰਵਾ ਰਹੀ ਹੈ, ਜਿਨ੍ਹਾਂ ਦੀ ਵਰਤੋਂ ਨਾਲ ਨਾ ਸਿਰਫ਼ ਪਰਾਲੀ ਦੀ ਸਮੱਸਿਆ ਦਾ ਹੱਲ ਹੋ ਸਕਦਾ ਹੈ, ਬਲਕਿ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਕਾਇਮ ਰਹਿੰਦੀ ਹੈ। ਉਨ੍ਹਾਂ ਜ਼ਮੀਨ ਦੀ ਸਿਹਤ ਸੰਭਾਲ ਤੇ ਖੁਰਾਕੀ ਤੱਤਾਂ ਦੀ ਮਹੱਤਤਾ 'ਤੇ ਵੀ ਰੌਸ਼ਨੀ ਪਾਈ। ਇਸ ਮੌਕੇ ਪਿੰਡ ਭਦਰੂ ਦੇ ਕਿਸਾਨ ਲਖਵਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ, ਪਿੰਡ ਭਗਵਾਨਪੁਰਾ ਦੇ ਕਿਸਾਨ ਅਮਰੀਕ ਸਿੰਘ ਸਮੇਤ ਕਈ ਹੋਰ ਕਿਸਾਨਾਂ ਨੇ ਆਪਣੀ ਰਾਏ ਸਾਂਝੀ ਕਰਦਿਆਂ ਕਿਹਾ ਕਿ ਸੁਪਰ ਐੱਸਐੱਮਐੱਸ ਸਮੇਤ ਹੋਰ ਆਧੁਨਿਕ ਮਸ਼ੀਨਾਂ ਦੀ ਵਰਤੋਂ ਨਾਲ ਨਾ ਸਿਰਫ਼ ਖਰਚ ਘੱਟਦਾ ਹੈ, ਬਲਕਿ ਪੈਦਾਵਾਰ ਵਿੱਚ ਵੀ ਸੁਧਾਰ ਹੁੰਦਾ ਹੈ। ਇਸ ਜਾਗਰੂਕਤਾ ਮੁਹਿੰਮ ਵਿੱਚ ਖੇਤੀਬਾੜੀ ਉੱਪ-ਨਰੀਖਕ ਮਨੋਜ ਕੁਮਾਰ, ਜੇ ਟੀ ਸਾਹਿਲ ਤੇ ਖੇਤਰ ਦੇ ਹੋਰ ਕਿਸਾਨ ਹਾਜ਼ਰ ਸਨ। ਵਿਭਾਗ ਵੱਲੋਂ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਉਹ ਪਰਾਲੀ ਸਾੜਨ ਤੋਂ ਬਚਣ ਤੇ ਸਰਕਾਰੀ ਸੰਦਾਂ ਦੀ ਵਰਤੋਂ ਕਰਕੇ ਵਾਤਾਵਰਣ ਸੰਭਾਲ ਵਿੱਚ ਆਪਣਾ ਯੋਗਦਾਨ ਪਾਉਣ।

# ਲੋਕ ਮਿਲਣੀ ਪ੍ਰੋਗਰਾਮ 'ਚ ਸਪੀਕਰ ਨੇ ਸੁਣੀਆਂ ਸਮੱਸਿਆਵਾਂ


**ਫਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜਾ/ਰਛਪਾਲ ਭੁੱਲਰ)**-ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਆਪਣੇ ਗ੍ਰਹਿ ਪਿੰਡ ਸੰਧਵਾਂ ਵਿਖੇ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਵੱਡੀ ਗਿਣਤੀ ਵਿੱਚ ਪਹੁੰਚੇ ਹਲਕੇ ਦੇ ਲੋਕਾਂ ਨਾਲ ਖੁੱਲ੍ਹੇ ਦਿਲ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਤੇ ਮੰਗਾਂ ਨੂੰ ਧਿਆਨ ਨਾਲ ਸੁਣਿਆ।ਉਨ੍ਹਾਂ ਕਿਹਾ ਕਿ ਲੋਕ ਮਿਲਣੀ ਦਾ ਮਕਸਦ ਸਰਕਾਰ ਤੇ ਲੋਕਾਂ ਦਰਮਿਆਨ ਸਿੱਧੀ ਗੱਲਬਾਤ ਮੁਹੱਈਆ ਕਰਵਾਉਣਾ ਹੈ।ਸਪੀਕਰ ਸ੍ਰ. ਸੰਧਵਾਂ ਨੇ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਕਿ ਲੋਕਾਂ ਦੀਆਂ ਜ਼ਮੀਨੀ ਪੱਧਰ ਦੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਕੀਤਾ ਜਾਵੇ ਤਾਂ ਜੋ ਕਿਸੇ ਨੂੰ ਦਫ਼ਤਰਾਂ ਦੇ ਚੱਕਰ ਨਾ ਕੱਟਣੇ ਪੈਣ। ਸਪੀਕਰ ਨੇ ਲੋਕਾਂ ਨੂੰ ਯਕੀਨ ਦਿਵਾਇਆ ਕਿ ਖੇਤਰ ਦੀਆਂ ਸੜਕਾਂ, ਪੀਣ ਯੋਗ ਪਾਣੀ, ਬਿਜਲੀ ਸਪਲਾਈ, ਸਿੱਖਿਆ ਤੇ ਸਿਹਤ ਸੰਬੰਧੀ ਸਹੂਲਤਾਂ ਵਿੱਚ ਹੋਰ ਸੁਧਾਰ ਲਿਆਂਦੇ ਜਾਣਗੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕ ਭਲਾਈ ਲਈ ਚਲਾਈਆਂ ਯੋਜਨਾਵਾਂ ਦਾ ਲਾਭ ਹਰ ਵਰਗ ਤੱਕ ਪਹੁੰਚਾਉਣ ਲਈ ਉਹ ਖ਼ੁਦ ਨਿਗਰਾਨੀ ਕਰਦੇ ਰਹਿੰਦੇ ਹਨ। ਇਸ ਤੋਂ ਇਲਾਵਾ ਸ੍ਰ. ਕੁਲਤਾਰ ਸਿੰਘ ਸੰਧਵਾਂ ਹਲਕੇ ਦੇ ਕਈ ਪਿੰਡਾਂ ਵਿੱਚ ਸੁੱਖ-ਦੁੱਖ ਦੇ ਸਮਾਗਮਾਂ ਵਿੱਚ ਵੀ ਸ਼ਾਮਲ ਹੋਏ।ਉਨ੍ਹਾਂ ਭੋਗ ਸਮਾਗਮਾਂ ਵਿੱਚ ਹਾਜ਼ਰੀ ਭਰ ਕੇ ਮਰਗ ਵਾਲੇ ਪਰਵਾਰਾਂ ਨਾਲ ਦੁੱਖ ਸਾਂਝਾ ਕੀਤਾ।ਇਸੇ ਤਰ੍ਹਾਂ ਖੁਸ਼ੀ ਦੇ ਸਮਾਗਮਾਂ ਵਿੱਚ ਹਾਜ਼ਰੀ ਭਰ ਕੇ ਪਰਵਾਰਾਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ।ਸਪੀਕਰ ਨੇ ਕਿਹਾ ਕਿ ਉਹ ਹਮੇਸ਼ਾ ਹਲਕੇ ਦੇ ਲੋਕਾਂ ਦੇ ਨਾਲ ਸੁੱਖ-ਦੁੱਖ ਵਿੱਚ ਖੜ੍ਹੇ ਹਨ।

# ਗੁਰੂਕੁਲ ਕਾਨਵੈਂਟ ਹਾਈ ਸਕੂਲ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਬਰੇਟਾ (ਰੀਤਵਾਲ)**-ਚੇਅਰਮੈਨ ਭੁਪਿੰਦਰ ਸਿੰਘ ਤੇ ਪ੍ਰਿੰਸੀਪਲ ਸ਼੍ਰੀਮਤੀ ਆਸ਼ਾ ਰਾਣੀ ਨੇ ਖੇਡਾਂ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਉੱਤਮ ਪ੍ਰਦਰਸ਼ਨ ਲਈ ਵਧਾਈ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਨੇ ਹਰ ਖੇਡ 'ਚ ਸ਼ਾਨਦਾਰ ਜਿੱਤ ਹਾਸਲ ਕਰਕੇ ਆਪਣੀ ਮਿਹਨਤ, ਟੀਮ ਵਰਕ ਤੇ ਖੇਡਾਂ ਕੁਸ਼ਲਤਾ ਦਾ ਝੰਡਾ ਲਹਿਰਾਇਆ।ਦੀਪਿੰਦਰ ਕੌਰ ਤੇ ਤਨਵੀਰ ਕੌਰ ਨੇ ਪਹਿਲਾ ਸਥਾਨ ਹਾਸਲ ਕਰਕੇ ਸਭ ਦਾ ਦਿਲ ਜਿੱਤ ਲਿਆ।ਉਨ੍ਹਾਂ ਦੀ ਮਿਹਨਤ ਤੇ ਕੋਆਰਡੀਨੇਸ਼ਨ ਨੇ ਗੁਰੂਕੁਲ ਦੀ ਕਾਮਯਾਬੀ ਦੀ ਸ਼ੁਰੂਆਤ ਕੀਤੀ।ਇਸ ਤੋਂ ਥੋੜ੍ਹਾ ਪਿੱਛੇ ਪਰਵਾਨ ਸਿੰਘ ਤੇ ਗੁਰਨੂਰ ਸਿੰਘ ਨੇ ਦੂਜਾ ਸਥਾਨ ਹਾਸਲ ਕਰਕੇ ਆਪਣੀ ਤਾਕਤ, ਸੰਤੁਲਨ ਤੇ ਖੇਡਾਂ ਭਾਵਨਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਰਵਿਆ, ਗੁਰਨੂਰ ਕੌਰ ਤੇ ਰਮਨਦੀਪ ਕੌਰ ਨੇ ਵੀ ਦੂਜਾ ਸਥਾਨ ਹਾਸਲ ਕਰਕੇ ਗੁਰੂਕੁਲ ਦੀਆਂ ਸਫ਼ਲਤਾਵਾਂ ਵਿੱਚ ਵਾਧਾ ਕੀਤਾ।ਤੀਜੇ ਸਥਾਨ ਲਈ ਵੀ ਮੁਕਾਬਲਾ ਕਾਫ਼ੀ ਮੁਸ਼ਕਲ ਸੀ, ਪਰ ਜਸਮੀਨ ਕੌਰ, ਨਵਰੀਤ ਕੌਰ ਤੇ ਅਵਨੀਤ ਕੌਰ ਨੇ ਸ਼ਰਨਪ੍ਰੀਤ ਨਾਲ ਮਿਲ ਕੇ ਬ੍ਰਾਂਜ਼ ਮੈਡਲ ਜਿੱਤਿਆ।ਇਸੇ ਤਰ੍ਹਾਂ ਗੁਰਵੀਰ ਸਿੰਘ, ਨਕਸ਼ ਸਿੰਗਲਾ ਅਤੇ ਸ਼ਰਗੁਨ ਸਿੰਘ ਨੇ ਵੀ ਤੀਜਾ ਸਥਾਨ ਹਾਸਲ ਕੀਤਾ।ਸਟਾਰ ਪ੍ਰਦਰਸ਼ਨਕਾਰੀ ਸਾਹਿਲਪ੍ਰੀਤ ਸਿੰਘ ਤੇ ਮਨਜਿੰਦਰ ਸਿੰਘ ਨੇ ਆਪਣੇ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਪਹਿਲਾ ਸਥਾਨ ਹਾਸਲ ਕੀਤਾ।ਉਨ੍ਹਾਂ ਦੀ ਗਤੀ, ਤਾਕਤ ਤੇ ਜਜ਼ਬੇ ਨੇ ਸਭ ਦਾ ਦਿਲ ਜਿੱਤ ਲਿਆ।ਇਹ ਦੋਵੇਂ ਖਿਡਾਰੀ ਆਪਣੇ ਸਾਥੀਆਂ ਲਈ ਅਨੁਸ਼ਾਸਨ ਤੇ ਮਿਹਨਤ ਦੀ ਮਿਸਾਲ ਬਣੇ ਹਨ। ਗੁਰਲੀਨ ਸਿੰਘ ਨੇ ਵੀ ਸ਼ਾਨਦਾਰ ਖੇਡ ਦਿਖਾ ਕੇ ਦੂਜਾ ਸਥਾਨ ਹਾਸਲ ਕੀਤਾ।ਉਸਦੀ ਲਗਨ ਤੇ ਨਿਰੰਤਰ ਪ੍ਰਦਰਸ਼ਨ ਨੇ ਗੁਰੂਕੁਲ ਦਾ ਮਾਣ ਹੋਰ ਵਧਾਇਆ।ਖੇਡਾਂ ਤੇ ਗੇਮਜ਼ ਵਿੱਚ ਕੋਚ ਤੁਸ਼ਾਰ ਦਾ ਯੋਗਦਾਨ ਸਭ ਤੋਂ ਵਧੀਆ ਹੈ।ਉਨ੍ਹਾਂ ਦੀ ਸਮਰਪਣ ਭਾਵਨਾ, ਮਾਰਗਦਰਸ਼ਨ ਤੇ ਖੇਡਾਂ ਲਈ ਜਜ਼ਬਾ ਹਮੇਸ਼ਾ ਵਿਦਿਆਰਥੀਆਂ ਨੂੰ ਬਿਹਤਰ ਕਰਨ ਲਈ ਪ੍ਰੇਰਤ ਕਰਦਾ ਹੈ।

# ਕੇਂਦਰ ਸਲਾਹਾਂ ਦੇਣ ਦੀ ਬਜਾਏ ਜੀ ਐੱਸ ਟੀ ਦਾ ਰੋਕਿਆ ਪੈਸਾ ਦੇਵੇ : ਰਾਏ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕੇਂਦਰ ਸਰਕਾਰ ਦੇ ਨੁਮਾਇੰਦੇ ਸੂਬੇ ਅੰਦਰ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਜਾਇਜ਼ਾ ਲੈਣ ਆਉਂਦੇ ਹਨ ਤੇ ਸੂਬਾ ਸਰਕਾਰ ਨੂੰ ਆਪਣੀ ਨਿੱਜੀ ਰਾਏ ਦੇ ਕੇ ਚਲੇ ਜਾਂਦੇ ਹਨ, ਜਦਕਿ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਹੜ੍ਹਾਂ ਦੇ ਨਾਲ ਪ੍ਰਭਾਵਿਤ ਲੋਕਾਂ ਨੂੰ ਜਲਦ ਇਸ ਸਮੱਸਿਆਵਾਂ ਤੋਂ ਕੱਢਣ ਦੇ ਲਈ ਫੰਡ ਜਾਰੀ ਕੀਤੇ ਜਾਣ।ਇਹ ਪ੍ਰਗਟਾਵਾ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਬਹੁਤ ਹੀ ਨਾਜ਼ੁਕ ਦੌਰ ਵਿੱਚੋਂ ਲੰਘ ਰਿਹਾ ਹੈ, ਪੰਜਾਬ ਦੇ ਜ਼ਿਆਦਾਤਰ ਜ਼ਿਲ੍ਹਿਆਂ ਵਿੱਚ ਹੜ੍ਹ ਦੇ ਨਾਲ ਜਾਨੀ-ਮਾਲੀ ਨੁਕਸਾਨ ਹੋਇਆ ਹੈ, ਜਿਸ ਦੀ ਭਰਪਾਈ ਕਰਨਾ ਬਹੁਤ ਮੁਸ਼ਕਲ ਹੋ ਰਿਹਾ ਹੈ।ਭਾਵੇਂ ਕਿ ਕੇਂਦਰ ਵੱਲੋਂ ਆਰਡੀਐੱਫ ਦੇ ਸਾਲਾਨਾ ਫੰਡ ਦੀ ਪਹਿਲੀ ਕਿਸ਼ਤ ਇੱਕ ਮਹੀਨਾ ਐਡਵਾਂਸ ਜਾਰੀ ਕਰ ਦਿੱਤੀ ਗਈ ਹੈ।ਕੇਂਦਰ ਸਰਕਾਰ ਨੂੰ ਜਲਦ ਤੋਂ ਜਲਦ ਰਾਹਤ ਫੰਡ ਜਾਰੀ ਕਰ ਦੇਣਾ ਚਾਹੀਦਾ ਹੈ ਅਤੇ ਜੋ ਸੂਬਾ ਸਰਕਾਰ ਦਾ ਜੀਐੱਸਟੀ ਦਾ ਪੈਸਾ ਰੋਕਿਆ ਹੋਇਆ ਹੈ, ਉਸ ਨੂੰ ਵੀ ਤੁਰੰਤ ਮੁਹੱਈਆ ਕਰਵਾਇਆ ਜਾਵੇ।ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਭਾਰਤੀ ਜਨਤਾ ਪਾਰਟੀ ਦੀ ਨਰਿੰਦਰ ਮੋਦੀ ਸਰਕਾਰ ਦੀ ਮਾਨਸਿਕਤਾ ਤੋਂ ਭਲੀ ਭਾਂਤੀ ਜਾਣੂ ਹਨ, ਉਹ ਪੰਜਾਬ ਦੇ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੀ ਹੈ।ਅਫਗਾਨਿਸਤਾਨ ਵਰਗੇ ਦੇਸ਼ਾਂ ਨੂੰ ਰਾਹਤ ਸਮੱਗਰੀ ਮੁਹੱਈਆ ਕਰਵਾਈ ਜਾ ਸਕਦੀ ਹੈ, ਫਿਰ ਪੰਜਾਬ ਦੇ ਨਾਲ ਵਿਤਕਰਾ ਕਿਉਂ? ਕੀ ਪੰਜਾਬ ਭਾਰਤ ਦਾ ਹਿੱਸਾ ਨਹੀਂ? ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਨਰਿੰਦਰ ਮੋਦੀ ਸਰਕਾਰ ਸੂਬਾ ਸਰਕਾਰ ਨੂੰ ਪ੍ਰੇਸ਼ਾਨ ਕਰ ਰਹੀ ਹੈ, ਜਿਸ ਦਾ ਖਮਿਆਜ਼ਾ ਕੇਂਦਰ ਨੂੰ ਜ਼ਰੂਰ ਭੁਗਤਣਾ ਪਵੇਗਾ।

# ਈ ਟੀ ਟੀ ਅਧਿਆਪਕਾਂ ਦੀ ਬਦਲੀ ਲਾਗੂ ਕਰਵਾਉਣ ਲਈ ਡੀ ਈ ਓ (ਅ) ਦਾ ਘਿਰਾਓ



**ਮੋਗਾ (ਇਕਬਾਲ ਸਿੰਘ ਖਹਿਰਾ)**
ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਅਧਿਆਪਕਾਂ ਦੀਆਂ ਬਦਲੀਆਂ ਕਰਨ ਦੇ ਬਾਵਜੂਦ ਮੋਗਾ ਜ਼ਿਲ੍ਹੇ ਵਿੱਚ ਈਟੀਟੀ ਅਧਿਆਪਕਾਂ ਦੀ ਬਦਲੀ ਲਾਗੂ ਨਾ ਹੋਣ ਦੇ ਰੋਸ ਵਜੋਂ ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਅਤੇ 6635 ਈਟੀਟੀ ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਦੀਪਕ ਕੰਬੋਜ ਦੀ ਸਾਂਝੀ ਅਗਵਾਈ ਵਿੱਚ ਸੈਂਕੜੇ ਅਧਿਆਪਕਾਂ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀ:) ਮੋਗਾ ਦੇ ਦਫ਼ਤਰ ਦਾ ਤਿੰਨ ਘੰਟੇ ਜ਼ਬਰਦਸਤ ਘਿਰਾਓ ਕੀਤਾ ਗਿਆ।ਅਧਿਆਪਕਾਂ ਦੇ ਸੰਘਰਸ਼ ਸਦਕਾ ਮੋਗਾ ਜ਼ਿਲ੍ਹੇ ਦੇ ਈਟੀਟੀ ਅਧਿਆਪਕਾਂ ਦੀ ਬਦਲੀ ਦੇ ਆਰਡਰ ਲਾਗੂ ਕਰਨ ਦਾ ਪਿੱਠ ਅੰਕਣ ਪੱਤਰ ਮੌਕੇ 'ਤੇ ਜਾਰੀ ਕਰਵਾਕੇ ਸੰਬੰਧਿਤ ਜ਼ਿਲ੍ਹਿਆਂ ਤੱਕ ਈਮੇਲ ਕਰ ਦਿੱਤਾ ਗਿਆ, ਜਿਥੋਂ ਭਾਰਮੁਕਤ ਹੋ ਕੇ ਇਹ ਅਧਿਆਪਕ ਹੁਣ ਮੋਗੇ ਜ਼ਿਲ੍ਹੇ ਦੇ ਪ੍ਰਾਇਮਰੀ ਸਕੂਲਾਂ ਵਿੱਚ ਹਾਜ਼ਰ ਹੋ ਸਕਣਗੇ।ਇਸ ਮੌਕੇ ਸੰਬੋਧਨ ਕਰਦੇ ਹੋਏ ਡੀ.ਟੀ.ਐੱਫ. ਦੇ ਸੂਬਾ ਸਕੱਤਰ ਮਹਿੰਦਰ ਕੌੜਿਆਂਵਾਲੀ ਤੇ 6635 ਈਟੀਟੀ ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਦੀਪਕ ਕੰਬੋਜ ਤੇ ਸੂਬਾ ਸਕੱਤਰ ਸ਼ਲਿੰਦਰ ਕੰਬੋਜ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਦੇ ਬਾਕੀ ਜ਼ਿਲ੍ਹਿਆਂ ਵਿੱਚ ਹੋਈਆਂ ਅੰਤਰ ਜ਼ਿਲ੍ਹਾ ਬਦਲੀਆਂ ਲਾਗੂ ਹੋਣ ਤੋਂ ਬਾਅਦ ਈਟੀਟੀ ਅਧਿਆਪਕ ਹਾਜ਼ਰ ਹੋ ਚੁੱਕੇ ਸਨ, ਪ੍ਰੰਤੂ ਮੋਗਾ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਵੱਲੋਂ ਇਨ੍ਹਾਂ ਬਦਲੀਆਂ ਨੂੰ ਮੋਗਾ ਜ਼ਿਲ੍ਹੇ ਵਿੱਚ ਲਾਗੂ ਕਰਨ ਤੋਂ ਪੋਸਟਾਂ ਦੀ ਪ੍ਰਵਾਨਗੀ ਨਾ ਹੋਣ ਦੇ ਹਵਾਲੇ ਨਾਲ ਲਗਾਤਾਰ ਟਾਲਾ ਵੱਟਿਆ ਜਾ ਰਿਹਾ ਸੀ, ਜਦਕਿ ਡਾਇਰੈਕਟਰ ਸਕੂਲ ਸਿੱਖਿਆ ਐਲੀਮੈਂਟਰੀ ਦੇ ਮੋਹਾਲੀ ਦਫਤਰ ਵੱਲੋਂ ਬਾਰ-ਬਾਰ ਜ਼ਿਲ੍ਹਾ ਸਿੱਖਿਆ ਅਫਸਰ ਮੋਗਾ ਨੂੰ ਸਾਰੇ ਈਟੀਟੀ ਅਧਿਆਪਕਾਂ ਨੂੰ ਜੁਆਇਨ ਕਰਨ ਦੀਆਂ ਹਦਾਇਤਾਂ ਦਿੱਤੀਆਂ ਜਾ ਰਹੀਆਂ ਸਨ ਅਤੇ ਬਾਅਦ ਵਿੱਚ ਪੋਸਟਾਂ ਦੀ ਐਲੋਕੇਸ਼ਨ ਕਰਨ ਦੀ ਗੱਲ ਆਖੀ ਜਾ ਰਹੀ ਸੀ। ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਇਸ ਰਵੱਈਏ ਦੇ ਰੋਸ ਵਜੋਂ ਅੱਜ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਤੇ 6635 ਈਟੀਟੀ ਅਧਿਆਪਕ ਯੂਨੀਅਨ ਦੇ ਸੱਦੇ 'ਤੇ ਮੋਗੇ ਜ਼ਿਲ੍ਹੇ ਦੇ ਨਾਲ ਨਾਲ ਗੁਆਂਢੀ ਜ਼ਿਲ੍ਹਿਆਂ ਤੋਂ ਵੀ ਵੱਡੀ ਗਿਣਤੀ ਅਧਿਆਪਕਾਂ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਦਫ਼ਤਰ ਦਾ ਘਿਰਾਓ ਕਰਦੇ ਹੋਏ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।ਆਖਿਰ ਅਧਿਆਪਕਾਂ ਦੇ ਸੰਘਰਸ਼ ਦੀ ਜਿੱਤ ਹੋਈ ਤੇ ਦੇਰ ਸ਼ਾਮ ਨੂੰ ਲੋੜੀਂਦੇ ਆਰਡਰ ਜਾਰੀ ਕਰ ਦਿੱਤੇ ਗਏ।
ਭਰਾਤਰੀ ਜਥੇਬੰਦੀਆਂ ਪੇਂਡੂ ਮਜ਼ਦੂਰ ਯੂਨੀਅਨ ਤੋਂ ਮੰਗਾਂ ਸਿੰਘ ਵੈਰੋਕੇ, ਕਿਰਤੀ ਕਿਸਾਨ ਯੂਨੀਅਨ ਤੋਂ ਯੂਥ ਵਿੰਗ ਦੇ ਕਨਵੀਨਰ ਤਿਰਥਵਿੰਦਰ ਸਿੰਘ ਘਲ ਕਲਾਂ ਤੇ ਮਾਸਟਰ ਕਾਡਰ ਯੂਨੀਅਨ ਤੋਂ ਬਲਜਿੰਦਰ ਸਿੰਘ ਧਾਲੀਵਾਲ ਸਮੁੱਚੇ ਸੰਘਰਸ਼ ਦੌਰਾਨ ਆਪਣੇ ਸਾਥੀਆਂ ਸਮੇਤ ਹਾਜ਼ਰ ਰਹੇ।
ਇਸ ਮੌਕੇ 6635 ਈਟੀਟੀ ਟੀਚਰ ਯੂਨੀਅਨ ਤੋਂ ਸੂਬਾ ਪ੍ਰਧਾਨ ਦੀਪਕ ਕੰਬੋਜ਼, ਸੂਬਾ ਜਨਰਲ ਸਕੱਤਰ ਸ਼ਲਿੰਦਰ ਕੰਬੋਜ਼, ਸੁਮਿਤ ਕੰਬੋਜ਼, ਮੋਗਾ ਜ਼ਿਲ੍ਹਾ ਪ੍ਰਧਾਨ ਗੁਰਸੇਵਕ ਸਿੰਘ, ਅਮਿਤ ਕੁਮਾਰ, ਬੇਅੰਤ ਸਿੰਘ,ਪਰਦੀਪ ਕੁਮਾਰ,ਰਾਕੇਸ਼ ਕੁਮਾਰ, ਅਮਨਦੀਪ ਸਿੰਘ, ਹਰਦੀਪ ਸਿੰਘ, ਡੀਟੀਐਫ ਫਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਮਲਕੀਤ ਸਿੰਘ ਹਰਾਜ, ਸੂਬਾ ਕਮੇਟੀ ਮੈਂਬਰ ਸਰਬਜੀਤ ਸਿੰਘ ਭਾਵੜਾ, ਸੰਦੀਪ ਸਿੰਘ ਮਖੂ, ਨਵਗੀਤ ਸਿੰਘ ਜਗਰਾਉਂ, ਗੁਰਵਿੰਦਰ ਸਿੰਘ ਖੋਸਾ ਤੇ ਭਾਰਤ ਭੂਸ਼ਣ ਹਾਜ਼ਰ ਰਹੇ।

# ਸਲਾਈਟ ਵਿਖੇ ਬਹੁ-ਪ੍ਰਤੀਖਿਤ ਟੈਕਫੈਸਟ-25 ਦੀ ਸ਼ੁਰੂਆਤ



**ਲੌਂਗੋਵਾਲ (ਪ੍ਰਦੀਪ ਸੱਪਲ)**-ਬਹੁ-ਪ੍ਰਤੀਖਿਤ ਟੈਕਫੈਸਟ-25 ਦਾ ਆਰੰਭ ਸਲਾਈਟ ਲੌਂਗੋਵਾਲ ਦੇ ਮੁੱਖ ਆਡੀਟੋਰੀਅਮ ਵਿੱਚ ਉਤਸ਼ਾਹਪੂਰਕ ਸ਼ੁਰੂ ਹੋਇਆ।ਸਮਾਰੋਹ ਦੀ ਸ਼ੁਰੂਆਤ ਦੀਪ ਪ੍ਰਜਵਲਨ ਦੀ ਸ਼ੁਭ ਰਸਮ ਨਾਲ ਹੋਈ, ਜਿਸ ਨੇ ਇਸ ਸ਼ਾਨਦਾਰ ਸਮਾਰੋਹ ਦੀ ਚਮਕਦਾਰ ਤੇ ਸਕਾਰਾਤਮਕ ਸ਼ੁਰੂਆਤ ਨੂੰ ਦਰਸਾਇਆ।ਇਸ ਉਦਘਾਟਨ ਸਮਾਰੋਹ ਦੀ ਸ਼ੋਭਾ ਵਧਾਈ ਵਿਸ਼ੇਸ਼ ਮਹਿਮਾਨਾਂ ਜਿਨ੍ਹਾਂ ਵਿੱਚ ਪ੍ਰੋ. ਮਣੀ ਕਾਂਤ ਪਾਸਵਾਨ (ਡਾਇਰੈਕਟਰ, ਸਲਾਈਟ), ਪ੍ਰੋ. ਐਮ.ਐਮ. ਸਿਨਹਾ (ਡੀਨ, ਐਸ.ਡਬਲਯੂ.), ਪ੍ਰੋ. ਇੰਦਰਾਜ ਸਿੰਘ (ਚੇਅਰਮੈਨ) ਅਤੇ ਮੁੱਖ ਮਹਿਮਾਨ ਡਾ. ਮਨੀਸ਼ ਗੌਰ ਸ਼ਾਮਲ ਸਨ। ਡਾ. ਮਨਮੋਹਨ ਸਿੰਘ ਅਤੇ ਗੌਰਵ ਗੁਪਤਾ ਵਰਗੀਆਂ ਪ੍ਰਸਿੱਧ ਹਸਤੀਆਂ ਦੀ ਹਾਜ਼ਰੀ ਨੇ ਵੀ ਇਸ ਮੌਕੇ ਦੀ ਗਰਿਮਾ ਨੂੰ ਹੋਰ ਵਧਾਇਆ।ਆਪਣੇ ਸੰਬੋਧਨ ਵਿੱਚ ਡਾਇਰੈਕਟਰ ਪ੍ਰੋ. ਪਾਸਵਾਨ ਨੇ 'ਓਪਰੇਸ਼ਨ ਸਿੰਦੂਰ' ਬਾਰੇ ਵਿਚਾਰ ਸਾਂਝੇ ਕੀਤੇ ਅਤੇ ਇਸ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਮੁੱਖ ਮਹਿਮਾਨ ਡਾ. ਗੌਰ ਨੇ ਆਪਣੇ ਪ੍ਰੇਰਨਾਦਾਇਕ ਸ਼ਬਦਾਂ ਨਾਲ ਹਾਜ਼ਰ ਸਮੂਹ ਨੂੰ ਉਤਸ਼ਾਹਤ ਕੀਤਾ, ਜਦਕਿ ਹੋਰ ਪਤਵੰਤੇ ਵਿਅਕਤੀਆਂ ਨੇ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ, ਜਿਸ ਨਾਲ ਸਮਾਰੋਹ ਦੀ ਸ਼ੋਭਾ ਹੋਰ ਵਧ ਗਈ।
ਸਮਾਰੋਹ ਦੀ ਇੱਕ ਵਿਸ਼ੇਸ਼ ਝਲਕ ਰਹੀ ਗੌਰਵ ਗੁਪਤਾ (ਸੰਸਥਾਪਕ, ਟੈਕ ਕੈਡ) ਵੱਲੋਂ ਪੇਸ਼ ਕੀਤੀ ਗਈ ਰੋਬੋਟਿਕ ਡੈਮੋ, ਜਿਸ ਨੇ ਦਰਸ਼ਕਾਂ ਨੂੰ ਮੰਤਰਮੁਗਧ ਕਰ ਦਿੱਤਾ ਤੇ ਟੈਕਫੈਸਟ-25 ਦੀ ਨਵੀਨਤਾ ਦੀ ਭਾਵਨਾ ਨੂੰ ਉਜਾਗਰ ਕੀਤਾ।ਇਸ ਉਦਘਾਟਨ ਸਮਾਰੋਹ ਦਾ ਸਮਾਪਨ ਉਤਸ਼ਾਹਪੂਰਨ ਮਾਹੌਲ ਵਿੱਚ ਹੋਇਆ, ਜਿਸਨੇ ਟੈਕਫੈਸਟ'25 ਦੇ ਆਉਣ ਵਾਲੇ ਮੁਕਾਬਲਿਆਂ, ਕਾਰਜਕ੍ਰਮਾਂ ਅਤੇ ਨਵੀਨਤਾਵਾਂ ਦੀ ਰੋਮਾਂਚਕ ਯਾਤਰਾ ਲਈ ਇੱਕ ਆਦਰਸ਼ ਸ਼ੁਰੂਆਤ ਪ੍ਰਦਾਨ ਕੀਤੀ।

# ਅਮਨ ਅਰੋੜਾ ਨੇ ਸੁਨਾਮ ਹਲਕੇ 'ਚ ਕਰੀਬ 13 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦੇ ਰੱਖੇ ਨੀਂਹ ਪੱਥਰ ਤੇ ਕੀਤੇ ਉਦਘਾਟਨ

**ਸੰਗਰੂਰ/ਸੁਨਾਮ/ਲੌਂਗੋਵਾਲ (ਪ੍ਰਵੀਨ ਸਿੰਘ/ਹਾਕਮ ਭੱਟੀ, ਅਸ਼ੋਕ ਬਾਂਸਲ/ਪ੍ਰਦੀਪ ਸੱਪਲ)**
ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸੁਨਾਮ ਹਲਕੇ ਵਿੱਚ ਕਰੀਬ 13 ਕਰੋੜ ਰੁਪਏ ਦੀ ਲਾਗਤ ਨਾਲ ਵੱਖ ਵੱਖ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਅਤੇ ਨੀਂਹ ਪੱਥਰ ਰੱਖੇ, ਜਿਨ੍ਹਾਂ ਨਾਲ ਸਿੱਖਿਆ, ਪੇਂਡੂ ਬੁਨਿਆਦੀ ਢਾਂਚੇ ਅਤੇ ਨਾਗਰਿਕ ਸਹੂਲਤਾਂ ਨੂੰ ਵੱਡਾ ਹੁਲਾਰਾ ਮਿਲੇਗਾ।ਸਰਕਾਰੀ ਪ੍ਰਾਇਮਰੀ ਸਕੂਲ (ਲੜਕੇ), ਸੁਨਾਮ ਵਿਖੇ, ਕੈਬਨਿਟ ਮੰਤਰੀ ਨੇ ਕਰੀਬ 38.20 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਜਾਣ ਵਾਲੇ ਚਾਰ ਨਵੇਂ ਕਲਾਸਰੂਮਾਂ ਦਾ ਨੀਂਹ ਪੱਥਰ ਰੱਖਿਆ। ਜਖੇਪਲ ਚੌਵਾਸ ਵਿਖੇ, ਉਨ੍ਹਾਂ ਨੇ ਕਰੀਬ 62.50 ਲੱਖ ਦੀ ਲਾਗਤ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਬਣਾਏ ਕਲਾਸਰੂਮਾਂ ਦਾ ਉਦਘਾਟਨ ਕੀਤਾ, ਅਤੇ ਇਸੇ ਪਿੰਡ ਵਿੱਚ ਕਰੀਬ 31.66 ਲੱਖ ਦੀ ਲਾਗਤ ਨਾਲ ਬਣਨ ਵਾਲੇ ਅਨਾਜ ਮੰਡੀ ਦੇ ਸ਼ੈੱਡ ਦਾ ਨੀਂਹ ਪੱਥਰ ਵੀ ਰੱਖਿਆ।
ਚੀਮਾ ਮੰਡੀ (ਬੱਲੋਂ ਪੱਤੀ) ਵਿਖੇ, ਕੈਬਨਿਟ ਮੰਤਰੀ ਨੇ ਕਰੀਬ 19.10 ਲੱਖ ਦੀ ਲਾਗਤ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਦੋ ਕਲਾਸਰੂਮਾਂ ਦਾ ਨੀਂਹ ਪੱਥਰ ਰੱਖਿਆ ਅਤੇ ਸੁਨਾਮ ਰੋਡ ਪਿੰਡੀ ਵਿਖੇ ਉਨ੍ਹਾਂ ਨੇ ਕਰੀਬ 10.64 ਕਰੋੜ ਦੇ ਸੀਵਰੇਜ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ , ਜੋ ਕਿ ਭੂਮੀਗਤ ਸੀਵਰੇਜ ਕੁਨੈਕਸ਼ਨ, ਸਹੀ ਨਿਕਾਸੀ ਪ੍ਰਣਾਲੀਆਂ ਪ੍ਰਦਾਨ ਕਰੇਗਾ ਅਤੇ ਹਜ਼ਾਰਾਂ ਨਿਵਾਸੀਆਂ ਲਈ ਸਫਾਈ ਸਥਿਤੀਆਂ ਵਿੱਚ ਸੁਧਾਰ ਕਰੇਗਾ।



ਇੱਥੇ ਹੀ ਉਨ੍ਹਾਂ ਨੇ ਕਰੀਬ 09.55 ਲੱਖ ਰੁਪਏ ਦੀ ਲਾਗਤ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਬਣੇ ਕਲਾਸਰੂਮਾਂ ਦਾ ਉਦਘਾਟਨ ਕੀਤਾ।ਪਿੰਡ ਸ਼ਾਹਪੁਰ ਕਲਾਂ ਵਿਖੇ, ਉਨ੍ਹਾਂ ਨੇ ਕਰੀਬ 19.10 ਲੱਖ ਰੁਪਏ ਦੀ ਲਾਗਤ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਬਣਨ ਵਾਲੇ ਕਲਾਸਰੂਮਾਂ ਦਾ ਨੀਂਹ ਪੱਥਰ ਰੱਖਿਆ।ਉਭਾਵਾਲ ਵਿਖੇ, ਉਨ੍ਹਾਂ ਨੇ ਅਨਾਜ ਮੰਡੀ ਵਿੱਚ ਕਰੀਬ 31.66 ਲੱਖ ਰੁਪਏ ਦੀ ਪ੍ਰੋਜੈਕਟ ਨਾਲ ਬਣਨ ਵਾਲੇ ਸ਼ੈੱਡ ਦਾ ਨੀਂਹ ਪੱਥਰ ਰੱਖਿਆ।ਇਹ ਨਵੇਂ ਸ਼ੈੱਡ ਕਿਸਾਨਾਂ ਨੂੰ ਖਰੀਦ ਸੀਜ਼ਨ ਦੌਰਾਨ ਮੌਸਮੀ ਸਥਿਤੀਆਂ ਤੋਂ ਉਨ੍ਹਾਂ ਦੀ ਉਪਜ ਦੀ ਰੱਖਿਆ ਲਈ ਢਕੇ ਹੋਏ ਪਲੇਟਫਾਰਮ ਪ੍ਰਦਾਨ ਕਰਨਗੇ।ਪਿੰਡ ਨਾਗਰਾ ਵਿਖੇ, ਕੈਬਨਿਟ ਮੰਤਰੀ ਨੇ ਕਰੀਬ 25 ਲੱਖ ਰੁਪਏ ਦੀ ਲਾਗਤ ਨਾਲ ਮਨਜ਼ੂਰ ਕੀਤੇ ਇੱਕ ਨਵੇਂ ਪੰਚਾਇਤ ਘਰ ਦਾ ਨੀਂਹ ਪੱਥਰ ਰੱਖਿਆ, ਜੋ ਸਥਾਨਕ ਸ਼ਾਸਨ ਅਤੇ ਭਾਈਚਾਰਕ ਗਤੀਵਿਧੀਆਂ ਲਈ ਇੱਕ ਕੇਂਦਰ ਵਜੋਂ ਕੰਮ ਕਰੇਗਾ।ਇਨ੍ਹਾਂ ਪ੍ਰੋਜੈਕਟਾਂ ਵਿੱਚ ਕੁੱਲ ਨਿਵੇਸ਼ ਕਰੀਬ 13 ਕਰੋੜ ਹੈ, ਜੋ ਸਕੂਲਾਂ ਦੇ ਆਧੁਨਿਕੀਕਰਨ, ਅਨਾਜ ਮੰਡੀਆਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ? ਕਰਨ, ਸਫਾਈ ਸਹੂਲਤਾਂ ਨੂੰ ਬਿਹਤਰ ਬਣਾਉਣ ਤੇ ਪੇਂਡੂ ਬੁਨਿਆਦੀ ਢਾਂਚੇ ਨੂੰ ਬਿਹਤਰ ਸਹੂਲਤਾਂ ਪੈਦਾ ਕਰਨ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।
ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਾਰੇ ਲੋਕਾਂ ਲਈ ਮਿਆਰੀ ਸਿੱਖਿਆ, ਆਧੁਨਿਕ ਬੁਨਿਆਦੀ ਢਾਂਚਾ ਅਤੇ ਬਿਹਤਰ ਨਾਗਰਿਕ ਸਹੂਲਤਾਂ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਇਨ੍ਹਾਂ ਵਿਕਾਸ ਪ੍ਰੋਜੈਕਟਾਂ ਦਾ ਸਿੱਧਾ ਲਾਭ ਕਿਸਾਨਾਂ, ਵਿਦਿਆਰਥੀਆਂ ਤੇ ਆਮ ਨਾਗਰਿਕਾਂ ਨੂੰ ਹੋਵੇਗਾ।ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਪਤਵੰਤੇ, ਆਮ ਆਦਮੀ ਪਾਰਟੀ ਦੇ ਵੱਖ-ਵੱਖ ਅਹੁਦੇਦਾਰ ਅਤੇ ਵੱਡੀ ਗਿਣਤੀ ਵੱਖ ਵੱਖ ਪਿੰਡਾਂ ਤੇ ਨਗਰਾਂ ਦੇ ਵਾਸੀ ਹਾਜ਼ਰ ਸਨ।

## ਕਾਤਰਾਂ

### ਨਸ਼ਾ ਤਸਕਰ 800 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸ੍ਰੀ ਮੁਕਤਸਰ ਸਾਹਿਬ ਪੁਲਸ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈਆਂ ਹੋਰ ਤੇਜ਼ ਕਰ ਦਿੱਤੀਆਂ ਗਈਆਂ ਹਨ। ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਡਾ. ਅਖਿਲ ਚੌਧਰੀ ਦੇ ਸਖ਼ਤ ਦਿਸ਼ਾ-ਨਿਰਦੇਸ਼ਾਂ ਹੇਠ, ਸੀ.ਆਈ.ਏ. ਟੀਮ ਨੇ ਇਕ ਹੋਰ ਵੱਡੀ ਕਾਮਯਾਬੀ ਹਾਸਲ ਕਰਦਿਆਂ ਵਪਾਰਕ ਮਾਤਰਾ ਵਿੱਚ ਹੈਰੋਇਨ ਬਰਾਮਦ ਕੀਤੀ।ਐੱਸ. ਪੀ. ਡੀ. ਸ੍ਰੀ ਮੁਕਤਸਰ ਸਾਹਿਬ ਤੇ ਡੀ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਦੀ ਦੇਖ-ਰੇਖ ਹੇਠ, ਸੀ.ਆਈ.ਏ. ਟੀਮ ਵੱਲੋਂ ਇੱਕ ਸ਼ੱਕੀ ਵਿਅਕਤੀ ਨੂੰ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ ਉਸਦੇ ਕੋਲੋਂ 800 ਗ੍ਰਾਮ ਹੈਰੋਇਨ ਬਰਾਮਦ ਹੋਈ।ਇਸ ਸਬੰਧੀ ਪੁਲਿਸ ਥਾਣਾ ਕਬਰਵਾਲਾ ਵਿਖੇ ਕੇਸ ਦਰਜ ਕਰਕੇ ਬਲਜਿੰਦਰ ਸਿੰਘ ਪੁੱਤਰ ਗੁਰਨਾਮ ਸਿੰਘ, ਨਿਵਾਸੀ ਪਿੰਡ ਮਿੱਡਾ ਗ੍ਰਿਫ਼ਤਾਰ ਕਰ ਹਿਰਾਸਤ ਵਿੱਚ ਲਿਆ ਗਿਆ ਹੈ ਅਤੇ ਪੁਲਸ ਰਿਮਾਂਡ ਲਈ ਅਦਾਲਤ ਅੱਗੇ ਪੇਸ਼ ਕੀਤਾ ਜਾਵੇਗਾ, ਤਾਂ ਜੋ ਨਸ਼ਿਆਂ ਦੀ ਇਸ ਸਪਲਾਈ ਚੇਨ ਦੇ ਬੈਕਵਰਡ ਤੇ ਫਾਰਵਰਡ ਲਿੰਕਾਂ ਦੀ ਪਛਾਣ ਕੀਤੀ ਜਾ ਸਕੇ, ਸਪਲਾਈ ਦੇ ਸਰੋਤਾਂ ਤੇ ਸੰਭਾਵੀ ਖਰੀਦਦਾਰਾਂ ਤੱਕ ਪਹੁੰਚ ਹਾਸਲ ਕੀਤੀ ਜਾ ਸਕੇ।

### ਬੌਬੀ ਸਿੰਗਲਾ ਭਾਜਪਾ ਦੇ ਮੰਡਲ ਪ੍ਰਧਾਨ ਨਿਯੁਕਤ



**ਬਠਿੰਡਾ (ਰਾਜੀਵ ਗੋਇਲ)**-2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਭਾਵੇਂ ਹੀ ਹਰ ਸਿਆਸੀ ਪਾਰਟੀ ਵੱਲੋਂ ਤਿਆਰੀਆਂ ਜ਼ੋਰਾਂ 'ਤੇ ਹਨ, ਪਰ 2024 ਦੀਆਂ ਪਾਰਲੀਮੈਂਟ ਚੋਣਾਂ ਵਿੱਚ ਸੂਬੇ ਅੰਦਰ ਭਾਜਪਾ ਦਾ ਵੋਟ ਬੈਂਕ ਵਧਣ ਕਾਰਨ ਹੁਣ ਭਾਜਪਾਈ ਵੀ ਹੌਸਲੇ ਵਿੱਚ ਹਨ, ਜਿਸ ਕਾਰਨ ਪਾਰਟੀ ਹਾਈਕਮਾਨ ਵੱਲੋਂ ਆਪਣੇ ਆਗੂਆਂ ਤੇ ਵਰਕਰਾਂ ਵਿੱਚ ਨਵਾਂ ਜੋਸ਼ ਪੈਦਾ ਕਰਨ ਲਈ ਉਨ੍ਹਾਂ ਨੂੰ ਅਹੁਦਿਆਂ ਨਾਲ ਨਿਵਾਜ਼ਿਆ ਜਾ ਰਿਹਾ ਹੈ।ਇਸੇ ਹੀ ਲੜੀ ਤਹਿਤ ਨਵ-ਨਿਯੁਕਤ ਜ਼ਿਲ੍ਹਾ ਬਠਿੰਡਾ ਦੇ ਦਿਹਾਤੀ ਇਲਾਕੇ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਮਲੂਕਾ ਵੱਲੋਂ ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਦਾ ਨਵਾਂ ਮੰਡਲ ਪ੍ਰਧਾਨ ਨਿਯੁਕਤ ਕਰਦੇ ਹੋਏ ਬਬਲੇਸ਼ ਕੁਮਾਰ ਬੌਬੀ ਸਿੰਗਲਾ ਨੂੰ ਵੱਡੀ ਜ਼ਿੰਮੇਵਾਰੀ ਦਿੱਤੀ ਗਈ ਹੈ।ਪਾਰਟੀ ਹਾਈਕਮਾਨ ਦਾ ਧੰਨਵਾਦ ਕਰਦੇ ਹੋਏ ਸਿੰਗਲਾ ਵੱਲੋਂ ਦਿੱਤੀ ਜ਼ੁੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਵਾਅਦਾ ਕੀਤਾ ਗਿਆ ਹੈ।

### ਬੀ ਕੇ ਯੂ ਸ਼ਾਦੀਪੁਰ ਦੀ ਮਹੀਨਾਵਾਰ ਮੀਟਿੰਗ

**ਸਮਾਣਾ (ਗੁਰਪਿਆਰ ਸਿੰਘ ਬੱਲ)**-ਭਾਰਤੀ ਕਿਸਾਨ ਯੂਨੀਅਨ ਏਕਤਾ ਸ਼ਾਦੀਪੁਰ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਬੂਟਾ ਸਿੰਘ ਸ਼ਾਦੀਪੁਰ ਦੀ ਅਗਵਾਈ ਹੇਠ ਗੁਰੂਦਵਾਰਾ ਸ਼੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਬੇਬੇ ਨਾਨਕੀ ਦੀ ਸਰਾਂ ਵਿਖੇ ਹੋਈ।ਇਸ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਕਿਸਾਨ ਆਗੂਆਂ ਨੇ ਹਿੱਸਾ ਲਿਆ।ਮੀਟਿੰਗ ਦਾ ਮੁੱਖ ਏਜੰਡਾ ਪ੍ਰਵਾਸੀਆਂ ਦਾ ਆਧਾਰ ਕਾਰਡ ਅਤੇ ਪੈਨ ਕਾਰਡਾਂ ਦਾ ਰਿਕਾਰਡ ਰੱਖਿਆ ਜਾਵੇ।ਮਿਹਨਤ ਮਜ਼ਦੂਰੀ ਦਾ ਪੱਕਾ ਕਨੂੰਨ ਬਣਾ ਕੇ ਉਨਾਂ ਤੇ ਸਖ਼ਤੀ ਕੀਤੀ ਜਾਵੇ।ਝੋਨੇ ਦੇ ਸੀਜ਼ਨ ਦੌਰਾਨ ਹੜ੍ਹਾਂ ਤੇ ਬੀਮਾਰੀਆਂ ਨਾਲ ਪ੍ਰਭਾਵਿਤ ਹੋਈਆਂ ਕਿਸਾਨਾਂ ਦੀਆਂ ਪੱਕੀਆਂ ਫ਼ਸਲਾਂ ਦੀ ਵਿਸ਼ੇਸ਼ ਗਿਰਦਾਵਰੀ ਕਰਵਾ ਕੇ ਛੇਤੀ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਜਾਵੇ। ਝੋਨੇ ਦੇ ਸੀਜ਼ਨ ਦੌਰਾਨ ਪਰਾਲੀ ਸਾੜਨ ਦੇ ਮਾਮਲੇ ਤੇ ਸਰਕਾਰ ਢੁੱਕਵਾਂ ਪ੍ਰਬੰਧ ਕਰੇ।ਕਿਸਾਨਾਂ ਨੂੰ ਪ੍ਰਸ਼ਾਸਨ ਰਾਹੀਂ ਤੰਗ ਪ੍ਰੇਸ਼ਾਨ ਨਾ ਕਰੇ ਸਰਕਾਰ।ਇਸ ਤੋਂ ਇਲਾਵਾ ਹੋਰ ਮੁੱਦਿਆਂ 'ਤੇ ਵੀ ਚਰਚਾ ਕੀਤੀ ਗਈ।

# ਮਜ਼ਦੂਰ ਪਰਵਾਰਾਂ ਵੱਲੋਂ ਹਾਈਵੇਅ 'ਤੇ ਧਰਨਾ ਜਾਰੀ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਇਥੋਂ ਲੰਘਦੇ ਐੱਨ ਐੱਚ 259 ਵਿੱਚ ਮਜ਼ਦੂਰ ਪਰਵਾਰਾਂ ਦੇ ਘਰ ਆਉਂਦੇ ਹਨ, ਵੱਲੋਂ ਬੀਤੇ 10 ਸਤੰਬਰ 25 ਤੋਂ ਸੜਕ ਉੱਪਰ ਬੈਠ ਕੇ ਲਗਾਤਾਰ ਧਰਨਾ ਦਿੱਤਾ ਜਾ ਰਿਹਾ ਹੈ, ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਅਜੇ ਕੋਈ ਵੀ ਹੱਲ ਤੇ ਸਾਡੀ ਕੋਈ ਵੀ ਸੁਣਵਾਈ ਨਹੀਂ ਹੋਈ। ਅਸੀਂ ਇਸ ਸਬੰਧ ਵਿੱਚ ਪ੍ਰਸ਼ਾਸਨ ਨੂੰ ਬੇਨਤੀ ਕਰ ਚੁੱਕੇ ਹਾਂ ਕਿ ਸਾਡੇ ਇਸ ਮਸਲੇ ਦਾ ਸਾਰੇ ਪਰਵਾਰਾਂ ਵੱਲੋਂ ਸਹਿਮਤੀ ਨਾਲ ਹੱਲ ਕੀਤਾ ਜਾਵੇ।ਇਸ ਤੋਂ ਇਲਾਵਾ ਇਹ ਰੋਡ ਕੱਚਾ ਹੋਣ ਕਾਰਨ ਗੱਡੀਆਂ ਦੀ ਆਵਾਜਾਈ ਕਾਰਨ ਘੱਟਾ ਮਿੱਟੀ ਸਾਡੇ ਘਰਾਂ ਵਿੱਚ ਬਹੁਤ ਆਉਂਦਾ ਹੈ, ਜਿਸ ਕਰਕੇ ਸਾਨੂੰ ਘਰਾਂ ਵਿੱਚ ਰੋਟੀ ਪਕਾਉਣੀ ਬਹੁਤ ਮੁਸ਼ਕਲ ਹੈ। ਇਸ ਗੱਲ 'ਤੇ ਸਾਡੇ ਵੱਲੋਂ ਹਲਕਾ ਨਿਹਾਲ ਸਿੰਘ ਵਾਲਾ ਦੇ ਐੱਸ ਡੀ ਐੱਮ ਨਾਲ ਗੱਲਬਾਤ ਕਰਕੇ ਦੱਸਿਆ ਗਿਆ ਸੀ, ਪ੍ਰੰਤੂ ਇਸ ਮਸਲੇ ਦੇ ਸਬੰਧ ਵਿੱਚ ਜੋ ਸੰਘਰਸ਼ ਕਮੇਟੀ ਵੱਲੋਂ 14 ਮੈਂਬਰੀ ਤੇ ਕਿਸਾਨ ਮਜ਼ਦੂਰ ਜਥੇਬੰਦੀਆਂ ਤੇ ਇਨਸਾਫ਼ ਪਸੰਦ ਲੋਕਾਂ ਵੱਲੋਂ ਮੀਟਿੰਗ ਕਰਕੇ ਫੈਸਲਾ ਲਿਆ ਗਿਆ ਹੈ ਕਿ ਜੇਕਰ ਸੋਮਵਾਰ ਤੱਕ ਪਾਣੀ ਦਾ ਛਿੜਕਾਅ ਕਰਕੇ ਧੂੜ ਮਿੱਟੀ ਨੂੰ ਨਹੀਂ ਰੋਕਿਆ ਗਿਆ ਤਾਂ ਮਜਬੂਰਨ ਐੱਸ ਡੀ ਐੱਮ ਦਫਤਰ ਵਿਖੇ ਧਰਨਾ ਦਿੱਤਾ ਜਾਵੇਗਾ।ਇਸ ਮੌਕੇ 14 ਮੈਂਬਰੀ ਕਮੇਟੀ ਸੰਘਰਸ਼ ਕਮੇਟੀ, ਸ਼ੇਰੇ ਏ ਪੰਜਾਬ ਜੱਥੇਬੰਦੀ, ਕਿਸਾਨ ਮਜ਼ਦੂਰ ਇੰਨਸਾਫ਼ ਕਮੇਟੀ, ਲੋਕ ਭਲਾਈ ਇੰਨਸਾਫ਼ ਵੈੱਲਫੇਅਰ ਸੁਸਾਇਟੀ ਖੇਤ ਮਜ਼ਦੂਰ ਜਥੇਬੰਦੀ ਆਦਿ ਹਾਜ਼ਰ ਸਨ।

# ਇਲੈਕਟਰੋ ਹੋਮਿਓਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਪੰਜਾਬ ਦੀ ਮੀਟਿੰਗ

## ਇਲੈਕਟਰੋ ਹੋਮਿਓਪੈਥਿਕ ਦਵਾਈਆਂ ਬਿਨਾਂ ਕਿਸੇ ਮਾੜੇ ਪ੍ਰਭਾਵ ਗੰਭੀਰ ਬਿਮਾਰੀਆਂ ਨੂੰ ਠੀਕ ਕਰਨ 'ਚ ਸਹਾਈ : ਜਗਤਾਰ ਸੇਖੋਂ



**ਮੋਗਾ (ਇਕਬਾਲ ਸਿੰਘ ਖਹਿਰਾ)**-ਇਲੈਕਟਰੋ ਹੋਮਿਓਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਪੰਜਾਬ ਦੀ ਮਹੀਨਾਵਾਰ ਮੀਟਿੰਗ ਚੋਖਾ ਅੰਪਾਇਰ ਮੋਗਾ ਵਿੱਚ ਹੋਈ ਮੀਟਿੰਗ ਵਿੱਚ ਪੰਜਾਬ ਹਰਿਆਣਾ ਦਿੱਲੀ ਤੋਂ ਲਗਭਗ 100 ਤੋਂ ਵੱਧ ਡਾਕਟਰਾਂ ਨੇ ਹਿੱਸਾ ਲਿਆ।ਇਸ ਮੀਟਿੰਗ ਦੀ ਸ਼ੁਰੂਆਤ ਡਾ. ਜਗਜੀਤ ਸਿੰਘ ਗਿੱਲ ਵੱਲੋਂ ਕੀਤੀ ਗਈ।ਉਨ੍ਹਾਂ ਪੰਜਾਬ ਤੇ ਹਿਮਾਚਲ ਪ੍ਰਦੇਸ਼ ਵਿੱਚ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਗੱਲ ਕਰਦਿਆਂ ਸਭ ਨੂੰ ਮਾਨਵਤਾ ਦੇ ਭਲੇ ਲਈ ਲੋੜਵੰਦਾ ਦੀ ਮੱਦਦ ਦਾ ਸੁਨੇਹਾ ਦਿੱਤਾ। ਇਸ ਸਮੇਂ ਡਾ ਮਨਪ੍ਰੀਤ ਸਿੰਘ ਵਲੋਂ ਮੋਹਾਲੀ ਤੋ ਡਾ ਕੇਵਲ ਕ੍ਰਿਸ਼ਨ ਭੁੱਕਲ ਦੇ ਬੇਵਕਤੀ ਅਕਾਲ ਚਲਾਣੇ ਦਾ ਦੁੱਖ ਪ੍ਰਗਟ ਕੀਤਾ ਅਤੇ ਉਨ੍ਹਾਂ ਵੱਲੋਂ ਐਸੋਸੀਏਸ਼ਨ ਨੂੰ ਦਿੱਤੇ ਸਹਿਯੋਗ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ ਗਈ।ਉਪਰੰਤ ਮੀਟਿੰਗ ਵਿੱਚ ਡਾ ਜਗਤਾਰ ਸਿੰਘ ਸੇਖੋ ਨੇ ਸੰਗ੍ਰਹਿਣੀ ਰੋਗ ਦੇ ਕਾਰਨ ਅਤੇ ਇਲਾਜ ਬਾਰੇ ਦੱਸਿਆ।ਡਾ. ਪ੍ਰਮਿੰਦਰ ਪਾਠਕੁ ਨੇ ਇਲੈਕਟ੍ਰੋਹੋਮਿਓਪੈਥੀ ਦੀਆਂ ਦਵਾਈਆਂ ਨੂੰ ਬਾਹਰੀ ਤੌਰ ਤੇ ਵਰਤੋਂ ਕਰਨ ਸਬੰਧੀ ਜਾਣਕਾਰੀ ਦਿੱਤੀ।ਡਾ. ਜਸਵਿੰਦਰ ਸਿੰਘ ਸਮਾਧ ਭਾਈ ਨੇ ਚਮੜੀ ਦੀ ਬਣਤਰ ਸਬੰਧੀ ਜਾਣਕਾਰੀ ਦਿੱਤੀ।ਡਾ. ਸ਼ਿੰਦਰ ਸਿੰਘ ਕਲੇਰ ਨੇ ਐਮਰਜੈਂਸੀ ਦੌਰਾਨ ਸੀ ਆਰ ਪੀ ਕਰਨ ਦੀ ਵਿਧੀ ਬਾਰੇ ਜਾਣਕਾਰੀ ਦਿੱਤੀ।ਡਾ. ਕਮਲਜੀਤ ਕੌਰ ਸੇਖੋਂ ਨੇ ਇਲੈਕਟਰੋਹੋਮਿਓਪੈਥੀ ਵਿੱਚ ਵਰਤੇ ਜਾਣ ਵਾਲੇ ਦੋ ਪੌਦਿਆ ਦੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ।ਇਸ ਮੀਟਿੰਗ ਵਿੱਚ ਡਾ. ਕਿਸ਼ੋਰ ਕੁਮਾਰ ਵੱਲੋਂ ਦਿਲ ਦੇ ਰੋਗ, ਡਾ ਰਾਜ ਕੁਮਾਰ ਵੱਲੋਂ ਪਸ਼ੂਆਂ ਦੇ ਥਣ ਦਾ ਰੁਕ ਜਾਣਾ ਆਦਿ ਰੋਗ, ਡਾ ਜਸਵਿੰਦਰ ਸਿੰਘ ਗਿੱਲ ਵੱਲੋਂ ਗੁਰਦੇ ਦੇ ਰੋਗ ਤੇ ਡਾ. ਵੀਰਪਾਲ ਕੌਰ ਨੇ ਬਾਝਪਣ ਦੇ ਇਲਾਜ ਸਬੰਧੀ ਆਪਣੇ ਕਲੀਨੀਕਲ ਤਜਰਬੇ ਸਾਂਝੇ ਕੀਤੇ। ਅੰਤ ਡਾ ਜਗਮੋਹਨ ਸਿੰਘ ਧੂੜਕੋਟ ਨੇ ਆਏ ਹੋਏ ਡਾਕਟਰਾਂ ਦਾ ਧੰਨਵਾਦ ਕੀਤਾ ਅਤੇ ਅਗਲੇ ਮਹੀਨੇ ਦੀ ਮੀਟਿੰਗ ਵਿੱਚ ਆਉਣ ਦਾ ਸੱਦਾ ਦਿੱਤਾ ਇਸ ਸਮੇਂ ਮੀਟਿੰਗ ਵਿੱਚ ਡਾ ਸੰਤੋਖ ਸਿੰਘ, ਡਾ ਸਰਬਜੀਤ ਸਿੰਘ, ਡਾ ਸ਼ਮਸ਼ੇਰ ਸਿੰਘ, ਡਾ ਅਵਤਾਰ ਸਿੰਘ ਦੇਵਗਨ, ਡਾ ਰੋਬਿਨ ਅਰੋੜਾ, ਡਾ ਅਰਚਨਾ ਸ਼ਰਮਾ, ਡਾ ਵਰਿੰਦਰ ਸਿੰਘ, ਡਾ ਐਸਕੇ ਕਟਾਰੀਆ, ਡਾ ਹਰਦੇਵ ਸਿੰਘ ਸੈਣੀ, ਡਾ ਧਰਮਪਾਲ ਸਿੰਘ ਸ਼ੇਰਗਿੱਲ, ਡਾ ਕੁਲਵਿੰਦਰ ਸਿੰਘ, ਡਾ ਨਵਜੋਤ ਸਿੰਘ, ਡਾ ਦਿਆ ਸਿੰਘ, ਡਾ ਜਗਜੀਤ ਸਿੰਘ, ਡਾ ਪਰਵੀਨ ਕੌਰ, ਡਾ ਦਵਿੰਦਰ ਸਿੰਘ, ਡਾ ਵੀਰਪਾਲ ਕੌਰ ਕੁੱਸਾ, ਡਾ ਸੁਰਜੀਤ ਸਿੰਘ, ਡਾ ਕਿਰਨ ਖਾਨ, ਡਾ ਸੁਖਵਿੰਦਰ ਸਿੰਘ, ਡਾ ਸਨੀਦੀਪ ਸਿੰਘ, ਡਾ ਅਮਰਜੀਤ ਸਿੰਘ, ਡਾ ਲਖਵਿੰਦਰ ਸਿੰਘ, ਡਾ ਸੁਨੀਲ ਦੱਤ ਸ਼ਰਮਾ, ਡਾ ਤਜਿੰਦਰ ਪਾਲ ਸ਼ਰਮਾ, ਡਾ ਸੁਖਮਿੰਦਰ ਸਿੰਘ, ਡਾ ਬਲਕਾਰ ਸਿੰਘ, ਡਾ ਕੁਲਵਿੰਦਰ ਸਿੰਘ, ਡਾ ਮੋਹਨ ਮਹਿਰਾ, ਡਾ ਸੁਰਿੰਦਰ ਅਰੋੜਾ, ਡਾ ਸੁਨੀਲ ਸਹਿਗਲ, ਡਾ ਸੰਜੀਵ ਜੁਨੇਜਾ, ਡਾ ਤਿਰਲੋਕ ਸਿੰਘ, ਡਾ ਮੋਹਨ ਸਿੰਘ, ਡਾ ਕ੍ਰਿਸ਼ਨ ਸਿੰਘ, ਡਾ ਚਮਕੌਰ ਸਿੰਘ, ਡਾ ਨਰਿੰਦਰ ਸਿੰਘ, ਡਾ ਹਰਜੀਤ ਸਿੰਘ ਆਦਿ ਹਾਜ਼ਰ ਸਨ।

# ਡੀ ਬੀ ਯੂ 'ਚ ਪਲੇ ਵੇ ਤੋਂ ਲੈ ਕੇ ਪੀ ਐੱਚ ਡੀ ਤੱਕ ਦੀ ਸਿੱਖਿਆ ਇੱਕੋ ਛੱਤ ਥੱਲੇ ਉਪਲੱਬਧ : ਡਾ ਜ਼ੋਰਾ ਸਿੰਘ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਕੁਲਭੂਸ਼ਨ ਚਾਵਲਾ)**-ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਦੀ ਦੂਰਦਰਸ਼ੀ ਅਗਵਾਈ ਹੇਠ, ਡੀਬੀਯੂ ਇੱਕ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਸੰਸਥਾ ਵਿੱਚ ਬਦਲ ਗਿਆ ਹੈ, ਜਿਸ ਵਿੱਚ ਇੰਜੀਨੀਅਰਿੰਗ, ਕਾਨੂੰਨ, ਫਾਰਮੇਸੀ, ਡੈਂਟਲ ਸਾਇੰਸਜ਼, ਆਯੁਰਵੇਦ, ਅਲਾਈਡ ਹੈਲਥਕੇਅਰ, ਨਰਸਿੰਗ, ਹੋਟਲ ਮੈਨੇਜਮੈਂਟ, ਵਪਾਰ ਅਤੇ ਹੋਰ ਬਹੁਤ ਸਾਰੇ ਵਿਸ਼ਿਆਂ ਵਿੱਚ ਡਿਪਲੋਮਾ ਤੋਂ ਲੈ ਕੇ ਪੀਐੱਚਡੀ ਤੱਕ ਦੇ ਵਿਭਿੰਨ ਪ੍ਰੋਗਰਾਮ ਹਨ।ਇਸ ਮੌਕੇ ਬੋਲਦਿਆਂ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਨੇ ਕਿਹਾ ਕਿ ਦੇਸ਼ ਭਗਤ ਗਰੁੱਪ ਦੀ ਇੱਕ ਮਹੱਤਵਪੂਰਨ ਪ੍ਰਾਪਤੀ ਸੇਂਟ ਵਿਨਸੈਂਟ ਤੇ ਗ੍ਰੇਨਾਡਾਈਨਜ਼ ਵਿੱਚ ਡੀਬੀਯੂ ਅਮਰੀਕਾ ਸਕੂਲ ਆਫ਼ ਮੈਡੀਸਨ ਦੀ ਸਥਾਪਨਾ ਹੈ, ਜੋ ਕਿ ਐਮਬੀਬੀਐਸ ਦੇ ਬਰਾਬਰ ਐੱਮ ਡੀ ਦੀ ਡਿਗਰੀ ਪ੍ਰਦਾਨ ਕਰਦੀ ਹੈ।
ਉਨ੍ਹਾਂ ਦੱਸਿਆ ਕਿ ਦੇਸ਼ ਭਗਤ ਕਾਲਜ ਆਫ਼ ਮਲਟੀਡਿਸਿਪਲਨਰੀ ਐਜੂਕੇਸ਼ਨ, ਜੋ ਕਿ ਯੂਨੀਵਰਸਿਟੀ ਦਾ ਇੱਕ ਸੰਘਟਕ ਕਾਲਜ ਹੈ, ਰਾਹੀਂ ਪਹੁੰਚਯੋਗਤਾ ਤੇ ਸਮਾਵੇਸ਼ ਪ੍ਰਤੀ ਆਪਣੀ ਵਚਨਬੱਧਤਾ ਨੂੰ ਉਜਾਗਰ ਕੀਤਾ। ਕੈਂਪਸ ਕਈ ਤਰ੍ਹਾਂ ਦੇ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦਾ ਹੈ ਜਿਵੇਂ ਦੇਸ਼ ਭਗਤ ਗਲੋਬਲ ਸਕੂਲ-ਇੱਕ ਸੀਨੀਅਰ ਸੈਕੰਡਰੀ ਸਹਿ-ਸਿੱਖਿਆ ਸਕੂਲ, ਸੀਬੀਐਸਈ, ਨਵੀਂ ਦਿੱਲੀ ਨਾਲ ਸੰਬੰਧਤ, ਗਿਆਨ ਰਾਹੀਂ ਮਨਾਂ ਨੂੰ ਸਸ਼ਕਤ ਬਣਾਉਣਾ, ਕਦਰਾਂ-ਕੀਮਤਾਂ ਰਾਹੀਂ ਦਿਲਾਂ ਦਾ ਪਾਲਣ-ਪੋਸ਼ਣ ਕਰਨਾ, ਜਿੱਥੇ ਅਕਾਦਮਿਕ ਉੱਤਮਤਾ ਸੰਪੂਰਨ ਵਿਕਾਸ ਨੂੰ ਪੂਰਾ ਕਰਦੀ ਹੈ ਤੇ ਆਈਟੀ ਇੰਜੀਨੀਅਰਿੰਗ ਤਕਨਾਲੋਜੀ, ਕੰਪਿਊਟਰ ਐਪਲੀਕੇਸ਼ਨਾਂ ਅਤੇ ਉਦਯੋਗ-ਅਧਾਰਤ ਨਵੀਨਤਾਵਾਂ ਵਿੱਚ ਅਤਿ-ਆਧੁਨਿਕ ਸਿੱਖਿਆ ਪ੍ਰਦਾਨ ਕਰਦੇ ਹਨ।ਡਾਕਟਰ ਜ਼ੋਰਾ ਸਿੰਘ ਨੇ ਪ੍ਰੈੱਸ ਕਾਨਫਰਸ ਵਿੱਚ ਸੰਬੋਧਨ ਕਰਦੇ ਹੋਏ ਕਿਹਾ ਕਿ ਦੇਸ਼ ਭਗਤ ਯੂਨੀਵਰਸਿਟੀ ਵਿਖੇ ਅਸੀਂ ਸਿਰਫ਼ ਗ੍ਰੈਜੂਏਟ ਹੀ ਨਹੀਂ, ਸਗੋਂ ਖੋਜ-ਅਧਾਰਤ ਗਿਆਨ, ਨਵੀਨਤਾ ਅਤੇ ਮਜ਼ਬੂਤ ਕਦਰਾਂ-ਕੀਮਤਾਂ ਨਾਲ ਲੈਸ ਵਿਸ਼ਵਵਿਆਪੀ ਨੇਤਾ ਪੈਦਾ ਕਰਨ ਲਈ ਵਚਨਬੱਧ ਹਾਂ।ਉਨ੍ਹਾਂ ਨਾਲ ਡਾ. ਤਜਿੰਦਰ ਕੌਰ, ਪ੍ਰੋ ਚਾਂਸਲਰ, ਡੀ.ਬੀ.ਯੂ. ਵੀ ਸ਼ਾਮਲ ਹੋਏ, ਜਿਨ੍ਹਾਂ ਨੇ ਵਿਸ਼ਵਵਿਆਪੀ ਸਹਿਯੋਗ ਨੂੰ ਉਤਸ਼ਾਹਤ ਕਰਨ, ਬਹੁ-ਅਨੁਸ਼ਾਸਨੀ ਸਿੱਖਿਆ ਨੂੰ ਅੱਗੇ ਵਧਾਉਣ ਅਤੇ ਸਾਰੇ ਸਿਖਿਆਰਥੀਆਂ ਲਈ ਸਮਾਵੇਸ਼ੀ ਵਿਕਾਸ ਨੂੰ ਯਕੀਨੀ ਬਣਾਉਣ ਵਿੱਚ ਡੀ.ਬੀ.ਯੂ. ਦੀ ਭੂਮਿਕਾ 'ਤੇ ਜ਼ੋਰ ਦਿੱਤਾ।ਇਸ ਮੌਕੇ ਉਨ੍ਹਾਂ ਨੇ ਦੇਸ਼ ਭਗਤ ਦੀ ਟੀਮ, ਸ਼੍ਰੀ ਸੰਜੀਵ ਕੁਮਾਰ, ਮਨੀਸ਼ ਜੋਸ਼ੀ, ਰੁਪਿੰਦਰ ਕੌਰ, ਮੇਜਰ ਮਹਿਤਾ, ਵਰਿੰਦਰ ਮਦਾਨ, ਦਿਲਬਾਗ ਸਿੰਘ ਬਾਗੀ, ਨਵਦੀਪ ਸਿੰਘ ਦੇ ਕੰਮਾਂ ਦੀ ਸਰਾਹਣਾ ਕੀਤੀ ਤੇ ਮੀਡੀਆ ਟੀਮ ਦਾ ਦਿਲੋਂ ਧੰਨਵਾਦ ਕੀਤਾ।

# ਸਰਵਪ੍ਰਵਾਨਤ ਉਮੀਦਵਾਰ ਨੂੰ ਹੀ ਜ਼ਿਲ੍ਹਾ ਪ੍ਰਧਾਨ ਦੀ ਸੌਂਪਾਂਗੇ ਜ਼ਿੰਮੇਵਾਰੀ : ਅਨਿਲ ਕੁਮਾਰ

## ਸੰਗਠਨ ਸਿਰਜਣ ਅਭਿਆਨ ਤਹਿਤ ਕਾਂਗਰਸ ਵੱਲੋਂ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)**-ਹਾਈ ਕਮਾਂਡ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਾਂਗਰਸ ਪਾਰਟੀ ਵੱਲੋਂ ਸੰਗਠਨ ਸਿਰਜਣ ਮੁਹਿੰਮ ਪੂਰੇ ਦੇਸ਼ 'ਚ ਚਲਾਈ ਜਾ ਰਹੀ ਹੈ।ਇਸੇ ਕੜੀ ਤਹਿਤ ਸਥਾਨਕ ਫੋਰ ਸੀਜ਼ਨ ਹੋਟਲ ਵਿਖੇ ਇੱਕ ਅਹਿਮ ਮੀਟਿੰਗ ਕੀਤੀ ਗਈ।ਮੀਟਿੰਗ 'ਚ ਕਾਂਗਰਸ ਹਾਈ ਕਮਾਂਡ ਵੱਲੋਂ ਨਿਯੁਕਤ ਕੇਂਦਰੀ ਨਿਗਰਾਨ ਸ੍ਰੀ ਅਨਿਲ ਕੁਮਾਰ ਚੌਧਰੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਮੀਟਿੰਗ ਦਾ ਮੁੱਖ ਮਕਸਦ ਜ਼ਿਲ੍ਹਾ ਪ੍ਰਧਾਨ ਚੁਣਨ ਲਈ ਕਾਂਗਰਸ ਪਾਰਟੀ ਦੇ ਹੇਠਲੇ ਪੱਧਰ ਦੇ ਆਗੂਆਂ ਤੇ ਵਰਕਰਾਂ ਦੀ ਨਬਜ਼ ਟੋਹਣਾ ਹੀ ਸੀ।ਵਰਕਰਾਂ ਤੇ ਆਗੂਆਂ ਦੀ ਭਰਵੀਂ ਮੀਟਿੰਗ ਤੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਏ ਆਈ ਸੀ ਸੀ ਇੰਚਾਰਜ ਸ੍ਰੀ ਅਨਿਲ ਚੌਧਰੀ ਨੇ ਕਿਹਾ ਕਿ ਉਹ ਜ਼ਿਲ੍ਹਾ ਮਾਨਸਾ 'ਚ ਤਿੰਨ ਦਿਨ ਲਈ ਠਹਿਰਨਗੇ ਤੇ ਜ਼ਿਲ੍ਹੇ ਨਾਲ ਸਬੰਧਤ ਸਮੁੱਚੇ ਆਗੂਆਂ ਤੇ ਵਰਕਰਾਂ ਤੋਂ ਜ਼ਿਲ੍ਹਾ ਪ੍ਰਧਾਨ ਦੀ ਚੋਣ ਲਈ ਵੱਖਰੇ ਵੱਖਰੇ ਤੌਰ 'ਤੇ ਰਾਇ ਲੈਣਗੇ, ਜਿਸ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ।ਉਨ੍ਹਾਂ ਕਿਹਾ ਕਿ ਮਿਹਨਤੀ, ਨਿਸ਼ਠਾਵਾਨ ਤੇ ਸਰਵਪ੍ਰਵਾਨਤ ਉਮੀਦਵਾਰ ਨੂੰ ਹੀ ਜ਼ਿਲ੍ਹਾ ਪ੍ਰਧਾਨ ਵਰਗੀ ਵੱਕਾਰੀ ਤੇ ਅਹਿਮ ਜ਼ਿੰਮੇਵਾਰੀ ਸੌਂਪੀ ਜਾਵੇਗੀ।ਇੱਕ ਸਵਾਲ ਦੇ ਜਵਾਬ ਚੌਧਰੀ ਨੇ ਕਿਹਾ ਕਿ ਮੈਂ ਸਮੁੱਚੀ ਰਿਪੋਰਟ ਹਾਈ ਕਮਾਂਡ ਨੂੰ ਸੌਂਪਣ ਲਈ ਪਾਬੰਦ ਹਾਂ ਤੇ ਆਖਰੀ ਫੈਸਲੇ ਦਾ ਅਧਿਕਾਰ ਹਾਈ ਕਮਾਂਡ ਕੋਲ ਹੀ ਰਹੇਗਾ। ਉਨ੍ਹਾਂ ਆਪਣੇ ਸੰਬੋਧਨ ਦੌਰਾਨ ਵਿਸ਼ਵਾਸ ਦਿਵਾਇਆ ਕਿ ਕਿਸੇ ਵੀ ਵਿਅਕਤੀ ਨਾਲ ਪੱਖਪਾਤ ਜਾਂ ਬੇਇਨਸਾਫ਼ੀ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਚੋਣ ਪੂਰੀ ਤਰ੍ਹਾਂ ਪਾਰਦਰਸ਼ੀ ਪ੍ਰਕਿਰਿਆ ਰਾਹੀਂ ਹੀ ਹੋਵਗੀ।ਇਸ ਸਮੇਂ ਪੰਜਾਬ ਤੋਂ ਮਹਿਲਾ ਵਿੰਗ ਪੰਜਾਬ ਦੀ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਪਵਨ ਕੁਮਾਰ ਗੋਇਲ ਤੇ ਅਵਤਾਰ ਸਿੰਘ ਗੋਨੇਆਣਾ ਵੀ ਬਤੌਰ ਨਿਗਰਾਨ ਮੀਟਿੰਗ 'ਚ ਸ਼ਾਮਲ ਹੋਏ।ਇਸ ਸਮੇਂ ਮੌਜੂਦਾ ਜ਼ਿਲ੍ਹਾ ਪ੍ਰਧਾਨ ਅਰਸ਼ਦੀਪ ਸਿੰਘ ਮਾਈਕਲ ਗਾਗੋਵਾਲ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਕੇਂਦਰੀ ਨਿਗਰਾਨ ਸ੍ਰੀ ਅਨਿਲ ਚੌਧਰੀ ਤਿੰਨ ਦਿਨ ਮਾਨਸਾ ਜ਼ਿਲ੍ਹੇ 'ਚ ਠਹਿਰ ਕੇ ਆਗੂਆਂ ਤੇ ਵਰਕਰਾਂ ਦੇ ਵਿਚਾਰ ਜਾਨਣਗੇ।ਮੀਟਿੰਗ 'ਚ ਕਾਂਗਰਸ ਦੇ ਸੀਨੀਅਰ ਆਗੂ ਅਜੀਤ ਇੰਦਰ ਸਿੰਘ ਮੋਫ਼ਰ, ਬਲਕੌਰ ਸਿੰਘ ਸਿੱਧੂ ਮੂਸੇਵਾਲਾ, ਡਾ. ਰਣਵੀਰ ਕੌਰ ਮੀਆਂ, ਸੱਤਪਾਲ ਸਿੰਘ ਮੂਲੇਵਾਲਾ, ਗੁਰਪ੍ਰੀਤ ਸਿੰਘ ਵਿੱਕੀ, ਕੁਲਵੰਤ ਰਾਏ ਸਿੰਗਲਾ, ਬਿਕਰਮ ਸਿੰਘ ਮੋਫ਼ਰ, ਐਡਵੋਕੇਟ ਬਲਕਰਨ ਸਿੰਘ ਬੱਲੀ, ਅੰਮ੍ਰਿਤਪਾਲ ਸਿੰਘ ਕੂਕਾ, ਸੱਤਪਾਲ ਵਰਮਾ, ਜੀਵਨ ਦਾਸ ਬਾਵਾ, ਸੁਰੇਸ਼ ਨੰਦਗੜੀਆ, ਹਰਵਿੰਦਰ ਕੁਮਾਰ ਭਾਰਦਵਾਜ, ਮਨਦੀਪ ਸਿੰਘ ਗਰਾਂ ਸਾਬਕਾ ਪ੍ਰਧਾਨ ਨਗਰ ਕੌਂਸਲ ਮਾਨਸਾ, ਨਰੋਤਮ ਸਿੰਘ ਚਹਿਲ ਸਾਬਕਾ ਪ੍ਰਧਾਨ ਨਗਰ ਕੌਂਸਲ ਮਾਨਸਾ, ਡਾ. ਮਨਜੀਤ ਸਿੰਘ ਰਾਣਾ, ਕਰਨੈਲ ਸਿੰਘ ਮੈਨੇਜਰ ਤੇ ਮਨਜੀਤ ਮੀਹਾਂ ਆਦਿ ਹਾਜ਼ਰ ਸਨ।

# ਉਪਨੀਤ ਸਿੰਘ ਨੇ ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਵਜੋਂ ਅਹੁਦਾ ਸੰਭਾਲਿਆ



**ਲੁਧਿਆਣਾ (ਰਾਜ ਸਿੰਗਲਾ)**-ਸ੍ਰੀ ਉਪਨੀਤ ਸਿੰਘ ਖ਼ਜਾਨਾ ਅਫ਼ਸਰ ਨੇ ਲੁਧਿਆਣਾ ਦੇ ਨਵੇਂ ਜ਼ਿਲ੍ਹਾ ਖ਼ਜਾਨਾ ਅਫ਼ਸਰ ਵਜੋਂ ਆਪਣਾ ਅਹੁਦਾ ਸੰਭਾਲਿਆ।ਇਸ ਤੋਂ ਪਹਿਲਾਂ ਉਨ੍ਹਾਂ ਬਤੌਰ ਖ਼ਜ਼ਾਨਾ ਅਫ਼ਸਰ, ਜਗਰਾਉਂ ਵੀ ਸੇਵਾ ਨਿਭਾਈ।ਸ੍ਰੀ ਉਪਨੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਮੁੱਖ ਟੀਚਾ ਪੂਰੀ ਜਵਾਬਦੇਹੀ ਤੇ ਪਾਰਦਰਸ਼ੀ ਢੰਗ ਨਾਲ ਪ੍ਰਸ਼ਾਸ਼ਕੀ ਸੇਵਾਵਾਂ ਮੁਹੱਈਆ ਕਰਵਾਉਣਾ ਹੋਵੇਗਾ।ਇਸ ਮੌਕੇ ਮਨਦੀਪ ਸਿੰਘ, ਸੁਪਰਡੰਟ ਰਾਕੇਸ਼ ਕੁਮਾਰ, ਅਸ਼ਵਨੀ ਕੁਮਾਰ ਜੈਨ, ਸਟੇਟ ਪ੍ਰਧਾਨ ਲਖਵੀਰ ਸਿੰਘ ਗਰੇਵਾਲ, ਨਵਦੀਪ ਸਿੰਘ, ਕੁਲਦੀਪ ਕੁਮਾਰ, ਸੁਖਵਿੰਦਰ ਸਿੰਘ ਤੇ ਸਮੂਹ ਸਟਾਫ ਵੱਲੋਂ ਨਵੇਂ ਜ਼ਿਲ੍ਹਾ ਖ਼ਜਾਨਾ ਅਫ਼ਸਰ ਦਾ ਗਲਦਸਤੇ ਭੇਂਟ ਕਰਦਿਆਂ ਨਿੱਘਾ ਸਵਾਗਤ ਕੀਤਾ ਗਿਆ।ਬਾਅਦ ਵਿੱਚ ਉਨ੍ਹਾਂ ਸਟਾਫ ਨਾਲ ਰਸਮੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਲੋਕਾਂ ਨੂੰ ਸਾਫ਼ ਸੁਥਰੀਆਂ, ਸਮਾਂਬੱਧ ਤੇ ਪਾਰਦਰਸ਼ੀ ਪ੍ਰਸ਼ਾਸਨਕ ਸੇਵਾਵਾਂ ਪ੍ਰਦਾਨ ਕਰਨ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ।

# ਯੂਥ ਹਲਕਾ ਪ੍ਰਧਾਨ ਦਿਲਪ੍ਰੀਤ ਭੱਟੀ ਗੁਰਦੁਆਰਾ ਸਾਹਿਬ ਵਿਖੇ ਹੋਏ ਨਤਮਸਤਕ

## ਵਿਧਾਇਕ ਰਾਏ ਤੇ ਗੁਰਪ੍ਰੀਤ ਸਿੰਘ ਜੀਪੀ ਨੇ ਕੀਤੀ ਵਿਸ਼ੇਸ਼ ਸ਼ਿਰਕਤ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਆਮ ਆਦਮੀ ਪਾਰਟੀ ਦੇ ਹਲਕਾ ਫਤਿਹਗੜ੍ਹ ਸਾਹਿਬ ਤੋਂ ਯੂਥ ਪ੍ਰਧਾਨ ਦਿਲਪ੍ਰੀਤ ਸਿੰਘ ਭੱਟੀ ਦੇ ਨਵ ਨਿਯੁਕਤ ਹੋਣ 'ਤੇ ਵਿਧਾਇਕ ਲਖਵੀਰ ਸਿੰਘ ਰਾਏ ਦੇ ਦਫਤਰ ਵਿਖੇ ਇੱਕ ਪ੍ਰੋਗਰਾਮ ਕੀਤਾ ਗਿਆ, ਜਿਸ ਵਿੱਚ ਨੌਜਵਾਨਾਂ ਨੇ ਬਹੁ ਗਿਣਤੀ ਦੇ ਵਿੱਚ ਸ਼ਿਰਕਤ ਕੀਤੀ।ਪ੍ਰੋਗਰਾਮ ਦੇ ਅੰਤ ਵਿੱਚ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ ਗਿਆ। ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਜਿੰਨੇ ਵੀ ਅਹੁਦੇਦਾਰ ਨਿਯੁਕਤ ਕੀਤੇ ਗਏ ਹਨ ਉਹ ਬਿਨਾਂ ਕਿਸੇ ਪੱਖਪਾਤ ਤੋਂ ਕੀਤੇ ਗਏ ਹਨ ਅਤੇ ਆਮ ਘਰਾਂ ਦੇ ਮੁੰਡਿਆਂ ਨੂੰ ਸੇਵਾ ਕਰਨ ਦਾ ਮੌਕਾ ਦਿੱਤਾ ਗਿਆ ਹੈ, ਜਦਕਿ ਪਿਛਲੀਆਂ ਸਰਕਾਰਾਂ ਦੇ ਸਮੇਂ ਸਰਕਾਰਾਂ ਦੇ ਵਿੱਚ ਰਹਿਣ ਵਾਲੇ ਨੁਮਾਇੰਦਿਆਂ ਦੇ ਪਰਵਾਰਾਂ ਵਿੱਚੋਂ ਹੀ ਮੈਂਬਰਾਂ ਨੂੰ ਅਹੁਦੇ ਦਿੱਤੇ ਜਾਂਦੇ ਸਨ।ਆਮ ਆਦਮੀ ਪਾਰਟੀ ਨੇ ਜਿੱਥੇ ਆਮ ਘਰਾਂ ਦੇ ਮੁੰਡਿਆਂ ਨੂੰ ਐੱਮ ਐੱਲ ਏ ਬਣਾਇਆ, ਉੱਥੇ ਹੀ ਆਮ ਲੋਕਾਂ ਨੂੰ ਸਰਕਾਰ ਦੇ ਵਿੱਚ ਅਹੁਦੇਦਾਰੀਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਪਾਰਟੀ ਦੀਆਂ ਵੱਡੀਆਂ ਜ਼ਿੰਮੇਵਾਰੀਆਂ ਵੀ ਸੌਂਪੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਉਕਤ ਨਿਯੁਕਤੀਆਂ ਲਈ ਅਸੀਂ ਸੀਨੀਅਰ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ।ਨੌਜਵਾਨ ਆਗੂਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਤੁਹਾਡੇ ਉੱਤੇ ਵੱਡਾ ਵਿਸ਼ਵਾਸ ਪ੍ਰਗਟਾਇਆ ਗਿਆ ਹੈ, ਇਸ ਲਈ ਆਪਣੇ ਪਿੰਡਾਂ ਦੇ ਵਿੱਚ ਆਪਣੇ ਹਲਕੇ ਦੇ ਵਿੱਚ ਅੱਗੇ ਹੋ ਕੇ ਵਿਕਾਸ ਕਾਰਜ ਕਰਵਾਓ, ਤਾਂ ਜੋ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਆਮ ਲੋਕਾਂ ਤੱਕ ਪਹੁੰਚਾਈਆਂ ਜਾ ਸਕਣ।ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀ ਪੀ ਨੇ ਸੰਬੋਧਨ ਕਰਦਿਆਂ ਨਵੇਂ ਚੁਣੇ ਗਏ ਸਾਰੇ ਹੀ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਤੇ ਭਰੋਸਾ ਦਿੱਤਾ ਕਿ ਹਮੇਸ਼ਾ ਉਹਨਾਂ ਦੇ ਨਾਲ ਡੱਟ ਕੇ ਖੜੇ ਰਹਿਣਗੇ।
ਇਸ ਮੌਕੇ ਨਵ-ਨਿਯੁਕਤ ਹਲਕਾ ਪ੍ਰਧਾਨ ਦਿਲਪ੍ਰੀਤ ਸਿੰਘ ਭੱਟੀ ਨੇ ਸੰਬੋਧਨ ਕਰਦਿਆਂ ਜਿੱਥੇ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕੀਤਾ, ਉੱਤੇ ਹੀ ਵਿਧਾਇਕ ਲਖਬੀਰ ਸਿੰਘ ਰਾਏ ਤੇ ਗੁਰਪ੍ਰੀਤ ਸਿੰਘ ਜੀਪੀ ਦਾ ਵੀ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਉਨ੍ਹਾਂ ਦੇ ਉੱਤੇ ਜੋ ਭਰੋਸਾ ਪ੍ਰਗਟਾਇਆ ਗਿਆ ਹੈ, ਉਹ ਉਸ ਤੇ ਖਰੇ ਉਤਰਨਗੇ।ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਤੇ ਗੁਰਪ੍ਰੀਤ ਸਿੰਘ ਜੀਪੀ ਵੱਲੋਂ ਦਿਲਪ੍ਰੀਤ ਸਿੰਘ ਭੱਟੀ ਤੇ ਉਨ੍ਹਾਂ ਦੀ ਪੂਰੀ ਟੀਮ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ ਗਿਆ।

# ਪਰਾਲੀ ਦੇ ਮੁੱਦੇ 'ਤੇ ਬੇਲਰ ਤੇ ਫੈਕਟਰੀ ਮਾਲਕਾਂ ਵਿਚਕਾਰ ਗੱਲਬਾਤ ਕਰਵਾਉਣ ਦੀ ਮੰਗ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**
ਕੇਂਦਰ ਤੇ ਪੰਜਾਬ ਸਰਕਾਰ ਆਉਣ ਵਾਲੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਤੋਂ ਰੋਕਣ ਲਈ ਜਾਗਰੂਕ ਕਰਨ ਦੀ ਥਾਂ ਕਿਸਾਨਾਂ ਨੂੰ ਡਰਾਉਣ ਦੇ ਰਾਹ ਤੁਰ ਰਹੀ ਹੈ।ਕੋਈ ਵੀ ਕਿਸਾਨ ਖੇਤਾਂ ਵਿੱਚ ਖੜੀ ਪਰਾਲੀ ਨੂੰ ਅੱਗ ਲਾਉਣਾ ਨਹੀਂ ਚਾਹੁੰਦਾਸ ਪਰ ਸਰਕਾਰ ਵੱਲੋਂ ਬਣਦਾ ਸਹਿਯੋਗ ਨਾ ਮਿਲਣ ਕਾਰਨ ਮਜਬੂਰੀ ਬਸ ਉਨ੍ਹਾਂ ਨੂੰ ਅਜਿਹਾ ਕਰਨਾ ਪੈਂਦਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਖੋਸਾ ਦੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਸ਼ੇਰਗੜ੍ਹ ਨੇ ਸ਼ੁਤਰਾਣਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਕਿਸਾਨ ਆਗੂ ਬਲਜੀਤ ਸਿੰਘ ਸ਼ੇਰਗੜ੍ਹ ਨੇ ਕਿਹਾ ਕਿ ਪਰਾਲੀ ਪ੍ਰਬੰਧਨ ਲਈ ਜਿਹੜੀਆਂ ਫੈਕਟਰੀਆਂ ਲਗਾਈਆਂ ਗਈਆਂ ਹਨ, ਉਨ੍ਹਾਂ ਵੱਲੋਂ ਬੇਲਰ ਮਾਲਕਾਂ ਨੂੰ ਜਿੱਥੇ ਪਹਿਲਾਂ 197 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਰੇਟ ਦਿੱਤਾ ਜਾ ਰਿਹਾ ਸੀ, ਉੱਥੇ ਇਹ ਰੇਟ ਵਧਾਉਣ ਦੀ ਬਜਾਏ ਹੁਣ ਬੇਲਰ ਮਾਲਕਾਂ ਦੀ ਸ਼ਰੇਆਮ ਇਹ ਫੈਕਟਰੀਆਂ ਵਾਲੇ ਲੁੱਟ ਕਰ ਰਹੇ ਹਨ।ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਇਨ੍ਹਾਂ ਫੈਕਟਰੀ ਵਾਲਿਆਂ ਨੇ ਪਰਾਲੀ ਚੁੱਕਣ ਤੋਂ ਜਵਾਬ ਦੇ ਦਿੱਤਾ ਸੀ, ਪਰ ਇਸ ਵਾਰ ਕਪੈਸਟੀ ਵੱਧ ਜਾਣ ਕਰਕੇ ਬੇਲਰ ਮਾਲਕਾਂ ਤੋਂ ਪਰਾਲੀ ਲੈਣ ਲਈ ਬੁਕਿੰਗ ਕੀਤੀ ਜਾ ਰਹੀ ਹੈ, ਪਰ ਰੇਟ ਘੱਟ ਦੇਣ ਕਰਕੇ ਬੇਲਰ ਮਾਲਕਾਂ ਨੇ ਆਪਣੀ ਜਥੇਬੰਦੀ ਰਾਹੀਂ ਇੰਨੇ ਘੱਟ ਰੇਟ ਉੱਤੇ ਪਰਾਲੀ ਦੇਣ ਤੋਂ ਜਵਾਬ ਦੇ ਦਿੱਤਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਦੇ ਅਫਸਰ ਪਿੰਡਾਂ ਵਿੱਚ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਦਾ ਹੋਕਾ ਤਾਂ ਦੇ ਰਹੇ ਹਨ, ਪਰ ਇਨ੍ਹਾਂ ਫੈਕਟਰੀ ਮਾਲਕਾਂ ਨਾਲ ਪ੍ਰਸ਼ਾਸਨ ਕੋਈ ਗੱਲਬਾਤ ਨਹੀਂ ਕਰ ਰਿਹਾ, ਜਿਸ ਕਰਕੇ ਆਉਣ ਵਾਲੇ ਦਿਨਾਂ ਵਿੱਚ ਪਰਾਲੀ ਨੂੰ ਵੱਡੇ ਪੱਧਰ ਉੱਤੇ ਅੱਗ ਲੱਗਣ ਦਾ ਡਰ ਪੈਦਾ ਹੋ ਗਿਆ ਹੈ। ਉਨ੍ਹਾਂ ਡਿਪਟੀ ਕਮਿਸ਼ਨਰ ਪਟਿਆਲਾ ਤੋਂ ਮੰਗ ਕੀਤੀ ਕਿ ਪਰਾਲੀ ਦੀ ਸਮੱਸਿਆ ਹੱਲ ਕਰਨ ਲਈ ਜਿੱਥੇ ਬੇਲਰ ਮਾਲਕਾਂ ਤੇ ਫੈਕਟਰੀ ਮਾਲਕਾਂ ਵਿਚਕਾਰ ਗੱਲਬਾਤ ਕਰਵਾ ਕੇ ਮਸਲੇ ਦਾ ਹੱਲ ਕਰਨਾ ਚਾਹੀਦਾ, ਉੱਥੇ ਚਾਈਨਾ ਵਾਇਰਸ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਕਿਸਾਨਾਂ ਨੂੰ ਦਿੱਤਾ ਜਾਵੇ।

# ਕਾਂਗੜ ਦੀ ਅਗਵਾਈ ਹੇਠ ਹੋਈ ਮੀਟਿੰਗ ਨੇ ਧਾਰਿਆ ਰੈਲੀ ਦਾ ਰੂਪ

## 2027 'ਚ ਪੰਜਾਬ ਦੇ ਲੋਕ ਕਾਂਗਰਸ ਨੂੰ ਫਤਵਾ ਦੇਣਗੇ : ਮਮਤਾ ਭੁਪੇਸ਼



**ਬਠਿੰਡਾ (ਰਾਜੀਵ ਗੋਇਲ)**
2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਕਾਂਗਰਸ ਪੂਰੀ ਪੱਬਾਂ ਭਾਰ ਹੈ, ਕਿਉਂਕਿ ਲੋਕਾਂ ਦਾ ਕਾਂਗਰਸ ਪ੍ਰਤੀ ਦਿਨੋਂ ਦਿਨ ਵਧਦਾ ਜਾ ਰਿਹਾ ਉਤਸ਼ਾਹ ਪਾਰਟੀ ਨੂੰ ਹੋਰ ਹੌਸਲਾ ਦੇ ਰਿਹਾ ਹੈ ਤੇ ਕਾਂਗਰਸੀ ਆਗੂਆਂ ਵੱਲੋਂ ਸੂਬੇ ਦੇ ਲੋਕਾਂ ਨੂੰ ਲਾਮਬੰਦ ਕਰਨ ਲਈ ਆਏ ਦਿਨ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਇਸੇ ਹੀ ਲੜੀ ਤਹਿਤ ਸਾਬਕਾ ਵਜ਼ੀਰ ਗੁਰਪ੍ਰੀਤ ਸਿੰਘ ਕਾਂਗੜ ਦੀ ਅਗਵਾਈ ਹੇਠ ਹਲਕਾ ਰਾਮਪੁਰਾ ਫੂਲ ਦੇ ਵਰਕਰਾਂ ਲਈ ਸਿੱਧੂ ਪੈਲਿਸ ਜਲਾਲ ਵਿਖੇ ਇੱਕ ਮੀਟਿੰਗ ਕੀਤੀ ਗਈ ਅਤੇ ਇਸ ਮੀਟਿੰਗ ਵਿੱਚ ਰਾਜਸਥਾਨ ਦੀ ਸਾਬਕਾ ਮੰਤਰੀ ਸ੍ਰੀਮਤੀ ਮਮਤਾ ਭੁਪੇਸ਼ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਜੇਕਰ ਗੱਲ ਇਕੱਠ ਦੀ ਕੀਤੀ ਜਾਵੇ ਤਾਂ ਇਸ ਮੀਟਿੰਗ ਨੇ ਆਖੀਰ ਰੈਲੀ ਦਾ ਰੂਪ ਧਾਰ ਲਿਆ ਤੇ ਵਰਕਰਾਂ ਦੇ ਬੈਠਣ ਨੂੰ ਕੁਰਸੀਆਂ ਵੀ ਥੁੜ ਗਈਆਂ।ਸੰਬੋਧਨ ਕਰਦਿਆਂ ਮਮਤਾ ਭੁਪੇਸ਼ ਨੇ ਕਿਹਾ ਕਿ ਭਾਜਪਾ ਤੇ ਆਮ ਆਦਮੀ ਪਾਰਟੀ ਨੇ ਆਮ ਲੋਕਾਂ ਨੂੰ ਵੱਡੇ-ਵੱਡੇ ਸੁਪਨੇ ਦਿਖਾ ਕੇ ਲੁੱਟਿਆ ਤੇ ਕੁੱਟਿਆ ਹੈ।ਅੱਜ ਮਹਿੰਗਾਈ ਨੇ ਆਮ ਲੋਕਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ।ਜੇਕਰ ਗੱਲ ਆਮ ਆਦਮੀ ਪਾਰਟੀ ਦੀ ਕੀਤੀ ਜਾਵੇ ਤਾਂ ਆਪ ਨੇ ਵੀ ਲੋਕਾਂ ਨੂੰ ਝੂਠੇ ਸਬਜ਼ਬਾਗ ਦਿਖਾ ਕੇ ਸਿਰਫ ਵੋਟਾਂ ਬਟੋਰੀਆਂ ਹਨ ਤੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੇ ਦਾਅਵੇ ਕਰਨ ਦੀ ਗੱਲ ਕਰਨ ਵਾਲੀ ਆਮ ਆਦਮੀ ਦੇ ਆਪਣੇ ਹੀ ਨੇਤਾ ਭ੍ਰਿਸ਼ਟਾਚਾਰ ਦੇ ਕੇਸਾਂ ਦਾ ਸਾਹਮਣਾ ਕਰ ਰਹੇ ਹਨ, ਪਰ ਪੰਜਾਬ ਦੇ ਲੋਕ ਇਨ੍ਹਾਂ ਪਾਰਟੀਆਂ ਨੂੰ ਸਮਝ ਚੁੱਕੇ ਹਨ ਅਤੇ ਉਹ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਨ੍ਹਾਂ ਪਾਰਟੀਆਂ ਨੂੰ ਸਬਕ ਸਿਖਾਉਣ ਲਈ ਤਿਆਰ ਬੈਠੇ ਹਨ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਉਹ ਕਾਂਗਰਸ ਦੀ ਸਰਕਾਰ ਬਣਾਉਣਗੇ।ਉਧਰ ਦੂਜੇ ਪਾਸੇ ਸਾਬਕਾ ਵਜ਼ੀਰ ਗੁਰਪ੍ਰੀਤ ਸਿੰਘ ਕਾਂਗੜ ਵੱਲੋਂ ਵੀ ਸੰਬੋਧਨ ਕਰਦਿਆਂ ਕਿਹਾ ਗਿਆ ਕਿ ਸੂਬੇ ਦੇ ਲੋਕ 2027 ਦਾ ਬੜੀ ਹੀ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ ਤੇ ਉਨ੍ਹਾਂ ਹਲਕੇ ਦੇ ਕਾਂਗਰਸੀ ਵਰਕਰਾਂ ਨੂੰ ਅਪੀਲ ਕੀਤੀ ਕਿ ਸਾਰੇ ਗੁੱਸੇ ਗਿਲੇ ਭੁੱਲ ਕੇ ਆਪਾਂ ਇਕੱਠੇ ਹੋ ਕੇ ਇਹ ਲੜਾਈ ਲੜਨੀ ਹੈ ਅਤੇ ਹੰਭਲਾ ਮਾਰ ਕੇ 2027 ਵਿੱਚ ਕਾਂਗਰਸ ਦੀ ਸਰਕਾਰ ਬਣਾਉਣੀ ਹੈ।ਉਨ੍ਹਾਂ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਇਸ ਦੇਸ਼ ਦੀ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਰਾਹੁਲ ਗਾਂਧੀ ਬਿਰਾਜ਼ਮਾਨ ਹੋਣਗੇ।ਇਸ ਮੌਕੇ ਬੂਟਾ ਸਿੰਘ ਸਿੱਧੂ ਪ੍ਰਧਾਨ ਨਗਰ ਪੰਚਾਇਤ ਭਗਤਾ, ਪਰਮਿੰਦਰ ਸਿੰਘ ਸਾਬਕਾ ਸਰਪੰਚ ਜਲਾਲ, ਇੰਦਰਜੀਤ ਸਿੰਘ ਜੱਗਾ, ਪਰਮਜੀਤ ਬਿਦਰ, ਲਖਵੀਰ ਸਿੱਧੂ, ਹਰਿੰਦਰ ਬਰਾੜ, ਗੁਰਤੇਜ ਸਿੰਘ ਜਲਾਲ, ਜਗਤਾਰ ਸਿੰਘ ਤਾਰੀ, ਨਵਦੀਪ ਕੁਮਾਰ ਨੂਪਾ, ਲੱਕੀ ਜਲਾਲ, ਗੁਰਮੇਲ ਸਿੰਘ ਹਮੀਰਗੜ੍ਹ, ਸੂਬਾ ਸਿੰਘ, ਰਾਮ ਸਿੰਘ ਬਾਦਲ, ਇਕਬਾਲ ਸਿੰਘ ਢਿਪਾਲੀ, ਇੰਦਰਜੀਤ ਨਾਗਪਾਲ, ਜਗਜੀਤ ਸਿੰਘ ਕੋਇਰ ਸਿੰਘ ਵਾਲਾ, ਅਮਨਦੀਪ ਸਿੰਘ ਸਰਪੰਚ ਸਲਾਬਤਪੁਰਾ ਸਮੇਤ ਹਲਕਾ ਰਾਮਪੁਰਾ ਫੂਲ ਦੇ ਕਾਂਗਰਸੀ ਆਗੂ ਤੇ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਹੜ੍ਹ ਪ੍ਰਭਾਵਤ ਪਿੰਡਾਂ 'ਚ ਬਿਮਾਰੀਆਂ ਤੋਂ ਬਚਾਅ ਲਈ ਰੋਜ਼ਾਨਾ ਸਪਰੇਅ ਤੇ ਮੈਡੀਕਲ ਕੈਂਪ ਜਾਰੀ : ਮੱਖਣ ਬਰਾੜ



**ਮੋਗਾ (ਇਕਬਾਲ ਸਿੰਘ ਖਹਿਰਾ)**-ਹਲਕਾ ਧਰਮਕੋਟ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਬਿਮਾਰੀਆਂ ਦੇ ਖਤਰੇ ਨੂੰ ਦੇਖਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਚੇਅਰਮੈਨ ਬਰਜਿੰਦਰ ਸਿੰਘ ਮੱਖਣ ਬਰਾੜ ਦੀ ਅਗਵਾਈ ਹੇਠ ਨਿਰੰਤਰ ਸੇਵਾਵਾਂ ਜਾਰੀ ਹਨ।ਹੜ੍ਹ ਕਾਰਨ ਪ੍ਰਭਾਵਿਤ ਹੋਏ ਪਰਵਾਰਾਂ ਲਈ ਟੀਮ ਵੱਲੋਂ ਰੋਜ਼ਾਨਾ ਰਾਸ਼ਨ, ਪਸ਼ੂਆਂ ਦਾ ਚਾਰਾ, ਫੀਡ ਤੇ ਘਰੇਲੂ ਲੋੜੀਂਦਾ ਸਾਮਾਨ ਪਹੁੰਚਾਇਆ ਜਾ ਰਿਹਾ ਹੈ।ਟੀਮ ਦੇ ਸੇਵਾਦਾਰ ਪਿੰਡ-ਪਿੰਡ ਜਾ ਕੇ ਹਰੇਕ ਘਰ ਵਿੱਚ ਇਹ ਸਾਮਾਨ ਪਹੁੰਚਾ ਰਹੇ ਹਨ, ਤਾਂ ਜੋ ਕੋਈ ਵੀ ਪਰਵਾਰ ਬਿਨਾਂ ਸਹਾਇਤਾ ਦੇ ਨਾ ਰਹਿ ਜਾਵੇ।ਸਤਲੁਜ ਦਾ ਪਾਣੀ ਹੌਲੀ-ਹੌਲੀ ਘਟਣ ਨਾਲ ਜਿੱਥੇ ਲੋਕਾਂ ਨੂੰ ਰਾਹਤ ਮਿਲੀ ਹੈ, ਉੱਥੇ ਬਿਮਾਰੀਆਂ ਦੇ ਫੈਲਣ ਦਾ ਖਤਰਾ ਵੀ ਵਧ ਗਿਆ ਹੈ।ਇਸ ਗੰਭੀਰਤਾ ਨੂੰ ਸਮਝਦਿਆਂ ਟੀਮ ਮੱਖਣ ਬਰਾੜ ਵੱਲੋਂ ਰੋਜ਼ਾਨਾ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ।ਇਨ੍ਹਾਂ ਕੈਂਪਾਂ ਵਿੱਚ ਵੈਕਸੀਨੇਸ਼ਨ, ਬੁਖ਼ਾਰ, ਚਮੜੀ ਦੀਆਂ ਬਿਮਾਰੀਆਂ, ਪਾਣੀ ਨਾਲ ਜੁੜੀਆਂ ਬਿਮਾਰੀਆਂ ਤੇ ਹੋਰ ਲੋੜੀਂਦੀਆਂ ਦਵਾਈਆਂ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ।ਇਸ ਤੋਂ ਇਲਾਵਾ, ਪਸ਼ੂਆਂ ਦੀ ਸੰਭਾਲ ਲਈ ਵੈਟਰਨਰੀ ਡਾਕਟਰਾਂ ਦੀ ਵਿਸ਼ੇਸ਼ ਟੀਮ ਵੀ ਮੁਹੱਈਆ ਕੀਤੀ ਗਈ ਹੈ, ਜੋ ਰੋਜ਼ਾਨਾ ਪਿੰਡਾਂ ਦਾ ਦੌਰਾ ਕਰ ਰਹੀ ਹੈ।ਪਸ਼ੂਆਂ ਦੀ ਸਿਹਤ ਦੀ ਜਾਂਚ ਕਰਕੇ ਉਨ੍ਹਾਂ ਨੂੰ ਟੀਕੇ ਤੇ ਜ਼ਰੂਰੀ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ।ਬਿਮਾਰੀਆਂ ਤੋਂ ਬਚਾਅ ਲਈ ਟੀਮ ਮੱਖਣ ਬਰਾੜ ਵੱਲੋਂ ਪਿੰਡਾਂ ਵਿੱਚ ਵੱਡੀਆਂ ਫੌਗਿੰਗ ਮਸ਼ੀਨਾਂ ਨਾਲ ਦਵਾਈਆਂ ਦਾ ਛਿੜਕਾਅ (ਸਪਰੇ) ਕਰਵਾਇਆ ਜਾ ਰਿਹਾ ਹੈ।
ਪਿੰਡਾਂ ਦੇ ਲੋਕਾਂ ਨੇ ਟੀਮ ਮੱਖਣ ਬਰਾੜ ਦੀ ਇਸ ਨਿਸ਼ਕਾਮ ਸੇਵਾ ਨੂੰ ਬਹੁਤ ਹੀ ਸਰਾਹਿਆ ਹੈ।ਸੰਗਤ ਦਾ ਕਹਿਣਾ ਹੈ ਕਿ ਜਿੱਥੇ ਸਰਕਾਰੀ ਪ੍ਰਬੰਧ ਕਈ ਵਾਰ ਕਮਜ਼ੋਰ ਪੈਂਦੇ ਹਨ, ਉੱਥੇ ਟੀਮ ਮੱਖਣ ਬਰਾੜ ਵਰਗੀਆਂ ਸੇਵਾਵਾਂ ਹੜ੍ਹ ਪੀੜਤ ਪਰਵਾਰਾਂ ਲਈ ਇੱਕ ਵੱਡਾ ਸਹਾਰਾ ਸਾਬਿਤ ਹੋ ਰਹੀਆਂ ਹਨ।ਲੋਕਾਂ ਨੇ ਦੱਸਿਆ ਕਿ ਮੈਡੀਕਲ ਕੈਂਪ, ਰਾਸ਼ਨ, ਚਾਰਾ ਤੇ ਸਪਰੇ ਮੁਹਿੰਮਾਂ ਨੇ ਉਨ੍ਹਾਂ ਦੀਆਂ ਬਹੁਤੀਆਂ ਮੁਸ਼ਕਲਾਂ ਨੂੰ ਘਟਾਇਆ ਹੈ।ਇਸ ਮੌਕੇ ਹਰਜੀਵਨ ਸਿੰਘ ਢਿੱਲੋਂ, ਸੁਖਜਿੰਦਰ ਸਿੰਘ ਭੈਣੀ, ਜਤਿੰਦਰ ਸਿੰਘ ਤੇ ਦਲਜੀਤ ਸਿੰਘ ਦਫਤਰ ਇੰਚਾਰਜ ਆਦਿ ਹਾਜ਼ਰ ਸਨ।

## ਸਕੂਲ ਸ਼ੰਕਰ ਵਿਖੇ ਸਰਕਾਰੀ/ਏਡਿਡ/ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਦੀ ਇੱਕ ਰੋਜ਼ਾ ਵਰਕਸ਼ਾਪ

**ਨਕੋਦਰ (ਮਨਜੀਤ ਮਾਨ)**- ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਸਿੱਖਿਆ ਅਫਸਰ (ਸ.ਸ) ਜਲੰਧਰ ਡਾ. ਗੁਰਿੰਦਰਜੀਤ ਕੌਰ ਅਤੇ ਉਪ-ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਜਲੰਧਰ ਰਾਜੀਵ ਜੋਸ਼ੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਕੋਆਰਡੀਨੇਟਰ (ਪ੍ਰਿੰਸੀਪਲ) ਸੁਖਦੇਵ ਲਾਲ ਬੱਬਰ ਦੀ ਅਗਵਾਈ ਵਿੱਚ ਸਕੱਸਸ ਸ਼ੰਕਰ ਵਿਖੇ ਗਰੀਨ ਸਕੂਲ ਪ੍ਰੋਗਰਾਮ ਵਿਸ਼ੇ ਤਹਿਤ ਸਾਰੇ ਸਰਕਾਰੀ/ਏਡਿਡ/ਪ੍ਰਾਈਵੇਟ (ਸੀ ਬੀ ਐਸ ਈ / ਪੀ ਐੱਸ ਈ ਬੀ ,ਆਈ ਸੀ ਐਸ ਈ ) ਸਕੂਲਾਂ ਦੇ ਅਧਿਆਪਕਾਂ ਦੀ ਇੱਕ ਰੋਜ਼ਾ ਵਰਕਸ਼ਾਪ ਲਗਾਈ ਗਈ, ਜਿਸ ਵਿੱਚ ਸਾਇੰਸ ਆਧਾਰਤ ਵਿਸ਼ਿਆਂ ਜਿਵੇਂ ਸੂਚਨਾ ਟੈਕਨੋਲੋਜੀ, ਡਿਜੀਟਲ ਸੋਮੇ, ਸਾਇੰਸ ਅਵਿਸ਼ਕਾਰਾਂ ਦੇ ਨਾਲ-ਨਾਲ ਵਾਤਾਵਰਣ ਵਿੱਚ ਆਉਂਦੀਆਂ ਤਬਦੀਲੀਆਂ, ਭੂਮੀ ਅਤੇ ਪਾਣੀ ਸਬੰਧੀ ਭਵਿੱਖ ਦੀਆਂ ਪ੍ਰੇਸ਼ਾਨੀਆਂ ਦੀਆਂ ਸੰਭਾਵਨਾਵਾਂ ਉੱਪਰ ਸਮੂਹ ਅਧਿਆਪਕਾਂ ਨਾਲ ਜਾਣਕਾਰੀ ਸਾਂਝੀ ਕੀਤੀ ਗਈ। ਮੌਜੂਦਾ ਸਮੇਂ ਮੌਸਮ ਦੀਆਂ ਤਬਦੀਲੀਆਂ ਅਤੇ ਪਹਾੜਾਂ ਵਿੱਚ ਬਾਰਿਸ਼ ਕਾਰਨ ਪੰਜਾਬ ਰਾਜ ਵਿੱਚ ਹੜ੍ਹਾਂ ਕਾਰਨ ਪ੍ਰਭਾਵਤ ਹੋਏ ਖੇਤਰਾਂ ਵਿੱਚ ਮਿੱਟੀ ਅਤੇ ਪਾਣੀ ਵਿੱਚ ਆ ਰਹੀਆਂ ਤਬਦੀਲੀਆਂ ਕਾਰਨ ਖਤਰਨਾਕ ਬਿਮਾਰੀਆਂ ਅਤੇ ਚਮੜੀ ਦੇ ਰੋਗਾਂ ਦੀ ਸਮੱਸਿਆ ਬਾਰੇ ਵੀ ਚਰਚਾ ਕੀਤੀ ਗਈ।ਇਸ ਵਰਕਸ਼ਾਪ ਦੇ ਸੰਚਾਲਕ ਹਰਜੀਤ ਬਾਵਾ, ਡੀ ਆਰ ਸੀ (ਸਾਇੰਸ) ਅਤੇ ਉਹਨਾਂ ਦੇ ਨਾਲ ਬੀ ਆਰ ਸੀ, ਰਾਜੇਸ਼ ਸ਼ਰਮਾ ਅਤੇ ਨਰੇਸ਼ ਕੁਮਾਰ ਵੱਲੋਂ ਹਰ ਇੱਕ ਵਿਸ਼ੇ ਨੂੰ ਡਿਜੀਟਲ ਪ੍ਰੋਜੈਕਟਰ ਉੱਪਰ ਪ੍ਰੈਜ਼ੈਂਟੇਸ਼ਨ ਸਹਿਤ ਦਰਸਾਇਆ ਗਿਆ।ਇਸ ਮੌਕੇ ਬਲਜਿੰਦਰ ਸਿੰਘ ਸੇਵਾ-ਮੁਕਤ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਵੱਲੋਂ ਆਪਣੀ ਜ਼ਿੰਦਗੀ ਅਤੇ ਸੇਵਾ-ਕਾਲ ਦੇ ਤਜਰਬਿਆਂ ਨੂੰ ਸਾਂਝਾ ਕੀਤਾ ਗਿਆ।ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ-ਕਮ-ਬਲਾਕ ਨੋਡਲ ਅਫ਼ਸਰ ਨਕੋਦਰ ਦਮਨਜੀਤ ਕੌਰ ਵੱਲੋਂ ਆਏ ਹੋਏ ਅਫਸਰ ਸਾਹਿਬਾਨ ਦਾ ਸਨਮਾਨ ਚਿੰਨ੍ਹ ਭੇਟ ਕਰਕੇ ਅਤੇ ਵਰਕਸ਼ਾਪ ਵਿੱਚ ਹਿੱਸਾ ਲੈਣ ਆਏ ਅਧਿਆਪਕਾਂ ਦਾ ਵੀ ਧੰਨਵਾਦ ਕੀਤਾ ਗਿਆ।



## ਲੋਕ ਹਿੱਤ ਮਿਸ਼ਨ ਵੱਲੋਂ ਹੜ੍ਹ ਪੀੜਤਾਂ ਦੀ ਕੀਤੀ ਜਾ ਰਹੀ ਮਦਦ ਦੀ ਸ਼ਲਾਘਾ

**ਨਿਊ ਚੰਡੀਗੜ੍ਹ (ਮੋਹਨ ਅੱਗਰਵਾਲ)**- ਸਮਾਜਿਕ ਕਾਰਜਾਂ ਪ੍ਰਤੀ ਸਰਗਰਮ ਇਲਾਕੇ ਦੀ ਪ੍ਰਸਿੱਧ ਸਮਾਜ ਸੇਵੀ ਜਥੇਬੰਦੀ ਲੋਕ ਹਿੱਤ ਮਿਸ਼ਨ ਵੀ ਕੋ ਨੂੰ ਪੰਜਾਬ ਵੱਲੋਂ ਹੜ੍ਹਾਂ ਪ੍ਰਭਾਵਿਤ ਖੇਤਰਾਂ ਵਿੱਚ ਜਾ ਕੇ ਵਿਸ਼ੇਸ਼ ਸੇਵਾ ਨਿਭਾਈ ਜਾ ਰਹੀ ਹੈ। ਜਿਸ ਦੀ ਪੂਰੇ ਇਲਾਕਾ ਵਾਸੀ ਸਲਾਘਾ ਕਰ ਰਹੇ ਹਨ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਮਿਸ਼ਨ ਦੇ ਸੈਕਟਰੀ ਰਵਿੰਦਰ ਸਿੰਘ ਬਜੀਦਪੁਰ ਨੇ ਦੱਸਿਆ ਕਿ ਜਥੇਬੰਦੀ ਜਿੱਥੇ ਕਿਸਾਨੀ ਸੰਘਰਸ਼ ਸਮੇਂ ਸਥਾਪਿਤ ਹੋਣ ਕਾਰਨ ਕਿਸਾਨਾਂ ਤੇ ਮਜ਼ਦੂਰਾਂ ਦੇ ਮਸਲਿਆਂ ਪ੍ਰਤੀ ਕੰਮ ਕਰ ਰਹੀ ਹੈ, ਉਥੇ ਹੀ ਧਾਰਮਿਕ ਮਸਲਿਆਂ ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਅਤੇ ਬੰਦੀ ਸਿੰਘਾਂ ਦੀ ਰਿਹਾਈ ਆਦਿ ਸਮੇਤ ਇਲਾਕੇ ਵਿੱਚ ਹਰ ਬੁਰਾਈ ਤੇ ਧੱਕੇਸ਼ਾਹੀ ਖਿਲਾਫ ਆਪਣਾ ਫਰਜ਼ ਨਿਭਾ ਰਹੀ ਹੈ। ਇਸੇ ਤਰ੍ਹਾਂ ਪੰਜਾਬ ਵਿੱਚ ਪਏ ਹੜ੍ਹਾਂ ਦੀ ਮਾਰ ਦੌਰਾਨ ਜਥੇਬੰਦੀ ਦੇ ਆਗੂ ਗੁਰਮੀਤ ਸਿੰਘ ਸਾਂਟੂ, ਭਗਤ ਸਿੰਘ ਭਗਤਮਾਜਰਾ, ਮਨਦੀਪ ਸਿੰਘ ਖਿਜਰਾਬਾਦ, ਸੋਹਣ ਸਿੰਘ ਸੰਗਤਪੁਰਾ, ਹਰਜੀਤ ਸਿੰਘ ਢਕੋਰਾਂ, ਬਲਵਿੰਦਰ ਸਿੰਘ ਰੰਗੀਆਣਾ, ਰਵਿੰਦਰ ਸਿੰਘ ਹੁਸ਼ਿਆਰਪੁਰ, ਗੁਰਬਚਨ ਸਿੰਘ ਮੁੰਧੋਂ, ਪਰਮਜੀਤ ਸਿੰਘ ਮਾਵੀ, ਦਲਸ਼ੇਰ ਸਿੰਘ ਖੇੜਾ, ਗੁਰਦੀਪ ਸਿੰਘ ਮਹਿਰਮਪੁਰ, ਜਸਵੀਰ ਸਿੰਘ ਸਲੇਮਪੁਰ, ਨਿੱਕਾ ਸਿੰਘ ਖਿਜਰਾਬਾਦ, ਕੇਸਰ ਸਿੰਘ ਕੁਬਾਹੇੜੀ, ਗੁਰਮੇਲ ਸਿੰਘ ਮੰਡ, ਰਾਮ ਸਿੰਘ ਅਭੀਪੁਰ, ਬਹਾਦਰ ਸਿੰਘ ਚਾਹੜਮਾਜਰਾ, ਦਰਸ਼ਨ ਸਿੰਘ ਕੰਸਾਲਾ, ਪ੍ਰਸ਼ੋਤਮ ਸਿੰਘ ਚੰਦਪੁਰ, ਤਰਲੋਚਨ ਸਿੰਘ ਖੇੜਾ, ਸਰਬਜੀਤ ਸਿੰਘ ਖੇੜਾ, ਤਲਵਿੰਦਰ ਸਿੰਘ ਤੇ ਸੰਨੀ ਦੁਸਾਰਨਾ ਆਦਿ ਮੈਂਬਰਾਂ ਨੇ ਸਾਥੀਆਂ ਸਮੇਤ ਟੀਮ ਨਾਲ ਮਿਲਕੇ ਸੁਲਤਾਨਪੁਰ ਲੋਧੀ, ਫ਼ਿਰੋਜ਼ਪੁਰ ਤੇ ਫਾਜ਼ਿਲਕਾ ਖੇਤਰ ਦੇ ਹਰ ਪਿੰਡ ਦੇ ਘਰ ਘਰ ਜਾ ਕੇ ਰਾਸ਼ਨ ਸਮੱਗਰੀ, ਪਾਣੀ, ਦਵਾਈਆਂ, ਤਰਪਾਲਾਂ ਤੇ ਮੱਛਰਦਾਨੀਆਂ ਆਦਿ ਲੋੜੀਦਾ ਸਮਾਨ ਪਹੁੰਚਾਇਆ ਹੈ। ਇਸੇ ਤਰ੍ਹਾਂ ਜਥੇਬੰਦੀ ਵੱਲੋਂ ਅਗਲੇ ਦਿਨਾਂ ਅੰਦਰ ਗੁਰਦਾਸਪੁਰ ਖੇਤਰ ਵਿੱਚ ਜਾ ਕੇ ਸੇਵਾਵਾਂ ਨਿਭਾਈਆਂ ਜਾਣਗੀਆਂ।



## ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਵਿੱਚ ਸੀਨੀਅਰ ਸਿਟੀਜਨਾਂ ਦਾ ਸਨਮਾਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਵਿੱਚ ਸੀਨੀਅਰ ਸਿਟੀਜਨਾਂ ਦੇ ਸਨਮਾਨ ਵਿੱਚ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਮੌਕੇ 'ਰੇਡਾ ਆਸਰਾ' ਸੰਸਥਾ ਦੇ ਸੀਨੀਅਰ ਸਿਟੀਜਨਾਂ ਨੇ ਸਮਾਰੋਹ ਵਿੱਚ ਹਿੱਸਾ ਲਿਆ। ਇਸ ਮੌਕੇ ਸਾਬਕਾ ਸੰਸਦ ਮੈਂਬਰ ਅਵਿਨਾਸ਼ ਖੰਨਾ, ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਅਤੇ ਵਾਇਸ ਚਾਂਸਲਰ ਡਾ. ਚੰਦਰ ਮੋਹਨ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸਭ ਤੋਂ ਪਹਿਲਾ ਸੀਨੀਅਰ ਸਿਟੀਜਨਾਂ ਦਾ ਸਵਾਗਤ ਕੀਤਾ ਗਿਆ। ਸਮਾਰੋਹ ਦੀ ਸ਼ੁਰੂਆਤ ਸਾਬਕਾ ਸੰਸਦ ਮੈਂਬਰ ਅਵਿਨਾਸ਼ ਰਾਇ ਖੰਨਾ ਦੇ ਸੰਬੋਧਨ ਨਾਲ ਹੋਈ। ਇਸ ਤੋਂ ਬਾਅਦ ਸੀਨੀਅਰ ਸਿਟੀਜਨਾਂ ਨੇ ਆਪਣੇ ਹੀ ਗੀਤ ਗਾ ਕੇ ਮਾਹੌਲ ਨੂੰ ਸਾਜਗਰ ਬਣਾ ਦਿੱਤਾ। ਇਸ ਦੌਰਾਨ ਉਨ੍ਹਾਂ ਵੱਲੋਂ ਯੂਨੀਵਰਸਿਟੀ ਵਿੱਚ ਪੌਦੇ ਵੀ ਲਗਾਏ ਗਏ।ਇਸ ਮੌਕੇ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਕਿਹਾ ਕਿ ਸੀਨੀਅਰ ਸਿਟੀਜਨ ਸਮਾਜ ਦੇ ਅਨੁਭਵ ਅਤੇ ਗਿਆਨ ਦੇ ਸਰੋਤ ਹਨ। ਨਵੀਂ ਪੀੜ੍ਹੀ ਨੂੰ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਅੱਗੇ ਵਧਣਾ ਚਾਹੀਦਾ ਹੈ। ਅੰਤ ਵਿੱਚ ਵਾਇਸ ਚਾਂਸਲਰ ਡਾ. ਚੰਦਰ ਮੋਹਨ ਨੇ ਕਿਹਾ ਕਿ ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਹਮੇਸ਼ਾਂ ਸਮਾਜ ਸੇਵਾ ਅਤੇ ਮਾਨਵੀ ਮੁੱਲਾਂ ਨੂੰ ਉਤਸ਼ਾਹਿਤ ਕਰਨ ਲਈ ਇਸ ਤਰ੍ਹਾਂ ਦੇ ਪ੍ਰੋਗਰਾਮ ਕਰਦੀ ਰਹੇਗੀ। ਇਸ ਮੌਕੇ 'ਤੇ ਡਾਇਰੈਕਟਰ (ਐਡਮਿਨ) ਕੁਲਦੀਪ ਸਿੰਘ ਰਾਣਾ, ਡਾਇਰੈਕਟਰ ਹਰਿੰਦਰ ਜਸਵਾਲ ਅਤੇ ਡੀਨ ਸਟੂਡੈਂਟ ਵੇਲਫੇਅਰ ਡਾ. ਕੁਲਦੀਪ ਵਾਲੀਆ ਵੀ ਮੌਜੂਦ ਸਨ।

## ਅੰਬੇਡਕਰ ਇੰਸਟੀਚਿਊਟ ਆਫ ਕੈਰੀਅਰਜ਼ ਐਂਡ ਕੋਰਸਿਜ਼ ਮੋਹਾਲੀ ਵਿਖੇ ਕਰੈਸ਼ ਕੋਰਸ ਕਰਵਾਇਆ ਜਾਵੇਗਾ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਡਿਪਟੀ ਕਮਿਸ਼ਨਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਸ੍ਰੀਮਤੀ ਕੋਮਲ ਮਿੱਤਲ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਵੱਲੋਂ ਚਲਾਏ ਜਾ ਰਹੇ ਅੰਬੇਡਕਰ ਇੰਸਟੀਚਿਊਟ ਆਫ ਕੈਰੀਅਰਜ਼ ਐਂਡ ਕੋਰਸਿਜ਼, ਫੇਜ਼ 3ਬੀ 2, ਮੋਹਾਲੀ ਵੱਲੋਂ ਪੀ.ਸੀ.ਐਸ. ਪ੍ਰੀਲਿਮਿਨਰੀ ਇਮਤਿਹਾਨ ਲਈ 2 ਮਹੀਨੇ ਦਾ ਖਾਸ ਕਰੈਸ਼ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ।ਇਹ ਕੋਰਸ 3 ਅਕਤੂਬਰ 2025 ਤੋਂ 2 ਦਸੰਬਰ 2025 ਤੱਕ ਚੱਲੇਗਾ, ਜਿਸ ਵਿੱਚ ਕੁੱਲ 40 ਸੀਟਾਂ ਰਾਖਵੀਆਂ ਗਈਆਂ ਹਨ (20 ਐਸ.ਸੀ., 12 ਬੀ.ਸੀ., ਅਤੇ 8 ਘੱਟਗਿਣਤੀ ਵਰਗਾਂ ਲਈ)। ਇਹ ਕੋਚਿੰਗ ਪੂਰੀ ਤਰ੍ਹਾਂ ਮੁਫ਼ਤ ਹੋਵੇਗੀ ਅਤੇ ਵਿਦਿਆਰਥੀਆਂ ਲਈ ਹੋਸਟਲ ਸਹੂਲਤ ਵੀ ਉਪਲਬਧ ਕਰਵਾਈ ਜਾਵੇਗੀ।ਅਰਜ਼ੀਆਂ 26 ਸਤੰਬਰ 2025 ਤੱਕ ਆਫਲਾਈਨ ਜਾਂ ਈਮੇਲ ਰਾਹੀਂ ਦਿੱਤੀਆਂ ਜਾ ਸਕਦੀਆਂ ਹਨ। ਦਾਖਲਾ ਟੈਸਟ 30 ਸਤੰਬਰ 2025 ਨੂੰ ਸਵੇਰੇ 10:00 ਤੋਂ 11:00 ਵਜੇ ਤੱਕ ਕਰਵਾਇਆ ਜਾਵੇਗਾ।ਦਾਖਲਾ ਲੈਣ ਦੇ ਚਾਹਵਾਨ ਪੰਜਾਬ ਰਾਜ ਦੇ ਪੱਕੇ ਵਸਨੀਕ, ਅਨੁਸੂਚਿਤ ਜਾਤੀਆਂ, ਹੋਰ ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਸੁਮਦਾਇ (ਮੁਸਲਿਮ, ਸਿੱਖ, ਇਸਾਈ, ਬੋਧੀ, ਪਾਰਸੀ ਅਤੇ ਜੈਨੀ) ਨਾਲ ਸਬੰਧਤ, ਘੱਟੋ-ਘੱਟ ਗਰੈਜੂਏਟ ਹੋਣ। ਉਮੀਦਵਾਰ ਦੇ ਮਾਪਿਆਂ ਦੀ ਸਾਰੇ ਸਰੋਤਾਂ ਤੋਂ ਆਮਦਨ 3.00 ਲੱਖ ਰੁਪਏ ਪ੍ਰਤੀ ਸਾਲ ਤੋਂ ਵਧੇਰੇ ਨਹੀਂ ਹੋਣੀ ਚਾਹੀਦੀ। ਚੁਣੇ ਗਏ ਵਿਦਿਆਰਥੀਆਂ ਨੂੰ ਮਹੀਨਾਵਾਰ ਵਜ਼ੀਫ਼ਾ ਵੀ ਦਿੱਤਾ ਜਾਵੇਗਾ, ਜਿਸ ਵਿੱਚ ਲੋਕਲ ਵਿਦਿਆਰਥੀਆਂ ਲਈ 1500 ਰੁਪਏ ਪ੍ਰਤੀ ਮਹੀਨਾ ਅਤੇ ਬਾਹਰੀ ਵਿਦਿਆਰਥੀਆਂ ਲਈ 3000 ਰੁਪਏ ਪ੍ਰਤੀ ਮਹੀਨਾ ਸ਼ਾਮਲ ਹੈ।





## ਸਰਕਾਰੀ ਹਾਈ ਸਕੂਲ ਮਹਿਸਮਪੁਰ ਦੀ ਟੀਮ ਨੇ ਖੋ-ਖੋ 'ਚ ਚੌਥੀ ਪੁਜ਼ੀਸ਼ਨ ਹਾਸਲ ਕੀਤੀ

**ਮਹਿਤਪੁਰ (ਰਾਜਾ)**- ਜ਼ਿਲ੍ਹਾ ਪੱਧਰੀ ਖੋ ਖੋ ਟੂਰਨਾਮੈਂਟ ਜੋ ਕਿ ਮਕਸੂਦਾਂ ਜਲੰਧਰ ਵਿਖੇ ਸ਼ੁਰੂ ਹੋਇਆ ਸੀ, ਦੌਰਾਨ ਖੇਡਦੇ ਹੋਏ ਅੰਡਰ 14 ਖੋ ਖੋ ਲੜਕਿਆਂ ਵਿੱਚ ਸਰਕਾਰੀ ਹਾਈ ਸਕੂਲ ਮਹਿਸਮਪੁਰ ਜਿਸ ਨੇ ਜ਼ੋਨ ਨੰਬਰ 12 ਨੂੰ ਰੀਪ੍ਰਜੈਂਟ ਕੀਤਾ ਅਤੇ ਖੇਡਦੇ ਹੋਏ ਜ਼ਿਲ੍ਹੇ ਵਿੱਚੋਂ ਚੌਥਾ ਸਥਾਨ ਹਾਸਲ ਕੀਤਾ। ਟੀਮ ਵਿੱਚ ਤਿੰਨ ਬੱਚੇ ਰਾਏਪੁਰ ਗੁਜਰਾਂ ਦੇ ਖੇਡੇ। ਇਸ ਦੌਰਾਨ ਮੀਨਾਕਸ਼ੀ ਯਾਦਵ, ਅਮਨਦੀਪ ਕੌਰ, ਮੈਡਮ ਲਖਵਿੰਦਰ ਕੌਰ ਨੇ ਬੱਚਿਆਂ ਤਿਆਰੀ ਕਰਾਉਣ ਲਈ ਪੂਰਨ ਡਿਊਟੀ ਕੀਤੀ ਅਤੇ ਸਕੂਲ ਮੁਖੀ ਰਕੇਸ਼ ਕੁਮਾਰ ਨੇ ਬੱਚਿਆਂ ਤੇ ਮਾਤਾ ਪਿਤਾ ਨੂੰ ਵਧਾਈ ਦਿੰਦੇ ਹੋਏ ਅੱਗੇ ਤੋਂ ਵੀ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

## ਤਤਕਾਲੀ ਗਿਰਦਾਵਰੀ ਕਰਕੇ 7 ਘੰਟਿਆਂ 'ਚ ਦਿੱਤਾ 4 ਕਿਸਾਨਾਂ ਨੂੰ ਫਸਲ ਦਾ ਮੁਆਵਜ਼ਾ

**ਬੰਗਾ (ਅਵਤਾਰ ਕਲੇਰ)**- ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਅਤੇ ਐਸ ਐਸ ਪੀ ਡਾ ਮਹਿਤਾਬ ਸਿੰਘ ਉਹਨਾਂ ਦੀ ਅਗਵਾਈ ਹੇਠ ਏ ਡੀ ਸੀ ਜਨਰਲ ਰਜੀਵ ਵਰਮਾ, ਅਮਨਜੋਤ ਐਸ ਡੀ ਐਮ ਨਵਾਂ ਸ਼ਹਿਰ , ਜੀ ਏ ਟੂ ਡੀ ਸੀ ਜਗਦੀਪ ਸਿੰਘ, ਮੰਨਿਦਰ ਸਿੰਘ ਤਹਿਸੀਲਦਾਰ (ਔੜ ਤੇ ਨਵਾਂ ਸ਼ਹਿਰ) ਵੱਲੋ, ਸਤਲੁਜ ਦਰਿਆ ਦਾ ਬੰਨ ਪਿੰਡ ਬੁਰਜ ਟਹਿਲ ਦਾਸ ਵਿਖੇ ਜੋ ਟੁੱਟਿਆ ਸੀ ਉਸ ਦੇ ਨਾਲ ਲੱਗਦੇ 4 ਕਿਸਾਨ ਭਰਾਵਾਂ ਦੀ ਮੌਕੇ ਤੇ ਖਰਾਬ ਹੋਈ ਫਸਲ ਅਤੇ ਖੜੀ ਫਸਲ ਜੋ ਕਿ ਦਰਿਆ ਦਾ ਬੰਨ ਪੱਕਾ ਕਰਨ ਲਈ ਫਸਲ ਹੋਰ ਵੀ ਖਰਾਬ ਹੋ ਸਕਦੀ ਹੈ ਜਿਸ ਕਰਕੇ ਅਧਿਕਾਰੀਆਂ ਨੇ ਮੌਕੇ ਤੇ ਹੀ ਤੱਤਕਲੀ ਗਿਰਦਾਵਰੀ ਕਰਕੇ ਜਿਨਾਂ ਚੋਂ ਨਾਜਰ ਹਰਪਾਲ ਸਿੰਘ, ਜੂਨੀਅਰ ਅਸਿਸਟੈਂਟ ਸ਼ਾਮ ਲਾਲ ਐਮ ਏ ਬਰਾਂਚ, ਆਸ਼ਾ ਰਾਣੀ, ਜੂਨੀਅਰ ਅਸਿਸਟੈਂਟ ਪੂਨਮ ਰੈਡ ਕਰਾਸ , ਪਰਮਵੀਰ ਸਿੰਘ ਜੂਨੀਅਰ ਅਸਿਸਟੈਂਟ ਪਰਦੀਪ ਕਾਨੂੰਗੋ, ਗੁਲਾਬ ਪਟਵਾਰੀ, ਰਾਜ ਭੂਸ਼ਨ ਪਟਵਾਰੀ, ਲਵਪ੍ਰੀਤ, ਰੋਹਿਤ, ਜਾਗੀਰ, ਰਾਜੀਵ ਅਸ਼ੋਕ, ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗਿਰਦਾਵਰੀ ਕਰਕੇ ਮੌਕੇ ਤੇ ਹੀ ਫਸਲ ਦੀ ਬਨਦੀ ਮੁਆਵਜੇ ਦੀ 58000/- ਹਜ਼ਾਰ ਕਰੀਬ ਰਾਸ਼ੀ ਜਾਰੀ ਕਰਵਾਈ ਗਈ ਜਿਹਨਾਂ ਚੋਂ ਜਰਨੈਲ ਸਿੰਘ ਨੂੰ 17250/-, ਸੁਰਜੀਤ ਸਿੰਘ ਨੂੰ 15000/-, ਸਵਰਨਾ ਰਾਮ ਨੂੰ 14625/-, ਬਹਾਦੁਰ ਰਾਮ ਨੂੰ 10218/- ਮੌਕੇ ਤੇ ਪਿੰਡ ਤੇ ਇਲਾਕੇ ਦੇ ਮੋਹਤਵਾਰ ਵਿਅਕਤੀਆਂ ਦੀ ਹਾਜ਼ਰੀ 'ਚ ਚੈੱਕ ਦਿੱਤੇ ਗਏ।



## ਰਾਜਪਾਲ ਨੇ ਸ਼੍ਰੋਮਣੀ ਸ੍ਰੀ ਵਿਸ਼ਵਕਰਮਾ ਮੰਦਰ ਵਿਖੇ ਮੱਥਾ ਟੇਕਿਆ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਅੱਜ ਫਗਵਾੜਾ ਵਿਖੇ ਸ਼੍ਰੋਮਣੀ ਸ੍ਰੀ ਵਿਸ਼ਵਕਰਮਾ ਮੰਦਰ ਵਿਖੇ ਮੱਥਾ ਟੇਕਿਆ । ਉਨ੍ਹਾਂ ਮੰਦਰ ਵਿਖੇ ਨਤਮਸਤਕ ਹੋਣ ਉਪਰੰਤ ਮੰਦਿਰ ਦੇ ਪ੍ਰਬੰਧਕਾਂ ਤੇ ਕਮੇਟੀ ਦੇ ਅਹੁਦੇਦਾਰਾਂ ਨੂੰ ਸੰਬੋਧਨ ਕਰਦਿਆਂ ਟਰੱਸਟ ਵੱਲੋਂ ਸਮਾਜ ਸੇਵਾ ਤੇ ਵਿਸ਼ੇਸ਼ ਕਰਕੇ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ । ਉਨ੍ਹਾਂ ਕਿਹਾ ਕਿ ਕਿਰਤ ਦੇ ਦੇਵਤਾ ਭਗਵਾਨ ਵਿਸ਼ਵਕਰਮਾ ਵੱਲੋਂ ਦਿੱਤੇ ਗਏ ਸੰਦੇਸ਼ ਅਨੁਸਾਰ ਇਸ ਅਸਥਾਨ ਵੱਲੋਂ ਦਹਾਕਿਆਂ ਤੋਂ ਲੋੜਵੰਦ ਲੋਕਾਂ ਨੂੰ ਬਿਹਰਤਰੀਨ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਜੋ ਕਿ ਸਾਡੇ ਸਮਾਜ ਲਈ ਇਕ ਮਿਸਾਲ ਹੈ । ਟਰੱਸਟ ਦੇ ਪ੍ਰਬੰਧਕਾਂ ਵੱਲੋਂ ਰਾਜਪਾਲ ਕਟਾਰੀਆ ਦਾ ਸਨਮਾਨ ਵੀ ਕੀਤਾ ਗਿਆ। ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ, ਐਸ ਐਸ ਪੀ ਗੌਰਵ ਤੂਰਾ ਵੱਲੋਂ ਮਾਣਯੋਗ ਰਾਜਪਾਲ ਕਟਾਰੀਆ ਦਾ ਸਵਾਗਤ ਕੀਤਾ ਗਿਆ । ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਫਗਵਾੜਾ ਡਾ. ਅਕਸ਼ਿਤਾ ਗੁਪਤਾ , ਐਸ ਡੀ ਐਮ ਜਸ਼ਨਜੀਤ ਸਿੰਘ , ਐਸ ਪੀ ਗੁਰਪ੍ਰੀਤ ਸਿੰਘ ਤੇ ਐਸ ਡੀ ਐਮ ਜਸ਼ਨਜੀਤ ਸਿੰਘ ਹਾਜ਼ਰ ਸਨ ।



## ਯਾਤਰੀ ਸੇਵਾ ਦਿਵਸ ਮਨਾਇਆ

**ਆਦਮਪੁਰ (ਪਰਮਜੀਤ ਸਿੰਘ)**- ਏਅਰਪੋਰਟ ਅਥਾਰਟੀ ਆਫ ਇੰਡੀਆ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਦਮਪੁਰ ਦੇ ਸਿਵਲ ਹਵਾਈ ਅੱਡੇ ਵਿਖੇ ਯਾਤਰੀ ਸੇਵਾ ਦਿਵਸ ਮਨਾਇਆ ਗਿਆ । ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਹਵਾਈ ਅੱਡੇ ਦੇ ਡਾਇਰੈਕਟਰ ਪੁਸ਼ਪਿੰਦਰ ਨਿਰਾਲਾ ਨੇ ਕਿਹਾ ਕਿ ਯਾਤਰੀਆਂ ਨੂੰ ਵਧੀਆ ਸੇਵਾਵਾਂ ਦੇਣਾ ਤੇ ਉਹਨਾਂ ਦੇ ਸਫ਼ਰ ਨੂੰ ਸੁਖਦਾਇਕ ਬਣਾਉਣਾ ਸਾਡਾ ਮੁੱਖ ਮੰਤਵ ਹੈ । ਇਸ ਮੌਕੇ ਐੱਚ ਐੱਮ ਵੀ ਕਾਲਜ ਜਲੰਧਰ, ਐਮ ਆਰ ਇੰਟਰਨੈਸ਼ਨਲ ਸਕੂਲ ਆਦਮਪੁਰ ਤੇ ਮਲਵਈ ਗਿੱਧਾ ਗਰੁੱਪ ਅਲਾਵਲਪੁਰ ਵੱਲੋਂ ਗਿੱਧੇ ਤੇ ਭੰਗੜੇ ਦੀਆਂ ਪੇਸ਼ਕਾਰੀਆਂ ਕੀਤੀਆਂ ਗਈਆਂ । ਪੰਜਾਬੀ ਬੋਲੀਆਂ ਅਤੇ ਢੋਲ ਦੀ ਤਾਲ ਵਿਚ ਮਾਹੌਲ ਪੰਜਾਬੀ ਸੱਭਿਆਚਾਰ ਵਿੱਚ ਰੰਗਿਆ ਗਿਆ ਤੇ ਯਾਤਰੀਆਂ ਨੇ ਖੁਸ਼ੀ ਵਿੱਚ ਭੰਗੜੇ ਪਾਏ । ਇਸ ਮੌਕੇ ਸੈਕਟਰੀ (ਰੈੱਡ ਕਰਾਸ) ਡਾਕਟਰ ਸੁਰਜੀਤ ਲਾਲ, ਨੋਡਲ ਅਫ਼ਸਰ (ਸਵੀਪ) ਲੈਕਚਰਾਰ ਗੁਰਿੰਦਰ ਸਿੰਘ, ਸੀ ਸੀ ਕਮਲਜੀਤ ਕਡਿਆਣਾ, ਅਕਾਊਂਟੈਂਟ ਨੇਕ ਰਾਮ , ਅਮਨ ਕੁਮਾਰ, ਲਾਇਨਜ ਕਲੱਬ ਆਦਮਪੁਰ ਦੇ ਅਹੁਦੇਦਾਰ ਤੇ ਵੱਖ ਵੱਖ ਸਕੂਲਾਂ ਦੇ ਵਿਦਿਆਰਥੀ ਹਾਜਿਰ ਸਨ । ਇਸ ਮੌਕੇ ਮੈਡੀਕਲ ਕੈਂਪ, ਖ਼ੂਨਦਾਨ ਕੈਂਪ ਵੀ ਆਯੋਜਿਤ ਕੀਤੇ ਗਏ ਤੇ ਬੂਟੇ ਵੀ ਲਗਾਏ ਗਏ। ਯਾਤਰੀਆਂ ਨੇ ਇਸ ਉਪਰਾਲੇ ਲਈ ਡਾਇਰੈਕਟਰ ਪੁਸ਼ਪਿੰਦਰ ਨਿਰਾਲਾ ਤੇ ਪ੍ਰਸਾਸ਼ਨ ਦਾ ਵਿਸ਼ੇਸ਼ ਧਨਵਾਦ ਕੀਤਾ ।



## ਧਾਲੀਵਾਲ ਨੇ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਨਾਲ ਕੀਤੀ ਮੁਲਾਕਾਤ



**ਫਗਵਾੜਾ (ਡਾ. ਰਮਨ)**- ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਫਗਵਾੜਾ ਤੋਂ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਜੀ ਨਾਲ ਮੁਲਾਕਾਤ ਕੀਤੀ। ਉਨ੍ਹਾਂ ਬਾਬਾ ਜੀ ਦਾ ਆਸ਼ੀਰਵਾਦ ਲਿਆ ਅਤੇ ਫਿਰ ਪੰਜਾਬ ਵਿੱਚ ਹੜ੍ਹ ਆਫ਼ਤ ਤੋਂ ਪੈਦਾ ਹੋਈ ਸਥਿਤੀ ਬਾਰੇ ਚਰਚਾ ਕੀਤੀ। ਵਿਧਾਇਕ ਧਾਲੀਵਾਲ ਨੇ ਡੇਰੇ ਅਤੇ ਉਨ੍ਹਾਂ ਦੇ ਪੈਰੋਕਾਰਾਂ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਵਿਅਕਤੀਗਤ ਤੌਰ 'ਤੇ ਕੀਤੇ ਜਾ ਰਹੇ ਯਤਨਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਜਦੋਂ ਵੀ ਪੰਜਾਬ ਵਿੱਚ ਕੋਈ ਆਫ਼ਤ ਆਉਂਦੀ ਹੈ, ਭਾਵੇਂ ਹੜ੍ਹਾਂ, ਸੋਕੇ ਜਾਂ ਕੁਝ ਸਾਲ ਪਹਿਲਾਂ ਕੋਵਿਡ-19 ਮਹਾਂਮਾਰੀ ਕਾਰਨ, ਡੇਰਾ ਬਿਆਸ ਹਮੇਸ਼ਾ ਸਾਰਿਆਂ ਦੀ ਭਲਾਈ ਲਈ ਸਭ ਤੋਂ ਵਧੀਆ ਯਤਨ ਕਰਦਾ ਹੈ, ਜੋ ਸਾਰਿਆਂ ਲਈ ਪ੍ਰੇਰਨਾਦਾਇਕ ਹੈ। ਬਾਬਾ ਗੁਰਿੰਦਰ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫਲਸਫੇ 'ਮਾਨਸ ਕੀ ਜਾਤ, ਸਭੇ ਏਕੈ ਪਹਿਚਾਨਬੋ' 'ਤੇ ਚੱਲਦਿਆਂ, ਡੇਰਾ ਬਿਆਸ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੇ ਪੁਨਰਵਾਸ ਵਿੱਚ ਮਦਦ ਲਈ ਹਰ ਸੰਭਵ ਯਤਨ ਕਰਨ ਲਈ ਹਮੇਸ਼ਾ ਤਿਆਰ ਹੈ। ਇਸ ਮੌਕੇ ਉਨ੍ਹਾਂ ਨਾਲ ਏ.ਆਈ.ਸੀ.ਸੀ ਵੱਲੋਂ ਨਿਯੁਕਤ ਕਪੂਰਥਲਾ ਜ਼ਿਲ੍ਹੇ ਦੇ ਇੰਚਾਰਜ ਅਤੇ ਰਾਜਸਥਾਨ ਤੋਂ ਕਾਂਗਰਸ ਦੇ ਸੰਸਦ ਮੈਂਬਰ ਭਜਨ ਲਾਲ ਜਾਟਵ, ਬਾਵਾ ਹੈਨਰੀ ਵਿਧਾਇਕ ਜਲੰਧਰ, ਹਰਨੇਕ ਸਿੰਘ ਮਿੰਟੂ, ਜਗਜੀਤ ਸਿੰਘ ਧੂਰੀ, ਅਮਰਿੰਦਰ ਸਿੰਘ ਕੂਨਰ ਪੀ ਏ ਟੂ ਵਿਧਾਇਕ ਧਾਲੀਵਾਲ, ਰਮਿਤ ਦੱਤਾ, ਜਤਿੰਦਰ ਕਾਕਾ ਆਦਿ ਹਾਜ਼ਰ ਸਨ।

## ਸਿੱਖਿਆ ਬੋਰਡ ਵੱਲੋਂ ਸਕੂਲਾਂ ਦੇ ਮੁਖੀਆਂ ਲਈ ਵਿਸ਼ੇਸ਼ ਸੂਚਨਾ

**ਐੱਸ.ਏ.ਐੱਸ ਨਗਰ (ਗੁਰਜੀਤ ਬਿੱਲਾ)**- ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਪੰਜਾਬ ਰਾਜ ਦੇ ਸਮੂਹ ਸਰਕਾਰੀ, ਏਡਿਡ, ਐਫੀਲੀਏਟਡ ਅਤੇ ਐਸੋਸੀਏਟਡ ਸਕੂਲਾਂ ਦੇ ਸਕੂਲ ਮੁਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2025-26 ਲਈ ਅੱਠਵੀਂ, ਨੌਵੀਂ, ਦਸਵੀਂ, ਗਿਆਰਵੀਂ ਅਤੇ ਬਾਰਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੇ ਵੇਰਵਿਆਂ ਨਾਂ,ਪਿਤਾ/ਮਾਤਾ ਦਾ ਨਾਂ, ਜਨਮ ਮਿਤੀ, ਰਜਿਸਟ੍ਰੇਸ਼ਨ ਨੰਬਰ, ਫੋਟੋ, ਹਸਤਾਖਰ, ਵਿਸ਼ੇ, ਸਟਰੀਮ ਆਦਿ ਦੀ ਆਨਲਾਈਨ ਐਂਟਰੀ ਕਰਦੇ ਸਮੇਂ ਜੇਕਰ ਕਿਸੇ ਸਕੂਲ ਵੱਲੋਂ ਵਿਦਿਆਰਥੀਆਂ ਦੇ ਇਨ੍ਹਾਂ ਵੇਰਵਿਆਂ ਵਿੱਚ ਕੋਈ ਤਰੁੱਟੀ ਰਹਿ ਗਈ ਹੈ ਤਾਂ ਅਜਿਹੀਆਂ ਤਰੁੱਟੀਆਂ ਨੂੰ ਦੂਰ ਕਰਨ ਲਈ ਬੋਰਡ ਵੱਲੋਂ ਮੌਕਾ ਦਿੱਤਾ ਜਾਂਦਾ ਹੈ। ਜੇਕਰ ਕੋਈ ਸੋਧ ਕਰਨੀ ਹੈ ਤਾਂ ਇਸ ਲਈ ਮਿਤੀ 20/09/2025 ਤੋਂ 30/09/2025 ਤੱਕ ਸਕੂਲ ਪੱਧਰ 'ਤੇ ਹੀ ਬਿਨ੍ਹਾਂ ਫੀਸ ਤੇ ਸੋਧ ਪ੍ਰੋਫਾਰਮਾ ਜਨਰੇਟ ਕਰਕੇ ਸੋਧ ਕੀਤੀ ਜਾ ਸਕਦੀ ਹੈ। ਉਕਤ ਦੀ ਲਗਾਤਾਰਤਾ ਵਿੱਚ 1 ਅਕਤੂਬਰ ਤੋਂ 15 ਅਕਤੂਬਰ ਤੱਕ 200/- ਰੁ. ਪ੍ਰਤਿ ਸੋਧ ਫੀਸ ਨਾਲ ਸੋਧ ਪ੍ਰੋਫਾਰਮਾ ਅਤੇ ਲੋੜੀਂਦਾ ਰਿਕਾਰਡ ਲੈ ਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਕੇਵਲ ਜ਼ਿਲ੍ਹਾ ਖੇਤਰੀ ਦਫਤਰਾਂ ਵਿਖੇ ਸੋਧਾਂ ਵੈਰੀਫਾਈ ਕਰਵਾਈਆਂ ਜਾ ਸਕਦੀਆਂ ਹਨ ਅਤੇ ਇਸ ਤੋਂ ਇਲਾਵਾ ਵਿਦਿਆਰਥੀਆਂ ਦੇ ਰਜਿਸਟ੍ਰੇਸ਼ਨ ਨੰਬਰ, ਜਨਮ ਮਿਤੀ, ਫੋਟੋ, ਹਸਤਾਖਰ, ਵਿਸ਼ੇ ਅਤੇ ਸਟਰੀਮ ਦੀ ਸੋਧ ਲਈ ਮਿਤੀ 20/09/2025 ਤੋਂ 15/10/2025 ਤੱਕ ਸੋਧ ਪ੍ਰੋਫਾਰਮਾ ਸਮੇਤ ਲੋੜੀਂਦੇ ਦਸਤਾਵੇਜ਼ ਅਤੇ 1000/- ਰੁ. ਪ੍ਰਤਿ ਸੋਧ ਫੀਸ ਨਾਲ ਕੇਵਲ ਮੁੱਖ ਦਫਤਰ ਵਿਖੇ ਸਬੰਧਤ ਸ਼ਾਖਾ ਵਿੱਚ ਪਹੁੰਚ ਕਰਕੇ ਸੋਧ ਕਰਵਾਈ ਜਾ ਸਕਦੀ ਹੈ।

## ਬੇਕਰੀ ਦੀ ਸਕਿੱਲ ਟ੍ਰੇਨਿੰਗ ਕਰਵਾਈ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਡਾ. ਗੁਰਮੇਲ ਸਿੰਘ ਮੁੱਖ ਖੇਤੀਬਾੜੀ ਅਫਸਰ ਐੱਸ. ਏ. ਐੱਸ ਨਗਰ ਦੀ ਅਗਵਾਈ ਹੇਠ ਆਤਮਾ ਸਕੀਮ ਅਧੀਨ ਲਗਭਗ 30 ਬੀਬੀਆਂ ਨੂੰ ਬਿਨ੍ਹਾਂ ਕੈਮੀਕਲ ਵਰਤੇ ਅਤੇ ਸਾਫ ਸੁਥਰੇ ਢੰਗ ਨਾਲ ਪ੍ਰੋਡਕਟ ਬਣਾਉਣ ਦੀ ਪੰਜ ਰੋਜਾ ਬੇਕਰੀ ਦੀ ਸਕਿਲ ਟ੍ਰੇਨਿੰਗ ਦਿੱਤੀ ਗਈ। ਟ੍ਰੇਨਿੰਗ ਦੌਰਾਨ ਬੀਬੀਆਂ ਨੂੰ ਬਿਸਕਿਟ,ਮਫੀਨ, ਡੋਨਟ, ਕੇਕ, ਬਿਸਕੁਟ, ਪੀਜ਼ਾ, ਬਰੈਡਜ਼, ਚਾਕਲੇਟਾਂ ਦੇ ਨਾਲ-ਨਾਲ ਹੋਰ 10-15 ਪ੍ਰੋਡਕਟਸ ਦੀ ਸਿਖਲਾਈ ਦਿੱਤੀ ਗਈ। ਇਹ ਟਰੇਨਿੰਗ ਸ਼ੈਫ ਅੰਸ਼ੂਰਾਮ, ਸਹਾਇਕ ਪ੍ਰੋਫੈਸਰ, ਚੰਡੀਗੜ੍ਹ ਗਰੁੱਪ ਆਫ ਕਾਲਜ, ਲਾਡਰਾਂ ਵੱਲੋਂ ਦਿੱਤੀ ਗਈ। ਇਸ ਟ੍ਰੇਨਿੰਗ ਦੌਰਾਨ ਡਾ ਪੂਜਾ ਭੱਟ, ਸਹਾਇਕ ਪ੍ਰੋਫੈਸਰ, ਚੰਡੀਗੜ੍ਹ ਗਰੁੱਪ ਆਫ ਕਾਲਜ, ਲਾਡਰਾਂ ਨੇ ਬੇਕਰੀ ਦੇ ਪ੍ਰੋਡਕਟਸ ਦੀ ਪੋਸ਼ਟਿਕਤਾ ਨੂੰ ਕਿਵੇਂ ਵਧਾਇਆ ਜਾ ਸਕਦਾ ਹੈ ਬਾਰੇ ਜਾਣਕਾਰੀ ਦਿੱਤੀ। ਸ੍ਰੀਮਤੀ ਸਿਖਾ ਸਿੰਗਲਾ, ਡਿਪਟੀ ਪ੍ਰੋਜੈਕਟ ਡਾਇਰੈਕਟਰ, ਆਤਮਾ ਨੇ ਬੀਬੀਆਂ ਨੂੰ ਵੱਧ ਤੋਂ ਵੱਧ ਇਸ ਟ੍ਰੇਨਿੰਗ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ ਅਤੇ ਆਤਮਾ ਸਕੀਮ ਅਧੀਨ ਲੱਗਦੇ ਕੈਂਪਾਂ ਵਿੱਚ ਬੇਕਰੀ ਦੀ ਟ੍ਰੇਨਿੰਗ ਲੈ ਚੁੱਕੀਆਂ ਬੀਬੀਆਂ ਨੂੰ ਫਰੀ ਵਿੱਚ ਸਟਾਲ ਦਿਵਾਉਣ ਬਾਰੇ ਭਰੋਸਾ ਦਿੱਤਾ ਤਾਂ ਜੋ ਉਹਨਾਂ ਦੇ ਕੰਮ ਨੂੰ ਹੋਰ ਪ੍ਰਫੁੱਲਤ ਕੀਤਾ ਜਾ ਸਕੇ। ਇਸ ਮੌਕੇ ਖੇਤੀਬਾੜੀ ਵਿਭਾਗ ਤੋ ਡਾ. ਗੁਰਦਿਆਲ ਕੁਮਾਰ, ਖੇਤੀਬਾੜੀ ਵਿਕਾਸ ਅਫਸਰ, ਨੇ ਕਿਸਾਨ ਬੀਬੀਆਂ ਨੂੰ ਆਤਮਾ ਸਕੀਮ ਅਤੇ ਖੇਤੀਬਾੜੀ ਵਿਭਾਗ ਵੱਲੋ ਚੱਲ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਤਾਂ ਜੋ ਬੀਬੀਆਂ ਇਨ੍ਹਾਂ ਸਕੀਮਾ ਦਾ ਲਾਭ ਲੈ ਕੇ ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕ ਸਕਣ।

## ਸਰਕਾਰ ਮੁੱਦੇ ਹੱਲ ਕਰਨ ਲਈ ਸਰਗਰਮੀ ਨਾਲ ਕੰਮ ਕਰ ਰਹੀ : ਵਿੱਤ ਮੰਤਰੀ




**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਇਥੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ (ਐਸ ਸੀ ) ਅਤੇ ਪੱਛੜੀਆਂ ਸ਼੍ਰੇਣੀਆਂ (ਬੀ ਸੀ ) ਕਰਮਚਾਰੀਆਂ ਅਤੇ ਭਾਈਚਾਰਿਆਂ ਦੀਆਂ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਸੰਵਿਧਾਨਕ ਮੰਗਾਂ ਅਤੇ ਮੁੱਦਿਆਂ ਨੂੰ ਹੱਲ ਕਰਨ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਇਹ ਭਰੋਸਾ ਪੰਜਾਬ ਭਰ ਦੇ 27 ਐਸ.ਸੀ. ਅਤੇ ਬੀ.ਸੀ. ਕਰਮਚਾਰੀਆਂ ਅਤੇ ਸਮਾਜਿਕ ਸੰਗਠਨਾਂ ਦੀ ਨੁਮਾਇੰਦਗੀ ਕਰਨ ਵਾਲੀ ਸਾਂਝੀ ਐਕਸ਼ਨ ਕਮੇਟੀ ਨਾਲ ਇੱਕ ਮਹੱਤਵਪੂਰਨ ਮੀਟਿੰਗ ਦੌਰਾਨ ਦਿੱਤਾ।ਪੰਜਾਬ ਭਵਨ ਵਿਖੇ ਹੋਈ ਇਸ ਮੀਟਿੰਗ ਵਿੱਚ ਇਨ੍ਹਾਂ ਭਾਈਚਾਰਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਕਈ ਮਹੱਤਵਪੂਰਨ ਮੁੱਦਿਆਂ, ਜਿਨ੍ਹਾਂ ਵਿੱਚ ਸਰਕਾਰੀ ਕਰਮਚਾਰੀਆਂ, ਸਮਾਜਿਕ ਨਿਆਂ ਅਤੇ ਸੰਵਿਧਾਨਕ ਅਧਿਕਾਰਾਂ ਨਾਲ ਸਬੰਧਤ ਮੰਗਾਂ ਸ਼ਾਮਲ ਹਨ 'ਤੇ ਧਿਆਨ ਕੇਂਦਰਿਤ ਕੀਤਾ ਗਿਆ। ਵਿੱਤ ਮੰਤਰੀ ਨੇ ਸਾਂਝੀ ਐਕਸ਼ਨ ਕਮੇਟੀ ਵੱਲੋਂ ਉਠਾਏ ਗਏ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਅਤੇ ਸਬੰਧਤ ਅਧਿਕਾਰੀਆਂ ਨੂੰ ਇਨ੍ਹਾਂ ਮੁੱਦਿਆਂ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਦੇ ਨਿਰਦੇਸ਼ ਦਿੱਤੇ।

## ਕਿਸਾਨ ਆਗੂ 'ਤੇ ਹੋਏ ਜਾਨਲੇਵਾ ਹਮਲੇ ਦੇ ਮਾਮਲੇ 'ਚ ਪੁਲਸ ਦਾ ਵਤੀਰਾ ਨਿੰਦਣਯੋਗ : ਡੀ ਟੀ ਐੱਫ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਕਿਰਤੀ ਕਿਸਾਨ ਯੂਨੀਅਨ ਦੇ ਆਗੂ ਮਾਸਟਰ ਨਿਰਭੈ ਸਿੰਘ 'ਤੇ ਡਿਊਟੀ ਜਾਣ ਸਮੇਂ ਸਕੂਲ ਦੇ ਨੇੜੇ ਲਹਿਰੇ ਇਲਾਕੇ ਵਿੱਚ ਭੂ-ਮਾਫ਼ੀਆ ਵਜੋਂ ਸਰਗਰਮ ਵਿਅਕਤੀਆਂ ਵੱਲੋਂ ਕੀਤੇ ਗੰਭੀਰ ਜਾਨ ਲੇਵਾ ਹਮਲੇ ਦੇ ਮਾਮਲੇ ਵਿੱਚ

**• ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ**

ਪੰਜ ਮਹੀਨੇ ਬੀਤਣ 'ਤੇ ਵੀ ਇਨਸਾਫ਼ ਨਾ ਮਿਲਣ ਅਤੇ ਸੰਗਰੂਰ ਪੁਲਿਸ ਵੱਲੋਂ ਸਿਆਸੀ ਇਸ਼ਾਰੇ ਤਹਿਤ ਦੋਸ਼ੀਆਂ ਦੀ ਪੁਸ਼ਤ ਪਨਾਹੀ ਕਰਨ ਦੇ ਰੋਸ ਵਜੋਂ ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ (ਡੀ.ਟੀ.ਐਫ.) ਵੱਲੋਂ ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਜਨਰਲ ਸਕੱਤਰ ਇੰਦਰ ਸੁਖਦੀਪ ਸਿੰਘ ਓਢਰਾ, ਵਿੱਤ ਸਕੱਤਰ ਮਨਜੀਤ ਸਿੰਘ ਦਸੂਹਾ, ਪ੍ਰੈਸ ਸਕੱਤਰ ਬਲਜੀਤ ਸਿੰਘ ਮਹਿਮੋਵਾਲ ਅਤੇ ਜੁਆਇੰਟ ਸਕੱਤਰ ਪ੍ਰਵੀਨ ਸ਼ੇਰਪੁਰ ਆਦਿ ਆਗੂਆਂ ਦੀ ਅਗਵਾਈ ਹੇਠ ਏ.ਡੀ.ਸੀ.(ਜਨਰਲ) ਅਮਰਬੀਰ ਕੌਰ ਰਾਹੀਂ ਮੁੱਖ ਮੰਤਰੀ ਪੰਜਾਬ ਵਲ ਮੰਗ ਪੱਤਰ ਭੇਜਿਆ ਗਿਆ। ਇਸ ਦੌਰਾਨ ਜਿਲ੍ਹਾ ਕਮੇਟੀ ਵੱਲੋਂ 25 ਸਤੰਬਰ ਨੂੰ ਕਿਰਤੀ ਕਿਸਾਨ ਯੂਨੀਅਨ ਅਤੇ ਡੀ.ਟੀ.ਐੱਫ. ਵੱਲੋਂ ਭਰਾਤਰੀ ਕਿਸਾਨ ਜਥੇਬੰਦੀਆਂ ਦੇ ਸਹਿਯੋਗ ਨਾਲ ਐੱਸ.ਐੱਸ.ਪੀ. ਦਫ਼ਤਰ ਸੰਗਰੂਰ ਵਿਖੇ ਸੂਬਾ ਪੱਧਰੀ ਧਰਨੇ ਵਿੱਚ ਜਿਲ੍ਹੇ ਤੋਂ ਭਰਵੀਂ ਸ਼ਮੂਲੀਅਤ ਕਰਵਾਉਣ ਲਈ ਜਮੀਨੀ ਪੱਧਰ 'ਤੇ ਲਾਮਬੰਦੀ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਆਗੂਆਂ ਨੇ ਦੱਸਿਆ ਕਿ ਮਾਸਟਰ ਨਿਰਭੈ ਸਿੰਘ 'ਤੇ ਹੋਏ ਜਾਨਲੇਵਾ ਹਮਲੇ ਦੌਰਾਨ ਉਨ੍ਹਾਂ ਦੀਆਂ ਦੋਨੋਂ ਲੱਤਾਂ ਤੇ ਖੱਬੀ ਬਾਂਹ ਕਈ ਥਾਵਾਂ ਤੋਂ ਬੁਰੀ ਤਰ੍ਹਾਂ ਤੋੜ ਦਿੱਤੀਆਂ ਗਈਆਂ ਸਨ। ਜਿਸ ਉਪਰੰਤ ਥਾਣਾ ਲਹਿਰਾ ਪੁਲਿਸ ਵੱਲੋਂ ਜਾਨਲੇਵਾ ਹਮਲੇ ਦੀ ਧਾਰਾ 109 ਬੀ.ਐੱਨ.ਐੱਸ. ਸਮੇਤ ਬਾਕੀ ਧਾਰਾਵਾਂ ਸਹਿਤ ਲਹਿਰਾ ਥਾਣਾ (ਜਿਲ੍ਹਾ ਸੰਗਰੂਰ) ਵਿਖੇ ਪਰਚਾ ਦਰਜ ਕੀਤਾ ਗਿਆ। ਪ੍ਰੰਤੂ ਪੁਲਿਸ ਵੱਲੋਂ ਸਾਰੇ ਦੋਸ਼ੀ ਗ੍ਰਿਫਤਾਰ ਕਰਕੇ ਉਨ੍ਹਾਂ ਨੂੰ ਬਨਦੀ ਸਜ਼ਾ ਦਵਾਉਣ ਦੀ ਥਾਂ ਪੱਖਪਾਤੀ ਭੂਮਿਕਾ ਨਿਭਾਈ ਜਾ ਰਹੀ ਹੈ ਅਤੇ ਮੁੱਖ ਦੋਸ਼ੀਆਂ ਨੂੰ ਬਚਾਉਣ ਖਾਤਰ ਇਰਾਦਾ ਕਤਲ ਦੇ ਮੁਕੱਦਮੇ ਨੂੰ ਕਾਨੂੰਨੀ ਤੌਰ 'ਤੇ ਕਮਜ਼ੋਰ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਨੰਦ ਰਾਮ, ਵਰਿੰਦਰ ਸੈਣੀ, ਸੰਜੀਵ ਕਲਸੀ, ਅਜੇ ਕੁਮਾਰ, ਬਲਰਾਜ ਮਘਾਣੀਆਂ, ਰਾਕੇਸ਼ ਕੁਮਾਰ, ਵਿਜੇ ਕੁਮਾਰ, ਜਸਦੀਪ ਸਿੰਘ, ਬੱਬੂ ਸਿੰਘ, ਪੁਨੀਤ ਕੁਮਾਰ, ਸੰਦੀਪ ਗਿੱਲ, ਦਵਿੰਦਰ ਕੁਮਾਰ ਸੈਣੀ, ਵਿਨੇ ਗੜਸ਼ੰਕਰ, ਬਖਸੀਸ ਸਿੰਘ ਅਤੇ ਮੈਡਮ ਅੰਜੂ ਸਹਿਜਲ ਵੀ ਹਾਜ਼ਰ ਸਨ।



## ਡੀ ਸੀ ਨੇ 350ਵੇਂ ਸ਼ਹੀਦੀ ਦਿਹਾੜੇ ਦੀ ਯਾਤਰਾ ਸਬੰਧੀ ਤਿਆਰੀਆਂ ਦੀ ਕੀਤੀ ਸਮੀਖਿਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਦੇ 350 ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਯਾਤਰਾ ਦੀਆਂ ਤਿਆਰੀਆਂ ਦਾ ਵਿਸਥਾਰ ਪੂਰਵਕ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਯਾਤਰਾ ਪੂਰੇ ਜ਼ਿਲ੍ਹੇ ਲਈ ਆਸਥਾ ਅਤੇ ਸ਼ਰਧਾ ਦਾ ਇੱਕ ਮਹੱਤਵਪੂਰਨ ਮੌਕਾ ਹੈ, ਜੋ ਕਿ ਮਾਣ ਅਤੇ ਅਨੁਸ਼ਾਸਨ ਨਾਲ ਸੰਚਾਲਿਤ ਕੀਤੀ ਜਾਵੇਗੀ। ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਨੇ ਸਬੰਧਤ ਵਿਭਾਗਾਂ ਨੂੰ ਸਪੱਸ਼ਟ ਹਦਾਇਤਾਂ ਦਿੱਤੀਆਂ ਕਿ ਯਾਤਰਾ ਜਿਨ੍ਹਾਂ ਰਸਤਿਆਂ ਤੋਂ ਲੰਘੇਗੀ, ਉਨ੍ਹਾਂ ਦੀ ਮੁਰੰਮਤ ਅਤੇ ਸਫਾਈ ਦਾ ਕੰਮ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾਵੇ। ਉਨ੍ਹਾਂ ਲੋਕ ਨਿਰਮਾਣ ਵਿਭਾਗ, ਨਗਰ ਕੌਂਸਲਾਂ ਅਤੇ ਪੰਚਾਇਤ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਸੜਕਾਂ ਦੀ ਮੁਰੰਮਤ, ਨਾਲੀਆਂ ਦੀ ਸਫਾਈ, ਸਟਰੀਟ ਲਾਈਟਾਂ ਦਾ ਪ੍ਰਬੰਧ ਅਤੇ ਯਾਤਰਾ ਰਸਤੇ 'ਤੇ ਸਫਾਈ ਯਕੀਨੀ ਬਣਾਈ ਜਾਵੇ। ਪੁਲਿਸ ਵਿਭਾਗ ਨੂੰ ਸੁਚਾਰੂ ਆਵਾਜਾਈ ਵਿਵਸਥਾ ਬਣਾਈ ਰੱਖਣ ਲਈ ਵਿਸ਼ੇਸ਼ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਗਏ । ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਦੇ ਸਹਿਯੋਗ ਨਾਲ ਵੱਖ-ਵੱਖ ਥਾਵਾਂ 'ਤੇ ਯਾਤਰਾ ਦਾ ਸਵਾਗਤ ਕਰੇਗਾ ਅਤੇ ਸ਼ਰਧਾਲੂਆਂ ਨੂੰ ਲੰਗਰ ਸੇਵਾ ਵੀ ਉਪਲਬੱਧ ਕਰਵਾਈ ਜਾਵੇਗੀ। ਸਿਹਤ ਵਿਭਾਗ ਨੂੰ ਯਾਤਰਾ ਦੇ ਰਸਤੇ 'ਤੇ ਐਂਬੂਲੈਂਸਾਂ ਅਤੇ ਮੈਡੀਕਲ ਟੀਮਾਂ ਤਾਇਨਾਤ ਕਰਨ ਲਈ ਕਿਹਾ ਗਿਆ । ਉਨ੍ਹਾਂ ਕਿਹਾ ਕਿ ਨਵੰਬਰ ਮਹੀਨੇ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਸੂਬੇ ਭਰ ਵਿੱਚ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ। ਇਸੇ ਲੜੀ ਵਿੱਚ 21 ਨਵੰਬਰ ਨੂੰ ਇੱਕ ਵਿਸ਼ੇਸ਼ ਯਾਤਰਾ ਪਠਾਨਕੋਟ ਤੋਂ ਰਵਾਨਾ ਹੋਵੇਗੀ ਅਤੇ ਮੁਕੇਰੀਆਂ ਵਿੱਚ ਦਾਖਲ ਹੋਵੇਗੀ ਅਤੇ ਇਸ ਤੋਂ ਬਾਅਦ ਦਸੂਹਾ, ਹੁਸ਼ਿਆਰਪੁਰ, ਮਾਹਿਲਪੁਰ ਅਤੇ ਗੜ੍ਹਸ਼ੰਕਰ ਹੁੰਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਪਹੁੰਚੇਗੀ।



## ਐੱਸ ਡੀ ਐੱਮ ਵੱਲੋਂ ਖੇਤਾਂ 'ਚ ਅੱਗ ਲਾਉਣ ਦੇ ਮਾਮਲਿਆਂ ਨੂੰ ਅਸਰਦਾਰ ਢੰਗ ਨਾਲ ਰੋਕਣ ਦੀ ਹਦਾਇਤ

**ਬਲਾਚੌਰ (ਜਸਵਿੰਦਰ ਬੈਂਸ)**- ਸਬ ਡਿਵੀਜ਼ਨ ਦੀ ਹਦੂਦ ਅੰਦਰ ਪਰਾਲੀ ਨੂੰ ਅੱਗ ਲਾਉਣ ਤੋਂ ਰੋਕਣ ਲਈ ਬਣਾਈਆਂ ਗਈਆਂ ਟੀਮਾਂ ਨਾਲ ਇੱਥੇ ਵਿਚਾਰ-ਵਟਾਂਦਰਾ ਕਰਦਿਆਂ ਐੱਸ ਡੀ ਐੱਮ ਕ੍ਰਿਤਿਕਾ ਗੋਇਲ ਨੇ ਕਿਹਾ ਕਿ ਸਾਰੇ ਵਿਭਾਗਾਂ ਦੇ ਸਹਿਯੋਗ ਨਾਲ ਕਿਸਾਨਾਂ ਨੂੰ ਜਾਗਰੂਕ ਕਰਕੇ ਵਾਤਾਵਰਣ ਅਤੇ ਮਨੁੱਖੀ ਸਿਹਤ ਲਈ ਇਸ ਨੁਕਸਾਨਦੇਹ ਪ੍ਰਕਿਰਿਆ ਨੂੰ ਅਸਰਦਾਰ ਢੰਗ ਨਾਲ ਰੋਕਿਆ ਜਾ ਸਕਦਾ ਹੈ। ਸਥਾਨਕ ਬਾਬਾ ਬਲਰਾਜ ਕਾਲਜ ਵਿਖੇ ਕਲਸਟਰ ਅਧਿਕਾਰੀਆਂ, ਵਿਲੇਜ ਨੋਡਲ ਅਫ਼ਸਰਾਂ, ਪੁਲਿਸ ਅਧਿਕਾਰੀਆਂ ਅਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਐੱਸ ਡੀ ਐੱਮ ਕ੍ਰਿਤਿਕਾ ਗੋਇਲ ਨੇ ਕਿਹਾ ਕਿ ਸੈਟੇਲਾਈਟ ਵਲੋਂ ਜਦੋਂ ਵੀ ਕਿਸੇ ਥਾਂ 'ਤੇ ਝੋਨੇ ਦੀ ਪਰਾਲੀ ਜਾਂ ਨਾੜ ਨੂੰ ਅੱਗ ਲਾਉਣ ਬਾਰੇ ਸੂਚਨਾ ਦਿੱਤੀ ਜਾਂਦੀ ਹੈ ਤਾਂ ਉਸ ਨੂੰ ਰੋਕਣ ਲਈ ਤੁਰੰਤ ਹਰਕਤ ਵਿੱਚ ਆ ਕੇ ਬਨਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।ਉਨ੍ਹਾਂ ਕਿਹਾ ਕਿ ਸਾਰੇ ਅਧਿਕਾਰੀ ਆਪੋ-ਆਪਣੇ ਅਧਿਕਾਰ ਖੇਤਰ ਵਿੱਚ ਕਿਸਾਨਾਂ ਨਾਲ ਰਾਬਤਾ ਕਰਕੇ ਉਨ੍ਹਾਂ ਨੂੰ ਇਸ ਪ੍ਰਕਿਰਿਆ ਦੇ ਮਾੜੇ ਪ੍ਰਭਾਵਾਂ ਬਾਰੇ ਦੱਸਣ ਤਾਂ ਜੋ ਜਾਗਰੂਕਤਾ ਰਾਹੀਂ ਇਸ ਸਮੱਸਿਆ ਨੂੰ ਰੋਕਿਆ ਜਾ ਸਕੇ।



## ਪਰਾਲੀ ਪ੍ਰਬੰਧਨ ਨੂੰ ਲੈ ਕੇ ਨੋਡਲ/ਕਲੱਸਟਰ ਅਫ਼ਸਰਾਂ, ਨੰਬਰਦਾਰਾਂ ਤੇ ਸਰਪੰਚਾਂ ਦੀ ਟ੍ਰੇਨਿੰਗ

**ਹੁਸ਼ਿਆਰਪੁਰ (ਓ ਪੀ ਰਾਣਾ)**- ਜ਼ਿਲ੍ਹੇ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਅਤੇ ਇਸ ਦੇ ਵਿਗਿਆਨਕ ਪ੍ਰਬੰਧਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇੱਕ ਵਿਸ਼ੇਸ਼ ਸਿਖਲਾਈ ਦਾ ਆਯੋਜਨ ਕੀਤਾ ਗਿਆ । ਇਹ ਸਿਖਲਾਈ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਪ੍ਰਧਾਨਗੀ ਹੇਠ ਡੀ.ਏ.ਵੀ ਕਾਲਜ ਆਫ਼ ਐਜੂਕੇਸ਼ਨ, ਹੁਸ਼ਿਆਰਪੁਰ ਵਿਖੇ ਆਯੋਜਿਤ ਕੀਤੀ ਗਈ। ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਕਾਸ ਕੁਮਾਰ ਵੀ ਉਨ੍ਹਾਂ ਨਾਲ ਮੌਜੂਦ ਸਨ। ਸਿਖਲਾਈ ਦੌਰਾਨ ਉਨ੍ਹਾਂ 50 ਪਿੰਡਾਂ ਦੇ ਨੋਡਲ/ਕਲੱਸਟਰ ਅਫ਼ਸਰ, ਨੰਬਰਦਾਰ ਅਤੇ ਸਰਪੰਚ ਸ਼ਾਮਲ ਕੀਤੇ ਗਏ ਸਨ ਜਿੱਥੇ ਪਿਛਲੇ ਸਾਲਾਂ ਵਿੱਚ ਪਰਾਲੀ ਸਾੜਨ ਦੀਆਂ ਵਧੇਰੇ ਘਟਨਾਵਾਂ ਦਰਜ ਕੀਤੀਆਂ ਗਈਆਂ ਸਨ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸਿਖਲਾਈ ਦੌਰਾਨ ਅਧਿਕਾਰੀਆਂ ਅਤੇ ਪਿੰਡਾਂ ਦੇ ਨੁਮਾਇੰਦਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਰਾਲੀ ਪ੍ਰਬੰਧਨ ਲਈ ਖੇਤੀਬਾੜੀ ਵਿਭਾਗ ਵੱਲੋਂ ਸਬਸਿਡੀ 'ਤੇ ਕਿਸਾਨਾਂ ਨੂੰ ਦਿੱਤੀ ਜਾਂਦੀ ਮਸ਼ੀਨਰੀ ਦੀ ਵੱਧ ਤੋਂ ਵੱਧ ਵਰਤੋਂ ਯਕੀਨੀ ਬਣਾਈ ਜਾਵੇ। ਮੁੱਖ ਖੇਤੀਬਾੜੀ ਅਫ਼ਸਰ ਦਵਿੰਦਰ ਸਿੰਘ ਸੰਧੂ ਨੇ ਇਸ ਮੌਕੇ ਸਾਰੇ ਭਾਗੀਦਾਰਾਂ ਦਾ ਧੰਨਵਾਦ ਕੀਤਾ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਪਰਾਲੀ ਪ੍ਰਬੰਧਨ ਮੁਹਿੰਮ ਨੂੰ ਸਫਲ ਬਣਾਉਣ ਦੀ ਅਪੀਲ ਕੀਤੀ।ਡੀ ਐਸ ਪੀ ਡਾ. ਮਨਪ੍ਰੀਤ ਕੌਰ, ਡੀ ਐਸ ਪੀ ਦੇਵਦੱਤ ਸ਼ਰਮਾ, ਕਾਰਜਕਾਰੀ ਇੰਜੀਨੀਅਰ ਰੂਬਲ ਗੋਇਲ (ਪੀ ਪੀ ਸੀ ਬੀ), ਏ ਆਰ ਗੀਤਾ ਸ਼ਰਮਾ ਅਤੇ ਖੇਤੀਬਾੜੀ ਵਿਭਾਗ ਅਤੇ ਪ੍ਰਸ਼ਾਸਨ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।



## ਸੁਪਰੀਮ ਕੋਰਟ ਕਿਸਾਨਾਂ ਦੀ ਗ੍ਰਿਫ਼ਤਾਰੀ ਦੇ ਹੁਕਮ ਵਾਪਸ ਲਵੇ : ਐੱਸ ਕੇ ਐੱਮ

**• ਪ੍ਰਵਾਸੀ ਭਜਾਓ ਮੁਹਿੰਮ ਵਿਰੁੱਧ ਸਖ਼ਤ ਐਕਸ਼ਨ ਲਵੇ ਸਰਕਾਰ**

**ਚੰਡੀਗੜ੍ਹ (ਪ. ਪ.)** ਪੰਜਾਬ ਦੇ ਕਿਸਾਨਾਂ ਨੇ ਹਮੇਸ਼ਾ ਭਾਰਤੀਆਂ ਦਾ ਢਿੱਡ ਭਰਿਆ ਹੈ। ਅੱਜ ਉਹ ਮਨੁੱਖੀ ਗਲਤੀਆਂ ਕਾਰਨ ਭਿਆਨਕ ਹੜ੍ਹਾਂ ਦੀ ਕਰੋਪੀ ਦੀ ਮਾਰ ਝੱਲ ਰਹੇ ਹਨ। ਇਹ ਪੰਜਾਬ ਦੇ ਕਿਸਾਨਾਂ ਲਈ ਬਹੁਤ ਵੱਡੀ ਆਰਥਿਕ ਮਾਰ ਹੈ। ਉੱਤੋਂ ਖੇਤਾਂ ਵਿੱਚ ਖੜੀ ਝੋਨੇ ਦੀ ਫਸਲ ਨੂੰ ਕਈ ਭਿਆਨਕ ਬਿਮਾਰੀਆਂ ਨੇ ਘੇਰ ਲਿਆ ਹੈ, ਜਿਸ ਨਾਲ ਘੱਟੋ ਘੱਟ 30 ਪ੍ਰਤੀਸ਼ਤ ਝਾੜ ਘਟੇਗਾ। ਅਜਿਹੇ ਮੌਕੇ ਸਾਡੀ ਸੁਪਰੀਮ ਕੋਰਟ ਨੇ ਕਿਸਾਨਾਂ ਨੂੰ ਪਰਾਲੀ ਫੂਕਣ ਲਈ ਜੇਲ੍ਹ ਭੇਜਣ ਦੇ ਹੁਕਮ ਚਾੜ੍ਹ ਦਿੱਤੇ ਹਨ। ਇਸ ਸਬੰਧੀ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਸ. ਬਲਬੀਰ ਸਿੰਘ ਰਾਜੇਵਾਲ, ਸ. ਬੂਟਾ ਸਿੰਘ ਬੁਰਜਗਿੱਲ ਅਤੇ ਸ. ਕੁਲਵੰਤ ਸਿੰਘ ਸੰਧੂ ਨੇ ਸੁਪਰੀਮ ਕੋਰਟ ਦੇ ਇਸ ਹੁਕਮ ਉੱਤੇ ਅਫ਼ਸੋਸ ਜਾਹਿਰ ਕਰਦਿਆਂ ਕਿਹਾ ਕਿ ਸਾਡੇ ਜੱਜਾਂ ਨੂੰ ਵੀ ਲਗਦਾ ਹੈ ਕਿ ਦਿੱਲੀ ਵਿੱਚ ਪ੍ਰਦੂਸ਼ਣ ਕੇਵਲ ਪੰਜਾਬ ਦੇ ਕਿਸਾਨਾਂ ਵੱਲੋਂ ਪਰਾਲੀ ਨੂੰ ਅੱਗ ਲਾਉਣ ਕਾਰਨ ਹੀ ਹੁੰਦਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਅਤੇ ਯੂ.ਪੀ. ਦੀ ਪਰਾਲੀ ਦਾ ਧੂੰਆਂ ਸੁਪਰੀਮ ਕੋਰਟ ਨੂੰ ਦਿਖਾਈ ਨਹੀਂ ਦਿੰਦਾ ਜੋ ਦਿੱਲੀ ਦੇ ਬਾਰਡਰ ਦੇ ਮੁੱਢ ਵਿੱਚ ਬੈਠੇ ਹਨ। ਉਨ੍ਹਾਂ ਕਿਹਾ ਕਿ ਭਾਵੇਂ ਅਸੀਂ ਪਰਾਲੀ ਨੂੰ ਅੱਗ ਲਾਉਣ ਦੇ ਹੱਕ ਵਿੱਚ ਨਹੀਂ ਪਰ ਸਾਡੇ ਜੱਜਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪ੍ਰਦੂਸ਼ਣ ਵਿੱਚ ਪਰਾਲੀ ਦੇ ਧੂੰਏ ਦਾ ਕੇਵਲ 8 ਪ੍ਰਤੀਸ਼ਤ ਹਿੱਸਾ ਹੁੰਦਾ ਹੈ। ਦਿੱਲੀ ਦੇ ਪ੍ਰਦੂਸ਼ਣ ਵਿੱਚ ਪਹਿਲਾ ਸਥਾਨ ਦਿੱਲੀ ਦੀਆਂ ਸੜਕਾਂ ਉੱਤੇ ਚਲਦੇ ਇਕ ਕਰੋੜ ਰੋਜ਼ਾਨਾ ਵਾਹਣਾਂ ਦਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨਾਂ ਨੇ ਝੋਨੇ ਤੋਂ ਤੁਰੰਤ ਬਾਅਦ ਕਣਕ ਬੀਜਣੀ ਹੁੰਦੀ ਹੈ। ਸਮਾਂ ਘੱਟ ਹੋਣ ਕਾਰਨ ਜੇ ਕਿਸਾਨ ਪਰਾਲੀ ਨੂੰ ਅੱਗ ਲਾਉਂਦੇ ਹਨ ਤਾਂ ਸਰਕਾਰ ਨੂੰ ਝੱਟ ਸੈਟੇਲਾਈਟ ਰਾਹੀਂ ਪਤਾ ਲੱਗ ਜਾਂਦਾ ਹੈ। ਹੁਣ ਜਦੋਂ ਹੜ੍ਹ ਆਏ ਤਾਂ ਸਰਕਾਰੀ ਸੈਟੇਲਾਈਟ ਬੰਦ ਹੋ ਗਏ। ਉਨ੍ਹਾਂ ਮੰਗ ਕੀਤੀ ਕਿ ਸੁਪਰੀਮ ਕੋਰਟ ਆਪਣੀਆਂ ਹਦਾਇਤਾਂ ਉੱਤੇ ਮੁੜ ਵਿਚਾਰ ਕਰਕੇ ਕਿਸਾਨਾਂ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਵਾਪਸ ਲਵੇ। ਆਗੂਆਂ ਨੇ ਹੋਰ ਕਿਹਾ ਕਿ ਖੇਤੀ ਅਤੇ ਇੰਡਸਟਰੀ ਪ੍ਰਵਾਸੀ ਮਜ਼ਦੂਰਾਂ ਉੱਤੇ ਨਿਰਭਰ ਕਰਦੀ ਹੈ। ਪਿਛਲੇ ਦਿਨੀਂ ਹੁਸ਼ਿਆਰਪੁਰ ਵਿੱਚ ਇਕ ਮਾਸੂਮ ਨਾਲ ਦੁਸ਼ਕਰਮ ਕਰਕੇ ਇੱਕ ਪ੍ਰਵਾਸੀ ਨੇ ਉਸ ਦਾ ਕਤਲ ਕਰ ਦਿੱਤਾ। ਇਸ ਨੇ ਪੰਜਾਬੀਆਂ ਦੇ ਮਨਾਂ ਨੂੰ ਸੱਟ ਮਾਰੀ। ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਅਸੀਂ ਅਜਿਹੇ ਬਿਮਾਰ ਮਾਨਸਿਕਤਾ ਵਾਲੇ ਦੋਸ਼ੀ ਨੂੰ ਸਖ਼ਤ ਤੋਂ ਸਖ਼ਤ ਫਾਂਸੀ ਦੀ ਸਜ਼ਾ ਦੀ ਮੰਗ ਕਰੀਏ। ਅੱਜ ਕੱਲ੍ਹ ਕੁਝ ਲੋਕ ਪੰਚਾਇਤਾਂ ਤੋਂ ਪ੍ਰਵਾਸੀਆਂ ਨੂੰ ਵਾਪਸ ਆਪਣੇ ਰਾਜ ਭੇਜਣ ਲਈ ਮਤੇ ਪੁਆ ਰਹੀਆਂ ਹਨ ਅਤੇ ਉਨ੍ਹਾਂ ਵਿਰੁੱਧ ਮੁਹਿੰਮ ਚਲਾ ਰਹੀਆਂ ਹਨ। ਜੇ ਇੰਜ ਹੋ ਗਿਆ ਤਾਂ ਖੇਤੀ ਅਤੇ ਇੰਡਸਟਰੀ ਦੋਵੇਂ ਬਰਬਾਦ ਹੋ ਜਾਣਗੇ। ਮੰਡੀਆਂ ਆਦਿ ਨਹੀਂ ਚੱਲ ਸਕਣਗੀਆਂ। ਇਸ ਲਈ ਪ੍ਰਵਾਸੀਆਂ ਨੂੰ ਪੰਜਾਬੋਂ ਕੱਢਣ ਦੀ ਮੰਗ ਕਿਸੇ ਤਰ੍ਹਾਂ ਵੀ ਪੰਜਾਬ ਦੇ ਹਿੱਤ ਵਿੱਚ ਨਹੀਂ ਹੈ। ਐਸ.ਕੇ.ਐਮ. ਪ੍ਰਵਾਸੀ ਭਜਾਓ ਮੁਹਿੰਮ ਦਾ ਵਿਰੋਧ ਕਰਦਾ ਹੈ ਅਤੇ ਮੰਗ ਕਰਦਾ ਹੈ ਕਿ ਸਰਕਾਰ ਇਸ ਮੁਹਿੰਮ ਵਿਰੁੱਧ ਸਖ਼ਤ ਐਕਸ਼ਨ ਲੈ ਕੇ ਪੰਜਾਬ ਨੂੰ ਬਚਾਵੇ।

## ਗੁਰਪ੍ਰਤਾਪ ਸਿੰਘ ਪਡਿਆਲਾ ਵੱਲੋਂ ਗੁਰਮਤਿ ਸਮਾਗਮ ਦਾ ਪੋਸਟਰ ਜਾਰੀ

**ਕੁਰਾਲੀ (ਮੋਹਨ ਅੱਗਰਵਾਲ)** ਸਥਾਨਕ ਸ਼ਹਿਰ ਦੇ ਨਜਦੀਕੀ ਪਿੰਡ ਚਰਹੇੜੀ (ਜ਼ਿਲ੍ਹਾ ਰੋਪੜ) ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੂਮਹ ਇਲਾਕਾ ਨਿਵਾਸੀ, ਪਿੰਡ ਚਰਹੇੜੀ ਵੱਲੋਂ ਧੰਨ ਧੰਨ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ 20 ਅਤੇ 21 ਸਤੰਬਰ 2025 ਨੂੰ ਸ਼ਾਮ 6 ਵਜੇ ਤੋਂ 10 ਵਜੇ ਤੱਕ ਕਰਵਾਇਆ ਜਾ ਰਿਹਾ ਹੈ । ਇਸ ਸਮਾਗਮ ਦਾ ਪੋਸਟਰ ਸੀਨੀਅਰ ਕਾਂਗਰਸੀ ਆਗੂ ਅਤੇ ਉੱਘੇ ਸਮਾਜਸੇਵੀ ਗੁਰਪ੍ਰਤਾਪ ਸਿੰਘ ਪਡਿਆਲਾ ਵੱਲੋਂ ਅੱਜ ਜਾਰੀ ਕੀਤਾ ਗਿਆ ।ਗੁਰਪ੍ਰਤਾਪ ਸਿੰਘ ਪਡਿਆਲਾ ਅਤੇ ਭਾਈ ਪਰਮਜੀਤ ਸਿੰਘ ਛੰਮਾ ਨੇ ਦੱਸਿਆ ਕਿ ਇਸ ਗੁਰਮਤਿ ਸਮਾਗਮ ਦੌਰਾਨ 20 ਅਤੇ 21 ਸਤੰਬਰ ਤੱਕ ਧਾਰਮਿਕ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਕਥਾ ਵਾਚਕ ਸੰਤ ਗਿਆਨੀ ਮਹਿੰਦਰ ਸਿੰਘ ਖਾਲਸਾ ਭੜੀ ਵਾਲੇ, ਸੰਤ ਬਾਬਾ ਅਵਤਾਰ ਸਿੰਘ ਧੂਲਕੋਟ ਵਾਲੇ, ਇੰਟਰਨੈਸ਼ਨਲ ਗੋਲਡ ਮੈਡਲਿਸਟ ਢਾਡੀ ਜੱਥਾ ਗਿਆਨੀ ਮਲਕੀਤ ਸਿੰਘ ਪਪਰਾਲੀ ਵਲੋਂ ਰਸ ਭਿੰਨਾ ਕੀਰਤਨ ਕੀਤਾ ਜਾਵੇਗਾ ਅਤੇ ਗੁਰੂ ਸਾਹਿਬ ਦੇ ਇਤਿਹਾਸ ਬਾਰੇ ਚਾਨਣਾ ਪਾ ਕੇ ਨੌਜਵਾਨਾਂ ਨੂੰ ਬਾਣੀ ਅਤੇ ਬਾਣੇ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਜਾਵੇਗਾ । ਇਸ ਸਮਾਗਮ ਲਈ ਭਾਈ ਜੈਤਾ ਜੀ ਵਿਸ਼ਵ ਚੈਰੀਟੇਬਲ ਟਰੱਸਟ (ਰਜਿ:), ਕੁਰਾਲੀ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਜਾ ਰਿਹਾ ਹੈ । ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ ।



# ਪੇਂਡੂ ਖੇਤਰਾਂ 'ਚ ਆਧੁਨਿਕ ਸਹੂਲਤਾਂ ਨਾਲ ਲੈਸ ਲਾਇਬ੍ਰੇਰੀਆਂ ਦੀ ਗਿਣਤੀ 'ਚ ਵਾਧਾ : ਸੌਂਦ



ਚੰਡੀਗੜ੍ਹ (ਗੁਰਜੀਤ ਬਿੱਲਾ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨੌਜਵਾਨਾਂ ਵਿੱਚ ਪੜ੍ਹਨ ਦੀ ਆਦਤ ਨੂੰ ਹੋਰ ਹੁਲਾਰਾ ਦੇਣ ਅਤੇ ਉਨ੍ਹਾਂ ਨੂੰ ਸੂਬੇ ਦੀ ਸਮਾਜਿਕ-ਆਰਥਿਕ ਤਰੱਕੀ ਵਿੱਚ ਭਾਈਵਾਲ ਬਣਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤੀ 'ਪੇਂਡੂ ਲਾਇਬ੍ਰੇਰੀ ਯੋਜਨਾ' ਤਹਿਤ ਪੰਜਾਬ ਵਿੱਚ ਬਣੀਆਂ ਲਾਇਬ੍ਰੇਰੀਆਂ ਦੀ ਗਿਣਤੀ 275 ਤੱਕ ਪਹੁੰਚ ਗਈ ਹੈ।ਪੇਂਡੂ ਖੇਤਰਾਂ ਵਿੱਚ ਇਹ ਲਾਇਬ੍ਰੇਰੀਆਂ ਸਫਲਤਾਪੂਰਵਕ ਚੱਲ ਰਹੀਆਂ ਹਨ।ਜਦਕਿ ਆਧੁਨਿਕ ਸਹੂਲਤਾਂ ਨਾਲ ਲੈਸ 58 ਹੋਰ ਲਾਇਬ੍ਰੇਰੀਆਂ ਦਾ ਕੰਮ ਪ੍ਰਗਤੀਅਧੀਨ ਹੈ।ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 15 ਅਗਸਤ, 2024 ਨੂੰ ਪਿੰਡ ਈਸੜੂ (ਖੰਨਾ) ਤੋਂ ਪੇਂਡੂ ਲਾਇਬ੍ਰੇਰੀ ਯੋਜਨਾ ਦੀ ਸ਼ੁਰੂਆਤ ਕੀਤੀ ਸੀ।ਮੁੱਖ ਮੰਤਰੀ ਨੇ ਇੱਥੇ ਬਣਾਈ ਪਹਿਲੀ ਲਾਇਬ੍ਰੇਰੀ ਦਾ ਉਦਘਾਟਨ ਕੀਤਾ ਅਤੇ ਸਕੂਲੀ ਬੱਚਿਆਂ ਨਾਲ ਗੱਲਬਾਤ ਕੀਤੀ ਸੀ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦਾ ਸੁਪਨਾ ਹੈ ਕਿ ਇਹ ਪੇਂਡੂ ਲਾਇਬ੍ਰੇਰੀਆਂ ਸੂਬੇ ਦੇ ਵਿਕਾਸ ਅਤੇ ਖੁਸ਼ਹਾਲੀ ਦੇ ਧੁਰੇ ਵਜੋਂ ਕੰਮ ਕਰਨ।ਪੰਜਾਬ ਸਰਕਾਰ ਦੀ ਇਸ ਪਹਿਲਕਦਮੀ ਦਾ ਉਦੇਸ਼ ਸੂਬੇ ਦੇ ਨੌਜਵਾਨਾਂ ਵਿੱਚ ਪੜ੍ਹਨ ਦੀ ਆਦਤ ਵਿਕਸਤ ਕਰਨਾ ਹੈ।ਉਨ੍ਹਾਂ ਕਿਹਾ ਕਿ ਇਹ ਲਾਇਬ੍ਰੇਰੀਆਂ ਪੇਂਡੂ ਨੌਜਵਾਨਾਂ ਦੀ ਕਿਸਮਤ ਬਦਲਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੀਆਂ, ਜੋ ਇੱਥੋਂ ਪੜ੍ਹ ਕੇ ਵੱਡੇ ਅਫ਼ਸਰ, ਵਿਗਿਆਨੀ, ਡਾਕਟਰ ਅਤੇ ਤਕਨੀਕੀ ਮਾਹਰ ਆਦਿ ਬਣਨਗੇ। ਜ਼ਿਆਦਾ ਜਾਣਕਾਰੀ ਦਿੰਦਿਆਂ ਸੌਂਦ ਨੇ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹੇ ਵਿੱਚ 4 ਲਾਇਬ੍ਰੇਰੀਆਂ ਕਾਰਜਸ਼ੀਲ ਹਨ, ਜਦਕਿ ਬਠਿੰਡਾ ਵਿੱਚ 29 ਲਾਇਬ੍ਰੇਰੀਆਂ ਚੱਲ ਰਹੀਆਂ ਹਨ।ਬਰਨਾਲਾ ਵਿੱਚ 9 ਲਾਇਬ੍ਰੇਰੀਆਂ ਕਾਰਜਸ਼ੀਲ ਹਨ ਤੇ 2 ਦਾ ਕੰਮ ਚੱਲ ਰਿਹਾ ਹੈ।ਇਸੇ ਤਰ੍ਹਾਂ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿੱਚ 11 ਲਾਇਬ੍ਰੇਰੀਆਂ ਕਾਰਜਸ਼ੀਲ ਹਨ ਅਤੇ 2 ਦਾ ਕੰਮ ਪ੍ਰਗਤੀਅਧੀਨ ਹੈ, ਫ਼ਰੀਦਕੋਟ ਵਿੱਚ 10 ਕਾਰਜਸ਼ੀਲ ਤੇ 2 ਪ੍ਰਗਤੀਅਧੀਨ, ਫਾਜ਼ਿਲਕਾ ਵਿੱਚ 21 ਕਾਰਜਸ਼ੀਲ ਹਨ, ਫਿਰੋਜ਼ਪੁਰ ਵਿੱਚ 15 ਲਾਇਬ੍ਰੇਰੀਆਂ ਚੱਲ ਰਹੀਆਂ ਹਨ ਅਤੇ 9 ਲਾਇਬ੍ਰੇਰੀਆਂ ਦਾ ਕੰਮ ਪ੍ਰਗਤੀਅਧੀਨ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ 6 ਲਾਇਬ੍ਰੇਰੀਆਂ ਕਾਰਜਸ਼ੀਲ ਹਨ ਤੇ 9 ਦਾ ਕੰਮ ਚੱਲ ਰਿਹਾ ਹੈ। ਲੁਧਿਆਣਾ ਵਿੱਚ 30 ਕਾਰਜਸ਼ੀਲ ਤੇ 11 ਪ੍ਰਗਤੀਅਧੀਨ, ਮਾਨਸਾ ਵਿੱਚ 17 ਕਾਰਜਸ਼ੀਲ ਤੇ 1 ਪ੍ਰਗਤੀਅਧੀਨ, ਮਾਲੇਰਕੋਟਲਾ ਵਿੱਚ 11 ਕਾਰਜਸ਼ੀਲ ਜਦਕਿ ਸ੍ਰੀ ਮੁਕਤਸਰ ਸਾਹਿਬ ਵਿੱਚ 6 ਲਾਇਬ੍ਰੇਰੀਆਂ ਦਾ ਕੰਮ ਪ੍ਰਗਤੀਅਧੀਨ ਹੈ। ਮੋਗਾ ਵਿੱਚ 14 ਲਾਇਬ੍ਰੇਰੀਆਂ ਕਾਰਜਸ਼ੀਲ, ਪਟਿਆਲਾ ਵਿੱਚ 28 ਕਾਰਜਸ਼ੀਲ ਤੇ 2 ਪ੍ਰਗਤੀਅਧੀਨ, ਰੂਪਨਗਰ ਵਿੱਚ 12 ਕਾਰਜਸ਼ੀਲ, ਸ਼ਹੀਦ ਭਗਤ ਸਿੰਘ ਨਗਰ ਵਿੱਚ 6 ਲਾਇਬ੍ਰੇਰੀਆਂ ਕਾਰਜਸ਼ੀਲ ਹਨ ਜਦਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ 12 ਲਾਇਬ੍ਰੇਰੀਆਂ ਪ੍ਰਗਤੀਅਧੀਨ ਹਨ।ਪੰਚਾਇਤ ਮੰਤਰੀ ਨੇ ਅੱਗੇ ਦੱਸਿਆ ਕਿ ਸੰਗਰੂਰ ਜ਼ਿਲ੍ਹੇ ਵਿੱਚ ਸਭ ਤੋਂ ਜ਼ਿਆਦਾ 31 ਲਾਇਬ੍ਰੇਰੀਆਂ ਚੱਲ ਰਹੀਆਂ ਹਨ ਜਦਕਿ 2 ਲਾਇਬ੍ਰੇਰੀਆਂ ਦਾ ਕੰਮ ਪ੍ਰਗਤੀਅਧੀਨ ਹੈ। ਇਸੇ ਤਰ੍ਹਾਂ ਤਰਨਤਾਰਨ ਵਿੱਚ 11 ਅਤੇ ਜਲੰਧਰ ਜ਼ਿਲ੍ਹੇ ਵਿੱਚ 2 ਲਾਇਬ੍ਰੇਰੀਆਂ ਚੱਲ ਰਹੀਆਂ ਹਨ।

# ਕਰੰਟ ਲੱਗਣ ਨਾਲ ਦੋ ਭਰਾਵਾਂ ਦੀ ਮੌਤ



ਕਾਦੀਆਂ (ਯਾਦਵਿੰਦਰ ਸਿੰਘ ਮਸਤੋਰਣ)-ਪਿੰਡ ਨੰਗਲ ਝੌਰ ਵਿਚ ਦੋ ਭਰਾਵਾਂ ਦੀ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਰਾਜਨ ਮਸੀਹ ਦੀ ਮਾਤਾ ਕਾਂਤਾ ਪਤਨੀ ਕਸ਼ਮੀਰ ਮਸੀਹ ਨੇ ਦੱਸਿਆ ਕਿ ਰਾਜਨ ਮਸੀਹ ਅਤੇ ਉਸ ਦੀ ਭੈਣ ਦਾ ਬੇਟਾ ਲਗਾਤਾਰ ਮਸੀਹ ਨੂੰ ਨੰਗਲ ਝੌਰ ਤੋਂ ਸਪਰੇਅ ਕਰਨ ਲਈ ਫੋਨ ਆਇਆ ਸੀ। ਦੋਵੇਂ ਭਰਾ 2 ਸਾਥੀਆਂ ਸਮੇਤ ਸਵੇਰੇ 8 ਵਜੇ ਨੰਗਲ ਸਪਰੇਅ ਕਰਨ ਆਏ ਸਨ। ਰਾਜਨ ਮਸੀਹ ਝਨਲ ਨੂੰ ਸਪਰੇਅ ਕਰ ਰਿਹਾ ਸੀ ਜਿਸ ਦੇ ਪੈਰ ਨੂੰ ਖੇਤ ਵਿਚ ਪਈ ਬਿਜਲੀ ਦੀ ਤਾਰ ਨਾਲ ਕਰੰਟ ਲੱਗ ਗਿਆ। ਉਸ ਦੀ ਮਾਸੀ ਦੇ ਮੁੰਡੇ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਦੋਵਾਂ ਭਰਾਵਾਂ ਦੀ ਮੌਕੇ ਉਤੇ ਮੌਤ ਹੋ ਗਈ। ਮ੍ਰਿਤਕ ਨੂੰ ਦੂਜੇ ਸਾਥੀਆਂ ਵੱਲੋਂ ਸਰਕਾਰੀ ਹਸਪਤਾਲ ਦਾਖਲ ਕਰਵਾਇਆ ਗਿਆ ਜਿੱਥੇ ਡਾਕਟਰਾਂ ਵੱਲੋਂ ਦੋਵਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।ਮੌਤ ਦਾ ਕਾਰਨ ਕਿਸਾਨ ਅਤੇ ਬਿਜਲੀ ਵਿਭਾਗ ਦੀ ਅਣਗਹਿਲੀ ਦੱਸਿਆ। ਮ੍ਰਿਤਕ ਦੋ-ਦੋ ਬੱਚੇ, ਮਾਤਾ ਅਤੇ ਪਤਨੀ ਛੱਡ ਗਏ ਹਨ। ਪੀੜਤ ਪਰਿਵਾਰਾਂ ਨੇ ਪ੍ਰਸ਼ਾਸਨ ਤੋਂ ਗੁਹਾਰ ਲਗਾਈ ਹੈ ਕਿ ਦੋਸ਼ੀਆਂ ਉੱਤੇ ਕੜੀ ਤੋਂ ਕੜੀ ਕਾਰਵਾਈ ਕੀਤੀ ਜਾਵੇ।ਇਸ ਮੌਕੇ ਹਰਚੋਵਾਲ ਦੇ ਚੌਕੀ ਇੰਚਾਰਜ ਸਰਵਣ ਸਿੰਘ ਨੇ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਬਟਾਲਾ ਭੇਜ ਦਿੱਤਾ ਹੈ ਅਤੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# 6 ਕਿੱਲੋ ਹੈਰੋਇਨ ਤੇ 4 ਲੱਖ ਡਰੱਗ ਮਨੀ ਸਮੇਤ 2 ਗ੍ਰਿਫ਼ਤਾਰ



ਛੇਹਰਟਾ, (ਮਨੋਜ ਕੁਮਾਰ)-ਅੰਮ੍ਰਿਤਸਰ ਦਿਹਾਤੀ ਪੁਲਸ ਨੇ 6 ਕਿੱਲੋ 286 ਗ੍ਰਾਮ ਹੈਰੋਇਨ, 4 ਲੱਖ ਰੁਪਏ ਡਰੱਗ ਮਨੀ ਤੇ ਇਕ ਮੋਟਰਸਾਈਕਲ ਸਮੇਤ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧ ਵਿਚ ਜਾਣਕਾਰੀ ਦਿੰਦਿਆਂ ਅੰਮ੍ਰਿਤਸਰ ਦਿਹਾਤੀ ਪੁਲਸ ਦੇ ਐੱਸ.ਐੱਸ.ਪੀ. ਆਦਿੱਤਿਆ ਵਾਰਿਅਰ ਨੇ ਦੱਸਿਆ ਕਿ ਨਸ਼ਿਆਂ ਦੇ ਖ਼ਾਤਮੇ ਲਈ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਅੰਮ੍ਰਿਤਸਰ ਦਿਹਾਤੀ ਪੁਲਸ ਦੇ ਐੱਸ. ਪੀ. ਮਨਿੰਦਰ ਸਿੰਘ ਤੇ ਡੀ.ਐੱਸ.ਪੀ. (ਡੀ) ਗੁਰਿੰਦਰਪਾਲ ਸਿੰਘ ਦੀ ਅਗਵਾਈ ਹੇਠ ਸਪੈਸ਼ਲ ਸੈੱਲ ਨੇ ਇੰਟੈਲੀਜੈਂਸ ਅਧਾਰਿਤ ਆਪਰੇਸ਼ਨ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ 6 ਕਿੱਲੋ 286 ਗ੍ਰਾਮ, 4 ਲੱਖ ਰੁਪਏ ਡਰੱਗ ਮਨੀ, ਇਕ ਮੋਬਾਈਲ ਫੋਨ ਤੇ ਇਕ ਮੋਟਰ ਸਾਈਕਲ ਸਮੇਤ ਦੋ ਮੁਲਜ਼ਮਾਂ ਨੂੰ ਕਾਬੂ ਕੀਤਾ ਹੈ। ਫੜੇ ਗਏ ਮੁਲਜ਼ਮਾਂ ਦੀ ਪਛਾਣ ਸ਼ੇਰ ਸਿੰਘ ਵਾਸੀ ਗੁਰੂ ਕੀ ਵਡਾਲੀ ਤੇ ਸਚਿਨ ਵਾਸੀ ਰਣਜੀਤਪੁਰਾ, ਛੇਹਰਟਾ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਸਪੈਸ਼ਲ ਸੈੱਲ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਸ਼ੇਰ ਸਿੰਘ ਪਾਕਿਸਤਾਨੀ ਸਮੱਗਲਰਾਂ ਨਾਲ ਸਿੱਧੇ ਸੰਪਰਕ ਵਿਚ ਹੈ ਤੇ ਉਨ੍ਹਾਂ ਤੋਂ ਵੱਡੀਆਂ ਹੈਰੋਇਨ ਦੀਆਂ ਖੇਪਾਂ ਲੈ ਕੇ ਉਨ੍ਹਾਂ ਦੇ ਇਸ਼ਾਰੇ 'ਤੇ ਅੱਗੇ ਪਹੁੰਚਾਉਂਦਾ ਹੈ। ਸੂਚਨਾ ਅਨੁਸਾਰ ਜਦੋਂ ਸ਼ੇਰ ਸਿੰਘ ਆਪਣੇ ਸਪਲੈਂਡਰ ਮੋਟਰਸਾਈਕਲ 'ਤੇ ਹੈਰੋਇਨ ਦੀ ਖੇਪ ਪਹੁੰਚਾਉਣ ਲਈ ਜਾ ਰਿਹਾ ਸੀ, ਉਸ ਨੂੰ ਪਿੰਡ ਬੋਹੜਵਾਲ ਨੇੜੇ ਘੇਰਾਬੰਦੀ ਕਰਕੇ ਡਰੱਗ ਮਨੀ ਤੇ ਹੈਰੋਇਨ ਸਮੇਤ ਕਾਬੂ ਕਰ ਲਿਆ ਗਿਆ। ਉਸ ਕੋਲੋਂ ਪੁੱਛਗਿੱਛ ਦੌਰਾਨ ਉਸ ਦੇ ਸਾਥੀ ਸਚਿਨ ਦਾ ਪਤਾ ਲੱਗਾ, ਜਿਸ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਦੋਵੇਂ ਮੁਲਜ਼ਮਾਂ ਖ਼ਿਲਾਫ਼ ਥਾਣਾ ਲੋਪੋਕੇ ਵਿਚ ਮਾਮਲਾ ਦਰਜ ਕਰ ਲਿਆ ਗਿਆ ਹੈ।

# ਸਹਾਇਕ ਕਮਿਸ਼ਨਰ ਨੇ ਹੜ੍ਹ ਪ੍ਰਭਾਵਤ ਪਿੰਡਾਂ ਦਾ ਕੀਤਾ ਦੌਰਾ



ਗੁਰਦਾਸਪੁਰ (ਜਨਕ ਮਹਾਜਨ)-ਦਰਿਆ ਬਿਆਸ ਵਿਚ ਆਏ ਹੜ੍ਹ ਨਾਲ ਨੁਕਸਾਨੇ ਗਏ ਪਿੰਡਾਂ ਦਾ ਦੌਰਾ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੁਲਦੀਪ ਚੰਦ ਸਹਾਇਕ ਕਮਿਸ਼ਨਰ (ਯੂ.ਟੀ. ਕੇਡਰ) ਨੇ ਦੱਸਿਆ ਕਿ ਉਨ੍ਹਾਂ ਪਿੰਡ ਟਾਂਡਾ, ਜਗਤਪੁਰ, ਦਲੇਰਪੁਰ ਖੇੜਾ, ਚੌਕੀਆਂ ਛੋਟੀਆਂ ਆਦਿ ਨਾਲ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਹੈ ਅਤੇ ਪੀੜਤ ਕਿਸਾਨਾਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੀਆਂ ਮੁਸ਼ਕਲਾਂ ਤੇ ਜ਼ਰੂਰਤਾਂ ਸੁਣੀਆਂ। ਉਨ੍ਹਾਂ ਦੱਸਿਆ ਕਿ ਇਸ ਇਲਾਕੇ ਵਿਚ ਦਰਿਆ ਦੇ ਮੰਡ ਖੇਤਰ ਵਿੱਚ ਕਿਸਾਨਾਂ ਦੀ ਗੰਨੇ ਆਦਿ ਦੀ ਖੇਤੀ ਕਾਫੀ ਤਬਾਹ ਹੋ ਚੁੱਕੀ ਹੈ ਅਤੇ ਕਈ ਲੋਕਾਂ ਦੀ ਜ਼ਮੀਨ ਦਰਿਆ ਬੁਰਦ ਹੋ ਗਈ ਅਤੇ ਨਾਲ-ਨਾਲ ਬੂਟੇ ਆਦਿ ਵੀ ਰੁੜ੍ਹ ਗਏ ਹਨ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਇਨ੍ਹਾਂ ਪਿੰਡਾਂ ਵਿਚ ਹੜ੍ਹਾਂ ਕਾਰਨ ਜਾਨੀ ਨੁਕਸਾਨ ਤੋਂ ਬਚਾਅ ਰਿਹਾ ਹੈ। ਉਨ੍ਹਾਂ ਕਿਹਾ ਕਿਸਾਨਾਂ ਦੇ ਨੁਕਸਾਨ ਸਬੰਧੀ ਜਾਣਕਾਰੀ ਇਕੱਤਰ ਕਰਨ ਲਈ ਮਾਲ ਮਹਿਕਮੇ ਨੂੰ ਕਹਿ ਦਿੱਤਾ ਗਿਆ ਹੈ ਅਤੇ ਜਲਦੀ ਹੀ ਗਿਰਦਾਵਰੀ ਆਦਿ ਕਰਵਾ ਕੇ ਨੁਕਸਾਨ ਦਾ ਐਸਟੀਮੇਟ ਬਣਾ ਕੇ ਸਰਕਾਰ ਪਾਸ ਭੇਜ ਦਿੱਤਾ ਜਾਵੇਗਾ ਅਤੇ ਜਲਦੀ ਹੀ ਪੀੜਤ ਕਿਸਾਨਾਂ ਨੂੰ ਹੋਏ ਨੁਕਸਾਨ ਦਾ ਮੁਆਵਜ਼ਾ ਮਿਲ ਜਾਵੇਗਾ।

# ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਬਿਨਾਂ ਤਨਖਾਹ ਸੇਵਾਵਾਂ ਜਾਰੀ ਰੱਖਣ ਲਈ ਮਜਬੂਰ

## * ਪਹਿਲੀ ਅਕਤੂਬਰ ਨੂੰ ਪੂਰੇ ਪੰਜਾਬ 'ਚ ਜ਼ਿਲ੍ਹਾ ਪ੍ਰੋਗਰਾਮ ਦਫਤਰ ਅੱਗੇ ਰੋਸ ਪ੍ਰਦਰਸ਼ਨ ਕੀਤੇ ਜਾਣਗੇ: ਮੈਡਮ ਛੀਨਾ/ਚਾਹਲ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸਰਵ ਆਂਗਣਵਾੜੀ ਵਰਕਰ ਅਤੇ ਹੈਲਪਰ ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਦੀ ਮੀਟਿੰਗ ਵੀਡੀਓ ਕਾਨਫਰੰਸਿੰਗ ਰਾਹੀਂ ਸੂਬਾ ਪ੍ਰਧਾਨ ਬਰਿੰਦਰਜੀਤ ਕੌਰ ਛੀਨਾ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਕਈ ਅਹਿਮ ਮੁੱਦਿਆਂ 'ਤੇ ਗੱਲਬਾਤ ਕੀਤੀ ਗਈ। ਸਰਵ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਦੇ ਸੂਬਾ ਪ੍ਰਧਾਨ ਬਰਿੰਦਰਜੀਤ ਕੌਰ ਛੀਨਾ ਅਤੇ ਜ਼ਿਲ੍ਹਾ ਗੁਰਦਾਸਪੁਰ/ਬਲਾਕ ਧਾਰੀਵਾਲ ਪ੍ਰਧਾਨ ਕੰਵਲਜੀਤ ਕੌਰ ਚਾਹਲ ਨੇ ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਂਗਣਵਾੜੀ ਵਰਕਰਾਂ ਨੂੰ ਕੇਂਦਰ ਸਰਕਾਰ ਦਾ (ਪ੍ਰਤੀ ਮਹੀਨਾ 4500 ਰੁਪਏ) ਮਾਣ ਭੱਤਾ ਪਿਛਲੇ ਛੇ ਮਹੀਨਿਆਂ ਤੋਂ ਨਹੀਂ ਦਿੱਤਾ ਗਿਆ। ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਬਿਨਾਂ ਤਨਖਾਹ ਤੋਂ ਗੁਜ਼ਾਰਾ ਕਰਨ ਅਤੇ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਕਈ ਮੁਸ਼ਕਿਲ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਵਿੱਚ ਹੜ੍ਹ ਆਉਣ ਕਾਰਨ ਮੁਸ਼ਕਿਲਾਂ ਕਈ ਗੁਣਾ ਹੋਰ ਵਧ ਗਈ ਹੈ। ਪੰਜਾਬ ਵਿੱਚ ਹੜ੍ਹਾਂ ਦੀ ਮਾਰ ਹੇਠ ਆਏ ਬਹੁਤ ਸਾਰੇ ਪਿੰਡਾਂ ਵਿੱਚ ਭਾਰੀ ਜਾਨੀ ਮਾਲੀ ਨੁਕਸਾਨ ਹੋਇਆ ਹੈ ਅਤੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਸਮੇਤ ਬਹੁਤ ਸਾਰੇ ਲੋਕ ਇਸ ਤ੍ਰਾਸਦੀ ਨਾਲ ਜੂਝ ਰਹੇ ਹਨ। ਇਸ ਸੰਕਟ ਦੌਰਾਨ ਅੱਜ ਵੀ ਆਂਗਣਵਾੜੀ ਵਰਕਰਾਂ ਹੈਲਪਰਾਂ ਵਲੋਂ ਪਿੰਡਾਂ ਵਿੱਚ ਹੋਏ



ਨੁਕਸਾਨ ਦੀਆਂ ਰਿਪੋਰਟਾਂ, ਪਿੰਡ ਵਿੱਚ ਰਹਿਣ ਵਾਲੇ 3 ਤੋਂ 6 ਸਾਲ ਦੇ ਬੱਚਿਆਂ, ਬਜ਼ੁਰਗਾਂ ਦੇ ਪਰਿਵਾਰਾਂ ਦੀ ਰਿਪੋਰਟ, ਮਹਾਂਮਾਰੀ ਦਾ ਪੂਰਾ ਸਰਵੇ ਅਤੇ ਸਭ ਤੋਂ ਵੱਧ ਪ੍ਰਭਾਵਿਤ ਖੇਤਰਾਂ ਵਿੱਚ ਫਰੰਟ ਲਾਈਨ ਵਰਕਰ ਦੀ ਡਿਊਟੀ ਨਿਭਾਉਣ ਤੋਂ ਇਲਾਵਾ ਲੋੜੀਂਦੀ ਕਾਰਵਾਈ ਦੇ ਨਾਲ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਸਰਕਾਰ ਦੇ ਹਰ ਨਿਰਦੇਸ਼ ਦੀ ਪਾਲਣਾ ਕਰਦੇ ਹੋਏ ਘਰਾਂ ਵਿੱਚ ਪਰਿਵਾਰ ਅਤੇ ਔਰਤਾਂ ਨੂੰ ਰਾਸ਼ਨ, ਫਸਟ ਏਡ ਕਿੱਟ ਅਤੇ ਸੈਨੇਟਰੀ ਪੈਡ ਆਦਿ ਵਰਗੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਪਰ ਫਿਰ ਵੀ ਪੰਜਾਬ ਸਰਕਾਰ ਆਂਗਣਵਾੜੀ ਵਰਕਰਾਂ ਦੀ ਅਣਥੱਕ ਮਿਹਨਤ ਅਤੇ ਲਗਨ ਨੂੰ ਅੱਖੋਂ ਪਰੋਖੇ ਕਰ ਰਹੀ ਹੈ ਅਤੇ ਸੈਂਟਰ ਸਰਕਾਰ ਵੱਲੋਂ ਮਿਲਣ ਵਾਲੀ ਮਾਣ ਭੱਤਾ ਰਾਸ਼ੀ (4500 ਰੁਪਏ) ਨੂੰ ਪਿਛਲੇ 6 ਮਹੀਨਿਆਂ ਤੋਂ ਰੋਕ ਕੇ ਬੈਠੀ ਹੈ। ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਬਿਨਾ ਤਨਖਾਹ ਆਪਣੀਆਂ ਸੇਵਾਵਾਂ ਜਾਰੀ ਰੱਖਣ ਲਈ ਮਜਬੂਰ ਹਨ।

ਯੂਨੀਅਨ ਦੀ ਪੰਜਾਬ ਪ੍ਰਧਾਨ ਬਰਿੰਦਰਜੀਤ ਕੌਰ ਛੀਨਾ, ਜਨਰਲ ਸਕੱਤਰ ਹਰਪ੍ਰੀਤ ਕੌਰ ਸਿੰਗਪੁਰਾ, ਮੀਤ ਪ੍ਰਧਾਨ ਸਤਵਿੰਦਰ ਕੌਰ, ਪ੍ਰੈੱਸ ਸਕੱਤਰ ਮਧੂ ਕੁਮਾਰੀ ਅਤੇ ਜ਼ਿਲ੍ਹਾ ਗੁਰਦਾਸਪੁਰ ਦੀ ਪ੍ਰਧਾਨ ਕੰਵਲਜੀਤ ਕੌਰ ਚਾਹਲ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਆਖਿਆ ਕਿ ਜੇਕਰ ਪੰਜਾਬ ਸਰਕਾਰ ਅਤੇ ਵਿਭਾਗ ਨੇ ਵਰਕਰਾਂ ਨੂੰ ਕੇਂਦਰ ਸਰਕਾਰ ਦਾ ਪਿਛਲੇ ਛੇ ਮਹੀਨਿਆਂ ਦਾ ਮਾਣ ਭੱਤਾ 30 ਸਤੰਬਰ ਤੱਕ ਜਾਰੀ ਨਾ ਕੀਤਾ ਤਾਂ 1 ਅਕਤੂਬਰ ਨੂੰ ਪੂਰੇ ਪੰਜਾਬ ਵਿੱਚ ਜ਼ਿਲ੍ਹਾ ਪ੍ਰੋਗਰਾਮ ਦਫਤਰ ਅੱਗੇ ਵਿਸ਼ਾਲ ਰੂਪ ਵਿੱਚ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਇਸ ਦੀ ਜ਼ਿੰਮੇਵਾਰ ਸੂਬਾ ਸਰਕਾਰ ਦੀ ਹੋਵੇਗੀ।

# ਸਰਪੰਚਾਂ ਤੇ ਨੰਬਰਦਾਰਾਂ ਨੂੰ ਪਰਾਲੀ ਨਾ ਸਾੜਨ ਦੀ ਮੁਹਿੰਮ 'ਚ ਭਰਵਾਂ ਸਹਿਯੋਗ ਕਰਨ ਦੀ ਅਪੀਲ



ਬਟਾਲਾ (ਡਾ. ਮਲਵਿੰਦਰ ਸਿੰਘ)-ਵਿਕਰਮਜੀਤ ਸਿੰਘ ਪਾਂਥ ਉਪ ਮੰਡਲ ਮੈਜਿਸਟਰੇਟ ਬਟਾਲਾ ਦੀ ਪ੍ਰਧਾਨਗੀ ਹੇਠ ਸਟੱਬਲ ਬਰਨਿੰਗ ਸਬੰਧੀ ਮੀਟਿੰਗ ਕੀਤੀ ਗਈ, ਜਿਸ ਵਿੱਚ ਤਹਿਸੀਲਦਾਰ, ਬਟਾਲਾ ਅਰਜਨ ਸਿੰਘ ਗਰੇਵਾਲ, ਖੇਤੀਬਾੜੀ ਅਫਸਰ ਡਾ. ਸ਼ਹਿਬਾਜ ਸਿੰਘ ਚੀਮਾਂ, ਖੇਤੀਬਾੜੀ ਵਿਸਥਾਰ ਅਫਸਰ ਅਤੇ ਰਜਿੰਦਰ ਕੁਮਾਰ ਆਦਿ ਹਾਜ਼ਰ ਸਨ।ਮੀਟਿੰਗ ਵਿੱਚ ਪਰਾਲੀ ਦੀ ਸਾਂਭ ਸੰਭਾਲ ਕਰਉਣ ਅਤੇ ਕਿਸਾਨਾ ਨੂੰ ਪਰਾਲੀ ਨਾ ਸਾੜਨ ਸਬੰਧੀ ਜਾਗਰੂਕ ਕਰਨ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।ਉਪ ਮੰਡਲ ਮੈਜਿਸਟਰੇਟ ਬਟਾਲਾ ਵੱਲੋਂ ਕਿਸਾਨਾ ਨੂੰ ਅਪੀਲ ਕੀਤੀ ਗਈ ਕਿ ਕਿਸਾਨ ਪਰਾਲੀ ਨੂੰ ਅੱਗ ਨਾ ਲਗਵਾਏ ਸਗੋ ਖੇਤੀਬਾੜੀ ਦੇ ਮਹਿਕਮੇ ਵੱਲੋਂ ਸਬਸਿਡੀ ਤੇ ਦਿੱਤੀਆਂ ਗਈਆਂ ਮਸ਼ੀਨਾ ਰਾਹੀਂ ਪਰਾਲੀ ਨੂੰ ਖੇਤ ਦੇ ਵਿੱਚ ਹੀ ਰਲਾ ਕੇ ਕਣਕ ਦੀ ਬਿਜਾਈ ਕੀਤੀ ਜਾਵੇ ਅਤੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋ ਬਚਾਇਆ ਜਾਵੇ।ਉਪ ਮੰਡਲ ਮੈਜਿਸਟਰੇਟ ਬਟਾਲਾ ਵੱਲੋਂ ਸਬ ਡਵੀਜ਼ਨ ਬਟਾਲਾ ਅਧੀਨ ਪੈਂਦੇ ਪਿੰਡਾਂ ਦੇ ਸਰਪੰਚਾਂ ਅਤੇ ਨੰਬਰਦਾਰਾਂ ਨੂੰ ਵੀ ਅਪੀਲ ਕੀਤੀ ਗਈ ਕਿ ਪੰਜਾਬ ਸਰਕਾਰ ਵੱਲੋਂ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਮੁਹਿੰਮ ਵਿੱਚ ਪਿੰਡ ਪੱਧਰ ਸਮੂਹ ਕਿਸਾਨਾ ਦਾ ਸਹਿਯੋਗ ਲੈ ਕੇ ਇਸ ਮੁਹਿੰਮ ਨੂੰ ਕਾਮਯਾਬ ਕੀਤਾ ਜਾਵੇ।

# ਪੰਜਾਬ 'ਚੋਂ ਪਰਵਾਸੀ ਮਜ਼ਦੂਰਾਂ ਨੂੰ ਭਜਾਉਣ ਦੀ ਚੱਲੀ ਨਫਰਤੀ ਮੁਹਿੰਮ ਨੂੰ ਰੋਕਣ ਦੀ ਅਪੀਲ

## * ਹੜ੍ਹ ਪੀੜਤਾਂ ਦੀਆਂ ਸਮੱਸਿਆਵਾਂ ਦੇ ਫੌਰੀ ਹੱਲ ਲਈ ਡੀ. ਸੀ. ਦਫਤਰ ਮੂਹਰੇ ਰੈਲੀ 29 ਨੂੰ: ਧਰਮਕੋਟ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਸੀਪੀਐਮਐਲ ਲਿਬਰੇਸ਼ਨ ਦੀ ਜ਼ਿਲਾ ਕਮੇਟੀ ਅੰਮ੍ਰਿਤਸਰ ਦੀ ਮੀਟਿੰਗ ਮੰਗਲ ਸਿੰਘ ਧਰਮਕੋਟ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਗੁਰਮੀਤ ਸਿੰਘ ਬਖਤਪੁਰਾ ਸ਼ਾਮਿਲ ਹੋਏ।ਇਸ ਸਬੰਧੀ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਬਲਬੀਰ ਸਿੰਘ ਮੂਧਲ ਨੇ ਦੱਸਿਆ ਕਿ ਪੰਜਾਬ ਵਿੱਚ ਪ੍ਰਵਾਸੀ ਮਜ਼ਦੂਰਾਂ ਦੇ ਵਿਰੁੱਧ ਚਲਾਈ ਜਾ ਰਹੀ ਨਫਰਤੀ ਮੁਹਿੰਮ ਨੂੰ ਤਰਕ ਅਧਾਰਿਤ ਰੋਕਣ ਅਤੇ ਹੜ੍ਹ ਪੀੜਤਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ 29 ਸਤੰਬਰ ਨੂੰ ਮਜ਼ਦੂਰ ਮੁਕਤੀ ਮੋਰਚੇ ਦੀ ਰੈਲੀ ਵਿੱਚ ਲਿਬਰੇਸ਼ਨ ਪੂਰੀ ਸਰਗਰਮੀ ਨਾਲ ਸ਼ਾਮਿਲ ਹੋਵੇਗੀ।ਮੀਟਿੰਗ ਵਿਚ ਮਤਾ ਪਾਸ ਕੀਤਾ ਗਿਆ ਕਿ ਹੁਸ਼ਿਆਰਪੁਰ ਵਿੱਚ ਇੱਕ ਪੰਜਾਬੀ ਬੱਚੇ ਦੇ ਵਹਿਸ਼ੀ ਢੰਗ ਨਾਲ ਕੀਤੇ ਕਤਲ ਦੇ ਜ਼ਿੰਮੇਵਾਰ ਪਰਵਾਸੀ ਨੂੰ ਫਾਸਟ ਟਰੈਕ ਅਦਾਲਤ ਬਣਾ ਕੇ ਸੀਮਤ ਸਮੇਂ ਵਿਚ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ, ਪਰ ਇਸ ਪਰਵਾਸੀ ਮਜ਼ਦੂਰ ਵੱਲੋਂ ਕੀਤੇ ਗਏ ਇਸ ਵੱਡੇ ਗੁਨਾਹ ਲਈ ਸਮੁੱਚੇ ਪ੍ਰਵਾਸੀ ਵਰਗ ਨੂੰ ਗੁਨਾਹਗਾਰ ਮੰਨਣਾ ਪੰਜਾਬ ਤੋਂ ਬਾਹਰ ਵਸਦੇ ਪੰਜਾਬੀਆਂ ਖਾਸਕਰ ਸਿੱਖਾਂ ਲਈ ਬੇਹੱਦ ਘਾਤਕ ਹੋਵੇਗਾ।ਸਿੱਖ ਗੁਰੂਆਂ ਦੀ ਸਿੱਖਿਆਵਾਂ ਨੂੰ ਯਾਦ ਕਰਕੇ ਪੰਜਾਬ ਦੇ ਲੋਕਾਂ ਅਤੇ ਖਾਸ ਕਰ ਸਿੱਖ ਜਨਤਾ ਨੂੰ ਕਿਸੇ ਤਰ੍ਹਾਂ ਦਾ ਵੀ ਭੜਕਾਊ ਮਾਹੌਲ ਨਹੀਂ ਬਣਾਉਣਾ ਚਾਹੀਦਾ ਕਿਉਂਕਿ ਪੰਜਾਬ ਪਹਿਲਾਂ ਵੀ ਕਈ ਦਫਾ ਫਿਰਕੂ ਅਤੇ ਧਰਮ ਅਧਾਰਿਤ ਭਰਾ ਮਾਰੂ ਹਾਲਤਾਂ ਵਿਚ ਵੱਡੇ ਜਾਨੀ ਅਤੇ ਮਾਲੀ ਨੁਕਸਾਨ ਕਰਵਾ ਚੁੱਕਾ ਹੈ।ਹੜ੍ਹ ਪੀੜਤ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਪੰਜਾਬ ਅਤੇ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਦੀ ਬਰਬਾਦ ਹੋਈ ਫਸਲ ਦਾ 70 ਹਜ਼ਾਰ ਰੁਪਏ ਏਕੜ ਮੁਆਵਜ਼ਾ ਦੇਣ ਸਮੇਤ ਹੜ੍ਹਾਂ ਵਿੱਚ ਮਾਰੇ ਗਏ



ਵਿਅਕਤੀਆਂ ਦੇ ਪਰਿਵਾਰਾਂ ਨੂੰ 4 ਲੱਖ ਦੀ ਬਜਾਏ 10 ਲੱਖ ਰੁਪਏ ਦੀ ਸਹਾਇਤਾ ਅਤੇ ਇੱਕ ਪਰਿਵਾਰਿਕ ਮੈਂਬਰ ਨੂੰ ਨੌਕਰੀ ਦਿੱਤੀ ਜਾਵੇ, ਡਿੱਗ ਚੁੱਕੇ ਘਰਾਂ ਲਈ ਪੰਜ ਲੱਖ ਰੁਪਏ ਅਤੇ ਤਰੇੜਾਂ ਮਾਰ ਚੁੱਕੇ ਘਰਾਂ ਦੇ ਮਾਲਕ ਮਜ਼ਦੂਰਾਂ ਨੂੰ ਘੱਟੋ ਘੱਟ ਇੱਕ ਲੱਖ ਰੁਪਏ ਦੀ ਸਹਾਇਤਾ ਅਦਾ ਕੀਤੀ ਜਾਵੇ।ਕਰੀਬ ਇੱਕ ਮਹੀਨੇ ਤੋਂ ਬੇਰੁਜ਼ਗਾਰੀ ਦੀ ਹਾਲਤ ਵਿੱਚ ਜੂਝ ਰਹੇ ਮਜ਼ਦੂਰ ਪਰਿਵਾਰਾਂ ਨੂੰ ਪੰਜਾਬ ਤੇ ਕੇਂਦਰ ਸਰਕਾਰ ਘੱਟੋ-ਘੱਟ 200 ਦਿਨ ਦਾ ਮਨਰੇਗਾ ਰੁਜ਼ਗਾਰ ਦੇਵੇ।ਮੀਟਿੰਗ ਵਿੱਚ ਨਿਰਮਲ ਸਿੰਘ ਛੱਜਲਵੱਡੀ, ਸ਼ਮਸ਼ੇਰ ਸਿੰਘ ਹੇਰ, ਚਰਨਜੀਤ ਸਿੰਘ ਅਜਨਾਲਾ, ਕੁਲਵਿੰਦਰ ਸਿੰਘ, ਨਰਿੰਦਰ ਤੇੜਾ, ਪਾਸਟਰ ਰਾਜੂ ਲੱਖੂਵਾਲ ਅਤੇ ਬਚਿੱਤਰ ਸਿੰਘ ਸਹਿਣੇਵਾਲੀ ਸ਼ਾਮਲ ਸਨ।

# ਰਾਮ ਲੀਲ੍ਹਾ ਤੇ ਦੁਸਹਿਰਾ ਉਤਸਵ ਮਨਾਉਣ ਸੰਬੰਧੀ ਕਾਰਡ ਰਿਲੀਜ਼



ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)-ਬ੍ਰਹਮਲੀਨ ਮਹੰਤ ਸ਼ਾਂਤੀ ਗਿਰੀ ਮਹਾਰਾਜ ਅਤੇ ਬ੍ਰਹਮਲੀਨ ਮਹੰਤ ਰਵਿੰਦਰਾ ਗਿਰੀ ਮਹਾਰਾਜ ਦੀ ਅਪਾਰ ਕ੍ਰਿਪਾ ਨਾਲ ਤੇ ਪ੍ਰਾਚੀਨ ਸ਼ਿਵ ਮੰਦਰ ਦੇ ਗੱਦੀਨਸ਼ੀਨ ਮਹਾਂ ਮੰਡਲੇਸ਼ਵਰ ਮਹੰਤ ਸ਼ਿਪਰਾ ਗਿਰੀ ਮਹਾਰਾਜ ਦੇ ਅਸ਼ੀਰਵਾਦ ਨਾਲ ਪੰਡਿਤ ਕੁੰਦਨ ਲਾਲ ਰਾਮਲੀਲ੍ਹਾ ਕਲੱਬ (ਰਜਿ.) ਲੋਹੀਆਂ ਖਾਸ ਵੱਲੋਂ ਰਾਮਲੀਲ੍ਹਾ ਦਾ ਅਤੇ ਦੁਸਹਿਰਾ ਉਤਸਵ ਮਨਾਉਣ ਲਈ ਸੱਦਾ ਪੱਤਰ ਜਾਰੀ ਕੀਤੇ ਗਏ।

ਇਸ ਦੇ ਨਾਲ ਸ਼ਹਿਰ ਦੇ ਸਮੂਹ ਨਗਰ ਨਿਵਾਸੀ, ਧਾਰਮਿਕ ਸੰਸਥਾਵਾਂ ਅਤੇ ਕਲੱਬ ਦੇ ਕਲਾਕਾਰ ਮੌਜੂਦ ਸਨ। ਇਸ ਮੌਕੇ ਕਲੱਬ ਦੇ ਡਾਇਰੈਕਟਰ ਪ੍ਰੇਮ ਕੁਮਾਰ ਸੱਦੀ ਅਤੇ ਸਹਾਇਕ ਡਾਇਰੈਕਟਰ ਗਜਰਾਜ ਯਦੂਵੰਸ਼ੀ ਦੀ ਅਗਵਾਈ ਵਿੱਚ ਪ੍ਰਾਚੀਨ ਸ਼ਿਵ ਮੰਦਰ ਲੋਹੀਆਂ ਖਾਸ ਤੋਂ ਪੂਜਾ ਅਰਚਨਾ ਕਰਨ ਉਪਰੰਤ ਰਾਮਲੀਲ੍ਹਾ ਅਤੇ ਦੁਸਹਿਰਾ ਉਤਸਵ ਮਨਾਉਣ ਲਈ ਸੱਦਾ ਪੱਤਰ ਰਿਲੀਜ਼ ਕੀਤੇ ਗਏ। ਇਸ ਮੌਕੇ ਡਾਇਰੈਕਟਰ ਪ੍ਰੇਮ ਕੁਮਾਰ ਸੱਦੀ, ਸਹਾਇਕ ਡਾਇਰੈਕਟਰ ਗਜਰਾਜ ਯਦੂਵਾਂਸ਼ੀ ਨੇ ਦੱਸਿਆ ਕਿ ਰਾਮਲੀਲ੍ਹਾ ਦਾ ਮੰਚਨ 23 ਸਤੰਬਰ ਨੂੰ ਦਸ਼ਮੇਸ਼ ਪਾਰਕ ਵਿੱਚ ਸ਼ੁਰੂ ਹੋਵੇਗਾ ਅਤੇ ਦੁਸ਼ਹਿਰਾ ਉਤਸਵ ਕੁਟੀਆ ਗਰਾਊਂਡ, ਸਿੱਧੂਪੁਰ ਰੋਡ ਵਿਖੇ ਲੋਹੀਆਂ ਖਾਸ ਵਿੱਚ ਮਨਾਇਆ ਜਾਵੇਗਾ।

ਇਸ ਮੌਕੇ ਮਾਤਾ ਕਮਲੇਸ਼ ਰਾਣੀ, ਡਾਇਰੈਕਟਰ ਪ੍ਰੇਮ ਕੁਮਾਰ ਸੱਦੀ, ਸਹਾਇਕ ਡਾਇਰੈਕਟਰ ਗਜਰਾਜ ਯਦੂਵਾਂਸ਼ੀ, ਰੂਪੇਸ਼ ਕੁਮਾਰ ਸੱਦੀ, ਪਰਮਜੀਤ ਪੰਮਾ, ਮਾ: ਰਵੀ ਸ਼ੰਕਰ, ਪ੍ਰੇਮ ਕੁਮਾਰ ਟਾਰਗਟ, ਮਨਿਸ਼ ਕੁਮਾਰ ਮੰਗਾ, ਗੌਰਵ ਸੱਦੀ, ਸ਼ੁਭਮ ਸ਼ਰਮਾ, ਸ਼ਾਲੂ ਸੱਦੀ, ਮੋਨੂ ਸ਼ਾਹ, ਪ੍ਰਸ਼ੋਤਮ ਲਾਲ ਗੁਪਤਾ, ਬੋਬੀ ਕੰਡਾ, ਆਰਜੂ ਅਰੋੜਾ, ਅਸ਼ਵਨੀ ਕੰਡਾ, ਵਿਸ਼ਾਲ ਗੁਪਤਾ, ਟੋਨੀ ਸ਼ਰਮਾ, ਲਖਨ ਵਰਮਾ, ਹਨੀ ਸ਼ਰਮਾ, ਨਰਿੰਦਰ ਕਾਲੀਆ, ਮੁਨੀਤ ਗਾਂਧੀ, ਪ੍ਰਦੀਪ ਕੁਮਾਰ ਟੀਟਾ, ਗੌਰਵ ਗੁਪਤਾ, ਖਜ਼ਾਨਚੀ ਦਾਸ, ਪਵਨ ਗਾਂਧੀ, ਮਨਜਿੰਦਰ ਸਿੰਘ ਗੁੱਗੂ, ਵਿੱਕੀ, ਸੌਰਵ ਟਾਰਗਟ, ਬਿੱਕਰ ਟੁਰਨਾ, ਗੁਰਦੀਪ ਸਿੰਘ, ਬਲਵਿੰਦਰ ਸਿੰਘ ਟਿੱਡੂ, ਦਰਸ਼ਨ ਕੁਮਾਰ ਸੱਦੀ, ਸੰਤੋਖ ਸਿੰਘ, ਹੀਰਾ ਲਾਲ, ਪੰਡਿਤ ਧਰਮਰਾਜ ਸਮੇਤ ਆਦਿ ਸ਼ਹਿਰ ਵਾਸੀ ਅਤੇ ਕਲਾਕਾਰ ਹਾਜ਼ਰ ਸਨ।

# ਬੀਬੀ ਕੌਲਾਂ ਜੀ ਭਲਾਈ ਕੇਂਦਰ ਵੱਲੋਂ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਲੋੜਵੰਦ ਪਰਵਾਰਾਂ ਨੂੰ ਪਸ਼ੂ ਧਨ ਭੇਟ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ): ਅੰਮ੍ਰਿਤਸਰ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਬੀਬੀ ਕੌਲਾਂ ਜੀ ਭਲਾਈ ਕੇਂਦਰ ਵਿਖੇ ਪਹੁੰਚੇ, ਜਿੱਥੇ ਹੜ੍ਹ ਪੀੜਤ ਪਰਿਵਾਰਾਂ ਨੂੰ ਮੁੜ ਵਸੇਬੇ ਲਈ ਮਿਸ਼ਨ ਚੜ੍ਹਦੀ ਕਲਾ ਤਹਿਤ ਲੋੜਵੰਦ ਪਰਿਵਾਰਾਂ ਨੂੰ ਪਸ਼ੂ ਧਨ ਅਤੇ ਬੱਚਿਆਂ ਲਈ ਬੈਗ ਦਿੱਤੇ ਗਏ।ਇਸ ਮੌਕੇ ਉਨ੍ਹਾਂ ਨੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਦੇ ਮੁਖੀ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸਰਾਹਨਾ ਕੀਤੀ। ਡੀਸੀ ਅਤੇ ਭਾਈ ਗੁਰਇਕਬਾਲ ਸਿੰਘ ਨੇ ਆਪਣੇ ਹੱਥੀਂ ਤਿੰਨ ਮੱਝਾਂ ਅਤੇ ਇੱਕ ਗਾਂ ਲਾਭਪਾਤਰੀ ਪਰਿਵਾਰਾਂ ਨੂੰ ਦਿੱਤੀਆਂ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹੇ ਦੇ 198 ਪਿੰਡ ਹੜ੍ਹ ਤੋਂ ਪ੍ਰਭਾਵਿਤ ਹੋਏ, ਜਿਨ੍ਹਾਂ ਵਿੱਚੋਂ 100 ਪਿੰਡ ਐਸੇ ਹਨ ਜਿੱਥੇ ਹਾਲਾਤ ਸਭ ਤੋਂ ਵੱਧ ਗੰਭੀਰ ਰਹੇ।

ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚੋਂ 19 ਪਿੰਡਾਂ ਦੀ ਵੱਖਰੀ ਨੋਟੀਫਿਕੇਸ਼ਨ ਕਰਕੇ ਉਥੇ ਖੇਤਾਂ ਦੀ ਰੇਤ ਹਟਾ ਕੇ ਮੁੜ ਖੇਤੀਯੋਗ ਬਣਾਇਆ ਜਾ ਰਿਹਾ ਹੈ। ਇਸ ਮੌਕੇ ਭਾਈ ਗੁਰਇਕਬਾਲ ਸਿੰਘ ਅਤੇ ਭਾਈ ਹਰਵਿੰਦਰਪਾਲ ਸਿੰਘ ਲਿਟਲ ਵੱਲੋਂ ਪਿਛਲੇ ਕਈ ਹਫ਼ਤਿਆਂ ਤੋਂ ਜਾਰੀ ਮਦਦ ਦੀ ਲਈ ਡੀਸੀ ਦੀ ਤਾਰੀਫ਼ ਕੀਤੀ ਗਈ।ਉਨ੍ਹਾਂ ਕਿਹਾ ਕਿ ਰਾਸ਼ਨ, ਦਵਾਈਆਂ, ਮੈਡੀਕਲ ਕਿੱਟਾਂ, ਮੱਛਰਦਾਨੀਆਂ, ਤਰਪਾਲਾਂ, ਬੱਚਿਆਂ ਦੇ ਡਾਈਪਰ, ਕੋਟੀਆਂ, ਚਾਦਰਾਂ ਤੋਂ ਲੈ ਕੇ ਹੁਣ ਪਸ਼ੂਆਂ ਦੀ ਭਰਪਾਈ ਅਤੇ ਸਕੂਲ ਬੈਗ ਤੱਕ ਦੀ ਸਹਾਇਤਾ ਹੜ੍ਹ ਪੀੜਤਾਂ ਲਈ ਜੀਵਨ ਰੇਖਾ ਸਾਬਤ ਹੋ ਰਹੀਆਂ ਹਨ।ਇਸ ਮੌਕੇ ਭਾਈ ਭਾਈ ਗੁਰਇਕਬਾਲ ਸਿੰਘ ਨੇ ਇਹ ਵੀ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਬਾਲੇ, ਇੱਟਾਂ, ਸੀਮੈਂਟ, ਟਾਈਲਾਂ ਦੀ ਵੀ ਸੇਵਾ ਕੀਤੀ ਜਾਵੇਗੀ ਤਾਂ ਜੋ ਹੜ੍ਹ ਨਾਲ ਨੁਕਸਾਨੇ ਘਰਾਂ ਦੀ ਮੁਰੰਮਤ ਹੋ ਸਕੇ।

ਦੱਸਣਯੋਗ ਹੈ ਕਿ ਭਾਈ ਗੁਰਇਕਬਾਲ ਸਿੰਘ ਦੇ ਸਾਰੇ ਪੈਰੋਕਾਰ ਅਤੇ ਭਲਾਈ ਕੇਂਦਰ ਟਰੱਸਟ ਦੇ ਸੇਵਾਦਾਰ ਰੋਜ਼ਾਨਾ ਮੈਦਾਨ ਵਿਚ ਉਤਰੇ ਹੋਏ ਹਨ, ਜੋ ਘਰ-ਘਰ ਜਾ ਕੇ ਹਾਲਾਤ ਦੀ ਅਸੈਸਮੈਂਟ ਕਰ ਰਹੇ ਹਨ ਅਤੇ ਸੇਵਾ ਪਹੁੰਚਾ ਰਹੇ ਹਨ। ਇਸ ਮੌਕੇ ਸੈਮਸਨ ਮਸੀਹ, ਸਕੱਤਰ ਰੈੱਡ ਕਰਾਸ ਸੁਸਾਇਟੀ, ਭਾਈ ਹਰਵਿੰਦਰਪਾਲ ਸਿੰਘ ਲਿਟਲ, ਟਹਿਲਇੰਦਰ ਸਿੰਘ, ਮਨਦੀਪ ਸਿੰਘ ਭੋਲੂ, ਬੀਬੀ ਪਰਮਜੀਤ ਕੌਰ ਪੰਮਾ, ਪਰਮਜੀਤ ਸਿੰਘ ਢੱਲ, ਸੁਖਵਿੰਦਰ ਸਿੰਘ, ਗੁਰਪ੍ਰੀਤ ਸਿੰਘ ਢੱਲ, ਗੋਲਡੀ ਵੀਰ, ਜਸਵਿੰਦਰ ਸਿੰਘ, ਸਿਲਕੀ ਵੀਰ, ਪ੍ਰੀਤਮ ਸਿੰਘ, ਚਮਕੌਰ ਸਿੰਘ, ਜਤਿੰਦਰ ਸਿੰਘ, ਹਰਪ੍ਰੀਤ ਸਿੰਘ ਪ੍ਰੀਤ ਅਤੇ ਹੋਰ ਵੀ ਸੇਵਾਦਾਰ ਮੌਜੂਦ ਸਨ।


## ਪਬਲਿਕ ਨੋਟਿਸ

ਇਸ ਪਬਲਿਕ ਨੋਟਿਸ ਰਾਹੀਂ ਸਾਰਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੋਟਰ ਕੁਨੈਕਸ਼ਨ ਚਾਰ ਹਾਰਸ ਪਾਵਰ A/C ਨੰਬਰ 3005214427 X 24 AP ਜੋ ਸਰਦਾਰ ਰਣਜੀਤ ਸਿੰਘ ਪੁੱਤਰ ਸਰਦਾਰ ਮੁਖਤਿਆਰ ਸਿੰਘ ਦੇ ਨਾਮ 'ਤੇ ਪਿੰਡ ਰਕਬਾ ਇਬਰਾਹੀਮ ਵਾਲ ਜਿਲਾ ਕਪੂਰਥਲਾ ਵਿਖੇ ਚਲਦਾ ਹੈ ਨੂੰ ਆਪਣੇ ਨਾਮ ਕਰਵਾਉਣ ਲਈ ਸ੍ਰੀ ਵਰਿੰਦਰ ਸਿੰਘ ਪੁੱਤਰ ਸਰਦਾਰ ਰਣਜੀਤ ਸਿੰਘ ਵਾਸੀ ਪਿੰਡ ਰਕਬਾ ਤਲਵੰਡੀ ਕੂਕਾ ਜਿਲਾ ਕਪੂਰਥਲਾ ਨੇ ਇਸ ਦਫਤਰ ਵਿੱਚ ਦਰਖਾਸਤ ਦਿੱਤੀ ਹੈ। ਜੇ ਕਰ ਇਸ ਬਾਬਤ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਉਪ ਮੰਡਲ ਅਫਸਰ ਪਾਵਰ ਕਾਮ ਸਭ ਡਿਵੀਜ਼ਨ ਨਡਾਲਾ ਜਿਲਾ ਕਪੂਰਥਲਾ ਨੂੰ 15 ਦਿਨਾਂ ਦੇ ਅੰਦਰ ਅੰਦਰ ਆਪਣਾ ਇਤਰਾਜ ਪੇਸ਼ ਕਰ ਸਕਦਾ ਹੈ।

ਸਹੀ/ਸਹਾਇਕ ਕਾਰਜਕਾਰੀ ਇੰਜੀ. ਵੰਡ /ਪੀ ਐੱਸ ਪੀ. ਸੀ ਐੱਲ ਨਡਾਲਾ

ਬਾਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-1, ਅਟਾਰੀ

ਕਿਸਮ ਕੇਸ: ਤਕਸੀਮ, ਪਿੰਡ : ਰਣੀਕੇ, ਪੇਸ਼ੀ ਮਿਤੀ. 09.10.2025

ਅਨੁਵਾਨ: ਬਲਦੇਵ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਪਿੰਡ ਰਣੀਕੇ, ਸਬ ਤਹਿਸੀਲ ਅਟਾਰੀ, ਜਿਲ੍ਹਾ ਅੰਮ੍ਰਿਤਸਰ

ਬਨਾਮ

ਸੰਤੋਖ ਸਿੰਘ ਪੁੱਤਰ ਗੁਰਮੁੱਖ ਸਿੰਘ

ਤਕਸੀਮ ਦਰਖਾਸਤ ਜੇਰੇ ਧਾਰਾ 111 ਪੰਜਾਬ ਰੈਵੀਨਿਊ ਐਕਟ, ਬਾਬਤ ਜਮੀਨ ਕੁੱਲ ਰਕਬਾ, 659 ਕਨਾਲ 4 ਮਰਲਾ ਖੇਵਟ ਨੰਬਰ 2/2, ਖਤੌਨੀ ਨੰਬਰ 4-52 ਮੁਤਾਬਿਕ ਜਮ੍ਹਾਂਬੰਦੀ 2016-17 ਪਿੰਡ ਰਣੀਕੇ, ਸਬ ਤਹਿਸੀਲਰ, ਅਟਾਰੀ, ਜਿਲ੍ਹਾ ਅੰਮ੍ਰਿਤਸਰ

ਉਪਰੋਕਤ ਅਨੁਵਾਨ ਕੇਸ ਵਿੱਚ ਤਾਰੀਖ ਪੇਸ਼ੀ 09.10.2025 ਨਿਸ਼ਚਿਤ ਹੋਈ ਹੈ। ਲਿਖੇ ਉਤਰਵਾਦੀ ਧਿਰਾਂ ਨੂੰ ਇਸ ਅਖਬਾਰੀ ਨੋਟਿਸ/ਅਦਾਲਤੀ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਕੇਸ ਦੀ ਪੈਰਵੀ ਲਈ ਮਿਤੀ 09.10.2025 ਨੂੰ ਸਵੇਰੇ 10:00 ਵਜੇ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜ਼ਰ ਆਉਣ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇੱਕਤਰਫ਼ਾ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਅਦਾਲਤੀ ਇਸ਼ਤਿਹਾਰ ਨਿਮਨਹਸਤਾਖਰ ਦੀ ਅਦਾਲਤੀ ਮੋਹਰ ਹੇਠ ਜਾਰੀ ਕੀਤਾ ਗਿਆ।

ਸਹਾਇਕ ਕੁਲੈਕਟਰ ਦਰਜਾ-1 ਅਟਾਰੀ (ਅੰਮ੍ਰਿਤਸਰ)

ਉੱਤਰਵਾਦੀ ਨੰ- 1 ਸੰਤੋਖ ਸਿੰਘ 2 ਧਰਮ ਸਿੰਘ 3 ਨਰਿੰਦਰ ਸਿੰਘ4 ਕੁਲਦੀਪ ਸਿੰਘ ਪੁੱਤਰ ਗੁਰਮੁੱਖ ਸਿੰਘ 5 ਦਵਿੰਦਰ ਕੌਰ ਪਤਨੀ ਹੀਰਾ ਸਿੰਘ 6 ਅਰਸ਼ਦੀਪ ਸਿੰਘ ਪੁੱਤਰ ਹੀਰਾ ਸਿੰਘ 7 ਨਿਰਮਲ ਕੌਰ ਪਤਨੀ ਲੇਟ ਗੁਰਮੁੱਖ ਸਿੰਘ 8 ਹਰਜੀਤ ਸਿੰਘ ਪੁੱਤਰ ਗੁਰਮੁੱਖ ਸਿੰਘ 9 ਕਿਰਨਦੀਪ ਕੌਰ ਪੁੱਤਰੀ ਗੁਰਮੁੱਖ ਸਿੰਘ 10 ਜਮਨਦੀਪ ਕੌਰ ਪੁੱਤਰੀ ਗੁਰਮੁੱਖ ਸਿੰਘ 11 ਅਮਨਦੀਪ ਸਿੰਘ ਪੁੱਤਰ ਗੁਰਮੁੱਖ ਸਿੰਘ 12 ਕੁਲਵੰਤ ਸਿੰਘ ਪੁੱਤਰ ਕਰਤਾਰ ਸਿੰਘ 13 ਜਸਵੰਤ ਸਿੰਘ ਪੁੱਤਰ ਕਰਤਾਰ ਸਿੰਘ 14 ਬਚਨ ਕੌਰ ਪੁੱਤਰ ਕਰਤਾਰ ਸਿੰਘ 15 ਸੁਖਦੇਵ ਸਿੰਘ ਪੁੱਤਰ ਹਜ਼ਾਰਾ ਸਿੰਘ 16 ਸੁਲੇਗ ਸਿੰਘ ਪੁੱਤਰ ਹਜ਼ਾਰਾ ਸਿੰਘ 17 ਸਰਦਾਰਾ ਸਿੰਘ ਪੁੱਤਰ ਹਜ਼ਾਰਾ ਸਿੰਘ 18 ਜੈਮਲ ਸਿੰਘ ਪੁੱਤਰ ਹਜ਼ਾਰਾ ਸਿੰਘ 19 ਬਘੇਲ ਸਿੰਘ ਪੁੱਤਰ ਹਜ਼ਾਰਾ ਸਿੰਘ 20 ਦਰਬਾਰਾ ਸਿੰਘ ਪੁੱਤਰ ਹਜ਼ਾਰਾ ਸਿੰਘ 21 ਮਿਲਖਾ ਸਿੰਘ ਪੁੱਤਰ ਪੁੱਤਰ ਹਜ਼ਾਰਾ ਸਿੰਘ 22 ਜਗਤਾਰ ਸਿੰਘ ਪੁੱਤਰ ਕੁੰਨਣ ਸਿੰਘ 23 ਰਾਜ ਗੁਰਿੰਦਰ ਸਿੰਘ ਪੁੱਤਰ ਬਲਕਾਰ ਸਿੰਘ24 ਸਧਾ ਸਿੰਘ ਪੁੱਤਰ ਪਿਆਰਾ ਸਿੰਘ25 ਵਰਿਆਮ ਸਿੰਘ ਪੁੱਤਰ ਚੰਨਣ ਸਿੰਘ26 ਦਿਲਬਾਗ ਸਿੰਘ ਪੁੱਤਰ ਗੁਰਨਾਮ [illegible] ਜੋਗਿੰਦਰ ਸਿੰਘ ਪੁੱਤਰ ਨਿਰੰਜਨ ਸਿੰਘ 33 ਅਮਰਿਤ ਸਿੰਘ ਪੁੱਤਰ ਪੂਰਨ ਸਿੰਘ 34 ਗੁਰਨੇਕ ਸਿੰਘ ਪੁੱਤਰ ਪੂਰਨ ਸਿੰਘ 35 ਜਸਪਾਲ ਸਿੰਘ ਪੁੱਤਰ ਗੁਰਬਖਸ਼ ਸਿੰਘ 36 ਦਾਸ ਪੁੱਤਰ ਲੱਧੂ 37 ਦੁਰਗਾ ਪੁੱਤਰ ਦੇਸੂ 38 ਜਸਬੀਰ ਸਿੰਘ ਪੁੱਤਰ ਗੁਰਬਖਸ਼ ਸਿੰਘ 39 ਜਸਵੰਤ ਸਿੰਘ ਪੁੱਤਰ ਗੁਰਬਖਸ਼ ਸਿੰਘ 40 ਜਸਪਾਲ ਸਿੰਘ ਪੁੱਤਰ ਗੁਰਬਖਸ਼ ਸਿੰਘ 41 ਕੁਲਵੰਤ ਕੌਰ ਵਿਧਵਾ ਜਸਵਿੰਦਰ ਸਿੰਘ 42ਬਲਰਾਜ ਸਿੰਘ ਜਸਵਿੰਦਰ ਸਿੰਘ 43ਸਤਬੀਰ ਸਿੰਘ ਪੁੱਤਰ ਜਸਵਿੰਦਰ ਸਿੰਘ 44 ਮਨਬੀਰ ਸਿੰਘ ਪੁੱਤਰ ਜਸਵਿੰਦਰ ਸਿੰਘ 45 ਸੰਦੀਪ ਕੌਰ ਪੁੱਤਰੀ ਜਸਵਿੰਦਰ ਸਿੰਘ 46 ਗੁਰਪ੍ਰੀਤ ਸਿੰਘ ਪੁੱਤਰ ਦਲਬੀਰ ਸਿੰਘ 47 ਮਹਿਲ ਸਿੰਘ ਪੁੱਤਰ ਦਾਰਾ ਸਿੰਘ 48 ਸਰਵਣ ਸਿੰਘ ਪੁੱਤਰ ਦਾਰਾ ਸਿੰਘ 49 ਕਰਮਬੀਰ ਕੌਰ ਪਤਨੀ ਵਰਿੰਦਰਬੀਰ ਸਿੰਘ 50 ਜਸਵੰਤ ਸਿੰਘ ਪੁੱਤਰ ਸੋਹਨ ਸਿੰਘ 51 ਕੇਵਲ ਸਿੰਘ ਪੁੱਤਰ ਸੋਹਨ ਸਿੰਘ 52 ਨਿੰਦਰ ਸਿੰਘ ਪੁੱਤਰ ਸੋਹਨ ਸਿੰਘ 53 ਗੁਰਮੀਤ ਕੌਰ ਵਿਧਵਾ ਗੁਰਨਾਮ ਸਿੰਘ ਸਮੂਹ ਵਾਸੀ ਪਿੰਡ ਰਣੀਕੇ, ਸਬ ਤਹਿਸੀਲ, ਅਟਾਰੀ, ਜਿਲ੍ਹਾ ਅੰਮ੍ਰਿਤਸਰ54ਕਰਮ ਸਿੰਘ ਪੁੱਤਰ ਗੁਰਚਰਨ ਸਿੰਘ 55 ਪ੍ਰੀਤਮ ਸਿੰਘ ਪੁੱਤਰ ਗੁਰਚਰਨ ਸਿੰਘ 56 ਸੋਹਨ ਸਿੰਘ ਪੁੱਤਰ ਸਵਿੰਦਰ ਸਿੰਘ 57 ਜਗਦੀਪ ਸਿੰਘ ਪੁੱਤਰ ਮਲੂਕ ਸਿੰਘ 58 ਹਰਿੰਦਰ ਸਿੰਘ ਪੁੱਤਰ ਸਵਿੰਦਰ ਸਿੰਘ 59 ਸੋਹਨ ਸਿੰਘ ਪੁੱਤਰ ਸਵਿੰਦਰ ਸਿੰਘ, ਵਾਸੀ ਪਿੰਡ ਰਣਗੜ੍ਹ, ਸਬ ਤਹਿਸੀਲ ਅਟਾਰੀ, ਜਿਲ੍ਹਾ ਅੰਮ੍ਰਿਤਸਰ 60 ਮਨਜੀਤ ਕੌਰ ਵਿਧਵਾ ਕੁੰਦਨ ਸਿੰਘ, ਵਾਸੀ ਪਿੰਡ ਡੱਡੇ, ਸਬ ਤਹਿਸੀਲ ਅਟਾਰੀ, ਜਿਲ੍ਹਾ ਅੰਮ੍ਰਿਤਸਰ 61 ਰਕੇਸ਼ ਮਦਾਨ ਪੁੱਤਰ ਰੋਸ਼ਨ ਲਾਲ, ਵਾਸੀ ਪਿੰਕ ਐਵਿਨੀਊ, ਮਜੀਠਾ ਰੋਡ, ਅੰਮ੍ਰਿਤਸਰ 62 ਅੰਮ੍ਰਿਤਸਰ ਪ੍ਰਾਇਮਰੀ ਕੋਆਪਰੇਟਿਵ ਐਗਰੀਕਲਚਰਲ ਡਿਵੈਲਪਮੈਂਟ ਬੈਂਕ, ਮਜੀਠਾ ਰੋਡ, ਅੰਮ੍ਰਿਤਸਰ 63 ਮੈਨੇਜਰ ਆਈ ਐਨ ਜੀ ਵੀ ਆਸ ਬੈਂਕ ਬਰਾਂਚ 49 ਜੇ.ਕੇ ਟਾਵਰ ਦੀ ਮਾਲ ਅੰਮ੍ਰਿਤਸਰ 64 ਮੈਨੇਜਰ, ਐਚ.ਡੀ.ਐਫ.ਸੀ ਬੈਂਕ ਲਿਮਟਿਡ ਬ੍ਰਾਂਚ ਕਬੀਰ ਪਾਰਕ, ਅੰਮ੍ਰਿਤਸਰ 65. ਮੈਨੇਜਰ, ਅੰਮ੍ਰਿਤਸਰ ਸੈਂਟਰਲ ਕੋਆਪਰੇਟਿਵ ਬੈਂਕ ਬ੍ਰਾਂਚ ਅਟਾਰੀ66. ਮੈਨੇਜਰ, ਪੰਜਾਬ ਗ੍ਰਾਮੀਣ ਬੈਂਕ ਬ੍ਰਾਂਚ ਅਟਾਰੀ, ਅੰਮ੍ਰਿਤਸਰ67. ਮੈਨੇਜਰ, ਪੰਜਾਬ ਗ੍ਰਾਮਿਨ ਬੈਂਕ, ਬ੍ਰਾਂਚ ਘਰਿੰਡਾ, ਅੰਮ੍ਰਿਤਸਰ

ਨੰਬਰ/ਰੀਡਰ/ 222, ਮਿਤੀ 16/9/25

ਸਹਾਇਕ ਕੁਲੈਕਟਰ ਦਰਜਾ-1 ਅਟਾਰੀ (ਅੰਮ੍ਰਿਤਸਰ)

## Court Notice

(U/O 5 Rule 20 Cpc)
In The Court of
**Simran**
Civil Judge (Junior Division), Amritsar
CNR No. PBAS02-005017-2023
Next Date:-29-09-2025

(1) Lalit Chopra S/o P.L. Chopra R/o H.No. 6, Gali No. 2, Vijay Nagar, Batala Road, Amritsar (2) Madhav Chopra S/o Lalit Chopra R/o H.No. 6, Gali No. 2, Vijay Nagar, Batala Road, Amritsar

Vs

Anju Alias Rama Nayyar W/o Kashmiri Lal R/o Park No. 2, Bhalla Colony Chheharta, Amritsar (2) Manju Uppal W/o Jatinder Uppal R/o H.No. 3, Gali No. 11, Near Bohar Wala Shivala, Batala Road, Amritsar (3) Monika Puri W/o Vannet Puri R/o Ucha Vehra Khanna, Distt. Ludhiana

Publication Issued To: Monika Puri W/o Vannet Puri R/o Vcha Vehra, Khanna, Distt. Ludhhiana

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 29-09-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division), Amritsar
Dated this day of 19-09-2025

# ਕਲਾਸੀਫਾਈਡ ਇਸ਼ਤਿਹਾਰ

## Public Notice

I, Pairmla Devi W/O Kirpal Singh R/O Village Muradpur P.O Sujanpur Tehsil & Distt. Pathankot declared that in school record of my daughter Ritika my name wrongly written as Promila Devi instead of Pairmla Devi. Pairmla Devi and Promila Devi are the name of one and same person i.e my self

## Lost

ਮੈਂ ਰਾਕੇਸ਼ ਕੁਮਾਰ ਪੁੱਤਰ ਦਰਸ਼ਨ ਲਾਲ ਵਾਸੀ ਮਕਾਨ ਨੰ: ਬੀ-6/266 ਡੇਰਾ ਰੋਡ ਰੇਲਵੇ ਫਾਟਕ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਜਾਇਦਾਦ ਰਜਿਸਟਰੀ ਮਿਤੀ 30/07/2013 ਜੋ ਕਿ ਮੈਂ ਰਾਜ ਰਾਣੀ ਪਤਨੀ ਲੇਟ ਦਰਸ਼ਨ ਲਾਲ ਪੁੱਤਰ ਧਿਰਤ ਰਾਮ ਵਾਸੀ ਪੁਰਾਣੀ ਦਾਨਾ ਮੰਡੀ ਬਟਾਲਾ ਦੇ ਪਾਸੋਂ ਖਰੀਦ ਕੀਤੀ ਸੀ। ਮਿਤੀ 05/09/2025 ਨੂੰ ਕੋਰਟ ਵਿੱਚ ਕੰਮ ਸੰਬੰਧੀ ਗਿਆ ਸੀ, ਉਥੇ ਮੇਰੀ ਫਾਈਲ, ਜਿਸ ਵਿੱਚ ਰਜਿਸਟਰੀ ਅਤੇ ਹੋਰ ਜ਼ਰੂਰੀ ਕਾਗਜ਼ਾਤ ਸਨ, ਗੁੰਮ ਹੋ ਗਏ ਸੀ। ਉਕਤ ਫਾਈਲ ਕਿਸੇ ਨੂੰ ਮਿਲਦੀ ਹੈ, ਤਾਂ ਮੇਰੇ ਨੰ: 9855503948, 9855760741 ਤੇ ਸੰਪਰਕ ਕਰਨ।

## ਪਬਲਿਕ ਨੋਟਿਸ

ਮੈਂ, ਗੁਰਨਾਮ ਸਿੰਘ ਪੁੱਤਰ ਚਤਰ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਜੱਜਾ ਕਲਾਂ, ਤਹਿਸੀਲ ਫਿਲੌਰ, ਜਲੰਧਰ ਵਾ ਮੁਖਤਾਰਆਮ ਮਿਨਜਾਨਬ ਅਵਤਾਰ ਸਿੰਘ ਭਾਰਜ ਪੁੱਤਰ ਚਤਰ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਜੱਜਾ ਕਲਾਂ ਹਾਲ ਵਾਸੀ HE Exeter Road, Harrow, London H2A 9PQ, United Kingdom ਵਾ ਕੁਲਦੀਪ ਸਿੰਘ ਭਾਰਜ ਪੁੱਤਰ ਚਤਰ ਸਿੰਘ ਪੁੱਤਰ ਇੰਦਰ ਸਿੰਘ ਵਾਸੀ 128 Valley Driver, Kingsbury, London NW9 9NS, United Kingdom ਮੁਖਤਾਰਨਾਮਾ ਆਮ ਤਸਦੀਕ ਸ਼ੁਦਾ ਕਮਿਸ਼ਨਰ ਸਾਹਿਬ ਜਲੰਧਰ ਨੰ. 4904 ਮਿਤੀ 28-10-2003 ਬਿਆਨ ਕਰਦਾ ਹਾਂ ਕਿ ਮੇਰੇ ਕੋਲੋਂ 07-09-2025 ਨੂੰ ਇੱਕ ਰਜਿਸਟਰੀ ਬੈਨਾਮਾ ਵਸੀਕਾ ਨੰ: 1922, ਮਿਤੀ 28-07-1976 ਕਿੱਧਰੇ ਗੁੰਮ ਹੋ ਗਈ ਹੈ। ਜੇਕਰ ਉਕਤ ਬੈਨਾਮਾ ਕਿਸੇ ਨੂੰ ਮਿਲੇ ਤਾਂ ਉਹ (ਮੋਬਾਇਲ ਨੰ: +44 7815543769) ਤੇ ਸੰਪਰਕ ਕਰੇ।

## ਬੇਦਖਲੀ ਨੋਟਿਸ

ਅਸੀਂ ਸੁਦੇਸ਼ ਪੁੱਤਰ ਸ਼੍ਰੀ ਬਲਦੇਵ ਅਤੇ ਰੇਖਾ ਪਤਨੀ ਸ਼੍ਰੀ ਸੁਦੇਸ਼ ਵਾਸੀ ਵਾਰਡ ਨੰ 6, ਰਾਮ ਰਤਨ ਕਲੋਨੀ, ਰਈਆ, ਜ਼ਿਲ੍ਹਾ ਅੰਮ੍ਰਿਤਸਰ ਇਹ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਵਿਨੈ ਅਤੇ ਉਸਦੀ ਪਤਨੀ ਸ਼ਮਾ ਜੋ ਕਿ ਸਾਡੇ ਕਹਿਣੇ ਤੋ ਬਾਹਰ ਹਨ। ਇਹ ਹੈ ਕਿ ਸਾਡਾ ਲੜਕਾ ਵਿਨੈ ਅਤੇ ਉਸਦੀ ਪਤਨੀ ਸ਼ਮਾ ਜਿਸ ਨੂੰ ਅਸੀ 'ਆਪਣੀ ਚੱਲ ਅਚੱਲ ਜਮੀਨ ਜਾਇਦਾਦ ਤੋ ਬੇਦਖਲ ਕਰਦਾ ਹਾਂ। ਇਹਨਾਂ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਇਹਨਾਂ ਦੇ ਨਾਲ ਸਾਡਾ ਅਤੇ ਸਾਡੇ ਪਰਿਵਾਰ ਦਾ ਕੋਈ ਤਲਕ ਵਾਸਤਾ ਨਹੀ ਹੋਵੇਗਾ।ਸੰਬੰਧਤ ਕਿਰਪਾ ਕਰਕੇ ਨੋਟ ਕਰਨ।

ਮੈਂ ਖੁਸ਼ੀਆ ਸਿੰਘ ਪੁੱਤਰ ਬਚਨ ਸਿੰਘ ਪਿੰਡ ਖੱਤਰੀ ਵਾਲਾ ਉਰਫ ਭਗਵਾਨਪੁਰਾ ਤਹਿਸੀਲ ਸਮਾਣਾ ਜਿਲਾ ਪਟਿਆਲਾ ਆਪਣੇ ਲੜਕੇ ਸੰਦੀਪ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਬੇਦਖਲ ਕਰਦਾ ਹਾਂ। ਅੱਜ ਤੋਂ ਬਾਅਦ ਉਸ ਨਾਲ ਮੇਰਾ ਕੋਈ ਨਾਤਾ ਨਹੀਂ ਰਿਹਾ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ ਰਾਣੀ ਪਤਨੀ ਸੁਖਦੇਵ ਸਿੰਘ ਵਾਸੀ ਪਿੰਡ ਅੰਬੀਆ ਤੋਹਫਾ ਡਾਕਖਾਨਾ ਕਰਤਾਰਪੁਰ ਜਿਲਾ ਜਲੰਧਰ ਦੀ ਵਸਨੀਕ ਹਾਂ। ਮੇਰਾ ਪੋਤਾ ਜਸਕਰਨ ਤੇ ਉਸਦੀ ਪਤਨੀ ਕਿਟੂ ਉਰਫ ਬਬਲੀ ਦੋਨੋਂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਦੋਵਾਂ ਨੂੰ ਆਪਣੀ ਚੱਲ -ਅਚਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਇਹਨਾਂ ਨਾਲ ਲੈਣ ਦੇਣ ਰੱਖਣ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਰਮੇਸ਼ ਕੁਮਾਰ ਪੁੱਤਰ ਸਰਦਾਰੀ ਲਾਲ ਵਾਸੀ ਮਕਾਨ ਨੰ. 3444/14, ਗਲੀ ਨੰ. 10, ਹਰੀਪੁਰਾ, ਝਬਾਲ ਰੋਡ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸੂਰਜ ਕੁਮਾਰ ਅਤੇ ਇਸ ਦੀ ਪਤਨੀ ਮਹਿਕ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖ਼ੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਜਗਜੀਤ ਸਿੰਘ ਪੁੱਤਰ ਰਜਿੰਦਰ ਸਿੰਘ ਵਾਸੀ ਮਾਨ ਸਿੰਘ ਨਗਰ, ਡਾਕ: ਚੁਗਿੱਟੀ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਜੋਤ ਸਿੰਘ (ਉਮਰ 21 ਸਾਲ) ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ ਕੁਲਵਿੰਦਰ ਕੌਰ ਪਤਨੀ ਲੇਟ ਸ਼੍ਰੀ ਬਲਦੇਵ ਸਿੰਘ ਵਾਸੀ ਵਾਰਡ ਨੰਬਰ 48, ਬਾਈਪਾਸ ਕਾਲੋਨੀ, ਵਾਟਰ ਟਰੀਟਮੈਂਟ ਪਲਾਂਟ, ਕਪੂਰਥਲਾ ਘੋਸ਼ਣਾ ਕਰਦੀ ਹਾਂ ਕਿ ਮੇਰਾ ਲੜਕਾ ਅਕਾਸ਼ਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਲੜਕੇ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮੈਂ, ਰਾਜ ਰਾਣੀ ਪਤਨੀ ਰਾਮ ਮੂਰਤੀ ਵਾਸੀ ਪਿੰਡ ਈਸਪੁਰ ਨੁੱਸੀ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਪਰਵਿੰਦਰ ਸਿੰਘ ਅਤੇ ਉਸ ਦੀ ਪਤਨੀ ਰਾਜਵਿੰਦਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ, ਰਾਜ ਕੁਮਾਰ ਪੁੱਤਰ ਦਰਸ਼ਨ ਰਾਮ ਅਤੇ ਸੋਮਾ ਰਾਣੀ ਪਤਨੀ ਰਾਜ ਕੁਮਾਰ ਦੋਵੇਂ ਵਾਸੀਆਨ ਮਕਾਨ ਨੰ. 285, ਵਡਾਲਾ, ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਮਨੀਸ਼ ਕੁਮਾਰ ਉਰਫ ਮਨੀ ਅਤੇ ਉਸ ਦੀ ਪਤਨੀ ਬੇਬੀ ਰਾਣੀ, ਇਨ੍ਹਾਂ ਦੀ ਬੱਚੀ ਰਜਨੀ ਸਾਡੇ ਅਤੇ ਸਾਡੇ ਪਰਵਾਰ ਦੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖ਼ੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਸੁਰਜੀਤ ਸਿੰਘ ਪੁੱਤਰ ਉਜਾਗਰ ਸਿੰਘ ਵਾਸੀ ਪਿੰਡ ਹੇਰ, ਗੁਮਾਨਪੁਰਾ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਜੀਤ ਸਿੰਘ ਅਤੇ ਉਸ ਦੀ ਪਤਨੀ ਅਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖ਼ੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈ ਬਲਦੇਵ ਸਿੰਘ ਪੁੱਤਰ ਗੁਰਾ ਸਿੰਘ ਵਾਸੀ ਪਿੰਡ ਕੋਟਲੀ ਅਬਲੂ ਤਹਿਸੀਲ ਗਿੱਦੜਬਾਹਾ ਜਿਲਾ ਸ੍ਰੀ ਮੁਕਤਸਰ ਸਾਹਿਬ ਦਾ ਰਹਿਣ ਵਾਲਾ ਹਾਂ। ਮੈ ਆਪਣੇ ਹਲਫੀਆ ਬਿਆਨ ਰਾਹੀ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਮਨਦੀਪ ਕੌਰ (ਉਮਰ 21 ਸਾਲ) ਮੇਰੇ ਕਹਿਣੇ ਸੁਣਨੇ ਤੋ ਬਾਹਰ ਹੈ। ਇਸ ਲਈ ਮੈ ਆਪਣੀ ਲੜਕੀ ਮਨਦੀਪ ਕੌਰ ਨੂੰ ਆਪਣੀ ਸਾਰੀ ਚੱਲ ਅਚੱਲ ਜਾਇਦਾਦ ਤੋ ਬੇਦਖਲ ਕਰਦਾ ਹਾਂ। ਇਸ ਲਈ ਅੱਜ ਤੋ ਬਾਅਦ ਮੇਰਾ ਅਤੇ ਮੇਰੇ ਪਰਵਾਰ ਦਾ ਇਸ ਨਾਲ ਕਿਸੇ ਕਿਸਮ ਦਾ ਕੋਈ ਰਿਸ਼ਤਾ ਨਾਤਾ ਨਹੀ ਹੈ। ਭਵਿੱਖ ਵਿੱਚ ਕੋਈ ਮਾੜੇ ਚੰਗੇ ਕੰਮ ਕਰਦੀ ਹੈ ਜਾਂ ਇਸ ਨਾਲ ਕੋਈ ਲੈਣ ਦੇਣ ਕਰਦਾ ਹੈ ਤਾਂ ਉਹ ਖੁੱਦ ਜਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਅਸੀਂ ਰਮੇਸ਼ ਲਾਲ ਪੁੱਤਰ ਦੌਲਤ ਰਾਮ ਅਤੇ ਰੇਖਾ ਰਾਣੀ ਪਤਨੀ ਲਾਲ ਵਾਸੀ ਮਕਾਨ ਨੰਬਰ 145, ਵਾਰਡ ਨੰਬਰ 11, ਆਰੀਆ ਨਗਰ, ਕਰਤਾਰਪੁਰ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਗੁਰਦੀਪ ਕੁਮਾਰ (ਕੁਆਰਾ) ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

## Change of Name

I, Ritu Rani W/o Sumit Bhardwaj R/o House No-165-A, Tagore Nagar, Near Canal Colony, Distt Hoshiarpur, 146001 Punjab have changed the name of my minor daughter from Samridhi to Samridhi Sharma. Sharma is surname and Samridhi is given name. Concerned note

## Change of Name

I, Harjit Kaur W/o Jaspal Chander R/o Mohalla Dhole Shah, V.P.O Hariana Distt. Hoshiarpur have changed my minor son name from Sukhmani to Sukhmani Singh. Concerned Note.

I,Paramjeet Kaur W/O Gurwinder Singh R/O H.No.169, Mehta Road,Rana Garden, Amritsar, Punjab 143001 have changed my name from Paramjeet Kaur to Paramjeet. Concerned note.

I,Arvinder Singh Bhatia S/O Charanjeet Singh R/O 70, Golden Avenue,Amritsar, Punjab have changed my name from Arvinder Singh Bhatia to Arvinder Singh. Concerned note.

I Davinder Kaur / Devender Kaur Kashab W/O Satpal Singh R/O H.no 21 Kale Road, Gayatri Colony Chheharta Amritsar Have Changed My Name To Devinder Kaur. All Concerned May Please Note.

I, Bhajno W/O Paramjit Singh R/O W.No.14, Preet Nagar, Kapurthala Pb. , herby declares that I have changed my name from Bhajno to Harpreet Kaur. Concerned please note

I, Paramjit Pal S/o Tarsem Lal R/o H.No. 625, Harnam Nagar, Bakhewal, Batala, District Gurdaspur, Punjab have changed my name from Paramjit Pal to Given Name as Paramjit & Surname as Pal. Concerned Note.

I, Tejinder Singh S/o Paramjit Singh R/o Village Patti Jasso Ki, VPO Nagoke, Tehsil Khadoor Sahib, District Tarn Taran have declared that Singh is my surname and Tejinder is my given name

I, Kartan Parkash Singh S/o Buta Singh R/o 438, Abadi Behniwal, Sultanwind Pind, Amritsar have changed my name from Kartan Parkash Singh to Kirtan Parkash Singh

I, Major Singh Bal S/o Kulwinder Singh R/o VPO Bal Khurd Block Verka Amritsar have changed my name to Major Singh

I, Dalbir S/o Niranjan R/o Village Jawandpur, PO Mianwind, Distt Tarn Taran have changed my name from Dalbir to Dalbir Singh. Dalbir is my Given name and Singh is my Surname

I, Ekta Dharne W/o Sahil Verma R/o H.No.984, Gali Devi Wali, Kucha Gujran Wala, Near Joura Pipal, Amritsar have changed my name from Ekta Dharne to Ekta Verma

I, Sunny Sharma S/o Manohar Lal R/o H.No. BX 1680, Hardeep Nagar, Hoshiarpur Road, Jalandhar-144009, Punjab have changed my minor daughter's name from Divyanshi to Divyanshi Sharma. All concerned please note.

I, Sunny Sharma S/o Manohar Lal R/o H.No. BX 1680, Hardeep Nagar, Hoshiarpur Road, Jalandhar-144009, Punjab have changed my minor son's name from Vansh to Vansh Sharma. All concerned please note.

I, Jasbir Kaur W/o Buta Singh R/o Vill. Munak Khurd, P.O. Munak Kalan, Tehsil Dasuya (Hoshiarpur), Punjab, have changed my name to Jasvir Kaur. All concerned please note.

I, Gulshan Kumar S/o Ram Saroop R/o H.No. 285/4-A, New Suraj Ganj, Near Nari Niketan, Jalandhar, Punjab, declare that I have changed my name from Gulshan Kumar to Gulshan Kumar Dhamija. Please note.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# ਬਾਬਾ ਸ੍ਰੀ ਚੰਦ ਚੈਰੀਟੇਬਲ ਟਰੱਸਟ ਨੇ ਹੜ੍ਹ ਪੀੜਤ 300 ਪਰਵਾਰਾਂ ਨੂੰ ਕੰਬਲ ਵੰਡੇ



ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)-ਕਸਬੇ ਦੇ ਦਸ ਡੋਗਰਾ ਮਾਰਗ ਸਥਿਤ ਬਾਬਾ ਸ੍ਰੀ ਚੰਦ ਚੈਰੀਟੇਬਲ ਟਰੱਸਟ ਡੇਰਾ ਬਾਬਾ ਨਾਨਕ ਦੇ ਚੇਅਰਮੈਨ ਤੇ ਐੱਨਆਰਆਈ ਬਾਬਾ ਰਜਿੰਦਰ ਸਿੰਘ ਬੇਦੀ ਅਤੇ ਉਨ੍ਹਾਂ ਦੀ ਧਰਮ ਸੁਪਤਨੀ ਬੀਬੀ ਆਤਮਜੀਤ ਕੌਰ ਬੇਦੀ ਵੱਲੋਂ ਡੇਰਾ ਬਾਬਾ ਨਾਨਕ ਵੱਖ-ਵੱਖ ਪਿੰਡਾਂ ਦੇ 300 ਦੇ ਕਰੀਬ ਹੜ੍ਹ ਪੀੜਤ ਪਰਿਵਾਰਾਂ ਨੂੰ ਕੰਬਲ ਵੰਡੇ ਗਏ।ਇਸ ਮੌਕੇ ਡੇਰਾ ਬਾਬਾ ਨਾਨਕ ਦੇ ਗੁਰਦੁਆਰਾ ਬਾਬਾ ਸ੍ਰੀ ਚੰਦ ਜੀ ਦੇ ਹਾਲ ਵਿਖੇ ਕੰਬਲ ਵੰਡ ਸਮਾਗਮ ਕਰਵਾਇਆ ਗਿਆ।ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਡੇਰਾ ਬਾਬਾ ਨਾਨਕ ਦੇ ਸਬ ਡਵੀਜ਼ਨ ਮੈਜਿਸਟ੍ਰੇਟ ਡਾ. ਆਦਿੱਤਿਆ ਸ਼ਰਮਾ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਸਮਾਗਮ ਵਿੱਚ ਹਾਜ਼ਰੀਨਾਂ ਨੂੰ ਸੰਬੋਧਨ ਕਰਦਿਆਂ ਡਾ. ਆਦਿੱਤਿਆ ਸ਼ਰਮਾ ਨੇ ਕਿਹਾ ਕਿ ਬਾਬਾ ਸ੍ਰੀ ਚੰਦ ਚੈਰੀਟੇਬਲ ਟਰੱਸਟ ਵੱਲੋਂ ਸਮੇਂ ਸਮੇਂ 'ਤੇ ਲੋੜਵੰਦਾਂ ਦੀ ਮਦਦ ਕਰਨ ਲਈ ਕਈ ਤਰ੍ਹਾਂ ਦੇ ਸਮਾਜ ਭਲਾਈ ਦੇ ਕਾਰਜ ਕਰਵਾਏ ਜਾਂਦੇ ਹਨ। ਟਰੱਸਟ ਦੇ ਚੇਅਰਮੈਨ ਬਾਬਾ ਰਜਿੰਦਰ ਸਿੰਘ ਬੇਦੀ ਵੱਲੋਂ ਸਮੇਂ ਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ 300 ਦੇ ਕਰੀਬ ਹੜ੍ਹ ਪੀੜਤ ਪਰਿਵਾਰਾਂ ਨੂੰ ਕੰਬਲ ਵੰਡੇ ਜਾ ਰਹੇ ਹਨ। ਅਸੀਂ ਪ੍ਰਸ਼ਾਸਨ ਵੱਲੋਂ ਬਾਬਾ ਰਜਿੰਦਰ ਸਿੰਘ ਬੇਦੀ ਤੇ ਬਾਬਾ ਸ੍ਰੀ ਚੰਦ ਚੈਰੀਟੇਬਲ ਟਰੱਸਟ ਦਾ ਬਹੁਤ ਧੰਨਵਾਦ ਕਰਦੇ ਹਾਂ।ਜ਼ਿਕਰਯੋਗ ਹੈ ਕਿ ਹੜ੍ਹ ਪ੍ਰਭਾਵਿਤ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਟਰੱਸਟ ਵੱਲੋਂ 10000 ਦੇ ਕਰੀਬ ਪਹਿਲਾਂ ਕਾਪੀਆਂ ਵੰਡੀਆਂ ਗਈਆਂ ਹਨ। ਏਥੇ ਇਹ ਵੀ ਦੱਸਣਯੋਗ ਹੈ ਕਿ ਬਾਬਾ ਰਜਿੰਦਰ ਸਿੰਘ ਬੇਦੀ ਵੱਲੋਂ ਅਨੇਕਾਂ ਹੀ ਲੋਕ ਭਲਾਈ ਦੇ ਕਾਰਜ ਆਰੰਭ ਕੀਤੇ ਹੋਏ ਹਨ ਅਤੇ ਲੋੜਵੰਦਾਂ ਦੀ ਮਦਦ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਇਸ ਮੌਕੇ ਪ੍ਰਿੰ. ਮਨਦੀਪ ਕੌਰ, ਐਡਵੋਕੇਟ ਰਾਜਨ ਬੇਦੀ, ਬਾਬਾ ਭੁਪਿੰਦਰ ਸਿੰਘ, ਮਾਸਟਰ ਪਲਵਿੰਦਰ ਸਿੰਘ, ਮਾਸਟਰ ਰਮੇਸ਼ ਅਵੱਸਥੀ, ਸਾਬਕਾ ਚੇਅਰਮੈਨ ਨਿਰਮਲ ਸਿੰਘ ਹਰੂਵਾਲ, ਬੱਬੂ ਡਰਾਈਵਰ, ਬਿੱਟਾ ਚੰਦੂ ਨੰਗਲ ਤੋਂ ਇਲਾਵਾ ਵੱਖ-ਵੱਖ ਪਿੰਡਾਂ ਦੇ ਲੋਕਾਂ ਤੋਂ ਇਲਾਵਾ ਬਾਬਾ ਸ੍ਰੀ ਚੰਦ ਚੈਰੀਟੇਬਲ ਟਰੱਸਟ ਦੇ ਮੈਂਬਰ ਹਾਜ਼ਰ ਸਨ।

# 5 ਕਿੱਲੋ ਹੈਰੋਇਨ ਬਰਾਮਦ, ਮੁਲਜ਼ਮ ਗ੍ਰਿਫ਼ਤਾਰ




ਅੰਮ੍ਰਿਤਸਰ, (ਨਰਿੰਦਜੀਤ ਸਿੰਘ)-ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਵਿਦੇਸ਼ੀ ਹੈਂਡਲਰ ਹਰਪਾਲ ਸਿੰਘ ਦੁਆਰਾ ਚਲਾਏ ਜਾ ਰਹੇ ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਦੇ ਮਾਡਿਊਲ ਦਾ ਪਰਦਾਫਾਸ਼ ਕਰਦਿਆਂ ਇਸਦੇ ਇੱਕ ਸੰਚਾਲਕ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਇਸਦੇ ਕਬਜ਼ੇ ਵਿੱਚੋਂ 5.032 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇਹ ਜਾਣਕਾਰੀ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਪਵਨਦੀਪ ਸਿੰਘ, ਵਾਸੀ ਬਹਿੜਵਾਲ, ਅੰਮ੍ਰਿਤਸਰ ਵਜੋਂ ਹੋਈ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਪਵਨਦੀਪ ਨੇ ਦੱਸਿਆ ਕਿ ਉਹ ਆਪਣੇ ਵਿਦੇਸ਼ ਅਧਾਰਤ ਹੈਂਡਲਰ ਹਰਪਾਲ ਸਿੰਘ, ਜੋ ਕਿ ਅੰਮ੍ਰਿਤਸਰ ਦੇ ਪਿੰਡ ਕੋਹਾਲਾ ਦਾ ਵਾਸੀ ਹੈ ਅਤੇ ਇਸ ਸਮੇਂ ਅਮਰੀਕਾ ਵਿੱਚ ਰਹਿ ਰਿਹਾ ਹੈ, ਦੇ ਨਿਰਦੇਸ਼ਾਂ 'ਤੇ ਕੰਮ ਕਰ ਰਿਹਾ ਸੀ।ਉਨ੍ਹਾਂ ਅੱਗੇ ਦੱਸਿਆ ਕਿ ਹਰਪਾਲ ਸਿੰਘ ਸਿੱਧੇ ਤੌਰ 'ਤੇ ਪਾਕਿਸਤਾਨ ਅਧਾਰਤ ਨਸ਼ਾ ਤਸਕਰਾਂ ਦੇ ਸੰਪਰਕ ਵਿੱਚ ਸੀ ਅਤੇ ਡਰੋਨ ਜ਼ਰੀਏ ਸਰਹੱਦ ਪਾਰੋਂ ਨਸ਼ਿਆਂ ਅਤੇ ਹਥਿਆਰਾਂ ਦੀਆਂ ਕਈ ਖੇਪਾਂ ਨੂੰ ਭਾਰਤ ਪਹੁੰਚਾਉਣ ਦਾ ਪ੍ਰਬੰਧ ਕਰ ਰਿਹਾ ਸੀ। ਵੇਰਵੇ ਸਾਂਝੇ ਕਰਦਿਆਂ ਡੀਜੀਪੀ ਨੇ ਕਿਹਾ ਕਿ ਸੀਆਈ ਅੰਮ੍ਰਿਤਸਰ ਨੂੰ ਪਿੰਡ ਧਨੋਏ ਕਲਾਂ, ਅੰਮ੍ਰਿਤਸਰ ਨੇੜੇ ਪੈਂਦੇ ਭਾਰਤ-ਪਾਕਿਸਤਾਨ ਸਰਹੱਦੀ ਖੇਤਰ ਤੋਂ ਨਸ਼ਿਆਂ ਦੀ ਖੇਪ ਪ੍ਰਾਪਤ ਕਰਨ ਬਾਰੇ ਖੁਫੀਆ ਜਾਣਕਾਰੀ ਮਿਲੀ ਸੀ।ਇਸ 'ਤੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਪੁਲਸ ਟੀਮ ਨੇ ਸ਼ੱਕੀ ਪਵਨਦੀਪ ਸਿੰਘ ਨੂੰ ਅੰਮ੍ਰਿਤਸਰ ਦੇ ਪਿੰਡ ਬਹਿੜਵਾਲ ਨੇੜੇ ਉਸ ਵੇਲੇ ਕਾਬੂ ਕਰ ਲਿਆ, ਜਦੋਂ ਉਹ ਅੱਗੇ ਕਿਸੇ ਪਾਰਟੀ ਨੂੰ ਖੇਪ ਪਹੁੰਚਾਉਣ ਜਾ ਰਿਹਾ ਸੀ ਅਤੇ ਉਸਦੇ ਕਬਜ਼ੇ ਵਿੱਚੋਂ ਨਸ਼ੀਲੇ ਪਦਾਰਥ ਬਰਾਮਦ ਕੀਤੇ।

ਇਸ ਸਬੰਧੀ ਕੇਸ ਥਾਣਾ ਸਟੇਟ ਸਪੈਸ਼ਲ ਆਪ੍ਰੇਸ਼ਨ ਸੈਲ, ਅੰਮ੍ਰਿਤਸਰ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21 ਅਤੇ 29 ਤਹਿਤ ਐਫਆਈਆਰ ਨੰਬਰ 52 ਮਿਤੀ 19-09-2025 ਨੂੰ ਦਰਜ ਕੀਤਾ ਗਿਆ ਹੈ।

## 'ਮਨਰੇਗਾ ਵਰਕਰਾਂ ਦੀਆਂ ਮੰਗਾਂ ਨੂੰ ਲੈ ਕੇ 24 ਨੂੰ ਸਰਕਾਰ ਦਾ ਪੁਤਲਾ ਫੂਕਿਆ ਜਾਵੇਗਾ'

**ਹੁਸ਼ਿਆਰਪੁਰ (ਬਲਵੀਰ ਸੈਣੀ, ਓ ਪੀ ਰਾਣਾ)**- ਮਨਰੇਗਾ ਵਰਕਰਾਂ ਯੂਨੀਅਨ ਇਕਾਈ ਭੂੰਗਾ ਦੀ ਅਹਿਮ ਮੀਟਿੰਗ ਬਲਾਕ ਪ੍ਰਧਾਨ ਵਰਿੰਦਰ ਕੌਰ ਦੀ ਪ੍ਰਧਾਨਗੀ ਹੇਠ ਜੰਗਲਾਤ ਦਫ਼ਤਰ ਢੋਲਵਾਹਾ ਵਿਖੇ ਹੋਈ। ਮੀਟਿੰਗ 'ਚ ਵੱਡੀ ਗਿਣਤੀ ਮਨਰੇਗਾ ਵਰਕਰਜ਼ ਸ਼ਾਮਲ ਹੋਏ। ਜ਼ਿਲ੍ਹਾ ਸੰਯੋਜਕ ਅਤੇ ਮੁਲਾਜ਼ਮ ਆਗੂ ਮਨਜੀਤ ਸੈਣੀ, ਜੰਗਲਾਤ ਵਰਕਰਜ਼ ਯੂਨੀਅਨ ਦੇ ਪ੍ਰਧਾਨ ਸੁਰਿੰਦਰ ਪਾਲ ਅਤੇ ਸੂਬਾ ਕਨਵੀਨਰ ਦੀਪਕ ਹੁਸ਼ਿਆਰਪੁਰ ਨੇ ਵੀ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਮਨਰੇਗਾ ਵਰਕਰਾਂ ਨੇ ਦਰਪੇਸ਼ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਅਮਨਪ੍ਰੀਤ ਕੌਰ ਨੰਗਿਹਰ, ਉਮਾ ਦੇਵੀ ਰਾਮਟਟਵਾਲੀ ਅਤੇ ਗੀਤਾ ਰਾਣੀ ਢੋਲਵਾਹਾ ਨੇ ਦੱਸਿਆ ਕਿ ਮਨਰੇਗਾ ਵਰਕਰਾਂ ਨੂੰ ਉਨ੍ਹਾਂ ਦੇ ਪਿਛਲੇ ਕੀਤੇ ਕੰਮ ਦੀ ਅਦਾਇਗੀ ਨਹੀਂ ਹੋਈ।



ਕਰੀਬ ਪੰਜ ਮਹੀਨੇ ਦੀ ਅਦਾਇਗੀ ਰੁਕੀ ਹੋਈ ਹੈ। ਹੜ੍ਹਾਂ ਦੌਰਾਨ ਬਲਾਕ ਦਫ਼ਤਰਾਂ ਵੱਲੋਂ ਕਰਵਾਏ ਵਿਚ ਪਾਣੀ ਦਿੱਤਾ ਗਿਆ। ਜੰਗਲਾਤ ਅਤੇ ਨਹਿਰਾਂ 'ਤੇ ਕੰਮ ਦੌਰਾਨ ਮੋਬਾਈਲ ਨੈੱਟਵਰਕ ਦੀ ਅਣਹੋਂਦ ਕਾਰਨ ਆਨਲਾਈਨ ਹਾਜ਼ਰੀ ਨਹੀਂ ਲੱਗਦੀ, ਮਨਰੇਗਾ ਵਰਕਰਾਂ ਨੂੰ ਕੰਮ ਕਰਨ ਦੇ ਬਾਵਜੂਦ ਅਦਾਇਗੀ ਨਹੀਂ ਹੁੰਦੀ। ਇਸੇ ਤਰ੍ਹਾਂ ਜੀਓ ਟੈਗ ਸਬੰਧੀ ਸਮੱਸਿਆਵਾਂ ਕਾਰਨ ਮਨਰੇਗਾ ਵਰਕਰਾਂ ਦੀਆਂ ਦੁਸ਼ਵਾਰੀਆਂ ਵਧ ਗਈਆਂ ਹਨ। ਸੂਬਾ ਕਨਵੀਨਰ ਦੀਪਕ ਹੁਸ਼ਿਆਰਪੁਰ ਨੇ ਸਰਕਾਰ ਨੂੰ ਮਨਰੇਗਾ ਵਰਕਰਾਂ ਦੇ ਬਕਾਏ ਅਤੇ ਮਨਰੇਗਾ ਮੁਲਾਜ਼ਮਾਂ ਦੀਆਂ ਰੋਕੀਆਂ ਤਨਖਾਹਾਂ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ ਹੈ। ਇਸ ਮੌਕੇ ਮਨਰੇਗਾ ਵਰਕਰ ਯੂਨੀਅਨ ਨੇ ਪਿੰਡਾਂ 'ਚ ਵਿਕਾਸ ਕਾਰਜਾਂ ਵਿਚ ਤੇਜ਼ੀ ਲਿਆਉਣ, ਪੰਚਾਇਤਾਂ ਦਾ ਸਾਰਾ ਕੰਮ ਮਨਰੇਗਾ ਰਾਹੀਂ ਕਰਵਾਉਣ, ਮਨਰੇਗਾ ਵਰਕਰਾਂ ਦੇ ਮਾਮਲੇ ਪਹਿਲ ਦੇ ਅਧਾਰ 'ਤੇ ਹੱਲ ਕਰਵਾਉਣ ਦੀ ਮੰਗ ਨੂੰ ਲੈ ਕੇ 24 ਤਾਰੀਖ ਨੂੰ ਬੀਡੀਪੀਓ ਦਫ਼ਤਰ ਭੂੰਗਾ ਵਿਖੇ ਕੇਂਦਰ ਅਤੇ ਪੰਜਾਬ ਸਰਕਾਰ ਦਾ ਪੁਤਲਾ ਫੂਕਣ ਦਾ ਫੈਸਲਾ ਕੀਤਾ।ਹੋਰਨਾਂ ਤੋਂ ਇਲਾਵਾ ਇਸ ਮੌਕੇ ਕੰਚਨ ਦੇਵੀ, ਕ੍ਰਿਸ਼ਨਾ ਦੇਵੀ, ਤ੍ਰਿਪਤਾ ਦੇਵੀ, ਰਚਨਾ ਦੇਵੀ, ਰੁਪਿੰਦਰ ਕੌਰ ਆਦਿ ਹਾਜ਼ਰ ਸਨ।

## ਲਾਇਨਜ਼ ਕਲੱਬ ਬੰਗਾ ਸਿਮਰਨ ਸਮਾਜ ਸੇਵੀ ਕਾਰਜਾਂ 'ਚ ਮੋਹਰੀ





**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਲਾਇਨਜ਼ ਕਲੱਬ ਬੰਗਾ ਸਿਮਰਨ ਵੱਲੋਂ ਆਪਣੇ ਸਮਾਜ ਸੇਵੀ ਕਾਰਜਾਂ ਦੀ ਲੜੀ ਨੂੰ ਅੱਗੇ ਤੋਰਦੇ ਹੋਏ ਕਲੱਬ ਪ੍ਰਧਾਨ ਮੀਨੂੰ ਭੁੱਟਾ ਦੀ ਅਗਵਾਈ ਹੇਠ ਲਾਈਨ ਮੀਸਾ ਦੇ ਜਨਮ ਦਿਨ ਮੌਕੇ ਪਿੰਡ ਛੋਕਰਾ ਦੇ ਸਰਕਾਰੀ ਐਲੀਮੈਂਟਰੀ ਸਕੂਲ ਵਿਖੇ ਇੱਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸਾਬਕਾ ਜ਼ਿਲਾ ਗਵਰਨਰ ਪਰਮਜੀਤ ਸਿੰਘ ਚਾਵਲਾ ਵਿਸ਼ੇਸ਼ ਮਹਿਮਾਨ ਦੇ ਰੂਪ ਵਿੱਚ ਸ਼ਾਮਿਲ ਹੋਏ। ਇਸ ਸਮਾਗਮ ਦੌਰਾਨ ਸਕੂਲ ਦੇ ਬੱਚਿਆਂ ਨੂੰ ਸਟੇਸ਼ਨਰੀ ਵੰਡੀ ਗਈ ਤੇ ਸਕੂਲ ਦੀ ਮੁਰੰਮਤ ਵਾਸਤੇ 5100 ਰੁਪਏ ਲਾਈਨ ਮੀਸਾ ਦੇ ਪਰਵਾਰ ਵੱਲੋਂ ਤੇ ਪਿੰਡ ਦੇ ਸਰਪੰਚ ਐਡਵੋਕੇਟ ਕਿਰਪਾਲ ਸਿੰਘ ਪਾਲੀ ਨੇ 1000 ਰੁਪਏ ਸਕੂਲ ਸਟਾਫ ਨੂੰ ਭੇਟ ਕੀਤੇ। ਲਾਇਨਜ਼ ਕਲੱਬ ਬੰਗਾ ਸਿਮਰਨ ਵੱਲੋਂ ਕਲੱਬ ਪ੍ਰਧਾਨ ਮੀਨੂੰ ਭੁੱਟਾ ਦੀ ਅਗਵਾਈ ਹੇਠ ਸਕੂਲ ਦੇ ਹਰ ਸਟਾਫ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਸਾਬਕਾ ਜ਼ਿਲਾ ਗਵਰਨਰ ਪਰਮਜੀਤ ਸਿੰਘ ਚਾਵਲਾ ਨੇ ਕਿਹਾ ਕਿ ਹਰ ਇਨਸਾਨ ਨੂੰ ਆਪਣਾ ਜਨਮਦਿਨ ਸਕੂਲ ਦੇ ਬੱਚਿਆਂ ਨੂੰ ਸਟੇਸ਼ਨਰੀ ਜਾ ਹੋਰ ਕੋਈ ਪੜ੍ਹਾਈ ਦਾ ਜਰੂਰੀ ਸਮਾਨ ਵੰਡ ਕੇ ਮਨਾਉਣਾ ਚਾਹੀਦਾ ਹੈ। ਇਸ ਮੌਕੇ ਪ੍ਰਧਾਨ ਮੀਨੂੰ ਭੁੱਟਾ, ਸਰਪੰਚ ਐਡਵੋਕੇਟ ਕਿਰਪਾਲ ਸਿੰਘ ਪਾਲੀ, ਐਮ ਜੇ ਐਫ ਲਾਇਨ ਸੁਖਜਿੰਦਰ ਸਿੰਘ, ਰੋਹਿਤ ਚੋਪੜਾ, ਵਿਕਾਸ ਚੋਪੜਾ, ਸੁਧੀਰ ਕੁਮਾਰ, ਸੰਦੀਪ ਕੁਮਾਰ, ਲਾਭਦੀਪ ਸਿੰਘ, ਮਨਿੰਦਰ ਕੌਰ, ਕਮਲਜੀਤ ਰਾਏ ਆਦਿ ਹਾਜ਼ਰ ਸਨ।

## ਹੜ੍ਹ ਪ੍ਰਭਾਵਤ ਪਰਵਾਰਾਂ ਨੂੰ ਮੈਡੀਕਲ ਕਿੱਟਾਂ ਤੇ ਰਾਸ਼ਨ ਸਮੱਗਰੀ ਵੰਡੀ



**ਟਾਂਡਾ ਉੜਮੁੜ (ਜਸਵਿੰਦਰ ਸੰਧੂ)**- ਬਰਸਾਤਾਂ ਦੇ ਦਿਨਾਂ ਵਿੱਚ ਭਾਰੀ ਬਾਰਿਸ਼ ਹੋਣ ਤੇ ਕਾਲੀ ਬੇਈ ਵਿੱਚ ਜਿਆਦਾ ਪਾਣੀ ਆਉਣ ਕਾਰਨ ਕਈ ਗਰੀਬ ਪਰਵਾਰਾਂ ਦੇ ਮਕਾਨ ਢਹਿ ਢੇਰੀ ਹੋ ਗਏ ਹਨ ਤੇ ਕਈ ਪਰਵਾਰਾਂ ਦੇ ਘਰਾਂ ਦੀਆਂ ਛੱਤਾਂ ਚੋਣ ਲੱਗ ਪਈਆਂ ਸਨ ਜਿਸ ਕਾਰਨ ਜਿੱਥੇ ਉਨ੍ਹਾਂ ਦਾ ਕਾਫ਼ੀ ਨੁਕਸਾਨ ਹੋ ਗਿਆ ਸੀ ਉੱਥੇ ਉਨ੍ਹਾਂ ਨੂੰ ਕਈ ਪ੍ਰਕਾਰ ਦੀਆਂ ਬਿਮਾਰੀਆਂ ਨੇ ਵੀ ਘੇਰਾ ਪਾ ਲਿਆ ਹੈ। ਅਜਿਹੇ ਮੌਕੇ ਤੇ ਪਾਥ ਫਾਊਂਡੇਸ਼ਨ ਦੇ ਡਾਇਰੈਕਟਰ ਨਵਨੀਤ ਸ਼ਰਮਾ ਦੇ ਦਿਸ਼ਾ ਨਿਰਦੇਸ਼ ਹੇਠ ਚੋਲਾਂਗ ਟੋਲ ਪਲਾਜ਼ਾ ਦੇ ਲਾਸਨਿੰਗ ਮੈਨੇਜਰ ਹਰਵਿੰਦਰ ਪਾਲ ਸਿੰਘ ਸੋਨੂੰ ਤੇ ਮੈਨੇਜਰ ਮੁਬਾਰਕ ਦੀ ਅਗਵਾਈ ਹੇਠ ਅਤੇ ਡਿਪਟੀ ਜਨਰਲ ਮੈਨੇਜਰ ਅਰੁਣ ਚੌਧਰੀ, ਸ਼ਿਆਮ ਕੇਵਤ, ਪ੍ਰਭਾਤ ਕੁਮਾਰ, ਗੌਰਵ ਮਿਸ਼ਰਾ ਦੀ ਦੇਖ-ਰੇਖ ਵਿੱਚ ਪਿੰਡ ਜਹੂਰਾ, ਖੋਖਰ ਅਤੇ ਡੱਡੀਆਂ ਤੋਂ ਇਲਾਵਾ ਹੋਰ ਕਈ ਪਿੰਡਾਂ ਵਿੱਚ ਰਹਿੰਦੇ ਗਰੀਬ ਪਰਵਾਰਾਂ ਨੂੰ ਜਿਹਨਾਂ ਦੇ ਮਕਾਨ ਡਿੱਗ ਜਾਣ ਜਾਂ ਬਰਸਾਤ ਦਾ ਪਾਣੀ ਅੰਦਰ ਆ ਜਾਣ ਕਾਰਨ ਨੁਕਸਾਨ ਹੋ ਗਿਆ ਸੀ ਉਨ੍ਹਾਂ ਪਰਿਵਾਰਾਂ ਨੂੰ ਕੰਬਲ, ਗੱਦੇ, ਮੈਡੀਕਲ ਕਿੱਟਾਂ, ਮੱਛਰਦਾਨੀਆਂ, ਪਸ਼ੂਆਂ ਦਾ ਚਾਰਾ ਅਤੇ ਪਾਣੀ ਦੀ ਬੋਤਲਾਂ ਤੋਂ ਇਲਾਵਾ ਹੋਰ ਕਈ ਜ਼ਰੂਰੀ ਸਮਾਨ ਨਾਲ ਭਰੀਆਂ ਟਰਾਲੀਆਂ ਅਤੇ ਜੀਪਾਂ ਰਾਹੀਂ ਸਹਾਇਤਾ ਵਜੋਂ ਦਿੱਤੀ ਗਈ ਇਸ ਮੌਕੇ ਤੇ ਵਿਦਿਆ ਸਾਗਰ, ਗੋਪਾਲ ਸਿੰਘ, ਬਲਜਿੰਦਰ ਸਿੰਘ, ਗੌਰਵ, ਮਨਜੀਤ ਸਿੰਘ, ਸਤਨਾਮ ਸਿੰਘ, ਐਮੀ ਬਾਜਵਾ, ਅਮਨ ਸਿੰਘ, ਮਨਦੀਪ ਸਿੰਘ, ਬਲਜਿੰਦਰ ਸਿੰਘ ਅਤੇ ਸਮੂਹ ਟੋਲ ਪਲਾਜ਼ਾ ਸਟਾਫ ਹਾਜ਼ਰ ਸਨ।

## ਪੰਜਾਬ ਹਾਕੀ ਲੀਗ 2025 : ਨੇਵਲ ਟਾਟਾ ਅਕੈਡਮੀ, ਸਾਈ ਸੋਨੀਪਤ, ਐੱਸ ਜੀ ਪੀ ਸੀ ਅਕੈਡਮੀ ਤੇ ਐੱਸ ਡੀ ਏ ਟੀ ਤਾਮਿਲਨਾਡੂ ਵੱਲੋਂ ਜਿੱਤਾਂ ਦਰਜ

**ਜਲੰਧਰ (ਸ਼ੈਲੀ ਐਲਬਰਟ)**- ਹਾਕੀ ਪੰਜਾਬ ਅਤੇ ਰਾਊਂਡ ਗਲਾਸ ਸਪੋਰਟਸ ਵਲੋਂ ਸਾਂਝੇ ਤੌਰ ਤੇ ਕਰਵਾਈ ਜਾ ਰਹੀ ਪੰਜਾਬ ਹਾਕੀ ਲੀਗ 2025 ਦੇ ਦੂਜੇ ਦੌਰ ਦੇ ਤੀਜੇ ਦਿਨ ਚਾਰ ਲੀਗ ਮੈਚ ਖੇਡੇ ਗਏ।ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿਚ ਜਾਰੀ ਇਸ ਲੀਗ ਦੇ ਪਹਿਲੇ ਮੈਚ ਵਿੱਚ ਐਸ ਡੀ ਏ ਟੀ ਤਾਮਿਲਨਾਡੂ ਨੇ ਨਾਮਧਾਰੀ ਅਕੈਡਮੀ ਨੂੰ ਸਖਤ ਮੁਕਾਬਲੇ ਮਗਰੋਂ 2-1 ਨਾਲ ਹਰਾਇਆ। ਜੇਤੂ ਟੀਮ ਵਲੋਂ ਸੀ ਯੁਵਰਾਜ ਅਤੇ ਐਸ ਵਿਸ਼ਾਲ ਨੇ ਗੋਲ ਕੀਤੇ ਜਦਕਿ ਨਾਮਧਾਰੀ ਵਲੋਂ ਇਕ ਗੋਲ ਗੁਰਪ੍ਰੀਤ ਸਿੰਘ ਨੇ ਕੀਤਾ। ਤਾਮਿਲਨਾਡੂ ਦੇ ਐਸ ਕਾਰਤੀ ਕਿਆਨ ਨੂੰ ਮੈਚ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ।ਦੂਜੇ ਮੈਚ ਵਿੱਚ ਸਾਈ ਸੋਨੀਪਤਨੇ ਸੁਰਜੀਤ ਹਾਕੀ ਅਕੈਡਮੀ ਨੂੰ ਸਕਤ ਮੁਕਾਬਲੇ ਮਗਰੋਂ 4-3 ਨਾਲ ਹਰਾਇਆ। ਸੋਨੀਪਤ ਵਲੋਂ ਨਵਰਾਜ ਸਿੰਘ ਨੇ ਦੋ, ਹੈਪੀ ਅਤੇ ਹਰਪਾਲ ਨੇ ਗੋਲ ਕੀਤਾ। ਜਦਕਿ ਸੁਰਜੀਤ ਹਾਕੀ ਅਕੈਡਮੀ ਵਲੋਂ ਮਨਰੂਪ ਸਿੰਘ, ਅਭਿਸ਼ੇਕ ਗੋਰਖੀ ਅਤੇ





ਅਜੇਪਾਲ ਸਿੰਘ ਨੇ ਇਕ ਇਕ ਗੋਲ ਕੀਤਾ। ਸਾਈ ਸੋਨੀਪਤ ਦੇ ਨਿਤਨ ਨੂੰ ਮੈਚ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ।ਤੀਜੇ ਮੈਚ ਵਿੱਚ ਐਸਜੀਪੀ ਅਕੈਡਮੀ ਅੰਮ੍ਰਿਤਸਰ ਨੇ ਗੁਮਹੇਰਾ ਅਕੈਡਮੀ ਨੂੰ 4-3 ਨਾਲ ਹਰਾਇਆ। ਜੇਤੂ ਟੀਮ ਵਲੋਂ ਸੁਖਵੀਰ ਸਿੰਘ, ਜਸ਼ਨਪ੍ਰੀਤ ਸਿੰਘ, ਹਰਮਨਪ੍ਰੀਤ ਸਿੰਘ ਅਤੇ ਜਰਮਨਪ੍ਰੀਤ ਸਿੰਘ ਨੇ ਗੋਲ ਕੀਤੇ। ਜਦਕਿ ਗੁਮਹੇਰਾ ਵਲੋਂ ਨਿਖਲ,ਦੁਵੇਸ਼ ਅਤੇ ਦਿਨੇਸ਼ ਨੇ ਇਕ ਇਕ ਗੋਲ ਕੀਤਾ।ਐਸ ਜੀ ਪੀ ਸੀ ਅਕੈਡਮੀ ਦੇ ਸੁਖਵੀਰ ਸਿੰਘ ਨੂੰ ਮੈਚ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ। ਚੌਥੇ ਮੈਚ ਵਿੱਚ ਨੇਵਲ ਟਾਟਾ ਹਾਕੀ ਅਕੈਡਮੀ ਜਮਸ਼ੇਦਪੁਰ ਨੇ ਰਾਊਂਡ ਗਲਾਸ ਹਾਕੀ ਅਕੈਡਮੀ ਨੂੰ 5-3 ਦੇ ਫਰਕ ਨਾਲ ਹਰਾਇਆ। ਰਾਊਂਡ ਗਲਾਸ ਦੀ ਦੀ ਇਸ ਲੀਗ ਵਿੱਚ ਇਹ ਪਹਿਲੀ ਹਾਰ ਹੈ। ਜੇਤੂ ਟੀਮ ਵਲੋਂ ਸਾਬੀਅਨ ਕੀਰੋ ਨੇ ਦੋ, ਗੰਗਾ ਟੋਪਨੋ, ਮੋਹਿਤ ਨਾਇਕ ਅਤੇ ਆਸ਼ੀਸ ਤਨੀ ਪੂਰਤੀ ਨੇ ਇਕ ਇਕ ਗੋਲ ਕੀਤਾ। ਜਦਕਿ ਰਾਊਂਡ ਗਲਾਸ ਵਲੋਂ ਸੁਖਪਰੀਤ, ਜਪਨੀਤ ਅਤੇ ਅਨੁਰਾਗ ਨੇ ਗੋਲ ਕੀਤੇ। ਨੇਵਲ ਟਾਟਾ ਦੇ ਸੁਮਰੋ ਸੁਰਿੰਗ ਨੂੰ ਮੈਚ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ। ਮੈਚਾਂ ਦੇ ਮੁੱਖ ਮਹਿਮਾਨ ਉਲੰਪੀਅਨ ਵਰੁਣ ਕੁਮਾਰ, ਗੁਰਪ੍ਰੀਤ ਕੌਰ ਮੈਂਬਰ ਹਾਕੀ ਇੰਡੀਆ, ਡਾਕਟਰ ਬਲਜੀਤ ਕੌਰ, ਪ੍ਰਦੀਪ ਸਿੰਘ ਨੇ ਟੀਮਾਂ ਨਾਲ ਜਾਣ ਪਛਾਣ ਕੀਤੀ। ਉਲੰਪੀਅਨ ਰਜਿੰਦਰ ਸਿੰਘ, ਅਸ਼ਫਾਕ ਉਲਾ ਖਾਨ, ਉਲੰਪੀਅਨ ਸੰਜੀਵ ਕੁਮਾਰ, ਅਮਰੀਕ ਸਿੰਘ ਪੁਆਰ ਜਨਰਲ ਸਕੱਤਰ ਹਾਕੀ ਪੰਜਾਬ, ਉਲੰਪਅਿਨ ਹਾਰਦਿਕ ਸਿੰਘ, ਡਾਕਟਰ ਜਤਿੰਦਰ ਸਿੰਘ ਸਾਬੀ, ਰੇਣੂ ਬਾਲਾ, ਬਲਬੀਰ ਸਿੰਘ ਰੰਧਾਵਾ, ਪਰਮਿੰਦਰ ਕੌਰ, ਕਮਲਜੀਤ ਕੌਰ, ਵਰਿੰਦਰਪ੍ਰੀਤ ਸਿੰਘ, ਸੁਰਿੰਦਰ ਸਿੰਘ, ਗੌਰਵ ਮਹਾਜਨ, ਅਵਤਾਰ ਸਿੰਘ ਅਤੇ ਹੋਰ ਬਹੁਤ ਸਾਰੇ ਖੇਡ ਪ੍ਰੇਮੀ ਹਾਜ਼ਰ ਸਨ।

## ਹੜ੍ਹਾਂ ਨਾਲ ਹੋਈ ਬਰਬਾਦੀ ਦਾ ਮੁਆਵਜ਼ਾ ਦੇਣ ਲਈ ਮੁੱਖ ਮੰਤਰੀ ਤੇ ਕੇਂਦਰ ਸਰਕਾਰ ਨੂੰ ਭੇਜਿਆ ਮੰਗ ਪੱਤਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਕਿਸਾਨ ਯੂਨੀਅਨ ਦੇ ਸੱਦੇ ਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪੰਜਾਬ ਕਿਸਾਨ ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਸ਼ੇਰ ਜੰਗ ਬਹਾਦਰ ਸਿੰਘ ਦੀ ਅਗਵਾਈ ਵਿੱਚ ਜਥੇਬੰਦੀ ਵੱਲੋਂ ਜ਼ਿਲ੍ਹੇ ਦੇ



ਅਸਿਸਟੈਂਟ ਕਮਿਸ਼ਨਰ ਰਾਹੀਂ ਹੜਾਂ ਨਾਲ ਹੋਈ ਬਰਬਾਦੀ ਦਾ ਤੁਰੰਤ ਮੁਆਵਜ਼ਾ ਦੇਣ ਲਈ ਮੁੱਖ ਮੰਤਰੀ ਪੰਜਾਬ ਤੇ ਕੇਂਦਰ ਸਰਕਾਰ ਨੂੰ ਮੰਗ ਪੱਤਰ ਦਿੱਤਾ ਗਿਆ। ਆਗੂਆਂ ਨੇ ਪੰਜਾਬ ਅਤੇ ਕੇਂਦਰ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਹੜਾਂ ਵਿੱਚ ਮਾਰੇ ਗਏ ਵਿਅਕਤੀਆਂ ਨੂੰ ਘੱਟੋ ਘੱਟ ਦਸ ਲੱਖ ਰੁਪਏ ਪ੍ਰਤੀ ਪਰਵਾਰ ਮੁਆਵਜ਼ਾ ਦਿੱਤਾ ਜਾਵੇ ।ਹੜ ਪੀੜਤ ਕਿਸਾਨਾਂ, ਮਜ਼ਦੂਰਾਂ ਦਾ ਕਰਜ਼ਾ ਮੁਆਫ਼ ਕੀਤਾ ਜਾਵੇ, ਹੜਾਂ ਨਾਲ ਮਰੀਆਂ ਫਸਲਾਂ ਦਾ ਸੱਤਰ ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ। ਹੜਾਂ ਦੀ ਮਾਰ ਹੇਠ ਆਏ ਬੇਜ਼ਮੀਨੇ ਕਿਰਤੀ ਪਰਵਾਰਾਂ ਨੂੰ ਦਸ ਹਜ਼ਾਰ ਰੁਪਏ ਪ੍ਰਤੀ ਪਰਵਾਰ ਮੁਆਵਜ਼ਾ ਦਿੱਤਾ ਜਾਵੇ। ਹੜ੍ਹਾਂ ਤੋਂ ਪਿੱਛੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਦੇ ਪੁਖਤਾ ਪ੍ਰਬੰਧ ਕੀਤੇ ਜਾਣ। ਮਰੀਆ ਮੱਝ-ਗਾਂ ਲਈ ਇਕ ਲੱਖ ਰੁਪਏ ਪ੍ਰਤੀ ਪਸ਼ੂ ਤੇ ਡਿੱਗੇ ਮਕਾਨਾਂ ਲਈ ਦਸ ਲੱਖ ਰੁਪਏ ਪ੍ਰਤੀ ਮਕਾਨ ਦਿੱਤਾ ਜਾਵੇ। ਕੇਂਦਰ ਸਰਕਾਰ ਵੱਲੋਂ ਦਿੱਤੇ 1600 ਕਰੋੜ ਮੁਆਵਜ਼ੇ ਨੂੰ ਵਧਾ ਕੇ ਕੇਂਦਰ ਸਰਕਾਰ ਪੰਜਾਹ ਹਜ਼ਾਰ ਕਰੋੜ ਦੇਵੇ ਆਦਿ। ਇਸ ਮੌਕੇ ਤੇ ਲਾਲ ਸਿੰਘ, ਚੋਧਰੀ ਚਾਨਣ ਰਾਮ, ਪਰਵਿੰਦਰ ਸਿੰਘ, ਮੇਜਰ ਸਿੰਘ, ਸੰਤੋਖ ਸਿੰਘ, ਸ਼ਿਵ ਕੁਮਾਰ ਬਾਲੀ, ਬਿੰਦਰ ਮੋਹਨ ਆਦਿ ਹਾਜ਼ਰ ਸਨ।

## ਇਨੋਸੈਂਟ ਹਾਰਟਸ ਦੇ ਨੰਨ੍ਹੇ ਸਿਤਾਰੇ ਬਣੇ ਕਵੀ

**ਜਲੰਧਰ (ਸ਼ੈਲੀ ਐਲਬਰਟ)**- ਇੰਨੋਸੈਂਟ ਹਾਰਟਸ ਦੇ ਪ੍ਰੀ-ਪ੍ਰਾਈਮਰੀ ਵਿੰਗ, ਗ੍ਰੀਨ ਮਾਡਲ ਟਾਊਨ, ਲੋਹਾਰਾਂ, ਕੈਂਟ-ਜੰਡਿਆਲਾ ਰੋਡ, ਨੂਰਪੁਰ ਰੋਡ ਅਤੇ ਕਪੂਰਥਲਾ ਰੋਡ ਸ਼ਾਖਾਵਾਂ ਵਿੱਚ ਪ੍ਰੀ-ਨਰਸਰੀ ਅਤੇ ਨਰਸਰੀ ਜਮਾਤਾਂ ਦੇ ਨੰਨੇ-ਮੁੰਨੇ ਬੱਚਿਆਂ ਲਈ ਹਿੰਦੀ ਕਵਿਤਾ ਵਾਚਨ ਗਤੀਵਿਧੀ ਦਾ ਆਯੋਜਨ ਕੀਤਾ ਗਿਆ। ਨੰਨੇ-ਮੁੰਨੇ ਬੱਚਿਆਂ ਨੇ ਉਤਸ਼ਾਹ ਨਾਲ ਆਪਣੇ ਮਨਪਸੰਦ ਵਿਸ਼ਿਆਂ 'ਤੇ ਕਵਿਤਾਵਾਂ ਸੁਣਾਈਆਂ। ਉਨ੍ਹਾਂ ਨੇ ਪੂਰੇ ਆਤਮ-ਵਿਸ਼ਵਾਸ ਨਾਲ





ਆਪਣੀਆਂ ਕਵਿਤਾਵਾਂ ਨੂੰ ਪ੍ਰਭਾਵਸ਼ਾਲੀ ਅਤੇ ਭਾਵਪੂਰਨ ਢੰਗ ਨਾਲ ਪੇਸ਼ ਕੀਤਾ। ਇਸ ਮੌਕੇ 'ਤੇ ਵਿਦਿਆਰਥੀਆਂ ਨੇ ਪੇੜ ਲਗਾਓ, ਧਰਤੀ ਦਾ ਨੰਨਾ ਪੰਛੀ, ਅਸਮਾਨ ਵਿੱਚ ਅਣਗਿਣਤ ਤਾਰੇ, ਮਾਂ ਦੀ ਗੋਲ ਰੋਟੀ, ਸਮਾਂ, ਲਾਲ ਬੱਤੀ, ਸੂਰਜ, ਮਾਂ , ਬੱਦਲਾਂ ਦੀ ਗਰਜਨਾ ਆਦਿ ਵਿਸ਼ਿਆਂ 'ਤੇ ਕਵਿਤਾਵਾਂ ਪੇਸ਼ ਕਰਕੇ ਸਮਾਂ ਬੰਨ੍ਹਿਆ।ਇਸ ਗਤੀਵਿਧੀ ਦਾ ਮੁੱਖ ਉਦੇਸ਼ ਬੱਚਿਆਂ ਵਿੱਚ ਕਵਿਤਾ ਪ੍ਰਤੀ ਪਿਆਰ ਪੈਦਾ ਕਰਨਾ, ਉਨ੍ਹਾਂ ਦੀ ਆਤਮ-ਅਭਿਵਿਆਕਤੀ ਅਤੇ ਉਚਾਰਨ ਕੌਸ਼ਲ ਨੂੰ ਵਧਾਉਣਾ ਸੀ। ਇਸ ਤਰ੍ਹਾਂ ਦੀਆਂ ਗਤੀਵਿਧੀਆਂ ਬੱਚਿਆਂ ਦਾ ਸਿਰਫ਼ ਆਤਮ-ਵਿਸ਼ਵਾਸ ਹੀ ਨਹੀਂ ਵਧਾਉਂਦੀਆਂ, ਸਗੋਂ ਉਨ੍ਹਾਂ ਦੇ ਸਰਵਪੱਖੀ ਵਿਕਾਸ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ।

## ਰਿਆਤ ਬਾਹਰਾ ਵਰਸਿਟੀ ਵਿਖੇ ਇੰਜੀਨੀਅਰ ਦਿਵਸ ਧੂਮਧਾਮ ਨਾਲ ਮਨਾਇਆ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਰਿਆਤ ਬਾਹਰਾ ਯੂਨੀਵਰਸਿਟੀ ਦੇ ਇਲੈਕਟ੍ਰੀਕਲ, ਇਲੈਕਟ੍ਰਾਨਿਕਸ ਅਤੇ ਸੰਚਾਰ ਇੰਜੀਨੀਅਰਿੰਗ ਵਿਭਾਗ ਵੱਲੋਂ ਇੰਜੀਨੀਅਰ ਦਿਵਸ ਬੜੇ ਉਤਸ਼ਾਹ ਅਤੇ ਜੋਸ਼ ਨਾਲ ਮਨਾਇਆ ਗਿਆ। ਇਹ ਸਮਾਗਮ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ, ਗਰੁੱਪ ਵਾਈਸ-ਚਾਂਸਲਰ ਪ੍ਰੋਫੈਸਰ (ਡਾ.) ਸੰਜੇ ਕੁਮਾਰ ਅਤੇ ਪ੍ਰੋ ਵਾਈਸ-ਚਾਂਸਲਰ ਡਾ. ਸਤੀਸ਼ ਬਾਂਸਲ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ।ਇਸ ਮੌਕੇ ਯੂ ਐਸ ਈ ਟੀ ਦੇ ਡੀਨ ਪ੍ਰੋ. (ਡਾ.) ਅਨਮੋਲ ਗੋਇਲ ਅਤੇ ਇੰਜੀਨੀਅਰ ਸੋਨਲ ਸੂਦ, ਮੁਖੀ (ਈ ਸੀ ਈ/ਈ ਈ) ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਪ੍ਰੋਗਰਾਮ ਨੂੰ ਫੈਕਲਟੀ ਮੈਂਬਰ ਇੰਜੀਨੀਅਰ ਗੁਰਿੰਦਰ ਕੌਰ ਅਤੇ ਇੰਜੀਨੀਅਰ ਮਨਿੰਦਰ ਕੌਰ, ਦੋਵੇਂ ਸਹਾਇਕ ਪ੍ਰੋਫੈਸਰ, ਵੱਲੋਂ ਕੋਆਰਡੀਨੇਟ ਕੀਤਾ ਗਿਆ।ਸਮਾਗਮ ਦੌਰਾਨ ਤਕਨੀਕੀ ਕੁਇਜ਼, ਪੋਸਟਰ ਮੇਕਿੰਗ ਅਤੇ ਤਕਨੀਕੀ ਭਾਸ਼ਣ ਮੁਕਾਬਲੇ ਵਰਗੀਆਂ ਗਤੀਵਿਧੀਆਂ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ ਵਿਦਿਆਰਥੀਆਂ ਨੇ ਵੱਡੇ ਉਤਸ਼ਾਹ ਨਾਲ ਭਾਗ ਲਿਆ ਅਤੇ ਆਪਣਾ ਤਕਨੀਕੀ ਗਿਆਨ, ਰਚਨਾਤਮਕਤਾ ਤੇ ਨਵੀਨਤਾਕਾਰੀ ਸੋਚ ਦਾ ਪ੍ਰਦਰਸ਼ਨ ਕੀਤਾ।



## ਸਾਲਾਨਾ ਛਿੰਝ ਮੇਲਾ ਕਰਵਾਇਆ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਬਿਹਾਲਾ ਵਿਖੇ ਦਰਬਾਰ ਧੰਨ ਧੰਨ ਬਾਬਾ ਗੁੱਗਾ ਜਾਹਰ ਪੀਰ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਤੇ ਇਲਾਕੇ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਧੰਨ ਧੰਨ ਬਾਬਾ ਗੁੱਗਾ



ਜਾਹਰ ਪੀਰ ਜੀ ਦੀ ਯਾਦ ਵਿੱਚ, ਮਾਲ ਡੰਗਰ ਅਤੇ ਨਗਰ ਦੀ ਸੁੱਖ ਸ਼ਾਂਤੀ ਲਈ ਸਲਾਨਾ 18 ਵਾਂ ਸ਼ਾਨਦਾਰ ਛਿੰਝ ਮੇਲਾ ਧੂਮਧਾਮ ਨਾਲ ਕਰਵਾਇਆ ਗਿਆ। ਇਸ ਮੌਕੇ ਮੁੱਖ ਪ੍ਰਬੰਧਕ ਚਿਰੰਜੀ ਲਾਲ ਬਿਹਾਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਲਾਨਾ 18ਵੇਂ ਛਿੰਞ ਮੇਲੇ ਪੰਜਾਬ ਦੇ ਨਾਮਵਰ ਪਹਿਲਵਾਨਾ ਨੇ ਭਾਗ ਲਿਆ। ਇਸ ਮੌਕੇ ਪ੍ਰਬੰਧਕਾਂ ਨੇ ਪੱਟਕੇ ਦੀ ਕੁਸ਼ਤੀ ਸਾਨਵੀਰ ਕੋਹਾਲੀ ਅਤੇ ਚਾਂਦੀ ਗੁੱਜਰ ਜੱਖੇਵਾਲ ਵਿਚਕਾਰ ਕਰਵਾਈ ਗਈ ਜੋ ਕਿ ਕੁਸ਼ਤੀ ਅੰਤ ਸਮੇਂ ਤੱਕ ਬਰਾਬਰ ਰਹੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਵੱਲੋਂ ਗਗਨ ਰਾਮਗੜ ਬਰਨਾਲਾ ਕਬੱਡੀ ਖਿਡਾਰੀ ਨੂੰ ਗੁਜਰ ਅਤੇ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ।ਪ੍ਰਬੰਧਕਾਂ ਵੱਲੋਂ ਜੇਤੂ ਅਤੇ ਉਪ ਜੇਤੂ ਪਹਿਲਵਾਨਾਂ ਨੂੰ ਯਾਦਗਾਰੀ ਚਿੰਨ੍ਹ ਅਤੇ ਨਕਦ ਇਨਾਮ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਪ੍ਰਧਾਨ ਚਿਰੰਜੀ ਲਾਲ ਬਿਹਾਲਾ, ਅਜਮੇਰ ਸਿੰਘ ਕਨੇਡਾ, ਪਵਨਦੀਪ ਸਿੰਘ ਮਾਵੀ, ਦਵਿੰਦਰ ਸਿੰਘ ਅਮਰੀਕਾ, ਸੱਤਪਾਲ ਸਿੰਘ ਹੁਸ਼ਿਆਰਪੁਰ, ਪੰਮਾ ਇਟਲੀ, ਲਾਡੀ ਲੰਬੜਦਾਰ, ਸਨਮ ਕਨੇਡਾ, ਅਜੇ ਕੁਮਾਰ ਗਰੀਸ, ਮੇਜਰ ਸਰਪੰਚ ਨਸਰਾ, ਯੂਸਫ ਮਹੰਮਦ, ਗੁਰਪ੍ਰੀਤ ਸਿੰਘ ਪੰਚ, ਮਾਸਟਰ ਚਮਨ ਲਾਲ, ਮਾਸਟਰ ਬਲਵਿੰਦਰ ਪਾਲ ਸਿੰਘ, ਸੁਰਜੀਤ ਸਿੰਘ, ਰਾਮਪਾਲ ਆਦਿ ਹਾਜ਼ਰ ਸਨ।

## ਡਿਪਟੀ ਸਪੀਕਰ ਵੱਲੋਂ ਗੜ੍ਹਸ਼ੰਕਰ ਸ਼ਹਿਰ 'ਚ ਵੱਖ-ਵੱਖ ਥਾਵਾਂ 'ਤੇ ਵਿਕਾਸ ਕਾਰਜਾਂ ਦਾ ਉਦਘਾਟਨ

**ਜੇਜੋਂ ਦੋਆਬਾ, ਮਾਹਿਲਪੁਰ (ਨਿਰਮਲ ਸਿੰਘ ਮੁੱਗੋਵਾਲ, ਸਫ਼ਰੀ)**- ਜੈ ਕ੍ਰਿਸ਼ਨ ਸਿੰਘ ਰੌੜੀ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਅਤੇ ਹਲਕਾ ਵਿਧਾਇਕ ਗੜ੍ਹਸ਼ੰਕਰ ਵਲੋਂ ਅੱਜ ਸ਼ਹਿਰ ਗੜ੍ਹਸ਼ੰਕਰ ਵਿੱਚ ਵੱਖ-ਵੱਖ ਥਾਵਾਂ 'ਤੇ ਵਿਕਾਸ



ਕਾਰਜਾਂ ਦੇ ਕੰਮਾਂ ਦਾ ਉਦਘਾਟਨ ਕੀਤਾ ਗਿਆ। ਇਸ ਦੌਰਾਨ ਨਗਰ ਕੌਂਸਲ ਗੜ੍ਹਸ਼ੰਕਰ ਦੇ ਕਾਰਜ ਸਾਧਕ ਅਫ਼ਸਰ ਮਦਨ ਸਿੰਘ ਵੀ ਮੌਜੂਦ ਰਹੇ। ਡਿਪਟੀ ਸਪੀਕਰ ਰੌੜੀ ਨੇ ਦੱਸਿਆ ਕਿ ਉਨ੍ਹਾਂ ਵਲੋਂ ਅੱਜ ਵਾਰਡ ਨੰ. 1 ਵਿਖੇ ਜੋਗਿੰਦਰ ਦੀ ਚੱਕੀ ਤੋਂ ਪੀ.ਡੀ. ਬੇਦੀ ਸੀਨੀਅਰ ਸੈਕੰਡਰੀ ਸਕੂਲ ਵਾਲੀ ਗਲੀ ਦਾ ਉਦਘਾਟਨ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਵਾਰਡ ਨੰ.1, ਰਾਏ ਹਸਪਤਾਲ ਵਾਲੀ ਗਲੀ ਨੇੜੇ ਮਾਊਂਟ ਕਾਰਮਲ ਸਕੂਲ ਦੇ ਨਾਲ ਕਲੋਨੀ ਵਿੱਚ ਵਾਟਰ ਸਪਲਾਈ ਦੇ ਕੰਮ ਦਾ ਉਦਘਾਟਨ ਕੀਤਾ ਗਿਆ। ਵਾਰਡ ਨੰ.5 ਗੜ੍ਹਸ਼ੰਕਰ ਤੋਂ ਬੀਰਮਪੁਰ ਰੋਡ 'ਤੇ ਸੜਕ ਦਾ ਉਦਘਾਟਨ ਵੀ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸ਼ਹਿਰ ਵਿੱਚ ਕਾਫ਼ੀ ਲੰਬੇ ਸਮੇਂ ਤੋਂ ਰੁਕੇ ਹੋਏ ਕੰਮਾਂ ਨੂੰ ਸਿਰੇ ਚਾੜ੍ਹਨ ਲਈ ਵੱਖ-ਵੱਖ ਥਾਵਾਂ 'ਤੇ ਵਿਕਾਸ ਕਾਰਜਾਂ ਦੇ ਕੰਮਾ ਦਾ ਉਦਘਾਟਨ ਕਰਕੇ ਇਹਨਾਂ ਕੰਮਾ ਨੂੰ ਅੱਜ ਹੀ ਸ਼ੁਰੂ ਕਰਵਾਇਆ ਗਿਆ ਹੈ ਤਾਂ ਜੋ ਲੰਬੇ ਸਮੇਂ ਤੋਂ ਅਧੂਰੇ ਪਏ ਕੰਮਾ ਨੂੰ ਸਮੇਂ ਸਿਰ ਨੇਪਰੇ ਚੜ੍ਹਾਇਆ ਜਾ ਸਕੇ। ਉਹਨਾਂ ਦੱਸਿਆ ਕਿ ਕਾਫੀ ਲੰਬੇ ਸਮੇਂ ਤੋਂ ਇੱਥੋਂ ਦੇ ਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਬਹੁਤ ਹੀ ਸਮੱਸਿਆ ਆ ਰਹੀ ਸੀ, ਜਿਸ ਦਾ ਹੱਲ ਕਰ ਦਿੱਤਾ ਗਿਆ ਹੈ। ਇਸ ਦੌਰਾਨ ਨਗਰ ਕੌਂਸਲ ਗੜ੍ਹਸ਼ੰਕਰ ਦੇ ਕਾਰਜਕਾਰੀ ਪ੍ਰਧਾਨ ਜਸਵਿੰਦਰ ਕੌਰ ਮਾਨ, ਨੰਬਰਦਾਰ ਹਰਿੰਦਰ ਸਿੰਘ ਮਾਨ, ਸੀਨੀਅਰ ਮੀਤ ਪਰਧਾਨ ਕ੍ਰਿਪਾਲ ਪਾਲਾ, ਐਮ. ਸੀ ਸੁਮਿਤ ਸੋਨੀ, ਐਮ.ਸੀ ਦੀਪਕ ਕੁਮਾਰ, ਐਮ.ਸੀ ਹਰਪ੍ਰੀਤ ਸਿੰਘ, ਐਮ.ਸੀ ਪਰਵੀਨ ਕੌਰ, ਐਮ.ਸੀ ਬਿਮਲਾ ਦੇਵੀ, ਦਲਵੀਰ ਰਾਜੂ, ਲੇਖ ਰਾਜ, ਹਰਪਾਲ ਬੇਦੀ, ਪਰਮਜੀਤ ਸਿੰਘ ਸਾਬਕਾ ਐਮ.ਸੀ ਅਤੇ ਨਗਰ ਕੌਂਸਲ ਗੜ੍ਹਸ਼ੰਕਰ ਦਾ ਸਮੂਹ ਸਟਾਫ਼ ਹਾਜ਼ਰ ਰਹੇ।

## ਆਈ ਟੀ ਆਈ ਵਿਖੇ ਕਈ ਟਰੇਡਾਂ 'ਚ 30 ਤੱਕ ਦਾਖ਼ਲਾ ਜਾਰੀ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਰਕਾਰੀ ਆਈ ਟੀ ਆਈ ਨਵਾਂਸ਼ਹਿਰ ਵਿਖੇ ਬਹੁਤ ਸਾਰੀਆਂ ਟ੍ਰੇਡਾਂ ਵਿੱਚ 30 ਸਤੰਬਰ ਤੱਕ ਦਾਖ਼ਲਾ ਜਾਰੀ ਹੈ ਜਿਨ੍ਹਾਂ ਵਿਚ ਇਛੁੱਕ ਨੌਜਵਾਨ ਦਾਖਲਾ ਲੈ ਸਕਦੇ ਹਨ। ਇਸ ਬਾਰੇ ਜਾਣਕਾਰੀ ਦਿੰਦਿਆਂ ਆਈ.ਟੀ.ਆਈ. ਦੇ ਪ੍ਰਿੰਸੀਪਲ ਓਮਕਾਰ ਸਿੰਘ ਸ਼ੀਂਹਮਾਰ ਨੇ ਦੱਸਿਆ ਕਿ ਸੰਸਥਾ ਵਿਚ ਹੋਟਲ ਮੈਨੇਜਮੈਂਟ ਦੇ ਵਿੱਚ ਫਰੰਟ ਆਫਿਸ, ਫੂਡ ਵੈਬਰੇਜ ਐਂਡ ਸਰਵਿਸ, ਹਾਊਸਕੀਪਰ, ਮਸ਼ੀਨਸਟ, ਰੈਫਰੀਜੇਸ਼ਨ ਐਂਡ ਏ ਸੀ ਅਤੇ ਟਰੈਕਟਰ ਮਕੈਨਿਕ ਟਰੇਡ ਵਿਚ ਸੀਟਾਂ ਖਾਲੀ ਪਈਆਂ ਹਨ । ਉਨ੍ਹਾਂ ਕਿਹਾ ਕਿ ਜਿਹੜੇ ਵੀ ਵਿਦਿਆਰਥੀਆਂ ਨੇ ਦਸਵੀਂ ਪਾਸ ਕੀਤੀ ਹੈ ਉਹ ਸਰਕਾਰੀ ਆਈ ਟੀ ਆਈ ਨਵਾਂਸ਼ਹਿਰ ਪਹੁੰਚ ਕੇ ਇਨ੍ਹਾਂ ਟ੍ਰੇਡਾਂ ਵਿਚ ਦਾਖਲਾ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਆਈ ਟੀ ਆਈ ਵੱਲੋਂ ਬੱਸ ਪਾਸ ਦੀ ਸਹੂਲਤ ਅਤੇ ਸੰਸਥਾ ਵਿਖੇ ਖੇਡਣ ਲਈ ਮੈਦਾਨ ਵੀ ਹਨ। ਪ੍ਰਿੰਸੀਪਲ ਨੇ ਦੱਸਿਆ ਕਿ ਪਲੇਸਮੈਂਟ ਸੈੱਲ ਵਲੋਂ ਪਾਸ ਆਊਟ ਬੱਚਿਆਂ ਨੂੰ ਰੋਜ਼ਗਾਰ ਵੀ ਮੁਹੱਈਆ ਕਰਵਾਇਆ ਜਾਂਦਾ ਹੈ ਅਤੇ ਪਾਸ ਹੋਣ ਉਪਰੰਤ ਬੱਚਿਆਂ ਨੂੰ ਐਪ੍ਰਿੰਟਸਸ਼ਿਪ ਵੀ ਕਰਵਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜਿੰਨਾਂ ਸਿਖਿਆਰਥੀਆਂ ਨੇ ਦਾਖਲਾ ਲੈਣਾ ਹੈ ਉਨ੍ਹਾਂ ਨੂੰ ਮੌਕੇ 'ਤੇ ਹੀ ਦਾਖਲਾ ਦੇ ਦਿੱਤਾ ਜਾਵੇਗਾ।

## ਗੁਰੂ ਨਾਨਕ ਖਾਲਸਾ ਕਾਲਜ 'ਚ ਇਕ ਦਿਨਾ ਵਰਕਸ਼ਾਪ

**ਸੁਲਤਾਨਪੁਰ ਲੋਧੀ (ਹਨੀ)** ਗੁਰੂ ਨਾਨਕ ਖਾਲਸਾ ਕਾਲਜ ਵਿਖੇ ਕੈਰੀਅਰ ਕਾਊਂਸਲਿੰਗ ਤੇ ਪਲੇਸਮੈਂਟ ਸੈੱਲ ਅਤੇ ਪੋਸਟ ਗ੍ਰੈਜੂਏਟ ਵਿਭਾਗ ਆਫ਼ ਕਾਮਰਸ ਵੱਲੋਂ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਹ ਵਰਕਸ਼ਾਪ 'ਨੈਸ਼ਨਲ ਇੰਸਟੀਟਿਊਟ ਆਫ਼ ਸਿਕਉਰਿਟੀ ਮਾਰਕਿਟ' ਦੁਆਰਾ 'ਕੋਨਾ ਕੋਨਾ ਸ਼ਿਕਸ਼ਾ ਪ੍ਰੋਜੈਕਟ' ਅਧੀਨ ਨੌਜਵਾਨਾਂ ਲਈ ਵਿੱਤੀ ਸਿੱਖਿਆ ਪ੍ਰੋਗਰਾਮ ਤਹਿਤ ਆਯੋਜਿਤ ਕੀਤੀ ਗਈ। ਇਸ ਵਰਕਸ਼ਾਪ ਦੇ ਰਿਸੋਰਸ ਪਰਸਨ ਡਾ. ਜਸਵਿੰਦਰ ਕੌਰ (ਏ.ਸੀ. ਐਸ.), ਸਿਕਉਰਿਟੀ ਮਾਰਕਿਟ ਟਰੇਨਰ ਨੇ ਵਿਦਿਆਰਥੀਆਂ ਨੂੰ ਵਿੱਤੀ ਨਿਵੇਸ਼, ਉਸ ਦੀ ਮਹੱਤਤਾ, ਪ੍ਰਾਇਮਰੀ ਮਾਰਕਿਟ, ਸੈਕੰਡਰੀ ਮਾਰਕਿਟ, ਮਿਊਚਲ ਫੰਡਜ਼ ਅਤੇ ਸਕਿਉਰਟੀ ਮਾਰਕਿਟ ਵਿੱਚ ਨਿਵੇਸ਼ ਕਰਨ ਸੰਬੰਧੀ ਜਾਣਕਾਰੀ ਦਿੱਤੀ। ਇਸ ਵਰਕਸ਼ਾਪ ਵਿੱਚ 80 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ। ਵਿਦਿਆਰਥੀਆਂ ਨੂੰ ਵਿੱਤੀ ਜਾਣਕਾਰੀ ਦੇ ਨਾਲ ਨਾਲ ਰੋਜਗਾਰ ਸੰਬੰਧੀ ਜਾਗਰੂਕ ਕੀਤਾ ਗਿਆ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਜਸਬੀਰ ਕੌਰ ਨੇ ਆਏ ਹੋਏ ਵਕਤਾ ਡਾ. ਜਸਵਿੰਦਰ ਕੌਰ ਦਾ ਧੰਨਵਾਦ ਕੀਤਾ। ਇਸ ਮੌਕੇ ਕਾਲਜ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਇੰਜ. ਸਵਰਨ ਸਿੰਘ ਤੇ ਸਕੱਤਰ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਇੰਜੀਨੀਅਰ ਹਰਨਿਆਮਤ ਕੌਰ ਅਤੇ ਇੰਜੀਨੀਅਰ ਨਿਮਰਤਾ ਨੇ ਕਾਮਰਸ ਵਿਭਾਗ ਦੇ ਇਸ ਉਪਰਾਲੇ ਦੀ ਪ੍ਰਸ਼ੰਸ਼ਾ ਕੀਤੀ। ਇਸ ਮੌਕੇ ਡਾ. ਮਨੀ ਛਾਬੜਾ, ਕੋਮਲਪ੍ਰੀਤ ਕੌਰ, ਇਸ਼ਿਤਾ, ਹਰਪ੍ਰੀਤ ਕੌਰ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।





## ਬੂਟੇ ਲਗਾ ਕੇ ਮਨਾਇਆ ਪੁੱਤਰ ਦਾ ਜਨਮ ਦਿਨ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਬਹੁਜਨ ਸਮਾਜ ਪਾਰਟੀ ਦੇ ਸਾਬਕਾ ਇੰਚਾਰਜ ਮੱਖਣ ਲਾਲ ਚੌਹਾਨ ਤੇ ਉਨ੍ਹਾਂ ਦੀ ਪਤਨੀ ਗੀਟਾ ਚੌਹਾਨ ਪ੍ਰਧਾਨ 'ਅੱਖਰ ਮਹਿਲ ਸੁਸਾਇਟੀ' ਨੇ ਹਮੇਸ਼ਾ ਦੀ ਤਰ੍ਹਾਂ ਆਪਣੇ ਪੁੱਤਰ ਅਰਸ਼ਦੀਪ ਚੌਹਾਨ ਦਾ ਜਨਮ ਦਿਨ ਛਾਂਦਾਰ ਅਤੇ ਫਲਦਾਰ ਬੂਟੇ ਲਗਾ ਕੇ ਮਨਾਇਆ। ਇਸ ਮੌਕੇ ਤੇ ਉਨ੍ਹਾਂ ਨੇ ਆਪਣੇ ਪਲਾਟ ਵਿੱਚ ਅੰਬ,ਪਪੀਤਾ ਅਤੇ ਨਿੰਮ ਦੇ 5 ਬੂਟੇ ਲਗਾਏ। ਉਨ੍ਹਾਂ ਵਲੋਂ ਹਰ ਇੱਕ ਖ਼ੁਸ਼ੀ ਦੇ ਮੌਕੇ ਨੂੰ ਬੂਟੇ ਲਗਾ ਕੇ ਮਨਾਉਣਾ ਲੋਕ ਹਿੱਤ ਅਤੇ ਕੁਦਰਤ ਲਈ ਬਹੁਤ ਵੱਡਾ ਯੋਗਦਾਨ ਹੈ। ਗੀਟਾ ਚੌਹਾਨ ਪ੍ਰਧਾਨ 'ਅੱਖਰ ਮਹਿਲ ਸੁਸਾਇਟੀ' ਨੇ ਕਿਹਾ ਕਿ ਝੱਖੜ ਦੇ ਨਾਲ ਅਚਾਨਕ ਹੜ੍ਹ ਆਉਣਾ ਆਦਿ ਕਾਰਨ ਕੁਦਰਤੀ ਆਫ਼ਤਾਂ ਵੱਧ ਦੀਆਂ ਜਾ ਰਹੀਆਂ ਹਨ ਇਨ੍ਹਾਂ ਕੁਦਰਤੀ ਆਫਤਾਂ ਤੋਂ ਬਚਣ ਲਈ ਮਨੁੱਖ ਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ।



## ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਤੇ ਬੀ ਆਰ ਵੈਲਫੇਅਰ ਸੋਸਾਇਟੀ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਏ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਲੰਗੜੋਆ ਅਤੇ ਡਾਕਟਰ ਬੀ ਆਰ ਵੈਲਫੇਅਰ ਸੋਸਾਇਟੀ ਕਮੇਟੀ ਮੈਂਬਰਾਂ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਏ। ਹਰ ਪੀੜਤਾਂ ਨੂੰ ਰਾਸ਼ੀ ਦਿੱਤੀ ਗਈ। ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਲੰਗੜੋਆ ਅਤੇ ਡਾਕਟਰ ਬੀ ਆਰ ਵੈਲਫੇਅਰ ਸੋਸਾਇਟੀ ਕਮੇਟੀ ਮੈਂਬਰਾਂ ਨੇ ਕਿਹਾ ਕਿ ਹੜ੍ਹ ਪੀੜਤ ਪਰਵਾਰਾਂ ਦੀ ਮਦਦ ਕਰਨਾ ਸਾਡਾ ਮਨੁੱਖੀ ਫ਼ਰਜ਼ ਹੈ। ਉਨ੍ਹਾ ਕਿਹਾ ਕਿ ਕੋਈ ਮੁਸੀਬਤ ਆਉਂਦੀ ਹੈ ਤਾਂ ਆਪਸੀ ਸਹਿਯੋਗ ਨਾਲ ਉਸਨੂੰ ਆਸਾਨ ਬਣਾਇਆ ਜਾ ਸਕਦਾ ਹੈ।

## ਪੰਜਾਬੀ ਤੇ ਪਰਵਾਸੀ ਜਥੇਬੰਦੀਆਂ ਨੇ ਕੀਤੀ ਸਾਂਝੀ ਮੀਟਿੰਗ

### ਨਫਰਤੀ ਅੱਗ ਭੜਕਾਉਣ ਵਾਲੀਆਂ ਤਾਕਤਾਂ ਤੋਂ ਸੁਚੇਤ ਰਹਿਣ ਦਾ ਸੱਦਾ

**ਬੰਗਾ (ਅਵਤਾਰ ਕਲੇਰ)**- ਬਾਰਾਦਰੀ ਬਾਗ ਨਵਾਂਸ਼ਹਿਰ ਵਿਖੇ ਜ਼ਿਲ੍ਹੇ ਦੀਆਂ ਲੋਕ ਪੱਖੀ ਜਥੇਬੰਦੀਆਂ ਨੇ ਮੀਟਿੰਗ ਕਰਕੇ ਕੁੱਝ ਧਿਰਾਂ ਵਲੋਂ ਸਿਰਜੇ ਜਾ ਰਹੇ ਪੰਜਾਬੀ ਬਨਾਮ ਪਰਵਾਸੀ ਬਿਰਤਾਂਤ ਦੀ ਨਿੰਦਾ ਕਰਦਿਆਂ ਲੋਕਾਂ ਨੂੰ ਨਫਰਤੀ ਤਾਕਤਾਂ ਤੋਂ ਸੁਚੇਤ ਰਹਿਣ ਦਾ ਸੱਦਾ ਦਿੱਤਾ ਹੈ। ਮੀਟਿੰਗ ਵਿੱਚ ਬੀਤੇ ਦਿਨੀਂ ਹੁਸ਼ਿਆਰਪੁਰ ਵਿਖੇ ਪੰਜ ਸਾਲਾ ਬਾਲਕ ਦੇ ਕਤਲ ਦੀ ਸਖਤ ਨਿੰਦਾ ਕਰਦਿਆਂ ਕਾਤਲ ਨੂੰ ਸਖਤ ਸਜ਼ਾ ਦੇਣ ਦੀ ਮੰਗ ਕੀਤੀ ਹੈ।ਆਗੂਆਂ ਆਖਿਆ ਕਿ ਕੁਝ ਲੋਕ ਵਿਰੋਧੀ ਤਾਕਤਾਂ ਪੰਜਾਬ ਵਿਚ ਨਫਰਤ ਦੇ ਭਾਂਬੜ ਬਾਲਣ ਲਈ ਸਰਗਰਮ ਹਨ ਜਿਹਨਾਂ ਨੇ ਪਰਵਾਸੀਆਂ ਵਿਰੁੱਧ ਜ਼ਹਿਰ ਉਗਲਣਾ ਆਪਣਾ ਮਿਸ਼ਨ ਬਣਾ ਲਿਆ ਹੈ ਜਿਸ ਨੂੰ ਉਹ ਪੂਰੇ ਯੋਜਨਾਬੱਧ ਤਰੀਕੇ ਨਾਲ਼ ਸੋਸ਼ਲ ਮੀਡੀਆ ਉੱਤੇ ਘੁੰਮਾ ਰਹੇ ਹਨ।ਅਜਿਹਾ ਕਰਕੇ ਉਹ ਪੰਜਾਬ ਤੋਂ ਬਾਹਰ ਰਹਿ ਰਹੇ ਸਿੱਖਾਂ ਅਤੇ ਦੂਸਰੇ ਪੰਜਾਬੀਆਂ ਲਈ ਕੰਡੇ ਬੀਜ ਰਹੇ ਹਨ। ਆਗੂਆਂ ਨੇ ਆਖਿਆ ਕਿ ਕਿਸੇ ਵੀ ਅਪਰਾਧੀ ਨੂੰ ਕੀਤੇ ਅਪਰਾਧ ਦੀ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ ਪਰ ਇਕ ਅਪਰਾਧੀ ਵਲੋਂ ਕੀਤੇ ਗਏ ਅਪਰਾਧ ਦੇ ਬਦਲੇ ਕਿਸੇ ਵੀ ਸਮੁੱਚੇ ਭਾਈਚਾਰੇ ਨੂੰ ਸਜ਼ਾ ਨਹੀਂ ਦਿੱਤੀ ਜਾ ਸਕਦੀ।ਉਹਨਾਂ ਕਿਹਾ ਕਿ ਲੱਖਾਂ ਪਰਵਾਸੀ ਪੰਜਾਬ ਵਿਚ ਪੱਕੇ ਤੌਰ ਉੱਤੇ ਵਸ ਗਏ ਹਨ ਅਤੇ ਉਹਨਾਂ ਨੇ ਆਪਣੇ ਘਰ ਬਣਾ ਲਏ ਹਨ।ਉਹਨਾਂ ਕਿਹਾ ਕਿ ਪਰਵਾਸ ਹਮੇਸ਼ਾ ਘੱਟ ਖੁਸ਼ਹਾਲ ਸੂਬਿਆਂ ਅਤੇ ਦੇਸ਼ਾਂ ਵਿਚੋਂ ਵੱਧ ਵਿਕਸਤ ਅਤੇ ਖੁਸ਼ਹਾਲ ਸੂਬਿਆਂ ਅਤੇ ਦੇਸ਼ਾਂ ਵੱਲ ਹੁੰਦਾ ਹੈ।ਜਿਵੇਂ ਪੰਜਾਬ ਤੋਂ ਲੋਕ



ਪਰਵਾਸ ਕਰਕੇ ਵੱਧ ਵਿਕਸਿਤ ਦੇਸ਼ਾਂ ਇੰਗਲੈਂਡ, ਕੈਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਹੋਰ ਦੇਸ਼ਾਂ ਵਲ ਜਾਂਦੇ ਹਨ, ਇਸੇ ਤਰ੍ਹਾਂ ਬਿਹਾਰ, ਯੂ.ਪੀ, ਮੱਧ ਪ੍ਰਦੇਸ਼, ਉੜੀਸਾ ਆਦਿ ਸੂਬਿਆਂ ਤੋਂ ਲੋਕ ਪੰਜਾਬ ਵੱਲ ਪਰਵਾਸ ਕਰਦੇ ਹਨ।ਪਰਵਾਸ ਨੂੰ ਕਿਸੇ ਦੀ ਇੱਛਾ ਅਨੁਸਾਰ ਨਹੀਂ ਰੋਕਿਆ ਜਾ ਸਕਦਾ, ਇਹ ਪੰਜਾਬੀਆਂ ਅਤੇ ਪਰਵਾਸੀਆਂ ਦੀਆਂ ਜ਼ਮੀਨੀ ਹਕੀਕਤ ਦੀਆਂ ਲੋੜਾਂ 'ਤੇ ਨਿਰਭਰ ਕਰਦਾ ਹੈ।ਉਹਨਾਂ ਕਿਹਾ ਕਿ ਪੰਜਾਬ ਦੇ ਸਨਅਤੀ ਖੇਤਰ, ਖੇਤੀ ਖੇਤਰ, ਉਸਾਰੀ ਖੇਤਰ ਅਤੇ ਹੋਰ ਖੇਤਰਾਂ ਦੀ ਤਰੱਕੀ ਵਿਚ ਪਰਵਾਸੀਆਂ ਦੀ ਕਿਰਤ ਸ਼ਕਤੀ ਦਾ ਵੀ ਵੱਡਾ ਯੋਗਦਾਨ ਹੈ।ਪਰਵਾਸੀਆਂ ਤੋਂ ਬਗੈਰ ਪੰਜਾਬ ਦੀ ਆਰਥਿਕਤਾ ਲੰਗੜੀ ਹੋ ਜਾਵੇਗੀ। ਆਗੂਆਂ ਕਿਹਾ ਕਿ ਜਿਹੜੀਆਂ ਤਾਕਤਾਂ ਪਰਵਾਸੀਆਂ ਉੱਤੇ ਪੰਜਾਬੀ ਸੱਭਿਆਚਾਰ ਨੂੰ ਵਿਗਾੜਨ ਦੇ ਦੋਸ਼ ਲਾ ਰਹੀਆਂ ਹਨ ਉਹਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਪਰਵਾਸੀਆਂ ਦੀ ਨਵੀਂ ਪੀੜ੍ਹੀ ਦੀ ਰੂਹ ਨਾਲ ਇਕਮਿਕ ਹੋ ਚੁੱਕਾ ਹੈ ਅਤੇ ਉਨ੍ਹਾਂ ਦੇ ਲਹੂ ਵਿੱਚ ਰਚ ਚੁੱਕਾ ਹੈ।ਉਹਨਾਂ ਕਿਹਾ ਕਿ ਪੰਚਾਇਤਾਂ ਵਲੋਂ ਪਰਵਾਸੀਆਂ ਦੇ ਪਛਾਣ ਪੱਤਰ ਲੈਣ ਅਤੇ ਉਹਨਾਂ ਦੀ ਵੈਰੀਫਿਕੇਸ਼ਨ ਕਰਾਉਣ ਉੱਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਪਰ ਉਹਨਾਂ ਨੂੰ ਆਪਣੇ ਕਾਰੋਬਾਰ ਕਰਨ, ਜਾਇਦਾਦ ਖ੍ਰੀਦਣ, ਵੋਟਾਂ ਅਤੇ ਅਧਾਰ ਕਾਰਡ ਬਣਾਉਣ ਦਾ ਅਧਿਕਾਰ ਉਹਨਾਂ ਦਾ ਸੰਵਿਧਾਨਕ ਹੱਕ ਹੈ ਜੋ ਬਰਕਰਾਰ ਰਹਿਣਾ ਚਾਹੀਦਾ ਹੈ।ਮੀਟਿੰਗ ਵਿਚ 23 ਸਤੰਬਰ ਨੂੰ ਨਵਾਂਸ਼ਹਿਰ ਵਿਚ ਪੰਜਾਬੀਆਂ ਅਤੇ ਪਰਵਾਸੀਆਂ ਦਾ ਸਾਂਝਾ ਮਾਰਚ ਕੱਢਣ ਦਾ ਫੈਸਲਾ ਕੀਤਾ ਗਿਆ।ਇਹ ਮਾਰਚ ਬੱਸ ਅੱਡਾ ਨਵਾਂਸ਼ਹਿਰ ਤੋਂ ਚੱਲ ਕੇ ਸ਼ਹਿਰ ਦੇ ਅਹਿਮ ਰਾਹਾਂ ਤੋਂ ਲੰਘੇਗਾ। ਮੀਟਿੰਗ ਨੂੰ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਜ਼ਿਲ੍ਹਾ ਸਕੱਤਰ ਤਰਸੇਮ ਸਿੰਘ ਬੈਂਸ, ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੂਬਾ ਕਾਰਜਕਾਰੀ ਸਕੱਤਰ ਅਵਤਾਰ ਸਿੰਘ ਤਾਰੀ, ਜ਼ਿਲ੍ਹਾ ਪ੍ਰਧਾਨ ਗੁਰਦਿਆਲ ਰੱਕੜ,ਪਰਵਾਸੀ ਮਜਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪਰਵੀਨ ਕੁਮਾਰ ਨਿਰਾਲਾ, ਰੇਹੜੀ ਵਰਕਰ ਯੂਨੀਅਨ ਦੇ ਆਗੂਆਂ ਗੋਪਾਲ ਚੌਹਾਨ, ਮੁਕੇਸ਼ ਝਾਅ, ਉਸਾਰੀ ਮਿਸਤਰੀ ਮਜਦੂਰ ਯੂਨੀਅਨ ਨਵਾਂ ਸ਼ਹਿਰ ਦੇ ਪ੍ਰਧਾਨ ਸ਼ਿਵ ਨੰਦਨ ਕੁਮਾਰ,ਓਮ ਪ੍ਰਕਾਸ਼,ਜੁਗਾੜੂ ਰੇਹੜਾ ਯੂਨੀਅਨ ਦੇ ਆਗ ਮਨੀਸ਼ ਕੁਮਾਰ, ਨਿਊ ਆਟੋ ਵਰਕਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪੁਨੀਤ ਕੁਮਾਰ ਬਛੌੜੀ, ਡਾ. ਅੰਬੇਡਕਰ ਐਜੂਕੇਸ਼ਨਲ ਵੈਲਫੇਅਰ ਟਰੱਸਟ ਨਵਾਂਸ਼ਹਿਰ ਦੇ ਪ੍ਰਧਾਨ ਸਤੀਸ਼ ਲਾਲ, ਜੇ ਪੀ ਐਮ ਓ ਦੇ ਆਗੂਆਂ ਕੁਲਦੀਪ ਸਿੰਘ ਦੌੜਕਾ, ਸਤਨਾਮ ਸਿੰਘ ਗੁਲਾਟੀ, ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਹਰੀ ਰਾਮ ਰਸੂਲਪੁਰੀ ਨੇ ਸੰਬੋਧਨ ਕੀਤਾ।

## ਝਿੰਗੜਾਂ 'ਚ ਛਿੰਝ ਮੇਲਾ ਕਰਵਾਇਆ



**ਬੰਗਾ (ਅਵਤਾਰ ਕਲੇਰ)**- ਧੰਨ ਧੰਨ ਹਜ਼ੂਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਦੀ ਚਰਨ ਛੋਹ ਪ੍ਰਾਪਤ ਪਿੰਡ ਝਿੰਗੜਾਂ ਵਿਖੇ ਮਹਾਰਾਜ ਪ੍ਰੀਤਮ ਪਾਤਸ਼ਾਹ ਵਲੋਂ ਚਲਾਈ ਹੋਈ ਪ੍ਰੰਪਰਾ ਅਨੁਸਾਰ ਵਿਸ਼ਾਲ ਸਲਾਨਾ ਛਿੰਝ ਮੇਲਾ ਸਮੂਹ ਪ੍ਰਬੰਧਕ ਕਮੇਟੀ, ਐਨ ਆਰ ਆਈ ਵੀਰਾਂ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਪ੍ਰਬੰਧਕਾਂ ਵਲੋਂ ਬਾਬਾ ਸਿੱਧ ਚਾਨੋ ਜੀ ਅਸਥਾਨ 'ਤੇ ਸੈਂਕੜੇ ਕੁਸ਼ਤੀਆਂ ਕਰਵਾਈਆਂ ਗਈਆਂ ਤੇ ਜੇਤੂ ਪਹਿਲਵਾਨਾਂ ਨੂੰ ਨਗਦ ਰਾਸ਼ੀ ਦੇ ਕੇ ਸਨਮਾਨਤ ਕੀਤਾ। ਇਕ ਨੰਬਰ ਪਟਕੇ ਦੀ ਕੁਸ਼ਤੀ ਮਿਰਜ਼ਾ ਇਰਾਨ ਤੇ ਦਿਨੇਸ਼ ਗੁਲੀਆ ਵਿਚਕਾਰ ਕਰਵਾਈ ਗਈ ਜਿਸ ਵਿੱਚ ਪੁਆਇੰਟਾਂ 'ਤੇ ਮਿਰਜ਼ਾ ਇਰਾਨ ਜੇਤੂ ਰਿਹਾ। ਜੇਤੂ ਪਹਿਲਵਾਨ ਨੂੰ ਬੁਲਟ ਮੋਟਰਸਾਈਕਲ ਦੇ ਪੰਜਾਹ ਹਜ਼ਾਰ ਦੀ ਰੁਪਏ ਨਗਦ ਰਾਸ਼ੀ ਦਿੱਤੀ। ਦੋ ਨੰਬਰ ਕੁਸ਼ਤੀ ਜੱਟੀ ਗੁੱਜਰ ਅਤੇ ਛੋਟਾ ਸੱਦਾਮ ਨਾਲ ਕਰਵਾਈ ਜਿਸ 'ਚ ਜੱਟੀ ਗੁੱਜਰ ਜੇਤੂ ਰਿਹਾ ਤੇ ਤਿੰਨ ਨੰਬਰ ਦੀ ਕੁਸ਼ਤੀ ਦਾਦਾ ਸੇਲਕੀ ਤੇ ਤਾਲਬ ਫਲਾਹੀ ਵਿਚਕਾਰ ਕਰਵਾਈ ਜਿਸ ਵਿੱਚ ਦਾਦਾ ਸੇਲਕੀ ਜੇਤੂ ਰਿਹਾ। ਛਿੰਝ ਮੇਲੇ ਦੌਰਾਨ ਚੌਧਰੀ ਮੋਹਣ ਲਾਲ ਸਾਬਕਾ ਵਿਧਾਇਕ ਬੰਗਾ, ਕੁਲਜੀਤ ਸਿੰਘ ਸਰਹਾਲ ਇੰਚਾਰਜ ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਪਹੁੰਚੇ ਹੋਏ ਮਹਿਮਾਨਾਂ ਨੇ ਪ੍ਰਬੰਧਕਾਂ ਨੂੰ ਅਤੇ ਨਗਰ ਨਿਵਾਸੀਆਂ ਨੂੰ ਵਧਾਈ ਦਿੱਤੀ । ਪ੍ਰਬੰਧਕਾਂ ਵਲੋਂ ਪਹੁੰਚੇ ਹੋਏ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ। ਮੁੱਖ ਪ੍ਰਬੰਧਕ ਜਥੇਦਾਰ ਰਣਜੀਤ ਸਿੰਘ ਝਿੰਗੜ ਸਾਬਕਾ ਸਰਪੰਚ ਨੇ ਆਏ ਹੋਏ ਮਹਿਮਾਨਾਂ, ਖੇਡ ਪ੍ਰੇਮੀਆਂ, ਦਾਨੀ ਸੰਗਤਾਂ, ਐਨ ਆਰ ਆਈ ਵੀਰਾਂ ਦਾ ਤਹਿ ਦਿਲੋਂ ਧੰਨਵਾਦ ਅਤੇ ਪ੍ਰਮੁੱਖ ਸ਼ਖਸੀਅਤਾਂ ਦਾ ਵਿਸ਼ੇਸ ਸਨਮਾਨ ਵੀ ਕੀਤਾ। ਇਸ ਮੌਕੇ ਲੱਖਾ ਸਿੰਘ, ਬਲਵਿੰਦਰ ਸਿੰਘ ਝਿੰਗੜ, ਬਹਾਦਰ ਸਿੰਘ ਯੂ ਕੇ, ਅਵਤਾਰ ਸਿੰਘ ਸ਼ੇਰਗਿੱਲ ਪ੍ਰਧਾਨ ਐਨ ਆਰ ਆਈ ਸਭਾ ਨਵਾਂ ਸ਼ਹਿਰ, ਬਲਵੀਰ ਸਿੰਘ ਕਰਨਾਣਾ, ਨੰਬਰਦਾਰ ਗੁਰਮੀਤ ਸਿੰਘ, ਬਾਵਾ ਸਿੰਘ, ਕਮਲਜੀਤ ਸਿੰਘ ਕੈਰੋਂ, ਹਰਜਿੰਦਰ ਸਿੰਘ ਸੋਢੀ, ਬੁੱਧ ਸਿੰਘ ਹੈਡ ਗ੍ਰੰਥੀ, ਗੁਰਵਿੰਦਰ ਸਿੰਘ ਮਿੰਟੂ, ਹਰਪ੍ਰੀਤ ਸਿੰਘ, ਬਿਸ਼ਨ ਸਿੰਘ ਝਿੰਗੜ , ਗੁਰਚੇਤਨ ਸਿੰਘ, ਪਵਨਜੀਤ ਸਿੰਘ ਸਿੱਧੂ, ਨਿਰਮਲ ਰਾਮ, ਬਲਵਿੰਦਰ ਮਾਹਲ, ਤਰਜੀਵਨ ਸਿੰਘ ਗਰਚਾ, ਸੰਦੀਪ ਸਿੰਘ ਸ਼ੇਰਗਿੱਲ ਆਦਿ ਹਾਜ਼ਰ ਸਨ।

## ਗਦਰੀ ਬਾਬਾ ਹਰਨਾਮ ਸਿੰਘ ਸਕੂਲ ਦੇ ਸਟਾਫ ਵੱਲੋਂ ਹੜ੍ਹ ਪੀੜਤਾਂ ਲਈ ਪੰਜਾਹ ਹਜ਼ਾਰ ਭੇਟ

**ਕਾਲਾ ਸੰਘਿਆਂ (ਮਨਜੀਤ ਮਾਨ)**- ਪੰਜਾਬ ਵਿਚ ਆਏ ਭਿਆਨਕ ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਲਈ ਹਰ ਵਰਗ, ਧਰਮ, ਕਿੱਤੇ ਦੇ ਲੋਕਾਂ ਨੇ ਦਿਲ ਖੋਲ੍ਹ ਕੇ ਮਦਦ ਕੀਤੀ ਅਤੇ ਕਰ ਰਹੇ ਜੋ ਕਿ ਬੇਹੱਦ ਸ਼ਲਾਘਾਯੋਗ ਹੈ। ਇਸੇ ਲੜੀ 'ਚ ਕਸਬਾ ਕਾਲ਼ਾ ਸੰਘਿਆਂ ਵਿਖੇ ਸਥਿਤ ਗਦਰੀ ਬਾਬਾ ਹਰਨਾਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਲਾ ਸੰਘਿਆਂ ਦੇ ਸਮੂਹ ਸਟਾਫ਼ ਵੱਲੋ ਆਪਣੀ ਸੰਵੇਦਨਾ ਦਾ ਪ੍ਰਗਟਾਵਾ ਕਰਦਿਆਂ ਯੋਗਦਾਨ ਪਾਇਆ ਗਿਆ। ਪ੍ਰਿੰਸੀਪਲ ਗੁਰਚਰਨ ਸਿੰਘ ਚਾਹਲ ਨੇ ਦੱਸਿਆ ਕਿ ਸਕੂਲ ਸਟਾਫ ਵੱਲੋ ਹੜ੍ਹਾਂ 'ਚ ਬੁਰੀ ਤਰ੍ਹਾਂ ਫ਼ਸੇ ਆਪਣੇ ਲੋਕਾਂ ਪ੍ਰਤੀ ਸਮਾਜਿਕ ਜ਼ਿੰਮੇਵਾਰੀ ਨਿਭਾਉਂਦਿਆਂ ਸਵੈ ਇੱਛਾ ਨਾਲ ਆਪਣੀ ਕਿਰਤ ਕਮਾਈ ਵਿਚੋਂ ਲਗਭਗ ਪੰਜਾਹ ਹਜ਼ਾਰ ਰੁਪਏ ਦੀ ਰਾਸ਼ੀ ਇਕੱਤਰ ਕੀਤੀ ਗਈ। ਇਸ ਰਾਸ਼ੀ ਵਿੱਚੋਂ ਪਹਿਲੀ ਕਿਸ਼ਤ ਗੁਰੂ ਅਮਰਦਾਸ ਐਂਡਵਾਸ ਬੰਨ੍ਹ ਬਚਾਉ ਕਮੇਟੀ ਨੂੰ ਰਸ਼ਪਾਲ ਸਿੰਘ ਵੜੈਚ ਰਾਹੀਂ ਗਿਆਰਾਂ ਹਜ਼ਾਰ ਰੁਪਏ ਭੇਟ ਕੀਤੇ ਗਏ । ਇਸ ਦੇ ਨਾਲ ਹੀ ਹੜ੍ਹ ਪੀੜਤਾਂ ਲਈ ਸ਼ਿੱਦਤ ਨਾਲ ਕੰਮ ਕਰ ਰਹੇ ਅਧਿਆਪਕ ਯੂਨੀਅਨ ਆਗੂ ਹਰਵਿੰਦਰ ਸਿੰਘ ਅੱਲੂਵਾਲ ਅਤੇ ਉਹਨਾਂ ਦੀ ਟੀਮ ਨੂੰ ਵੀ ਗਿਆਰਾਂ ਹਜ਼ਾਰ ਰੁਪਏ ਦੀ ਰਾਸ਼ੀ ਭੇਟ ਕੀਤੀ। ਉਹਨਾਂ ਕਿਹਾ ਕਿ ਹੋਰ ਵੀ ਜ਼ਰੂਰਤਮੰਦ ਲੋਕਾਂ ਤੱਕ ਮਦਦ ਪਹੁੰਚਾਈ ਜਾਵੇਗੀ। ਪ੍ਰਿੰਸੀਪਲ ਚਾਹਲ ਵੱਲੋਂ ਇਸ ਯੋਗਦਾਨ ਲਈ ਸਮੂਹ ਸਟਾਫ ਮੈਂਬਰਾਂ ਦਾ ਧੰਨਵਾਦ ਕਰਦਿਆ ਹੋਇਆ ਕਿਹਾ ਕਿ ਅਸੀਂ ਸਾਰੇ ਮੁਸੀਬਤ ਦੀ ਘੜੀ ਵਿਚ ਆਪਣੇ ਲੋਕਾਂ ਨਾਲ ਡਟ ਕੇ ਖੜ੍ਹ ਹਾਂ । ਇਸ ਮੌਕੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।



## ਲੱਕੀ ਨੇ ਕੇਂਦਰੀ ਸਹਿਕਾਰਤਾ ਰਾਜ ਮੰਤਰੀ ਗੁਰਜਰ ਨਾਲ ਕੀਤੀ ਮੁਲਾਕਾਤ

**ਬਲਾਚੌਰ (ਜਸਵਿੰਦਰ ਬੈਂਸ)**- ਸ਼ਹੀਦ ਭਗਤ ਸਿੰਘ ਨਗਰ ਤੋਂ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਵੱਲੋਂ ਕੇਂਦਰੀ ਸਹਿਕਾਰਤਾ ਰਾਜ ਮੰਤਰੀ ਕ੍ਰਿਸ਼ਨ ਪਾਲ ਗੁਰਜਰ ਨਾਲ ਮੁਲਾਕਾਤ ਕੀਤੀ। ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪ੍ਰਧਾਨ ਲੱਕੀ ਨੇ ਦੱਸਿਆ ਕਿ ਕੇਂਦਰੀ ਸਹਿਕਾਰਤਾ ਰਾਜ ਮੰਤਰੀ ਗੁਰਜਰ ਨੇ ਪੰਜਾਬ ਵਿੱਚ ਆਏ ਹੜ੍ਹਾਂ ਦੀ ਸਥਿਤੀ ਦਾ ਜਾਇਜ਼ਾ ਲਿਆ ਅਤੇ ਮੌਜੂਦਾ ਹਾਲਾਤ ਬਾਰੇ ਪੁੱਛਿਆ।ਇਸ ਮੌਕੇ ਗੁਰਜਰ ਨੇ ਕਿਹਾ ਕਿ ਹੜ੍ਹ ਪ੍ਰਭਾਵਤ ਇਲਾਕਿਆਂ ਦੀ ਸਮੱਸਿਆ ਦਾ ਨਿਵਾਰਣ ਕੇਂਦਰ ਸਰਕਾਰ ਦੀ ਪ੍ਰਾਥਮਿਕਤਾ ਵਿੱਚ ਹੈ ਅਤੇ ਹਰ ਸੰਭਵ ਰਾਹਤ ਪਹੁੰਚਾਈ ਜਾ ਰਹੀ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਪੁਲ ਦੇ ਨਿਰਮਾਣ ਅਤੇ ਹੋਰ ਲੋੜੀਂਦੇ ਵਿਕਾਸ ਕਾਰਜਾਂ 'ਤੇ ਗੰਭੀਰਤਾ ਨਾਲ ਵਿਚਾਰ ਕਰਕੇ ਠੋਸ ਕਦਮ ਚੁੱਕੇ ਜਾਣਗੇ। ਉਨ੍ਹਾਂ ਸਪੱਸ਼ਟ ਕਿਹਾ ਕਿ ਜਿਹੜੀਆਂ ਵੀ ਲੋੜਾਂ ਹੋਣਗੀਆਂ, ਮੋਦੀ ਸਰਕਾਰ ਪੂਰਾ ਸਹਿਯੋਗ ਦੇਵੇਗੀ ਅਤੇ ਪੰਜਾਬ ਦੇ ਲੋਕਾਂ ਨੂੰ ਕਦੇ ਨਿਰਾਸ਼ ਨਹੀਂ ਹੋਣ ਦੇਵੇਗੀ। ਇਸ ਮੌਕੇ ਉਹਨਾਂ ਨੇ ਕਿਹਾ ਕਿ ਰਾਜਵਿੰਦਰ ਸਿੰਘ ਲੱਕੀ ਦੀ ਅਗਵਾਈ ਹੇਠ ਬਲਾਚੌਰ ਹਲਕੇ ਵਿੱਚ ਪਾਰਟੀ ਵੱਲੋਂ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਵੀ ਜਾਣਕਾਰੀ ਲਈ ਅਤੇ ਉਹਨਾਂ ਨੇ ਕਿਹਾ ਕਿ ਜਿਸ ਤਰ੍ਹਾਂ ਰਾਜਵਿੰਦਰ ਸਿੰਘ ਲੱਕੀ ਦੀ ਟੀਮ ਵੱਲੋਂ ਪਿਛਲੇ ਦਿਨੀ ਕੇਂਦਰ ਸਰਕਾਰ ਦੀ ਸਕੀਮਾਂ ਦੇ ਤਹਿਤ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਕੇਂਦਰ ਦੀਆਂ ਸਕੀਮਾਂ ਬਾਰੇ ਜਾਗਰੂਕ ਕੀਤਾ ਗਿਆ ਹੈ, ਉਸ ਨਾਲ ਲੋਕਾਂ ਨੂੰ ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਬਹੁਤ ਲਾਭ ਮਿਲ ਰਿਹਾ ਹੈ । ਉਹਨਾਂ ਨੇ ਕਿਹਾ ਕਿ ਲੱਕੀ ਦੀ ਅਗਵਾਈ ਹੇਠ ਹਲਕਾ ਬਲਾਚੌਰ 'ਚ ਭਾਰਤੀ ਜਨਤਾ ਪਾਰਟੀ ਵੱਲੋਂ ਪਾਰਟੀ ਨੂੰ ਮਜ਼ਬੂਤ ਕਰਨ ਲਈ ਦਿਨ ਰਾਤ ਇੱਕ ਕਰਕੇ ਕੰਮ ਕੀਤਾ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਨਾਲ ਅਸ਼ੋਕ ਚੇਚੀ, ਸੰਨੀ ਭਾਟੀਆ, ਅਮਨ ਰਾਣਾ, ਨਰਿੰਦਰ ਸੂਦਨ ਆਦਿ ਹਾਜ਼ਰ ਸਨ ।



21 Sep Page 9.qxd 9/20/2025 10:47 PM Page 1



## ਵਧੀਕ ਡਿਪਟੀ ਕਮਿਸ਼ਨਰ (ਵਿਕਾਸ) (ਜ) ਨੇ ਜ਼ਿਲ੍ਹੇ ਦੀਆਂ ਮੰਡੀਆਂ ਦਾ ਕੀਤਾ ਦੌਰਾ



**ਸ਼ਹੀਦ ਭਗਤ ਸਿੰਘ ਨਗਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੇ ਨਿਰਦੇਸ਼ਾਂ 'ਤੇ ਅੱਜ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਤੇ (ਜ) ਨੇ ਜ਼ਿਲ੍ਹੇ ਦੀਆਂ ਮੰਡੀਆਂ ਦਾ ਦੌਰਾ ਕਰਕੇ ਖਰੀਫ਼ ਸੀਜਨ 2025-26 ਦੌਰਾਨ ਝੋਨੇ ਦੀ ਖਰੀਦ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਨੇ ਬਲਾਚੌਰ ਅਤੇ ਨਵਾਂਸ਼ਹਿਰ ਦੀਆਂ ਮੰਡੀਆਂ 'ਚ ਅਧਿਕਾਰੀਆਂ ਨਾਲ ਗੱਲਬਾਤ ਕਰਦਿਆਂ ਖਰੀਦ ਪ੍ਰਬੰਧਾਂ ਅਤੇ ਤਿਆਰੀਆਂ ਦੀ ਵਿਸਥਾਰਤ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕਿਸਾਨਾਂ, ਮਜ਼ਦੂਰਾਂ ਅਤੇ ਆੜ੍ਹਤੀਆਂ ਨੂੰ ਕਿਸੇ ਕਿਸਮ ਦੀ ਦਿੱਕਤ ਪੇਸ਼ ਨਾ ਆਵੇ ਅਤੇ ਉਨ੍ਹਾਂ ਦੀ ਫਸਲ ਨਿਰਧਾਰਤ ਸਮੇਂ ਵਿੱਚ ਖਰੀਦ ਕੇ ਸਮੇਂ ਸਿਰ ਅਦਾਇਗੀਆਂ ਯਕੀਨੀ ਬਣਾਈਆਂ ਜਾਣ।ਵਧੀਕ ਡਿਪਟੀ ਕਮਿਸ਼ਨਰ ਰਾਜੀਵ ਵਰਮਾ ਨੇ ਬਹਿਰਾਮ ਅਤੇ ਬੰਗਾ ਮੰਡੀਆਂ ਦਾ ਦੌਰਾ ਕਰਕੇ ਚੈਕਿੰਗ ਕੀਤੀ।

## ਦਸਵੀਂ ਤੇ ਬਾਰ੍ਹਵੀਂ ਦੀਆਂ ਪ੍ਰੀਖਿਆਵਾਂ ਸਬੰਧੀ ਪ੍ਰੋਗਰਾਮ ਜਾਰੀ

**ਐੱਸ.ਏ.ਐੱਸ ਨਗਰ (ਗੁਰਜੀਤ ਬਿੱਲਾ)**- ਦਸਵੀਂ ਤੇ ਬਾਰ੍ਹਵੀਂ ਸ਼੍ਰੇਣੀ ਪਰੀਖਿਆ ਮਾਰਚ, 2026 (ਰੈਗੂਲਰ) ਸਕੂਲਾਂ ਲਈ ਪਰੀਖਿਆ ਫ਼ਾਰਮ ਅਤੇ ਫੀਸ ਭਰਨ ਸਬੰਧੀ ਸ਼ਡਿਊਲ ਬੋਰਡ ਦਫ਼ਤਰ ਵੱਲੋਂ ਜਾਰੀ ਕਰ ਦਿੱਤਾ ਗਿਆ ਹੈ, ਜੋ ਕਿ ਸਬੰਧਤ ਸਕੂਲਾਂ ਦੀ ਲਾਗ-ਇਨ ਆਈ.ਡੀ 'ਤੇ ਉਪਲੱਬਧ ਹੈ। ਜੇਕਰ ਕਿਸੇ ਸੰਸਥਾ/ਸਕੂਲ ਵੱਲੋਂ ਜਾਰੀ ਸ਼ਡਿਊਲ ਅਨੁਸਾਰ ਸਮੇਂ ਸਿਰ ਕਾਰਵਾਈ ਨਹੀਂ ਕੀਤੀ ਜਾਂਦੀ, ਤਾਂ ਇਸ ਸਬੰਧੀ ਸਮੁੱਚੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ। ਅਜਿਹੀ ਸੂਰਤ ਵਿੱਚ ਬੋਰਡ ਨਾਲ ਸਬੰਧਤ ਐਸੋਸੀਏਟਿਡ/ਐਫੀਲੀਏਟਿਡ ਸੰਸਥਾਵਾਂ ਵਿਰੁੱਧ ਐਫੀਲੀਏਸ਼ਨ ਵਿਨਿਯਮਾਂ ਅਧੀਨ ਵਿੱਧੀ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਸੇ ਤਰਾਂ ਸਰਕਾਰੀ ਸਕੂਲਾਂ ਦੇ ਕੇਸਾਂ ਵਿੱਚ ਸਬੰਧਤ ਸਕੂਲਾਂ ਦੇ ਪ੍ਰਿੰਸੀਪਲ/ਮੁੱਖ ਅਧਿਆਪਕ ਵਿਰੁੱਧ ਵਿਨਿਯਮਾਂ ਅਧੀਨ ਵਿੱਧੀ ਅਨੁਸਾਰ ਕਾਰਵਾਈ ਕਰਨ ਲਈ ਡਾਇਰੈਕਟਰ ਸਿੱਖਿਆ ਵਿਭਾਗ (ਸੈਕੰਡਰੀ/ ਐਲੀਮੈਂਟਰੀ ) ਨੂੰ ਲਿਖ ਕੇ ਭੇਜ ਦਿੱਤਾ ਜਾਵੇਗਾ ।

## ਕਲਾ ਉਤਸਵ ਅਧੀਨ ਅਧਿਆਪਕਾਂ ਦੇ ਜ਼ਿਲ੍ਹਾ ਪੱਧਰੀ ਮੁਕਾਬਲੇ ਕਰਵਾਏ

**ਹੁਸ਼ਿਆਰਪੁਰ ( ਓ ਪੀ ਰਾਣਾ, ਬਲਵੀਰ ਸਿੰਘ ਸੈਣੀ)** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੇਲਵੇ ਮੰਡੀ ਵਿੱਚ ਕਲਾ ਉਤਸਵ ਦੇ ਤਹਿਤ ਸਮ੍ਰਿੱਧੀ ਮੁਕਾਬਲੇ ਅਧੀਨ ਅਧਿਆਪਕਾਂ ਦੇ ਟੀਚਿੰਗ ਪ੍ਰੈਕਟਿਸ ਲੈਸਨਜ਼ ਦੇ ਜ਼ਿਲ੍ਹਾ ਪੱਧਰੀ ਮੁਕਾਬਲੇ ਆਯੋਜਿਤ ਕੀਤੇ ਗਏ। ਮੁਕਾਬਲੇ ਦੀ



ਅਗਵਾਈ ਸਕੂਲ ਦੇ ਪ੍ਰਿੰਸੀਪਲ ਰਾਜਨ ਅਰੋੜਾ ਨੇ ਕੀਤੀ। ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਤੋਂ ਆਏ ਅਧਿਆਪਕਾਂ ਨੇ ਆਪਣੇ ਨਵੀਂ ਸੋਚ ਵਾਲੇ ਅਧਿਆਪਨ ਤਰੀਕਿਆਂ ਦਾ ਪ੍ਰਦਰਸ਼ਨ ਕਰਕੇ ਸਾਰਿਆਂ ਦਾ ਮਨ ਮੋਹ ਲਿਆ। ਮੁਕਾਬਲੇ ਵਿੱਚ ਨਿਰਣਾਇਕ ਮੰਡਲ ਨੇ ਅਧਿਆਪਕਾਂ ਦੀਆਂ ਪ੍ਰਸਤੁਤੀਆਂ ਦਾ ਮੁਲਾਂਕਣ ਅਧਿਆਪਨ ਅੰਦਾਜ਼, ਰਚਨਾਤਮਿਕਤਾ, ਵਿਸ਼ੇ ਦੀ ਸਮਝ ਅਤੇ ਵਿਦਿਆਰਥੀਆਂ ਨਾਲ ਸੰਚਾਰ ਕਰਨ ਦੀ ਸਮਰੱਥਾ ਦੇ ਆਧਾਰ 'ਤੇ ਕੀਤਾ। ਐਲਾਨੇ ਨਤੀਜੇ ਅਨੁਸਾਰ ਗੁਰਿੰਦਰ ਸਿੰਘ, ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਪਦੀਸੂਰ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ। ਕਨਿਕਾ ਬਾਗੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਹਿਲਪੁਰ (ਲੜਕੀਆਂ) ਨੇ ਦੂਜਾ ਸਥਾਨ ਹਾਸਲ ਕੀਤਾ ਜਦ ਕਿ ਮੀਨੂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੇਲਵੇ ਮੰਡੀ ਤੀਜੇ ਸਥਾਨ 'ਤੇ ਰਹੀ। ਮੁੱਖ ਮਹਿਮਾਨ ਵਜੋਂ ਸ਼ਾਮਲ ਜ਼ਿਲ੍ਹਾ ਸਿੱਖਿਆ ਅਧਿਕਾਰੀ ਨੇ ਜੇਤੂ ਅਧਿਆਪਕਾਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਅਤੇ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਅਧਿਆਪਕਾਂ ਦੀ ਸ਼ਖ਼ਸੀਅਤ ਦੇ ਵਿਕਾਸ ਲਈ ਮਹੱਤਵਪੂਰਨ ਹਨ। ਉਨ੍ਹਾਂ ਨੇ ਕਿਹਾ ਕਿ ਜੇ ਅਧਿਆਪਕ ਨਵੇਂ ਤਰੀਕੇ ਅਪਣਾਉਣਗੇ ਤਾਂ ਮੁੱਖੀ ਨੂੰ ਹੋਰ ਗੁਣਵੱਤਾ ਪੂਰਨ ਸਿੱਖਿਆ ਮਿਲੇਗੀ। ਇਸ ਮੌਕੇ ਜ਼ਿਲ੍ਹਾ ਮੈਂਟਰ ਅੰਕੁਰ ਸੂਦ ਨੇ ਕਿਹਾ ਕਿ ਸਮ੍ਰਿੱਧੀ ਮੁਕਾਬਲੇ ਦਾ ਮੰਤਵ ਅਧਿਆਪਕਾਂ ਦੀਆਂ ਯੋਗਤਾਵਾਂ ਤੇ ਹੁਨਰ ਨੂੰ ਨਿਖਾਰਨਾ ਹੈ, ਤਾਂ ਜੋ ਉਹ ਵਿਦਿਆਰਥੀਆਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਸਿੱਖਿਆ ਦੇ ਸਕਣ। ਅੰਤ ਵਿੱਚ ਪ੍ਰਿੰਸੀਪਲ ਰਾਜਨ ਅਰੋੜਾ ਨੇ ਸਾਰੇ ਭਾਗੀਦਾਰਾਂ ਤੇ ਜੇਤੂਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਜਿੱਤ-ਹਾਰ ਤੋਂ ਵੱਧ ਮਹੱਤਵਪੂਰਨ ਭਾਗੀਦਾਰੀ ਹੈ।

## ਸ਼ੇਰੋਵਾਲੀਆ ਤੇ ਭੁਵਨ ਚੰਦਰਾ ਕਾਪਰੀ ਨੇ ਬਾਬਾ ਗੁਰਿੰਦਰ ਸਿੰਘ ਢਿੱਲੋਂ ਤੋਂ ਆਸ਼ੀਰਵਾਦ ਲਿਆ

**ਸ਼ਾਹਕੋਟ (ਗਿਆਨ ਸੈਦਪੁਰੀ)**- ਰਾਧਾ ਸਵਾਮੀ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੂੰ ਮਿਲ ਕੇ ਅਸ਼ੀਰਵਾਦ ਲੈਂਦਿਆਂ ਮਨ ਨੂੰ ਸਕੂਨ ਵੀ ਮਿਲਿਆ ਤੇ ਅੰਦਰ ਰੂਹਾਨੀਅਤ ਦੇ ਝਲਕਾਰੇ ਦਾ ਵੀ ਅਹਿਸਾਸ ਹੋਇਆ। ਉਕਤ ਵਿਚਾਰਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਸ਼ਾਹਕੋਟ ਦੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਡੇਰਾ ਮੁਖੀ ਨੂੰ ਮਿਲਣ ਉਪਰੰਤ ਪੱਤਰਕਾਰਾਂ ਨਾਲ ਆਪਣੇ ਪ੍ਰਭਾਵ ਸਾਂਝੇ ਕਰਦਿਆਂ ਕੀਤਾ। ਉਹਨਾਂ ਦੱਸਿਆ ਕਿ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੀ ਸੰਗਤ ਕਰਨ ਦਾ ਸਬੱਬ ਉੱਤਰਾਖੰਡ ਵਿਧਾਨ ਸਭਾ ਵਿੱਚ ਕਾਂਗਰਸ ਪਾਰਟੀ ਦੇ ਡਿਪਟੀ ਆਗੂ ਅਤੇ ਲੋਕ ਸਭਾ ਹਲਕਾ ਜਲੰਧਰ (ਦਿਹਾਤੀ) ਦੇ ਅਬਜ਼ਰਵਰ ਭੁਵਨ ਚੰਦਰਾ ਕਾਪਰੀ ਦੀ ਬਾਬਾ ਜੀ ਪਾਸੋਂ ਆਸ਼ੀਰਵਾਦ ਲੈਣ ਦੀ ਤਮੰਨਾ ਬਣਿਆ। ਉਹਨਾਂ ਦੀ ਇਸ ਦਿਲੀ ਖਾਹਿਸ਼ ਨੂੰ ਪੂਰਾ ਕਰਨ ਲਈ ਉਹਨਾਂ ਨੂੰ ਨਾਲ ਲੈ ਕੇ ਸ਼ੁੱਕਰਵਾਰ ਸਵੇਰੇ ਉਹ ਡੇਰਾ ਬਿਆਸ ਪਹੁੰਚੇ।



ਇਸ ਮੌਕੇ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਪੰਜਾਬ ਵਿੱਚ ਹੜ੍ਹਾਂ ਦੇ ਰੂਪ ਵਿੱਚ ਆਈ ਆਫ਼ਤ ਦੇ ਜਲਦੀ ਖ਼ਤਮ ਹੋਣ ਦੀ ਕਾਮਨਾ ਕੀਤੀ। ਉਹਨਾਂ ਕਿਹਾ ਕਿ ਡੇਰਾ ਬਿਆਸ ਦੀ ਸੰਗਤ ਹੜ੍ਹ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਹਰ ਵਕਤ ਤੱਤਪਰ ਰਹੇਗੀ। ਸ਼ੇਰੋਵਾਲੀਆਂ ਨੇ ਦੱਸਿਆ ਕਿ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਹੋਰ ਸਮਾਜਿਕ ਸਰੋਕਾਰਾਂ ਦੀ ਵੀ ਚਰਚਾ ਕੀਤੀ। ਭੁਵਨ ਚੰਦਰਾ ਕਾਪਰੀ ਨੇ ਕਿਹਾ ਕਿ ਉਨਾਂ ਦੀ ਚਿਰੋਕਣੀ ਇੱਛਾ ਪੂਰੀ ਹੋਣ 'ਤੇ ਉਹ ਆਪਣੇ ਮਨ ਨੂੰ ਵੱਡਭਾਗਾ ਸਮਝਦੇ ਹਨ।

## ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਐਸ ਡੀ ਐਮ ਨੂੰ ਮੰਗ ਪੱਤਰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਸੂਬਾ ਪੱਧਰੀ ਸੱਦੇ ਤਹਿਤ ਵਿਦਿਆਰਥੀ ਮੰਗਾਂ ਨੂੰ ਲੈ ਕੇ ਐਸ ਡੀ ਐਮ ਨਕੋਦਰ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਮਨਦੀਪ ਕੌਰ ਨੇ ਕਿਹਾ ਕਿ ਅੱਜ ਦੇਸ਼ ਵਿੱਚ ਕੇਂਦਰ ਸਰਕਾਰ ਕੌਮੀ ਸਿੱਖਿਆ ਨੀਤੀ ਲੈ ਕੇ ਆਈ ਹੈ।ਅਸੀਂ ਇਸ ਨੀਤੀ ਦਾ ਵਿਰੋਧ ਕਰਦੇ ਹਾਂ ਤੇ ਇਸ ਨੀਤੀ ਨੂੰ ਰੱਦ ਕਰਨ ਦੀ ਮੰਗ ਕਰਦੇ ਹਾਂ। ਕਿਉਂਕਿ ਇਹ ਨੀਤੀ ਸਿਲੇਬਸ ਦਾ ਵਿੱਦਿਅਕ ਅਦਾਰਿਆਂ ਵਿਚ ਭਗਵਾਂਕਰਨ ਕਰਨ ਲਈ ਲਿਆਂਦੀ ਗਈ ਹੈ। ਇਸ ਨੀਤੀ ਰਾਹੀਂ ਪੋਸਟ ਮੈਟਰਿਕ ਸਕਾਲਰਸ਼ਿਪ ਰਾਹੀਂ ਪਛੜੀਆਂ ਸ਼੍ਰੇਣੀਆਂ ਤੇ ਅਨੁਸੂਚਿਤ ਜਾਤੀਆਂ ਸਿੱਖਿਆ ਲੈ ਰਹੀਆਂ ਹਨ। ਉਹ ਵੀ ਇਸ ਨੀਤੀ ਰਾਹੀਂ ਸਿੱਖਿਆ ਵਿੱਚੋਂ ਬਾਹਰ ਹੋਣਗੀਆਂ। ਇਸ ਮੌਕੇ ਵਿਦਿਆਰਥੀ ਆਗੂਆਂ ਨੇ ਕਿਹਾ ਕਿ ਸਮੈਸਟਰ ਨੂੰ ਰੱਦ ਕਰਕੇ ਸਲਾਨਾ ਸਿਸਟਮ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ



ਇਸ ਸਮੈਸਟਰ ਸਿਸਟਮ ਨਾਲ ਵਿਦਿਆਰਥੀਆਂ 'ਤੇ ਘੱਟ ਸਮੇਂ ਵਿੱਚ ਪੇਪਰਾਂ ਦਾ ਬੋਝ ਜ਼ਿਆਦਾ ਪੈਂਦਾ ਹੈ ਤੇ ਵਿਦਿਆਰਥੀਆਂ ਕੋਲ ਸਿਲੇਬਸ ਪੂਰਾ ਕਰਨ ਦਾ ਸਮਾਂ ਘਟ ਜਾਂਦਾ ਹੈ। ਇਸ ਦੇ ਨਾਲ ਹੀ ਪੰਜਾਬ ਵਾਸੀਆਂ ਦੇ ਨੌਕਰੀਆਂ ਲਈ 90% ਰਾਖਵਾਂਕਰਨ ਦੀ ਮੰਗ ਕੀਤੀ ਗਈ। ਵਿਦਿਆਰਥੀ ਆਗੂਆਂ ਵੱਲੋਂ ਇਹ ਚੇਤਾਵਨੀ ਦਿੱਤੀ ਗਈ ਕਿ ਮੰਗਾਂ ਪੂਰੀਆਂ ਨਾ ਹੋਣ ਦੀ ਸੂਰਤ ਵਿੱਚ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਕੋਮਲ, ਤਮੰਨਾ, ਨਵਜੋਤ, ਸੰਜਨਾ, ਤਾਨੀਆ, ਰਨਬੀਰ, ਪ੍ਰਿੰਸ, ਆਜ਼ਾਦ ਆਦਿ ਹਾਜ਼ਰ ਹੋਏ।

## ਵਿਧਾਇਕ ਵੱਲੋਂ ਜ਼ੀਰਕਪੁਰ ਦੇ ਪ੍ਰਸ਼ਾਸਨਿਕ, ਪੁਲਸ ਮਿਉਂਸਪਲ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ

**ਜ਼ੀਰਕਪੁਰ (ਵਿਨੈ ਕੁਮਾਰ ਜੈਨ)**- ਹਲਕਾ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਨਗਰ ਕੌਂਸਲ ਜ਼ੀਰਕਪੁਰ ਵਿਖੇ ਪ੍ਰਸ਼ਾਸਨਿਕ ਅਧਿਕਾਰੀਆਂ, ਪੁਲਸ ਪ੍ਰਸ਼ਾਸਨ, ਐਸ ਪੀ ਤੇ ਐਸ ਐਚ ਓ ਜ਼ੀਰਕਪੁਰ ਅਤੇ ਮਿਉਂਸਪਲ ਕਮੇਟੀ ਦੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ



ਸ਼ਹਿਰ ਦੇ ਵਿਕਾਸ ਕਾਰਜਾਂ ਅਤੇ ਕਾਨੂੰਨ-ਵਿਵਸਥਾ ਬਾਰੇ ਵਿਸਤ੍ਰਿਤ ਚਰਚਾ ਕੀਤੀ ਗਈ।ਵਿਧਾਇਕ ਨੇ ਕਿਹਾ ਕਿ ਹਾਲੀਆ ਭਾਰੀ ਬਰਸਾਤਾਂ ਕਾਰਨ ਸ਼ਹਿਰ ਦੀਆਂ ਕਈ ਗਲੀਆਂ ਖਰਾਬ ਹੋਈਆਂ ਹਨ, ਪੇਵਰ ਬਲਾਕ ਉਖੜ ਗਏ ਹਨ ਅਤੇ ਸੀਵਰੇਜ ਪ੍ਰਣਾਲੀ ਨੂੰ ਵੀ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਮਿਉਂਸੀਪਲ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਆਪਸੀ ਤਾਲਮੇਲ ਨਾਲ ਪ੍ਰਭਾਵਿਤ ਕਾਰਜਾਂ ਦੀ ਤੁਰੰਤ ਰਿਪੇਅਰ ਕੀਤੀ ਜਾਵੇ ਅਤੇ ਸਾਰੇ ਵਿਕਾਸ ਕਾਰਜਾਂ ਨੂੰ ਨਿਰਧਾਰਤ ਸਮੇਂ ਅੰਦਰ ਤੇਜ਼ੀ ਨਾਲ ਪੂਰਾ ਕੀਤਾ ਜਾਵੇ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਦਫ਼ਤਰਾਂ ਵਿੱਚ ਆਉਣ ਵਾਲੇ ਲੋਕਾਂ ਦੇ ਕੰਮ ਪਹਿਲ ਦੇ ਆਧਾਰ 'ਤੇ ਕਰਨ ਦੀ ਹਦਾਇਤ ਕੀਤੀ।ਉਨ੍ਹਾਂ ਕਿਹਾ ਕਿ ਬਰਸਾਤਾਂ ਕਾਰਨ ਸ਼ਹਿਰ ਵਿੱਚ ਹੋਏ ਨੁਕਸਾਨ ਦੀ ਜਲਦ ਮੁਰੰਮਤ ਕੀਤੀ ਜਾਵੇ ਤਾਂ ਜੋ ਸ਼ਹਿਰ ਵਾਸੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਚਲ ਰਹੇ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਂਦੀ ਜਾਵੇ ਅਤੇ ਸਬੰਧਤ ਅਧਿਕਾਰੀਆਂ ਨੂੰ ਹਰ ਕਾਰਜ ਮਿਥੇ ਸਮੇਂ ਵਿੱਚ ਪੂਰਾ ਕਰਨ ਦੀ ਹਦਾਇਤ ਕੀਤੀ। ਕਾਨੂੰਨ ਤੇ ਵਿਵਸਥਾ ਦੇ ਸਬੰਧ ਵਿੱਚ ਉਨ੍ਹਾਂ ਨੇ ਪੁਲਸ ਅਧਿਕਾਰੀਆਂ ਨੂੰ ਕਿਹਾ ਕਿ ਸ਼ਹਿਰ ਅੰਦਰ ਸੁਰੱਖਿਆ ਨੂੰ ਲੈ ਕੇ ਸਖ਼ਤੀ ਕੀਤੀ ਜਾਵੇ।



## ਆਮ ਆਦਮੀ ਪਾਰਟੀ ਨੇ ਦਿੱਲੀ ਤੋਂ ਸ਼ਾਹਕੋਟ ਦੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਰਾਹਤ ਸਮਗਰੀ ਭੇਜੀ

**ਸ਼ਾਹਕੋਟ (ਗਿਆਨ ਸੈਦਪੁਰੀ)** ਸਬ- ਡਵੀਜ਼ਨ ਸ਼ਾਹਕੋਟ ਵਿੱਚ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਹਤ ਦੇਣ ਲਈ ਆਮ ਆਦਮੀ ਪਾਰਟੀ ਦਿੱਲੀ ਨੇ ਰਾਹਤ ਸਮੱਗਰੀ ਦਾ ਇੱਕ ਟਰੱਕ ਭੇਜਿਆ ਹੈ। ਇਹ ਸਮੱਗਰੀ ਮਾਰਕੀਟ ਕਮੇਟੀ ਸ਼ਾਹਕੋਟ ਵਿੱਚ ਉਤਾਰੀ ਗਈ ਹੈ। ਇਥੇ ਇਸ ਸਮਾਨ ਦੀ ਪੈਕਿੰਗ ਕੀਤੀ ਜਾ ਰਹੀ ਹੈ। ਇਥੋਂ ਇਹ ਸਮਾਨ ਲੋੜਵੰਦ ਲੋਕਾਂ ਤੱਕ ਪਹੁੰਚਾਇਆ ਜਾਵੇਗਾ। ਮਾਰਕੀਟ ਕਮੇਟੀ ਸ਼ਾਹਕੋਟ ਦੇ ਚੇਅਰਮੈਨ ਬਲਵੀਰ ਸਿੰਘ ਢੰਡੋਵਾਲ ਨੇ ਦੱਸਿਆ ਕਿ ਦਿੱਲੀ ਤੋਂ ਭੇਜੇ ਗਏ ਸਮਾਨ ਵਿੱਚ ਖਾਣ ਪੀਣ ਵਾਲੀਆਂ ਚੀਜ਼ਾਂ ਕੱਪੜੇ, ਦਵਾਈਆਂ ਆਦਿ ਸ਼ਾਮਿਲ ਹਨ। ਇਸ ਮੌਕੇ ਨਗਰ ਪੰਚਾਇਤ ਸ਼ਾਹਕੋਟ ਦੀ ਮੈਂਬਰ ਅਤੇ ਆਪ ਆਗੂ ਰਾਖੀ ਮੱਟੂ, ਸੰਗਠਨ ਇੰਚਾਰਜ ਹਰਜਿੰਦਰ ਸਿੰਘ ਸੀਚੇਵਾਲ, ਜ਼ਿਲ੍ਹਾ ਪ੍ਰਧਾਨ ਐਸ ਸੀ ਵਿੰਗ ਜਸਵੀਰ ਸਿੰਘ ਜਲਾਲਪੁਰ, ਰੇੜ੍ਹੀ ਯੂਨੀਅਨ ਸ਼ਾਹਕੋਟ ਦੇ ਪ੍ਰਧਾਨ ਪਰਮਜੀਤ ਸਿੰਘ ਪੰਮਾ, ਇਸਤਰੀ ਆਗੂ ਸਰੋਜ ਢੰਡ ਆਦਿ ਮੌਜੂਦ ਸਨ।

## ਡੇਂਗੂ ਤੋਂ ਬਚਾਅ ਲਈ ਕਿਤੇ ਵੀ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ : ਡਾ. ਸੰਗੀਤਾ ਜੈਨ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- 'ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਨੇ ਜ਼ਿਲ੍ਹੇ ਦੇ ਵੱਖ ਵੱਖ ਇਲਾਕਿਆਂ ਵਿਚ ਚੈਕਿੰਗ ਕੀਤੀ। ਸਿਵਲ ਸਰਜਨ ਡਾ. ਸੰਗੀਤਾ ਜੈਨ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ ਸੋਨੀ ਨੇ ਦੱਸਿਆ ਕਿ ਜ਼ਿਲ੍ਹੇ ਦੇ ਸੀਨੀਅਰ ਸਿਹਤ ਅਧਿਕਾਰੀਆਂ ਦੀ ਅਗਵਾਈ ਹੇਠ ਸਿਹਤ ਵਰਕਰਾਂ, ਆਸ਼ਾ ਵਰਕਰਾਂ, ਨਰਸਿੰਗ ਕਾਲਜਾਂ ਦੇ ਵਿਦਿਆਰਥੀਆਂ ਨੇ ਡੇਂਗੂ ਬੁਖ਼ਾਰ



ਲਈ ਜ਼ਿੰਮੇਵਾਰ ਮੱਛਰ ਦਾ ਲਾਰਵਾ ਲੱਭਣ ਲਈ ਕੰਨਟੇਨਰ ਚੈੱਕ ਕੀਤੇ ਅਤੇ ਮੱਛਰ ਦੀ ਪੈਦਾਇਸ਼ ਵਾਲੀਆਂ ਹੋਰ ਸੰਭਾਵੀ ਥਾਵਾਂ ਦਾ ਨਿਰੀਖਣ ਕੀਤਾ। ਮੌਕੇ 'ਤੇ ਮੌਜੂਦ ਲੋਕਾਂ ਨੂੰ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਵੀ ਵਿਸਥਾਰਪੂਰਵਕ ਸਮਝਾਇਆ।ਨਿਰੀਖਣ ਟੀਮਾਂ ਵਿਚ ਖ਼ਾਸ ਤੌਰ 'ਤੇ ਪੇਂਡੂ ਸਿਹਤ ਸਫ਼ਾਈ ਕਮੇਟੀਆਂ ਅਤੇ ਰੈਜ਼ੀਡੈਂਟਸ ਵੈਲਫ਼ੇਅਰ ਐਸੋਸੀਏਸ਼ਨਾਂ ਦੇ ਮੈਂਬਰਾਂ ਨੂੰ ਸ਼ਾਮਲ ਕੀਤਾ ਗਿਆ। ਡੇਂਗੂ ਦੇ ਆਮ ਲੱਛਣਾਂ ਵਿਚ ਤੇਜ਼ ਸਿਰਦਰਦ ਅਤੇ ਤੇਜ਼ ਬੁਖ਼ਾਰ, ਮਾਸਪੇਸ਼ੀਆਂ ਅਤੇ ਜੋੜਾਂ ਵਿਚ ਦਰਦ, ਅੱਖ ਦੇ ਪਿਛਲੇ ਹਿੱਸੇ ਵਿਚ ਦਰਦ, ਹਾਲਤ ਖ਼ਰਾਬ ਹੋਣ 'ਤੇ ਨੱਕ, ਮੂੰਹ ਅਤੇ ਮਸੂੜਿਆਂ ਵਿਚੋਂ ਖ਼ੂਨ ਵਗਣਾ, ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣਾ ਆਦਿ ਸ਼ਾਮਲ ਹਨ।

## ਸੈਂਟ ਸੋਲਜਰ ਡਿਵਾਇਨ ਪਬਲਿਕ ਸਕੂਲ ਨੇ ਮੁੱਢਲੀ ਸਹਾਇਤਾ ਪ੍ਰਤੀ ਪੈਦਾ ਕੀਤੀ ਜਾਗੂਰਕਤਾ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਸੈਂਟ ਸੋਲਜਰ ਡਿਵਾਇਨ ਪਬਲਿਕ ਸਕੂਲ, ਭੋਗਪੁਰ ਵੱਲੋਂ ਵਿਦਿਆਰਥੀਆਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਮੁੱਢਲੀ ਸਹਾਇਤਾ ਬਾਰੇ ਇੱਕ ਸਿੱਖਿਆਤਮਕ ਗਤੀਵਿਧੀ ਦਾ ਆਯੋਜਨ ਕੀਤਾ ਗਿਆ। ਇਸ ਗਤੀਵਿਧੀ ਦਾ ਮੁੱਖ ਉਦੇਸ਼ ਬੱਚਿਆਂ ਨੂੰ ਸੱਟ ਜਾਂ ਦੁਰਘਟਨਾਵਾਂ ਦੀ ਸਥਿਤੀ ਵਿੱਚ ਤੁਰੰਤ ਮਦਦ ਦੀ ਮਹੱਤਤਾ ਨੂੰ ਸਮਝਾਉਣਾ ਸੀ। ਅਧਿਆਪਕਾਂ ਨੇ ਜ਼ੋਰ ਦੇ ਕੇ ਕਿਹਾ ਕਿ ਪੇਸ਼ੇਵਰ ਮੈਡੀਕਲ ਸਹਾਇਤਾ ਪਹੁੰਚਣ ਤੋਂ ਪਹਿਲਾਂ ਜਾਨ ਬਚਾਉਣ ਲਈ ਮੁੱਢਲੀ ਸਹਾਇਤਾ ਪਹਿਲਾ ਅਤੇ ਸਭ ਤੋਂ ਜ਼ਰੂਰੀ ਕਦਮ ਹੈ। ਇਸ ਗਤੀਵਿਧੀ ਦੇ ਦੌਰਾਨ, ਵਿਦਿਆਰਥੀਆਂ ਨੂੰ ਮਾਮੂਲੀ ਕੱਟ, ਜਲਣ, ਨੱਕ-ਖੂਨ, ਸੱਪ ਦੇ ਕੱਟਣ



ਅਤੇ ਬੇਹੋਸ਼ ਹੋਣ ਜਿਹੀਆਂ ਸਥਿਤੀਆਂ ਨਾਲ ਨਜਿੱਠਣ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੇ ਮੁੱਢਲੀ ਸਹਾਇਤਾ ਬਾਕਸ ਦੇ ਸਹੀ ਇਸਤੇਮਾਲ ਅਤੇ ਐਮਰਜੈਂਸੀ ਵਿੱਚ ਸ਼ਾਂਤ ਰਹਿਣ ਦੀ ਮਹੱਤਤਾ ਬਾਰੇ ਵੀ ਦਸਿਆ । ਸਕੂਲ ਦੇ ਪ੍ਰਿੰਸੀਪਲ ਸ੍ਰੀ ਅਮਰੀਕ ਸਿੰਘ ਨੇ ਇਸ ਗਤੀਵਿਧੀ ਵਿੱਚ ਸਰਗਰਮ ਭਾਗੀਦਾਰੀ ਲਈ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸਭ ਨੂੰ ਬੁਨਿਆਦੀ ਮੁੱਢਲੀ ਸਹਾਇਤਾ ਦਾ ਗਿਆਨ ਰੱਖਣ ਅਤੇ ਜ਼ਰੂਰਤਮੰਦਾਂ ਦੀ ਮਦਦ ਲਈ ਹਮੇਸ਼ਾ ਤਿਆਰ ਰਹਿਣ ਲਈ ਪ੍ਰੇਰਿਤ ਕੀਤਾ।

## ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ 22 ਤੋਂ 26 ਤੱਕ ਪਲੇਸਮੈਂਟ ਕੈਂਪ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)** ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਐਸ.ਏ.ਐਸ ਨਗਰ ਦੇ ਡਿਪਟੀ ਡਾਇਰੈਕਟਰ, ਸ੍ਰੀਮਤੀ ਰੁਪਿੰਦਰ ਕੌਰ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਤਹਿਤ ਪੰਜਾਬ ਸਰਕਾਰ ਦੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅਤੇ ਮਾਡਲ ਕਰੀਅਰ ਸੈਂਟਰ, ਐਸ.ਏ.ਐਸ ਨਗਰ ਵੱਲੋਂ ਸੋਹਾਣਾ ਹਸਪਤਾਲ ਦੇ ਸਹਿਯੋਗ ਨਾਲ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਐਡਮਿਨ ਬਲਾਕ, ਸੋਹਾਣਾ ਹਸਪਤਾਲ ਵਿਖੇ ਮਿਤੀ 22 ਸਤੰਬਰ ਤੋਂ 26 ਸਤੰਬਰ ਤੱਕ, ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜਿਸ ਦਾ ਸਮਾਂ ਸਵੇਰੇ 10:00 ਵਜੇ ਤੋਂ ਸ਼ਾਮ 1 ਵਜੇ ਤੱਕ ਹੋਵੇਗਾ ਅਤੇ ਪ੍ਰਾਰਥੀ ਸਿੱਧੇ ਤੌਰ 'ਤੇ ਐਚ.ਆਰ. (ਐਚ ਆਰ) ਨਾਲ ਸੰਪਰਕ ਕਰਨ ।ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਲੜਕੇ ਅਤੇ ਲੜਕੀਆਂ ਭਾਗ ਲੈ ਸਕਦੇ ਹਨ। ਪ੍ਰਾਰਥੀਆਂ ਦੀ ਉਮਰ 18 ਤੋਂ 32 ਸਾਲ ਤੱਕ ਹੋਵੇਗੀ ਅਤੇ ਯੋਗਤਾ 10ਵੀਂ, 12ਵੀ, ਗਰੈਜੂਏਸ਼ਨ ਅਤੇ ਸਟਾਫ ਨਰਸ ਦੀਆਂ ਅਸਾਮੀਆਂ ਲਈ ਬੀ.ਐਸ.ਸੀ ਜੀ.ਐਨ.ਐਮ. ਨਰਸਿੰਗ ਪਾਸ ਲੋੜੀਂਦੀ ਹੈ।

## ਜਸਵੀਰ ਰਾਜਾ ਨੇ ਕਿਸਾਨ ਜਥੇਬੰਦੀਆਂ ਨਾਲ ਕੀਤੀ ਮੀਟਿੰਗ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਪੰਜਾਬ ਮੰਡੀ ਬੋਰਡ ਅਧੀਨ ਆਉਂਦੀ ਮਾਰਕੀਟ ਕਮੇਟੀ ਟਾਂਡਾ ਵਿੱਚ ਝੋਨੇ ਦੇ ਦੀ ਆਮਦ ਤੇਜ਼ ਹੋਣ ਤੋਂ ਪਹਿਲਾਂ ਖਰੀਦ ਪ੍ਰਬੰਧਾ ਦਾ ਜਾਇਜ਼ਾ ਲੈਣ ਲਈ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਵੱਖ-ਵੱਖ ਕਿਸਾਨ ਜਥੇਬੰਦੀਆਂ ਤੇ ਮਾਰਕੀਟ ਕਮੇਟੀ ਟਾਂਡਾ ਦੇ



ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਮੀਟਿੰਗ ਦੌਰਾਨ ਮਾਰਕੀਟ ਕਮੇਟੀ ਟਾਂਡਾ ਦੇ ਚੇਅਰਮੈਨ ਚੌਧਰੀ ਰਾਜਵਿੰਦਰ ਸਿੰਘ ਰਾਜਾ ਤੇ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਭਾਗ ਲੈਂਦੇ ਹੋਏ ਮੌਜੂਦਾ ਝੋਨੇ ਦੇ ਸੀਜ਼ਨ ਵਿੱਚ ਕਿਸਾਨਾਂ ਨੂੰ ਦਰਪੇਸ਼ ਆਉਣ ਵਾਲੀਆਂ ਮੁਸ਼ਕਿਲਾਂ ਸਬੰਧੀ ਵਿਚਾਰ ਵਟਾਂਦਰਾ।ਵਿਧਾਇਕ ਜਸਵੀਰ ਸਿੰਘ ਰਾਜਾ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਇਸ ਸੀਜਨ ਦੌਰਾਨ ਮਾਰਕਫੈਡ, ਐਫ ਸੀ ਆਈ, ਪਨਸਪ, ਪਨ ਗ੍ਰੇਨ ਏਜੰਸੀਆਂ ਝੋਨੇ ਦੀ ਖਰੀਦ ਕਰ ਰਹੀਆਂ ਹਨ।ਇਸ ਮੌਕੇ ਬਾਬਾ ਕਿਸਾਨ ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਜੰਗਵੀਰ ਸਿੰਘ ਚੌਹਾਨ ਕਿਸਾਨ ਸੰਘਰਸ਼ ਕਮੇਟੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲਾ ਪ੍ਰਧਾਨ ਪਰਮਜੀਤ ਸਿੰਘ ਭੁੱਲਾ, ਬੀ ਕੇ ਯੂ ਆਜ਼ਾਦ ਤੋਂ ਸੂਬਾ ਪ੍ਰਧਾਨ ਅਮਰਜੀਤ ਸਿੰਘ ਰਾੜਾ ਅਤੇ ਕਿਸਾਨ ਆਗੂ ਗਗਨ ਮੋਹਾ ਨੇ ਭਾਗ ਲੈਂਦੇ ਹੋਏ ਝੋਨੇ ਦੇ ਸੀਜਨ ਸਬੰਧੀ ਦਰਪੇਸ਼ ਹੋਣ ਵਾਲੀਆਂ ਮੁਸ਼ਕਿਲਾਂ ਤੋਂ ਵਿਧਾਇਕ ਰਾਜਾ ਨੂੰ ਜਾਣੂ ਕਰਵਾਇਆ। ਏ. ਐਫ . ਐਸ.ਓ ਮੁਨੀਸ਼ ਬਸੀ, ਸਰਪੰਚ ਸੁਖਵਿੰਦਰਜੀਤ ਸਿੰਘ ਝਾਵਰ, ਸਰਪੰਚ ਮਨਪ੍ਰੀਤ ਗੋਲਡੀ ਨਰਵਾਲ, ਮੰਡੀ ਸੁਪਰਵਾਈਜ਼ਰ ਅਮਰਜੀਤ ਸਿੰਘ ਜੋਨੀ ,ਮੰਡੀ ਸੁਪਰਵਾਈਜ਼ਰ ਨਵਰੀਤ ਸਿੰਘ, ਜ਼ਿਲ੍ਹਾ ਪ੍ਰਧਾਨ ਮਨਵੀਰ ਝਾਵਰ, ਪ੍ਰਧਾਨ ਅਵਤਾਰ ਸਿੰਘ, ਪਵਨ ਚੱਡਾ, ਰਾਕੇਸ਼ ਵੋਹਰਾ, ਨੰਬਰਦਾਰ ਮਨਿੰਦਰਜੀਤ ਸਿੰਘ ਮਨੀ ਆਦਿ ਵੀ ਹਾਜ਼ਰ ਸਨ।

## ਬੱਚੇ ਦੀ ਹੱਤਿਆ ਦੇ ਦੋਸ਼ੀ ਨੂੰ ਫਾਸਟ ਟਰੈਕ ਅਦਾਲਤ ਰਾਹੀਂ ਸਜ਼ਾ ਦੇਣ ਦੀ ਮੰਗ



**ਮਾਹਿਲਪੁਰ (ਸ਼ਫ਼ਰੀ)**- ਪਿਛਲੇ ਦਿਨੀ ਹੁਸ਼ਿਆਰਪੁਰ ਵਿਖੇ ਇੱਕ ਦਰਿੰਦੇ ਵੱਲੋਂ ਪੰਜ ਸਾਲਾ ਬੱਚੇ ਦੇ ਕੀਤੇ ਦਰਦਨਾਕ ਕਤਲ ਖਿਲਾਫ ਅਤੇ ਉਸ ਤੋਂ ਬਾਅਦ ਪੰਜਾਬ ਵਿੱਚ ਗਿਣੀ ਮਿਥੀ ਸਾਜਿਸ਼ ਤਹਿਤ ਦੇਸ਼ ਦੇ ਵੱਖ-ਵੱਖ ਰਾਜਾਂ ਦੇ ਕੰਮ ਕਰਦੇ ਕਿਰਤੀਆਂ ਖਿਲਾਫ ਛੇੜੀ ਮੁਹਿੰਮ ਦੇ ਖਿਲਾਫ ਵੱਖ ਵੱਖ ਜਥੇਬੰਦੀਆਂ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੇ ਬੈਨਰ ਹੇਠ ਇਕੱਤਰ ਹੋ ਕੇ ਸਥਾਨਕ ਐਸ ਡੀ ਐਮ ਦਫਤਰ ਵਿਖੇ ਮਾਨਯੋਗ ਐਸ ਡੀ ਐਮ ਗੜ੍ਹਸ਼ੰਕਰ ਨੂੰ ਮਿਲਿਆ ਗਿਆ। ਇਸ ਵੇਲੇ ਗੱਲਬਾਤ ਕਰਨ ਤੋਂ ਪਹਿਲਾਂ ਸਮੂਹ ਵੱਖ ਵੱਖ ਜਥੇਬੰਦੀਆਂ ਦੇ ਆਗੂ ਅਤੇ ਵਰਕਰਾਂ ਵੱਲੋਂ ਪੰਜ ਸਾਲਾਂ ਬੱਚੇ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਉਸ ਉਪਰੰਤ ਐਸ ਡੀ ਐਮ ਨੂੰ ਮੰਗ ਕੀਤੀ ਗਈ ਕਿ ਇਸ ਘਟਨਾ ਦੇ ਦੋਸ਼ੀ ਨੂੰ ਫਾਸਟ ਟਰੈਕ ਅਦਾਲਤ ਰਾਹੀਂ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ ਉੱਥੇ ਇਸ ਦੀ ਆੜ ਹੇਠ ਪੰਜਾਬ ਦੇ ਵੱਖ ਵੱਖ ਪਿੰਡਾਂ, ਸ਼ਹਿਰਾਂ ਵਿੱਚ ਚਲਾਈ ਜਾ ਰਹੀ ਫਿਰਕੂ ਵੰਡ ਤਹਿਤ ਕੰਮ ਕਰਦੇ ਕਿਰਤੀਆਂ ਨੂੰ ਡਰਾਉਣ, ਧਮਕਾਉਣ ਅਤੇ ਪੰਜਾਬ ਤੋਂ ਬਾਹਰ ਕੱਢਣ ਦੇ ਮਨਸੂਬਿਆਂ ਖਿਲਾਫ ਪ੍ਰਸ਼ਾਸਨ ਤੋਂ ਮੰਗ ਕੀਤੀ ਗਈ ਕਿ ਸਮਾਜ ਵਿੱਚ ਨਫਰਤ ਫਲਾਉਣ ਵਾਲੇ ਫਿਰਕੂ ਅਨਸਰਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਇਸ ਵਫਦ ਵਿੱਚ ਗੁਰਨੇਕ ਸਿੰਘ ਭੱਜਲ, ਹਰਮੇਸ਼ ਸਿੰਘ ਢੇਸੀ, ਕਲਭੂਸ਼ਣ ਮਹਿੰਦਵਾਣੀ, ਦਰਸ਼ਨ ਸਿੰਘ ਮੱਟੂ, ਪ੍ਰੋਫੈਸਰ ਕੁਲਵੰਤ ਸਿੰਘ ਗੋਲੇਵਾਲ,ਕੁਲਵਿੰਦਰ ਚਾਹਲ, ਪ੍ਰਿੰਸੀਪਲ ਡਾ. ਬਿੱਕਰ ਸਿੰਘ, ਮੁਕੇਸ਼ ਕੁਮਾਰ, ਬਲਵੀਰ ਸਿੰਘ ਚਾਹਲਪੁਰ, ਰਾਮਜੀਤ ਸਿੰਘ ਦੇਨੋਵਾਲ ਕਲਾਂ, ਹੰਸਰਾਜ ਗੜ੍ਹ ਸ਼ੰਕਰ,ਮਹਿੰਦਰ ਪ੍ਰੇਮ ਰਾਣਾ, ਨਿਰਮਲ ਸਿੰਘ, ਬਾਲਾ ਸਿੰਘ,ਕਸ਼ਮੀਰ ਸਿੰਘ, ਸਤਨਾਮ ਸਿੰਘ ਭਜਲ ਆਦਿ ਹਾਜ਼ਰ ਸਨ।

## ਮੰਡੀਆਂ 'ਚ ਕਿਸਾਨਾਂ ਦੀ ਲੁੱਟ ਨਹੀਂ ਹੋਣ ਦਿੱਤੀ ਜਾਵੇਗੀ : ਸਰਵਣ ਸਿੰਘ ਬਾਊਪੁਰ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਇੱਕ ਵਿਸ਼ੇਸ਼ ਮੀਟਿੰਗ ਜਿਲ੍ਹਾ ਕਪੂਰਥਲਾ ਦੇ ਪ੍ਰਧਾਨ ਸਰਵਣ ਸਿੰਘ ਬਾਊਪੁਰ ਦੀ ਅਗਵਾਈ ਵਿੱਚ ਦਾਣਾ ਮੰਡੀ ਸੁਲਤਾਨਪੁਰ ਲੋਧੀ ਵਿਖੇ ਹੋਈ ਜਿਸ ਵਿੱਚ ਵੱਡੀ ਗਿਣਤੀ 'ਚ ਇਲਾਕੇ ਦੇ ਕਿਸਾਨਾਂ ਨੇ ਭਾਗ ਲਿਆ, ਅਤੇ ਜਿਲ੍ਹਾ ਪ੍ਰਧਾਨ ਨੂੰ ਕਿਸਾਨਾਂ ਵੱਲੋਂ ਆਪਣੀਆਂ ਮੁਸ਼ਕਿਲਾਂ ਦੇ ਬਾਰੇ ਜਾਣੂ ਕਰਵਾਇਆ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਜ਼ਿਲ੍ਹਾ



ਪ੍ਰਧਾਨ ਸਰਵਣ ਸਿੰਘ ਬਾਊਪੁਰ ਨੇ ਕਿਹਾ ਕਿ ਮੰਡੀ ਵਿੱਚ ਕਿਸੇ ਵੀ ਕੀਮਤ 'ਤੇ ਕਿਸਾਨਾਂ ਦੀ ਲੁੱਟ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਹਨਾਂ ਨੇ ਕਿਹਾ ਕਿ ਜੇਕਰ ਇਸ ਤਰ੍ਹਾਂ ਹੁੰਦਾ ਹੈ ਤਾਂ ਸਾਡੀ ਜਥੇਬੰਦੀ ਵੱਲੋਂ ਮੁੱਖ ਮੰਤਰੀ, ਮੰਤਰੀਆਂ, ਵਿਧਾਇਕਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਵੀ ਘੇਰਾਓ ਕੀਤਾ ਜਾਵੇਗਾ। ਜ਼ਿਲ੍ਹਾ ਪ੍ਰਧਾਨ ਬਾਊਪੁਰ ਨੇ ਕਿਹਾ ਕਿ ਹੁਣ ਇੱਕ ਪੰਜਾਬ ਸਰਕਾਰ ਵੱਲੋਂ ਨਵਾਂ ਹੀ ਕਾਨੂੰਨ ਪਾਸ ਕੀਤਾ ਗਿਆ ਹੈ, ਜੋ ਕਿ ਕਿਸਾਨਾਂ ਲਈ ਸਿਰ ਦਰਦੀ ਦਾ ਕਾਰਨ ਬਣਿਆ ਹੋਇਆ। ਜਿਸ ਵਿੱਚ ਕਿਸਾਨਾਂ ਨੂੰ ਬਾਇਓਮੈਟ੍ਰਿਕਸ ਕਰਨ ਲਈ ਕਿਹਾ ਜਾ ਰਿਹਾ ਹੈ, ਉਹਨਾਂ ਨੇ ਕਿਹਾ ਕਿ ਇਹ ਕਿਸੇ ਵੀ ਕੀਮਤ ਦੇ ਸੰਭਵ ਨਹੀਂ ਹੈ, ਕਿਉਂਕਿ ਕਿਸਾਨ ਆਪਣੇ ਸੀਜ਼ਨ ਦੌਰਾਨ ਕੰਮਾਂ 'ਚ ਰੁੱਝੇ ਹੋਏ ਹਨ। ਬਾਊਪੁਰ ਨੇ ਕਿਹਾ ਕਿ ਜੇਕਰ ਪਰਾਲੀ ਸਾੜਨ ਨੂੰ ਲੈ ਕੇ ਕਿਸਾਨਾਂ 'ਤੇ ਕੋਈ ਕਾਨੂੰਨੀ ਕਾਰਵਾਈ ਜਾਂ ਕੋਈ ਜੁਰਮਾਨਾ ਲਗਾਇਆ ਜਾਂਦਾ ਹੈ, ਤਾਂ ਉਸ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ। ਅਤੇ ਖੇਤੀਬਾੜੀ ਦੇ ਅਧਿਕਾਰੀਆਂ ਨੂੰ ਖੇਤਾਂ ਚ ਨਹੀਂ ਵੜਨ ਦਿੱਤਾ ਜਾਵੇਗਾ । ਇਸ ਮੌਕੇ ਪਰਮਜੀਤ ਸਿੰਘ ਪੱਕਾ ਕੋਠਾ, ਹਾਕਮ ਸਿੰਘ ਸ਼ਾਹਜਹਾਨਪੁਰ, ਜੋਗਾ ਸਿੰਘ, ਮਹਿੰਦਰ ਸਿੰਘ, ਬਲਜਿੰਦਰ ਸਿੰਘ ਸ਼ੇਰਪੁਰ, ਬਲਕਾਰ ਸਿੰਘ ਸ਼ੇਰਪੁਰ, ਪੁਸ਼ਪਿੰਦਰ ਸਿੰਘ ਮੋਮੀ ਰਣਧੀਰਪੁਰ ਆਦਿ ਮੌਜੂਦ ਸਨ।

## ਫੋਰਟਿਸ ਹੈੱਲਥਕੇਅਰ ਮੋਹਾਲੀ ਵਿਖੇ 900 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਕਰੇਗਾ: ਸੰਜੀਵ ਅਰੋੜਾ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਦਅੰਦੇਸ਼ ਅਗਵਾਈ ਹੇਠ ਪੰਜਾਬ ਨੂੰ ਜੀਵੰਤ, ਸਿਹਤਮੰਦ ਅਤੇ ਸਮੇਂ ਦਾ ਹਾਣੀ ਬਣਾਉਣ ਦੇ ਕਦਮ ਵਜੋਂ, ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਐਲਾਨ ਕੀਤਾ ਕਿ ਫੋਰਟਿਸ ਹੈਲਥਕੇਅਰ ਨੇ ਆਪਣੇ ਮੌਜੂਦਾ ਕੈਂਪਸ ਦਾ ਹੋਰ ਵਿਸਥਾਰ ਕਰਨ ਲਈ ਮੋਹਾਲੀ ਵਿੱਚ 900 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਕਰਨ ਦਾ ਫੈਸਲਾ ਕੀਤਾ ਹੈ। ਇਸ ਵਿਸਥਾਰ ਯੋਜਨਾ ਤਹਿਤ ਫੋਰਟਿਸ



ਹੈਲਥਕੇਅਰ 400 ਤੋਂ ਵੱਧ ਬਿਸਤਰਿਆਂ ਦੀ ਸਮਰੱਥਾ ਵਧਾਏਗਾ, ਜਿਸ ਨਾਲ ਇੱਕ ਵਿਸ਼ਵ ਪੱਧਰੀ ਤੇ ਹੋਰ ਮਿਆਰੀ ਸਿਹਤ ਸਹੂਲਤਾਂ ਉਪਲਬਧ ਹੋਣਗੀਆਂ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਕਿਹਾ ਕਿ ਇਸ ਵਿਸਥਾਰ ਨਾਲ ਫੋਰਟਿਸ ਹਸਪਤਾਲ ਮੋਹਾਲੀ ਦਾ ਇਹ ਏਕੀਕ੍ਰਿਤ ਸਿਹਤ ਸੰਭਾਲ ਕੈਂਪਸ 13.4 ਏਕੜ ਤੋਂ ਵੱਧ ਵਿੱਚ ਫੈਲ ਜਾਵੇਗਾ। ਇਹ ਪ੍ਰੋਜੈਕਟ 2500 ਤੋਂ ਵੱਧ ਵਿਅਕਤੀਆਂ ਨੂੰ ਸਿੱਧੇ ਤੌਰ ਤੇ ਰੋਜ਼ਗਾਰ ਮਿਲੇਗਾ ਅਤੇ 2,200 ਤੋਂ ਵੱਧ ਵਿਅਕਤੀਆਂ ਲਈ ਅਸਿੱਧੀਆਂ ਨੌਕਰੀਆਂ ਪੈਦਾ ਹੋਣਗੀਆਂ, ਜਿਸ ਨਾਲ ਪੰਜਾਬ ਦੀ ਉੱਨਤ ਸਿਹਤ ਸੰਭਾਲ ਅਤੇ ਮੈਡੀਕਲ ਟੂਰਿਜ਼ਮ ਹੱਬ ਵਜੋਂ ਭੂਮਿਕਾ ਵਧੇਗੀ।

## ਆਪ ਦੇ ਨਵ-ਨਿਯੁਕਤ ਸੰਗਠਨ ਇੰਚਾਰਜ ਟਾਂਡਾ ਕੇਸ਼ਵ ਸੈਣੀ ਨੂੰ ਕੀਤਾ ਸਨਮਾਨਤ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਆਮ ਆਦਮੀ ਪਾਰਟੀ ਹਲਕਾ ਟਾਂਡਾ ਦੇ ਨਵ ਨਿਯੁਕਤ ਸੰਗਠਨ ਇੰਚਾਰਜ ਕੇਸ਼ਵ ਸਿੰਘ ਸੈਣੀ ਨੂੰ ਹਰਸੀ ਪਿੰਡ ਵਿਖੇ ਸਮੂਹ ਗ੍ਰਾਮ ਪੰਚਾਇਤ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸਰਪੰਚ ਰਸਪਾਲ ਸਿੰਘ ਦੀ ਅਗਵਾਈ ਵਿੱਚ ਹੋਏ ਸਨਮਾਨ ਸਮਾਰੋਹ ਦੌਰਾਨ ਸਮੂਹ ਗ੍ਰਾਮ ਪੰਚਾਇਤ ਤੇ ਪਿੰਡ ਵਾਸੀਆਂ ਨੇ ਸੰਗਠਨ ਇੰਚਾਰਜ ਕੇਸ਼ਵ ਸਿੰਘ ਸੈਣੀ ਦਾ ਸਨਮਾਨ ਕਰਦੇ ਹੋਏ ਆਮ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕੀਤਾ। ਇਸ ਮੌਕੇ ਸਰਪੰਚ ਰਸ਼ਪਾਲ ਸਿੰਘ ਨੇ ਕਿਹਾ ਕਿ ਕੇਸ਼ਵ ਸਿੰਘ ਸੈਣੀ ਜੋ ਪਹਿਲਾਂ ਆਮ ਆਦਮੀ ਪਾਰਟੀ ਬਲਾਕ ਪ੍ਰਧਾਨ ਦੀਆਂ ਸੇਵਾਵਾਂ ਦੇ ਰਹੇ ਸਨ ਹੁਣ ਸੰਗਠਨ ਇੰਚਾਰਜ ਬਣਨ ਨਾਲ ਹੋਰ ਵੀ ਜਿਆਦਾ ਮਿਹਨਤ ਅਤੇ ਲਗਨ ਨਾਲ ਕੰਮ ਕਰਦੇ ਹੋਏ ਪਾਰਟੀ ਦੀਆਂ ਨੀਤੀਆਂ ਬਾਰੇ ਲੋਕਾਂ ਨੂੰ ਜਾਣੂ ਕਰਵਾਉਣਗੇ। ਇਸ ਮੌਕੇ ਕੇਸ਼ਵ ਸਿੰਘ ਸੈਣੀ ਨੇ ਪਿੰਡ ਦੀ ਸਮੂਹ ਗ੍ਰਾਮ ਪੰਚਾਇਤ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹਨਾਂ ਨੂੰ ਇਹ ਸੇਵਾ ਪਾਰਟੀ ਦੇ ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ , ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ, ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਦੇ ਦਿਸ਼ਾ ਨਿਰਦੇਸ਼ਾਂ ਨਾਲ ਮਿਲੀ ਹੈ ਜਿਸ ਨੂੰ ਉਹ ਪੂਰੀ ਜਿੰਮੇਵਾਰੀ ਅਤੇ ਤਨ ਦੇਹੀ ਨਾਲ ਨਿਭਾਉਂਦੇ ਹੋਏ ਪਾਰਟੀ ਦੀ ਬਿਹਤਰੀ ਵਾਸਤੇ ਕੰਮ ਕਰਨਗੇ। ਇਸ ਮੌਕੇ ਪੰਚ ਜਗਜੀਤ ਸਿੰਘ, ਪੰਚ ਜਸਦੀਪ ਸਿੰਘ, ਪੰਚ ਸੁਖਵਿੰਦਰ ਸਿੰਘ, ਮਾਸਟਰ ਕਸ਼ਮੀਰਾ ਸਿੰਘ, ਗੁਰਜੀਤ ਸਿੰਘ ,ਗੁਰਦੀਪ ਸਿੰਘ, ਦਰਸ਼ਨ ਸਿੰਘ, ਪੰਚ ਗੁਰਮੀਤ ਕੌਰ, ਸੁਰਜੀਤ ਸਿੰਘ ਭੁਪਿੰਦਰ ਸਿੰਘ, ਗਗਨਪ੍ਰੀਤ ਸਿੰਘ, ਹਰਪ੍ਰੀਤ ਸਿੰਘ, ਕੁਲਦੀਪ ਸਿੰਘ, ਚਰਨਜੀਤ ਸਿੰਘ, ਮਨਪ੍ਰੀਤ ਸਿੰਘ, ਸਾਹਿਲ, ਲਵਦੀਪ ਸਿੰਘ, ਸੋਡੀ ਤੇ ਜ਼ਿਮੀਂ ਆਦਿ ਹਾਜ਼ਰ ਸਨ।

## ਹੜ੍ਹਾਂ ਪ੍ਰਭਾਵਤ ਇਲਾਕਿਆਂ 'ਚ ਮੈਡੀਕਲ ਕੈਂਪ ਲਗਾ ਕੇ 4500 ਮਰੀਜ਼ਾਂ ਦਾ ਕੀਤਾ ਮੁਫਤ ਇਲਾਜ : ਹਰਜੋਤ ਬੈਂਸ

**ਭਲਾਣ (ਹਰਭਜਨ ਢਿੱਲੋਂ)**- ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਕਿਹਾ ਹੈ ਕਿ ਹਿਮਾਚਲ ਪ੍ਰਦੇਸ਼ ਦੇ ਨਾਲ ਲੱਗਦੇ ਪੰਜਾਬ ਦੇ ਇਲਾਕਿਆਂ ਵਿੱਚ ਹੜ੍ਹਾਂ ਵਰਗੇ ਹਾਲਾਤਾਂ ਦੌਰਾਨ ਜਦੋਂ ਦਰਿਆਵਾਂ, ਨਹਿਰਾਂ ਅਤੇ ਖੱਡਾਂ ਅਤੇ ਬਰਸਾਤੀ ਪਾਣੀ ਪੂਰੇ ਉਫਾਨ ਤੇ ਸੀ ਅਤੇ ਸੜਕਾ ਦਾ ਨੈਟਵਰਕ ਟੁੱਟ ਚੁੱਕਾ ਸੀ, ਅਜਿਹੇ ਸਮੇਂ ਵਿੱਚ ਸਾਡੀਆਂ ਟੀਮਾਂ ਨੇ ਪ੍ਰਸਾਸ਼ਨ ਦੇ ਸਹਿਯੋਗ ਨਾਲ ਟਰੈਕਟਰਾਂ ਅਤੇ ਕਿਸ਼ਤੀਆਂ ਰਾਹੀ ਲੋੜਵੰਦਾਂ ਤੱਕ ਜਿੱਥੇ ਰਾਹਤ ਸਮੱਗਰੀ, ਰਸਦ, ਪਸ਼ੂ ਚਾਰਾ ਅਤੇ ਜਰੂਰੀ ਵਸਤੂਆਂ ਬਿਨਾ ਦੇਰੀ ਪਹੁੰਚਾਈਆਂ, ਉਥੇ ਇਸ ਇਲਾਕੇ ਵਿੱਚ ਸਿਹਤ ਵਿਭਾਗ ਨੇ ਮੈਡੀਕਲ ਸਹੂਲਤਾਂ ਦੇਣ ਵਿੱਚ ਕੋਈ ਕਸਰ ਨਹੀ ਛੱਡੀ। ਸਾਡੇ ਸਰਕਾਰੀ ਹਸਪਤਾਲ,ਪ੍ਰਾਇਮਰੀ ਹੈਲਥ ਸੈਂਟਰ ਅਤੇ ਆਮ ਆਦਮੀ ਕਲੀਨਿਕ ਇਲਾਕੇ ਵਿੱਚ ਮਰੀਜ਼ਾ ਨੂੰ ਨਿਰਵਿਘਨ ਸਿਹਤ ਸਹੂਲਤਾਂ ਉਪਲੱਬਧ ਕਰਵਾ ਰਹੇ ਹਨ। ਸ.ਬੈਂਸ ਨੇ ਦੱਸਿਆ ਕਿ ਪ੍ਰਭਾਵਿਤ ਇਲਾਕਿਆਂ ਵਿਚ 366 ਮੈਡੀਕਲ ਕੈਂਪ ਲਗਾ ਕੇ 4500 ਮਰੀਜ਼ਾਂ ਦਾ ਇਲਾਜ, ਦਵਾਈਆਂ ਤੇ ਟੈਸਟ ਮੁਫਤ ਕੀਤੇ ਗਏ, ਉਨ੍ਹਾਂ ਨੂੰ ਆਪਣੇ ਘਰਾਂ ਦੇ ਨਜ਼ਦੀਕ ਸਿਹਤ ਸਹੂਲਤਾਂ ਉਪਲੱਬਧ ਕਰਵਾਉਣ ਲਈ ਕਈ ਵਾਰ ਮੈਡੀਕਲ ਟੀਮਾਂ ਇਨ੍ਹਾਂ ਦੂਰ ਦੁਰਾਡੇ ਦੇ ਪਿੰਡਾਂ ਵਿਚ ਟਰੈਕਟਰਾਂ ਅਤੇ ਕਿਸ਼ਤੀਆਂ ਰਾਹੀ ਪਹੁੰਚਾਈਆਂ ਗਈਆਂ। ਪੀ.ਐਚ.ਸੀ ਕੀਰਤਪੁਰ ਸਾਹਿਬ ਦੇ ਸੀਨੀਅਰ ਮੈਡੀਕਲ ਅਫ਼ਸਰ ਇੰ: ਡਾਕਟਰ ਜੰਗਜੀਤ ਸਿੰਘ ਨੇ ਦੱਸਿਆ ਕਿ ਹੜ੍ਹਾਂ ਦੀ ਮਾਰ ਹੇਠ ਆਏ ਇਲਾਕਿਆਂ ਵਿਚ ਉਹਨਾਂ ਦੀ ਟੀਮ ਵੱਲੋਂ ਹੁਣ ਤੱਕ 366 ਕੈਂਪ ਲਾਏ ਗਏ ਹਨ। ਇਹਨਾਂ ਕੈਂਪਾਂ ਦੌਰਾਨ 616 ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਅਤੇ ਸਿਹਤ ਸਹੂਲਤਾਂ ਉਪਲੱਬਧ ਕਰਵਾਈਆਂ ਗਈਆਂ। ਡਾਕਟਰ ਜੰਗਜੀਤ ਸਿੰਘ ਨੇ ਦੱਸਿਆ ਕਿ ਟੀਮ ਵੱਲੋਂ 8 ਹੜ੍ਹ ਪੀੜਤ ਵਿਅਕਤੀਆਂ ਨੂੰ ਸੁਰੱਖਿਅਤ ਪਾਣੀ ਵਿਚੋਂ ਕੱਢ ਕੇ ਉਹਨਾਂ ਨੂੰ ਮੌਕੇ 'ਤੇ ਮੁੱਢਲੀ ਡਾਕਟਰੀ ਸਹਾਇਤਾ ਮੁਹੱਈਆ ਕਰਵਾ ਕੇ ਉਹਨਾਂ ਦੀ ਜਾਨ ਬਚਾਈ ਗਈ ਅਤੇ ਸੁਰੱਖਿਅਤ ਸਿਵਲ ਹਸਪਤਾਲ ਨੰਗਲ ਸ਼ਿਫਟ ਕੀਤਾ ਗਿਆ। ਇਹਨਾਂ ਮਰੀਜ਼ਾਂ ਵਿਚ 2 ਗਰਭਵਤੀ ਔਰਤਾਂ, ਸੱਪ ਦੇ ਡੰਗ ਤੋਂ ਪੀੜ੍ਹਤ ਵਿਅਕਤੀ, ਹਾਈ ਬੀ.ਪੀ ਅਤੇ ਹਾਈਪਰਟੈਂਸ਼ਨ ਦੇ ਮਰੀਜ਼ ਸ਼ਾਮਲ ਸਨ।

## ਟਰੱਕ ਨੂੰ ਅੱਗ, ਜਾਨੀ ਨੁਕਸਾਨ ਤੋਂ ਬਚਾਅ



**ਫਿਲੌਰ (ਨਿਰਮਲ)**- ਟਰੱਕ ਚਾਲਕ ਡਰਾਈਵਰ ਸੰਦੀਪ ਨੇ ਦੱਸਿਆ ਕਿ ਉਹ ਗੱਡੀ ਲੈ ਕੇ ਕਪੂਰਥਲਾ ਤੋਂ ਅੰਬਾਲਾ ਵੱਲ ਨੂੰ ਜਾ ਰਿਹਾ ਸੀ ਕਿ ਫਿਲੌਰ ਗੁਰਾਇਆ ਦੇ ਨਜ਼ਦੀਕ ਆਰ ਸੀ ਪਲਾਜ਼ਾ ਦੇ ਕੋਲ ਗੱਡੀ ਵਿੱਚੋਂ ਅੱਗ ਦੇ ਚੰਗਿਆੜੇ ਨਿਕਲਣ ਲੱਗ ਪਏ। ਜਦੋਂ ਗੱਡੀ ਨੂੰ ਜ਼ਿਆਦਾ ਅੱਗ ਲੱਗ ਗਈ ਤੇ ਗੱਡੀ ਓਵਰ ਕੰਟਰੋਲ ਹੋ ਕੇ ਹਾਈਵੇ ਦੇ ਤੀਸਰੀ ਲਾਈਨ 'ਚ ਆਣ ਕੇ ਸੀਵਰੇਜ ਦੀ ਪੁਲੀ ਵਿਚ ਜਾ ਵੱਜੀ ਉਦੋਂ ਤੱਕ ਗੱਡੀ ਪੂਰੀ ਤਰ੍ਹਾਂ ਅੱਗ ਦੀ ਲਪੇਟ ਵਿਚ ਆ ਕੇ ਝੁਲਸ ਗਈ ਸੀ। ਜਾਣਕਾਰੀ ਅਨੁਸਾਰ ਗੱਡੀ ਵਿੱਚ ਬ੍ਰੈਡ ਦਾ ਚੂਰਾ ਲੱਦਿਆ ਹੋਇਆ ਸੀ। ਸੜਕ ਸੁਰੱਖਿਆ ਤੇ ਗੁਰਾਇਆ ਦੀ ਪੁਲਸ ਨੇ ਫਿਲੌਰ ਫਾਇਰ ਬ੍ਰਿਗੇਡ ਨੂੰ ਫੋਨ ਕੀਤਾ ਤਾਂ ਦੁਰਘਟਨਾ ਦੀ ਜਗ੍ਹਾ 'ਤੇ ਫਾਇਰ ਬ੍ਰਿਗੇਡ ਦੀਆਂ ਦੋ ਗੱਡੀਆਂ ਨੇ ਅੱਗ 'ਤੇ ਕਾਬੂ ਪਾਇਆ। ਅੱਗ ਨਾਲ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਸੜਕ ਸੁਰੱਖਿਆ ਫੋਰਸ ਦੇ ਇੰਚਾਰਜ ਥਾਣੇਦਾਰ ਸਰਬਜੀਤ ਨੇ ਦੱਸਿਆ ਕਿ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ।

## ਬਾਬਾ ਗੁਰਦਿਆਲ ਸਿੰਘ ਤੇ ਹੋਰ ਮਹਾਪੁਰਸ਼ਾਂ ਵੱਲੋਂ ਇਕੋਤਰੀ ਸਮਾਗਮ ਦੌਰਾਨ ਗੁਰਬਾਣੀ ਕੀਰਤਨ ਦਾ ਪ੍ਰਵਾਹ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਮਹਾਨ ਸਲਾਨਾ ਇਕੋਤਰੀ ਸਮਾਗਮ ਦੇ ਚੱਲਦਿਆਂ ਜਿੱਥੇ ਟਾਂਡਾ ਵਿਚ ਇਸ ਸਮੇਂ ਗੁਰਮਤਿ ਤੇ ਪ੍ਰਚਾਰ ਤੇ ਪ੍ਰਸਾਰ ਕਾਰਨ ਮਾਹੌਲ ਪੂਰੀ ਤਰ੍ਹਾਂ ਅੰਮ੍ਰਿਤਮਈ ਬਣਿਆ ਹੋਇਆ ਹੈ । ਉੱਥੇ ਸੰਤ ਬਾਬਾ ਗੁਰਦਿਆਲ ਸਿੰਘ ਜੀ ਵਲੋਂ ਰੋਜ਼ਾਨਾ ਅੰਮ੍ਰਿਤ ਵੇਲੇ ਹਜ਼ਾਰਾਂ ਸੰਗਤਾਂ ਨੂੰ ਗੁਰਬਾਣੀ ਰਸ ਨਾਲ ਜੋੜ ਕੇ ਬਾਣੀ ਤੇ ਬਣੇ ਨਾਲ ਜੁੜਨ ਲਈ ਪ੍ਰੇਰਿਆ ਜਾ ਰਿਹਾ ਹੈ। ਇਸ ਮੌਕੇ ਕਰਵਾਏ ਗਏ ਵਿਸ਼ਾਲ ਗੁਰਮਤਿ ਸਮਾਗਮ ਦੌਰਾਨ ਜਿੱਥੇ ਪੂਰਨ ਗੁਰਮਰਿਆਦਾ ਹੇਠ ਤੀਸਰੀ ਲੜੀ ਦੀ ਆਰੰਭਤਾ ਹੋਈ । ਉੱਥੇ ਇਸ ਮੌਕੇ ਸਜਾਏ ਗਏ ਗੁਰਮਤਿ ਸਮਾਗਮ ਦੌਰਾਨ ਬਾਬਾ ਗੁਰਦਿਆਲ ਸਿੰਘ ਨੇ ਦੇਸ਼-ਵਿਦੇਸ਼ ਅੰਦਰ ਅੰਮ੍ਰਿਤਰੂਪੀ ਮਹਾਂਕੁੰਭ ਦੇ ਨਾਂਅ ਨਾਲ ਜਾਣੇ ਜਾਂਦੇ ਇਸ ਇਕੋਤਰੀ ਸਮਾਗਮ ਨੂੰ ਸਤਿਗੁਰੂ ਦੇ ਸੰਦੇਸ਼ ਤੇ ਸਿੱਖੀ ਸਿਧਾਂਤਾਂ ਦਾ ਪ੍ਰਤੀਕ ਦੱਸਿਆ । ਇਸ ਮੌਕੇ ਬਾਬਾ ਗੁਰਦਿਆਲ ਸਿੰਘ ਵਲੋਂ ਹਾਜ਼ਰ ਸੰਤਾਂ-ਮਹਾਂਪੁਰਸ਼ਾ ਦਾ



ਸਨਮਾਨ ਵੀ ਕੀਤਾ। ਵਰਨਣਯੋਗ ਹੈ ਕਿ ਇਹਨਾਂ ਇਕੋਤਰੀ ਸਮਾਗਮਾਂ ਦੌਰਾਨ 101 ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਦੇ ਸੰਪੂਰਨਤਾ ਭੋਗ 7 ਅਕਤੂਬਰ ਨੂੰ ਪੈਣਗੇ, ਇਸ ਮੌਕੇ ਸਵੇਰੇ 9 ਵਜੇ ਤੋਂ 3 ਵਜੇ ਤੱਕ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ, ਜਿਸ ਵਿਚ ਸੰਤ ਮਹਾਂਪੁਰਸ਼ਾ ਤੇ ਪੰਥਕ ਸ਼ਖਸ਼ੀਅਤਾਂ ਹਿੱਸਾ ਲੈਣਗੀਆਂ। ਸਜਾਏ ਗਏ ਗੁਰਮਤਿ ਸਮਾਗਮ ਦੌਰਾਨ ਜੱਥੇਦਾਰ ਭਾਈ ਹਰਮੇਲ ਪ੍ਰਕਾਸ਼ ਸਿੰਘ, ਬਾਬਾ ਹਰਜਿੰਦਰ ਸਿੰਘ, ਭਾਈ ਹੀਰਾ ਸਿੰਘ, ਭਾਈ ਸੁਮੀਤ ਸਿੰਘ, ਭਾਈ ਗੁਰਦੀਪ ਸਿੰਘ ਮੂਮ, ਭਾਈ ਅਰਜਨ ਸਿੰਘ, ਭਾਈ ਜੋਰਾਵਰ ਸਿੰਘ ਆਦਿ ਹਾਜ਼ਰ ਸਨ।

## ਹੁਸ਼ਿਆਰਪੁਰ ਦੀਆਂ ਟੈਸਟ ਲੈਬਾਂ 'ਚ ਮਰੀਜ਼ਾਂ ਨੂੰ ਮਿਲੇਗੀ ਛੋਟ : ਸੰਗੀਤਾ ਮਿਤਲ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਮਰੀਜ਼ਾਂ ਨੂੰ ਹੁਸ਼ਿਆਰਪੁਰ ਸ਼ਹਿਰ ਦੀਆਂ ਵੱਖ-ਵੱਖ ਲੈਬਾਂ ਵਿੱਚ ਟੈਸਟ ਦਰਾਂ 'ਤੇ ਛੋਟ ਮਿਲੇਗੀ। ਸੋਨਾਲੀਕਾ ਗਰੁੱਪ ਵੱਲੋਂ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਤਹਿਤ ਨਾਗਰਿਕਾਂ ਲਈ ਖੋਲ੍ਹੇ ਗਏ ਆਰ ਆਰ ਐਮ ਫਿਜ਼ੀਓਥੈਰੇਪੀ ਸੈਂਟਰ ਦੀ



ਤੀਜੀ ਵਰ੍ਹੇਗੰਢ ਦੇ ਮੌਕੇ ਬਹੁਤ ਉਤਸ਼ਾਹ ਨਾਲ ਇੱਕ ਸ਼ਾਨਦਾਰ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਆਯੋਜਿਤ ਸਮਾਗਮ ਵਿੱਚ ਮੌਜੂਦ ਮਰੀਜ਼ਾਂ ਅਤੇ ਸਟਾਫ ਨੂੰ ਸੰਬੋਧਨ ਕਰਦੇ ਹੋਏ, ਕੇਂਦਰ ਦੀ ਡਾਇਰੈਕਟਰ ਅਤੇ ਮੁੱਖ ਅਧਿਆਤਮਿਕ ਗਾਈਡ, ਸ਼੍ਰੀਮਤੀ ਸੰਗੀਤਾ ਮਿੱਤਲ ਨੇ ਕਿਹਾ ਕਿ ਆਰ ਆਰ ਐਮ ਫਿਜ਼ੀਓਥੈਰੇਪੀ ਸੈਂਟਰ ਵਿੱਚ ਮਰੀਜ਼ਾਂ ਨੂੰ ਉੱਚ ਪੱਧਰੀ ਫਿਜ਼ੀਓਥੈਰੇਪੀ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਆਰ ਆਰ ਐਮ ਫਿਜ਼ੀਓਥੈਰੇਪੀ ਸੈਂਟਰ ਦਾ ਉਦੇਸ਼ ਮਰੀਜ਼ਾਂ ਨੂੰ ਉੱਚ-ਗੁਣਵੱਤਾ ਵਾਲੀਆਂ ਫਿਜ਼ੀਓਥੈਰੇਪੀ ਸੇਵਾਵਾਂ ਪ੍ਰਦਾਨ ਕਰਨਾ ਹੈ, ਜਿਸ ਨਾਲ ਉਹ ਆਪਣੀ ਸਿਹਤ ਨੂੰ ਬਿਹਤਰ ਬਣਾ ਸਕਣ ਅਤੇ ਜੀਵਨ ਦੀ ਗੁਣਵੱਤਾ ਨੂੰ ਵਧਾ ਸਕਣ। ਉਨ੍ਹਾਂ ਦੱਸਿਆ ਕਿ ਇਹ ਕੇਂਦਰ ਸਿਰਫ਼ ਸੋਨਾਲੀਕਾ ਦੇ ਕਰਮਚਾਰੀਆਂ ਲਈ ਹੀ ਨਹੀਂ, ਸਗੋਂ ਸਾਰੇ ਨਾਗਰਿਕਾਂ ਲਈ ਖੁੱਲ੍ਹਾ ਹੈ। ਇਹ ਖੁਸ਼ੀ ਦੀ ਗੱਲ ਹੈ ਕਿ ਕੇਂਦਰ ਨੇ ਹੁਣ ਸ਼ਹਿਰ ਦੀਆਂ ਵੱਕਾਰੀ ਟੈਸਟਿੰਗ ਪ੍ਰਯੋਗਸ਼ਾਲਾਵਾਂ ਨਾਲ ਸਮਝੌਤੇ 'ਤੇ ਹਸਤਾਖਰ ਕੀਤੇ ਹਨ, ਜੋ ਐਕਸ-ਰੇ ਅਤੇ ਐਮ ਆਰ ਆਈ ਸੇਵਾਵਾਂ ਘੱਟ ਕੀਮਤ 'ਤੇ ਦੇਣਗੀਆਂ। ਇਸ ਮੌਕੇ ਆਰ ਆਰ ਐਮ ਹੋਲਿਸਟਿਕ ਕਲੀਨਿਕ ਦੀ ਟੀਮ, ਔਟਿਜ਼ਮ ਸੈਂਟਰ ਦੀ ਟੀਮ ਅਤੇ ਸੰਜੀਵਨੀ ਸ਼ਰਨਮ ਦੀ ਟੀਮ ਨੇ ਸ਼੍ਰੀਮਤੀ ਸੰਗੀਤਾ ਮਿੱਤਲ ਦਾ ਨਿੱਘਾ ਸਵਾਗਤ ਕੀਤਾ ਅਤੇ ਉਨ੍ਹਾਂ ਸਾਰੇ ਪ੍ਰੋਜੈਕਟਾਂ ਲਈ ਧੰਨਵਾਦ ਕੀਤਾ ਜੋ ਸ਼ਹਿਰ ਵਾਸੀਆਂ ਲਈ ਵਰਦਾਨ ਬਣ ਗਏ ਹਨ।

## ਸਿਹਤ ਡਾਟੇ ਦੀ ਗੁਣਵੱਤਾ ਸਮੇਂ ਸਿਰ ਰਿਪੋਰਟਿੰਗ ਯਕੀਨੀ ਬਣਾਈ ਜਾਵੇ : ਡਿਪਟੀ ਡਾਇਰੈਕਟਰ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਭਾਰਤ ਸਰਕਾਰ ਦੇ ਸਿਹਤ ਅਤੇ ਪਰਵਾਰ ਭਲਾਈ ਮੰਤਰਾਲੇ ਅਧੀਨ ਕੇਂਦਰੀ ਸਿਹਤ ਸੂਚਨਾ ਬਿਊਰੋ ਦੇ ਫੀਲਡ ਸਰਵੇ ਯੂਨਿਟ, ਲਖਨਊ ਦੀ ਟੀਮ ਨੇ ਜ਼ਿਲ੍ਹੇ ਅੰਦਰ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਤੇ ਸਮੁਦਾਇਕ ਸਿਹਤ ਕੇਂਦਰ, ਰਾਹੋਂ ਵਿਖੇ ਸਿਹਤ ਸੂਚਨਾ ਬਿਊਰੋ ਨਾਲ ਸਬੰਧਤ ਸਿਹਤ ਗਤੀਵਿਧੀਆਂ ਦੀ ਸਮੀਖਿਆ ਕੀਤੀ। ਕੇਂਦਰੀ ਸਿਹਤ ਸੂਚਨਾ ਬਿਊਰੋ ਦੇ ਡਿਪਟੀ ਡਾਇਰੈਕਟਰ ਸ੍ਰੀਮਤੀ ਦੀਕਸ਼ਾ ਸਚਦੇਵਾ ਦੀ ਰਹਿਨੁਮਾਈ ਹੇਠ ਤਿੰਨ ਮੈਂਬਰੀ ਕੇਂਦਰੀ ਟੀਮ ਜਿਸ ਵਿਚ ਜੂਨੀਅਰ ਅੰਕੜਾ ਅਫਸਰ ਅਭਿਸ਼ੇਕ ਸਿੰਘ ਅਤੇ ਜੂਨੀਅਰ ਅੰਕੜਾ ਅਫਸਰ ਸਵਾਤੀ ਸਿੰਘ ਸ਼ਾਮਲ ਸਨ, ਨੇ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਤੇ ਸਮੁਦਾਇਕ ਸਿਹਤ ਕੇਂਦਰ, ਰਾਹੋਂ ਵਿਖੇ ਸੰਚਾਰੀ ਬਿਮਾਰੀਆਂ ਤੇ ਗੈਰ-ਸੰਚਾਰੀ ਬਿਮਾਰੀਆਂ ਸਮੇਤ ਹੋਰ ਰਾਸ਼ਟਰੀ ਸਿਹਤ ਪ੍ਰੋਗਰਾਮਾਂ ਦੇ ਡਾਟੇ ਦੀ ਸਥਿਤੀ, ਆਈ ਸੀ ਡੀ ਤੇ ਆਈ ਸੀ ਐਫ ਦੀ ਵਰਤੋਂ, ਮਨੁੱਖੀ ਸਰੋਤਾਂ ਦੀ ਉਪਲੱਬਧਤਾ ਅਤੇ ਸੀ ਬੀ ਐਚ ਆਈ ਨਾਲ ਸਬੰਧਤ ਹੋਰਨਾਂ ਕੰਮਾਂ ਦਾ ਨਿਰੀਖਣ ਕੀਤਾ। ਇਸ ਮੌਕੇ ਉਨ੍ਹਾਂ ਆਨਲਾਈਨ ਪੋਰਟਲ ਰਾਹੀਂ ਸਿਹਤ ਸਬੰਧੀ ਇਕੱਤਰ ਜਾਣਕਾਰੀ ਦੀ ਗੁਣਵੱਤਾ, ਸਮਾਂਬੱਧਤਾ ਅਤੇ ਸਟੀਕਤਾ 'ਤੇ ਵਿਚਾਰ-ਚਰਚਾ ਕਰਕੇ ਲੋੜੀਂਦੇ ਸੁਧਾਰਾਂ ਲਈ ਜ਼ਰੂਰੀ ਸੁਝਾਅ ਸਾਂਝੇ ਵੀ ਦਿੱਤੇ। ਸ੍ਰੀਮਤੀ ਦੀਕਸ਼ਾ ਸਚਦੇਵਾ ਨੇ ਸਿਹਤ ਅਧਿਕਾਰੀਆਂ ਨਾਲ ਜ਼ਿਲ੍ਹੇ ਵਿੱਚ ਚੱਲ ਰਹੇ ਸਿਹਤ ਪ੍ਰੋਗਰਾਮਾਂ ਦੇ ਪ੍ਰਗਤੀ ਕੰਮਾਂ ਦੀ ਸਮੀਖਿਆ ਕਰਦੇ ਹੋਏ ਕਿਹਾ ਕਿ ਸਿਹਤ ਯੋਜਨਾਵਾਂ ਦੀ ਸਫਲਤਾ ਲਈ ਡਾਟੇ ਦੀ ਸ਼ੁੱਧਤਾ ਅਤੇ ਸਮੇਂ ਸਿਰ ਰਿਪੋਰਟਿੰਗ ਜ਼ਰੂਰੀ ਹੈ।

# ਹੜ੍ਹਾਂ ਦੀ ਮਾਰ ਤੇ ਗ਼ਦਰੀ ਬਾਬਿਆਂ ਦੇ ਮੇਲੇ ਕਾਰਨ ਯੂਥ ਫੈਸਟੀਵਲ ਅੱਗੇ ਪਾਉਣ ਦੀ ਦੇਸ਼ ਭਗਤਾਂ ਵੱਲੋਂ ਅਪੀਲ

**ਜਲੰਧਰ**- ਦੇਸ਼ ਭਗਤ ਯਾਦਗਾਰ ਕਮੇਟੀ ਨੇ ਵਿਸ਼ੇਸ਼ ਅਪੀਲ ਅਤੇ ਚਿੱਠੀ ਜਾਰੀ ਕਰਦੇ ਹੋਏ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਤੇ ਗੁਰੂ ਅੰਗਦ ਦੇਵ ਯੂਨੀਵਰਸਿਟੀ ਲੁਧਿਆਣਾ ਦੇ ਉਪ-ਕੁਲਪਤੀ ਸਾਹਿਬਾਨ ਅਤੇ ਡਾਇਰੈਕਟਰ, ਯੂਥ ਵੈਲਫੇਅਰ ਨੂੰ ਜ਼ੋਰਦਾਰ ਅਪੀਲ ਕੀਤੀ ਹੈ ਕਿ ਜਦੋਂ ਹੜ੍ਹਾਂ ਦਾ ਪਿੰਜਿਆ ਪੰਜਾਬ ਬੁਰੀ ਤਰ੍ਹਾਂ ਕੁਰਾਹ ਰਿਹਾ ਹੈ ਤਾਂ ਪੰਜਾਬ ਸਰਕਾਰ ਨੂੰ ਅਪੀਲ ਕਰਕੇ ਇਸ ਵਾਰ ਯੂਥ ਫੈਸਟੀਵਲ ਕਰਨ ਦੀ ਬਜਾਏ ਓਹੀ ਪੈਸਾ ਹੜ੍ਹ ਪੀੜਤਾਂ ਦੀ ਮਦਦ ਲਈ ਜਾਰੀ ਕੀਤਾ ਜਾਵੇ। ਕਮੇਟੀ ਦਾ ਇਹ ਵੀ ਕਹਿਣਾ ਹੈ ਕਿ ਜਦੋਂ ਪੂਰਾ ਪੰਜਾਬ ਡੂੰਘੇ ਵੈਣਾਂ 'ਚ ਗ੍ਰਸਿਆ ਹੋਵੇ, ਉਸ ਦੌਰ ਅੰਦਰ ਗਿੱਧੇ, ਭੰਗੜੇ ਪਾਉਣ ਦੀ ਬਜਾਏ ਜ਼ਿਆਦਾ ਸੰਜੀਦਗੀ, ਗੰਭੀਰਤਾ ਅਤੇ ਆਪਣੇ ਸਮਾਜ ਪ੍ਰਤੀ ਜ਼ਿੰਮੇਵਾਰੀ ਅਦਾ ਕਰਦੇ ਹੋਏ ਆਪਣੀ ਮਿੱਟੀ, ਸੱਭਿਆਚਾਰ, ਸਮਾਜ ਦੀ ਦੁਖਦੀ ਰਗ ਨਾਲ ਜੁੜ ਕੇ ਰਹਿਣ ਦੀ ਉਮੀਦ ਕੀਤੀ ਜਾਂਦੀ ਹੈ। ਉਹਨਾਂ ਕਿਹਾ ਕਿ ਯੂਥ ਫੈਸਟੀਵਲ ਕਿਸੇ ਵੀ ਹੋਰ ਢੁਕਵੇਂ ਮੌਕੇ 'ਤੇ ਕਰਵਾਏ ਜਾ ਸਕਦੇ ਹਨ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਮੇਟੀ ਵੱਲੋਂ ਜਾਰੀ ਚਿੱਠੀ ਦੇ ਹਵਾਲੇ ਨਾਲ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਦੇ ਨਾਲ ਹੀ ਚਿੱਠੀ 'ਚ ਦੂਜੀ ਬੇਨਤੀ ਇਹ ਕੀਤੀ ਗਈ ਹੈ ਕਿ 1 ਨਵੰਬਰ 1913 ਨੂੰ ਅਮਰੀਕਾ ਦੀ ਧਰਤੀ ਤੋਂ ਸਾਡੇ ਮੁਲਕ ਦੀ ਆਜ਼ਾਦੀ ਦੀ ਆਵਾਜ਼ ਬਣਕੇ ਗੂੰਜੀ ਪੱਤ੍ਰਿਕਾ 'ਗ਼ਦਰ' ਜਾਰੀ ਹੋਣ ਕਾਰਨ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਮਨਾਇਆ ਜਾਂਦਾ ਸੂਬਾਈ ਸਾਲਾਨਾ ਮੇਲਾ ਗ਼ਦਰੀ ਬਾਬਿਆਂ ਦਾ ਇਸ ਵਾਰ ਵੀ 30, 31 ਅਕਤੂਬਰ ਅਤੇ 1 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ। ਇਸ ਕਰਕੇ ਕਿਸੇ ਵੀ ਯੂਨੀਵਰਸਿਟੀ ਨੂੰ ਯੂਥ ਫੈਸਟੀਵਲ ਦੀ ਸਮਾਂ-ਸਾਰਣੀ ਤਿਆਰ ਕਰਦੇ ਸਮੇਂ ਹਰ ਹਾਲਤ ਹੀ ਇਸ ਵਿਸ਼ਵ ਪੰਜਾਬ ਭਾਈਚਾਰੇ ਵਿੱਚ ਵਿਸ਼ੇਸ਼ ਖਿੱਚ ਦਾ ਕੇਂਦਰ ਬਣ ਚੁੱਕੇ 'ਮੇਲਾ ਗ਼ਦਰੀ ਬਾਬਿਆਂ ਦਾ' ਇਹਨਾਂ ਦਿਨਾਂ ਦਾ ਸਾਲਾਨਾ ਸਥਾਈ ਨਿਸ਼ਚਿਤ ਧਿਆਨ 'ਚ ਰੱਖਦੇ ਹੋਏ ਤਾਰੀਖ਼ਾਂ ਰੱਖੀਆਂ ਜਾਣੀਆਂ ਚਾਹੀਦੀਆਂ ਕਿਉਂਕਿ ਮੇਲੇ 'ਚ ਹੁੰਦੇ ਵੰਨ-ਸੁਵੰਨੇ ਕਲਾ ਵੰਨਗੀਆਂ ਦੇ ਮੁਕਾਬਲਿਆਂ ਅਤੇ ਆਹਲਾ ਦਰਜ਼ੇ ਦੀਆਂ ਪੇਸ਼ਕਾਰੀਆਂ ਵਿੱਚ ਪੂਰੇ ਪੰਜਾਬ ਦੀਆਂ ਸਭਨਾਂ ਯੂਨੀਵਰਸਿਟੀਆਂ, ਕਾਲਜਾਂ ਦੇ ਕਲਾਕਾਰ ਪਰਵਾਰਾਂ ਸਮੇਤ ਤਿੰਨ ਰੋਜ਼ਾ ਮੇਲੇ 'ਚ ਭਾਗ ਲੈਂਦੇ ਹਨ। ਕਮੇਟੀ ਨੇ ਕਿਹਾ ਕਿ ਇਸ ਵਾਰ ਮੇਲਾ ਗ਼ਦਰੀ ਬਾਬਿਆਂ ਦਾ ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਨੂੰ ਸਮਰਪਤ ਕੀਤਾ ਜਾ ਰਿਹਾ ਹੈ। ਇਸ ਲਈ ਯੂਨੀਵਰਸਿਟੀਆਂ ਨੂੰ ਚਾਹੀਦਾ ਹੈ ਕਿ ਵੱਧ ਤੋਂ ਵੱਧ ਗਿਣਤੀ 'ਚ ਵਿਸ਼ੇਸ਼ ਕਰਕੇ ਵਿਦਿਆਰਥਣਾਂ ਨੂੰ ਮੇਲੇ ਦੀਆਂ ਕਲਾ ਵੰਨਗੀਆਂ ਅਤੇ ਮੇਲੇ 'ਚ ਸ਼ਮੂਲੀਅਤ ਕਰਨ ਲਈ ਉਤਸ਼ਾਹਤ ਕਰਕੇ ਉਹਨਾਂ ਅੰਦਰ ਦੇਸ਼ ਭਗਤੀ ਦਾ ਰੰਗ ਗੂੜ੍ਹਾ ਕਰਨ ਲਈ ਯਤਨ ਕੀਤੇ ਜਾਣ।

# ਸਟਾਰ ਵਿਊ ਪੈਲਸ ਵਿਖੇ ਵੀ ਮਨਾਈ ਜਾਵੇਗੀ ਮਹਾਰਾਜਾ ਅਗਰਸੈਨ ਜਯੰਤੀ : ਬਿੰਟਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ ਪੂਜਾ)** ਚੇਅਰਮੈਨ ਭਾਰਤ ਭੂਸ਼ਣ ਬਿੰਟਾ ਅਤੇ ਪ੍ਰਧਾਨ ਅਜੇ ਗੁਪਤਾ ਦੀ ਪ੍ਰਧਾਨਗੀ ਹੇਠ ਅਗਰਵਾਲ ਸਭਾ ਵੱਲੋਂ ਮਹਾਰਾਜਾ ਅਗਰਸੈਨ ਜਯੰਤੀ ਧੂਮਧਾਮ ਤੇ ਸ਼ਰਧਾ-ਭਾਵ ਨਾਲ ਮਨਾਈ ਜਾਵੇਗੀ। ਮੀਟਿੰਗ ਵਿੱਚ ਚੇਅਰਮੈਨ ਬਿੰਟਾ ਨੇ ਦੱਸਿਆ ਕਿ ਅਗਰਵਾਲ ਸਭਾ ਸ੍ਰੀ ਮੁਕਤਸਰ ਸਾਹਿਬ



ਵੱਲੋਂ ਮਹਾਰਾਜਾ ਅਗਰਸੈਨ ਜਯੰਤੀ ਸੰਬੰਧੀ ਸਟਾਰ ਵਿਊ ਪੈਲੇਸ ਕੋਟਕਪੂਰਾ ਰੋਡ ਮੁਕਤਸਰ ਸਾਹਿਬ ਵਿਖੇ ਵਿਸ਼ੇਸ਼ ਸਮਾਗਮ 21 ਸਤੰਬਰ ਦਿਨ ਐਤਵਾਰ ਦੁਪਹਿਰ 12 ਤੋਂ 5 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਸਮੂਹ ਸਾਥੀਆਂ ਨੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ।ਸਮਾਗਮ ਲਈ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਬਾਅਦ ਦੁਪਹਿਰ ਦੋ ਵਜੇ ਸ੍ਰੀ ਮੁਕਤਸਰ ਸਾਹਿਬ ਰੇਲਵੇ ਸਟੇਸ਼ਨ 'ਤੇ ਵਿਸ਼ੇਸ਼ ਰੇਲ ਰਾਹੀ ਪਹੁੰਚਣਗੇ।ਪ੍ਰੋਗਰਾਮ ਦੀ ਖਾਸੀਅਤ ਇਹ ਰਹੇਗੀ ਕਿ 50 ਸਾਲ ਤੋਂ ਵੱਧ ਸਮਾਂ ਪਹਿਲਾ ਗ੍ਰੇਜੂਏਸ਼ਨ ਪੂਰੀ ਕਰ ਚੁੱਕੇ ਸੀਨੀਅਰ ਸਿਟੀਜਨ ਨੂੰ ਸਨਮਾਨਤ ਕੀਤਾ ਜਾਵੇਗਾ।ਉੱਥੇ ਹੀ ਅਗਰਵਾਲ ਸਮਾਜ ਦੇ ਹੋਣਹਾਰ ਬੱਚਿਆਂ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।ਇਸ ਮੌਕੇ ਯੂਥ ਅਗਰਵਾਲ ਸਭਾ ਦੇ ਪ੍ਰਧਾਨ ਸੁਸ਼ੀਲ ਕੁਮਾਰ ਹੈਪੀ ਗਰਗ ਨੇ ਅਗਰਵਾਲ ਸਮਾਜ ਦੇ ਲੋਕਾਂ ਨੂੰ ਵੱਧ-ਚੜ੍ਹ ਕੇ ਸਮਾਰੋਹ 'ਚ ਸ਼ਾਮਲ ਹੋਣ ਦੀ ਅਪੀਲ ਕੀਤੀ।ਇਸ ਮੌਕੇ ਜਿਲ੍ਹਾ ਪ੍ਰਧਾਨ ਤੇਜਿੰਦਰ ਬੱਬੂ ਬਾਂਸਲ, ਨਰਿੰਦਰ ਬਾਂਸਲ, ਸੁਮਿਤ ਗਰਗ, ਵਿਜੈ ਬਾਂਸਲ, ਸ਼ੈਰੀ ਗਰਗ, ਰਵੀ ਗਰਗ, ਵਿਨੋਦ ਗਰਗ, ਅੰਮ੍ਰਿਤਪਾਲ ਗਰਗ, ਐਡਵੋਕੇਟ ਸੰਜੀਵ ਗੁਪਤਾ, ਰਾਜੇਸ਼ ਗਰਗ, ਵਿਨੋਦ ਕੁਮਾਰ, ਕੌਂਸਲਰ ਮਨੀਸ਼ ਬਾਂਸਲ, ਰੀਸ਼ੂ ਬਾਂਸਲ, ਮੁਕੇਸ਼ ਗਰਗ, ਸੁਰੇਸ਼ ਗਰਗ, ਦੀਪਕ ਗਰਗ, ਰਾਜਨ ਬਾਂਸਲ, ਅਨਿਲ ਬਾਂਸਲ ਪੱਪੂ, ਕਮਲ ਗਰਗ, ਵਿਨੋਦ ਬਾਂਸਲ, ਵਿੱਕੀ ਗਰਗ, ਅਮ੍ਰਿਤ ਗਰਗ, ਮੋਨੂੰ ਗਰਗ, ਗੋਗੀ ਗਰਗ, ਮਨੀ ਗੋਇਲ, ਰਵਿੰਦਰ ਬਾਂਸਲ, ਲੱਕੀ ਸਿੰਗਲਾ, ਸੁਮਿਤ ਗਰਗ ਸ਼ੰਮੀ, ਮਨੀਸ਼ ਗੋਇਲ ,ਰਵੀ ਅਗਰਵਾਲ ਸਤੀਸ਼ ਬਾਂਸਲ ,ਸਤੀਸ਼ ਗਰਗ ,ਨਰੇਸ਼ ਬਾਨਸਲ, ਅਨਿਲ ਬਾਨਸਲ ,ਟੋਨੀ ਗਰਗ, ਬਲਦੇਵ ਰਾਜ ਗੋਰਾ ਸਮੇਤ ਵੱਡੀ ਗਿਣਤੀ 'ਚ ਅਗਰਵਾਲ ਸਮਾਜ ਦੇ ਲੋਕ ਮੌਜੂਦ ਸਨ।

# ਰਾਜਪਾਲ ਵੱਲੋਂ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਦੇ 7 ਟਰੱਕਾਂ ਨੂੰ ਹਰੀ ਝੰਡੀ



**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਅੱਜ ਜਲੰਧਰ ਦੇ ਬਾਬਾ ਮੋਹਨ ਦਾਸ ਆਸ਼ਰਮ ਤੋਂ ਹੜ੍ਹ ਪੀੜਤ ਪਰਿਵਾਰਾਂ ਲਈ ਰਾਹਤ ਸਮੱਗਰੀ ਦੇ 7 ਟਰੱਕਾਂ ਨੂੰ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਪੰਜਾਬ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਦੇ ਸਲਾਹਕਾਰ ਦੀਪਕ ਬਾਲੀ, ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ, ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਅਤੇ ਧਾਰਮਿਕ ਆਗੂ ਗੁਰੂ ਮਾਂ ਸੋਮਾ ਦੇਵੀ ਵੀ ਮੌਜੂਦ ਸਨ।ਇਸ ਮੌਕੇ ਬੋਲਦਿਆਂ ਰਾਜਪਾਲ ਨੇ ਕਿਹਾ ਕਿ ਹਾਲ ਹੀ ਵਿੱਚ ਆਏ ਹੜ੍ਹਾਂ ਦੌਰਾਨ ਪੰਜਾਬ ਸਭ ਤੋਂ ਵੱਧ ਪ੍ਰਭਾਵਿਤ ਸੂਬਾ ਹੈ ਪਰ ਪੰਜਾਬੀਆਂ ਦੀ ਔਖੀ ਘੜੀ ਵਿੱਚ ਲੋੜਵੰਦਾਂ ਦੀ ਸਹਾਇਤਾ ਕਰਨ ਦੀ ਦ੍ਰਿੜ ਭਾਵਨਾ ਨੇ ਹਮੇਸ਼ਾਂ ਦੀ ਤਰ੍ਹਾਂ ਮਾਨਵਤਾ ਦੀ ਸੇਵਾ ਵਿੱਚ ਨਵੀਂ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਜ਼ਿਕਰ ਕੀਤਾ ਕਿ ਕੁਦਰਤੀ ਆਫ਼ਤਾਂ ਦੌਰਾਨ ਇਕਜੁੱਟਤਾ ਅਤੇ ਸੇਵਾ ਦੀ ਜੋ ਮਿਸਾਲ ਪੰਜਾਬ ਵਿੱਚ ਦੇਖਣ ਨੂੰ ਮਿਲੀ ਹੈ, ਉਸ ਦਾ ਦੇਸ਼ ਵਿੱਚ ਕਿਤੇ ਮੇਲ ਨਹੀਂ ਹੈ।ਇਸ ਮੌਕੇ ਰਾਜਪਾਲ ਵਲੋਂ ਬਾਬਾ ਮੋਹਨ ਦਾਸ ਟਰੱਸਟ ਵਲੋਂ ਪਾਏ ਜਾ ਰਹੇ ਵੱਡਮੁੱਲੇ ਯੋਗਦਾਨ ਦੀ ਵੀ ਸ਼ਲਾਘਾ ਕੀਤੀ ਗਈ, ਜਿਨ੍ਹਾਂ ਵਲੋਂ ਅੱਜ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਰਾਹਤ ਸਮੱਗਰੀ ਦੇ 7 ਟਰੱਕ ਭੇਜੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਅਤੇ ਧਰਮ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਤੋਂ ਇਲਾਵਾ ਟਰੱਸਟ ਹਮੇਸ਼ਾਂ ਹੀ ਮਨੁੱਖਤਾ ਦੀ ਸੇਵਾ ਲਈ ਮੋਹਰੀ ਹੋ ਕੇ ਅੱਗੇ ਆਇਆ ਹੈ।ਇਸ ਤੋਂ ਪਹਿਲਾਂ ਜਲੰਧਰ ਪ੍ਰਸ਼ਾਸਨ ਵਲੋਂ ਆਸ਼ਰਮ ਵਿਖੇ ਪਹੁੰਚਣ 'ਤੇ ਰਾਜਪਾਲ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਉਮਾ ਜੋਤੀ ਵਰਮਾ, ਲਵਨਿੰਦਰ ਵਰਮਾ, ਰਾਜੀਵ ਬੇਰੀ, ਹਰਨੇਕ ਸਿੰਘ, ਪਦਮ ਪਾਂਡੇ, ਆਂਚਲ ਗੁਪਤਾ, ਨਵੀਨ ਸ਼ਰਮਾ, ਸਵਿੰਦਰ ਤੇਜਪਾਲ ਅਤੇ ਟਰੱਸਟ ਦੇ ਹੋਰ ਮੈਂਬਰ ਵੀ ਹਾਜ਼ਰ ਸਨ।

## ਹੜ੍ਹ ਪੀੜਤਾਂ ਦੀ ਸਹਾਇਤਾ ਲਈ ਗੁਰਦੁਆਰੇ ਵੱਲੋਂ ਮਦਦ

**ਨਕੋਦਰ (ਮਨਜੀਤ ਮਾਨ)**- ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਕੋਦਰ ਸਮੂਹ ਪ੍ਰਬੰਧਕ ਕਮੇਟੀ ਅਤੇ ਵਿਸ਼ੇਸ਼ ਤੌਰ 'ਤੇ ਐਨ.ਆਰ.ਆਈ ਸੰਗਤਾਂ ਅਤੇ ਇਲਾਕਾ ਨਿਵਾਸੀ ਸੰਗਤਾਂ ਵੱਲੋਂ ਹੜ੍ਹ ਪੀੜ੍ਹਤਾਂ ਦੀ ਮਦਦ ਵਾਸਤੇ ਪਹਿਲਾਂ ਵੀ ਕਈ ਤਰ੍ਹਾਂ ਦੇ ਉਪਰਾਲੇ ਕੀਤੇ ਗਏ ਹਨ। ਅੱਜ ਫਿਰ ਜਿਵੇਂ ਰਾਸ਼ਨ, ਦੁੱਧ ਅਤੇ ਹੋਰ ਕਈ ਲੋੜੀਂਦਾ ਸਮਾਨ ਭੇਜਿਆ ਜਾ ਰਿਹਾ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਸਮੂਹ ਸੰਗਤਾਂ ਦਾ ਧੰਨਵਾਦ ਹੈ ਜਿਨ੍ਹਾਂ ਨੇ ਹਰ ਵਾਰ ਹੜ੍ਹ ਪੀੜਤਾਂ ਦੀ ਮਦਦ ਵਾਸਤੇ ਤਨ ਮਨ ਧਨ ਨਾਲ ਸੇਵਾ ਕੀਤੀ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਵੀ ਆਖਿਆ ਕਿ ਜਿੱਥੇ ਹੜ੍ਹ ਆਏ ਹਨ ਉਥੇ ਦੀਆਂ ਸੰਗਤਾਂ ਦੀ ਮੰਗ ਮੁਤਾਬਕ ਜੋ ਵੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਕੋਦਰ ਪ੍ਰਬੰਧਕ ਕਮੇਟੀ ਵੱਲੋਂ ਫਰਜ਼ ਬਣੇਗਾ ਅਸੀਂ ਹੜ੍ਹ ਪੀੜ੍ਹਤਾਂ ਦੀ ਮਦਦ ਵਾਸਤੇ ਡਟ ਕੇ ਨਾਲ ਖੜ੍ਹੇ ਹਾਂ।





## ਢਾਂਗੂ ਵਾਲੇ ਮਹਾਰਾਜ ਦੇ ਅਸਥਾਨ 'ਤੇ ਸਲਾਨਾ ਭੰਡਾਰਾ 28 ਨੂੰ

**ਜੇਜੋ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਧੰਨ- ਧੰਨ ਜੋਤ ਮਾਰਗੀਏ ਸੰਤ ਓਮ ਪ੍ਰਕਾਸ਼ ਢਾਂਗੂ ਵਾਲੇ ਮਹਾਰਾਜ ਦੇ ਪਵਿੱਤਰ ਅਸਥਾਨ ਪਿੰਡ ਜੇਜੋ ਦੋਆਬਾ ਵਿਖੇ ਸਾਲਾਨਾ ਭੰਡਾਰਾ 28 ਸਤੰਬਰ ਨੂੰ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਸੰਤ ਰਤਨ ਪ੍ਰਕਾਸ਼, ਬੀਬੀ ਰਾਮਪ੍ਰੀਤ ਅਤੇ ਸਮੁੱਚੇ ਪਰਵਾਰ ਵੱਲੋਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ 28 ਸਤੰਬਰ ਨੂੰ ਢਾਂਗੂ ਵਾਲੇ ਮਹਾਰਾਜ ਦੇ ਸੰਤ ਭਵਨ ਜੇਜੋ ਦੋਆਬਾ ਵਿਖੇ ਪਹੁੰਚਣ ਅਤੇ ਸੰਤਾਂ ਮਹਾਂਪੁਰਸ਼ਾਂ ਦੁਆਰਾ ਕੀਤੇ ਜਾ ਰਹੇ ਕਥਾ ਕੀਰਤਨ ਨੂੰ ਸੁਣ ਕੇ ਉਸ ਸਰਬ ਸ਼ਕਤੀਮਾਨ ਪਰਮਾਤਮਾ ਨਾਲ ਜੁੜਨ । ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਚੱਲਣਗੇ।

# ਜ਼ਿਲ੍ਹਾ ਜੇਲ੍ਹ 'ਚ ਝਗੜਾ, ਕਈ ਕੈਦੀ ਤੇ ਜੇਲ੍ਹ ਕਰਮਚਾਰੀ ਜ਼ਖ਼ਮੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ ਪੂਜਾ)** ਜਿਲ੍ਹਾ ਜੇਲ੍ਹ ਸ੍ਰੀ ਮੁਕਤਸਰ ਸਾਹਿਬ 'ਚ ਲੜਾਈ ਝਗੜਾ ਕਰਨ, ਕਈ ਕੈਦੀਆਂ ਅਤੇ ਸਹਾਇਕ ਸੁਪਰਡੈਂਟ ਸਮੇਤ ਜੇਲ੍ਹ ਕਰਮਚਾਰੀਆਂ ਨੂੰ ਜਖ਼ਮੀ ਕਰਨ ਦੇ ਮਾਮਲੇ 'ਚ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਨੇ 23 ਬੰਦੀਆਂ ਦੇ ਵਿਰੁੱਧ ਮਾਮਲਾ ਦਰਜ ਕੀਤਾ ਹੈ।ਇਸ ਸੰਬੰਧੀ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਵਿਖੇ ਦਿੱਤੀ ਲਿਖਤੀ ਸ਼ਿਕਾਇਤ 'ਚ ਨਛੱਤਰ ਸਿੰਘ, ਸਹਾਇਕ ਸੁਪਰਡੈਂਟ ਜਿਲ੍ਹਾ ਜੇਲ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਬੀਤੇ ਦਿਨੀਂ ਸ਼ਾਮ ਕਰੀਬ ਸਾਢੇ 6 ਵਜੇ ਬਲਾਕ 6 ਵਿੱਚ ਬੰਦ ਬੰਦੀ ਗੁਰਮੀਤ ਸਿੰਘ ਉਰਫ ਮੀਤਾ, ਬਲਜਿੰਦਰ ਸਿੰਘ ਉਰਫ ਗਾਂਧੀ, ਗੁਰਪ੍ਰੀਤ ਸਿੰਘ ਉਰਫ਼ ਗੋਪੀ ਸ਼ੂਟਰ, ਸੁਰਿੰਦਰ ਸਿੰਘ ਉਰਫ ਗਾਂਧੀ, ਰੋਹਿਤ ਉਰਫ ਸੁਮੋ, ਗੌਰਵ ਉਰਫ ਗੋਰਾ, ਅਮਰਿੰਦਰ ਸਿੰਘ ਉਰਫ਼ ਜਿੰਮੀ, ਗੁਰਪ੍ਰੀਤ ਸਿੰਘ, ਨੈਲਸਨ ਮਸੀਹ, ਮਨਜੀਤ ਸਿੰਘ ਉਰਫ ਮਨੀ, ਸਮਾਇਲ ਸ਼ੇਰੂ ਵਲੋਂ ਡਿਊਟੀ 'ਤੇ ਤਾਇਨਾਤ ਕਰਮਚਾਰੀ ਰਾਣਾ ਸਿੰਘ (ਪੈਸਕੋ) ਨਾਲ ਧੱਕਾ ਮੁੱਕੀ ਕੀਤੀ ਅਤੇ ਧੱਕੇ ਨਾਲ ਬਲਾਕ 6 ਬੈਰਕ 4 (ਬੰਦ ਬੇਰਕ) ਦੀਆਂ ਚਾਬੀਆਂ ਖੋ ਕੇ ਅਤੇ ਬੈਰਕ 4 ਨੂੰ ਖੋਲ ਕੇ ਗੁਰਪ੍ਰੀਤ ਸਿੰਘ ਅਤੇ ਗੌਰਵ ਉਰਫ ਗੋਰਾ ਨੂੰ ਨਾਲ ਲੈ ਕੇ ਬਲਾਕ ਵਿੱਚੋਂ ਬਾਹਰ ਆ ਗਏ ਅਤੇ ਡਿਊਟੀ 'ਤੇ ਤਾਇਨਾਤ ਪੈਸਕੋ ਕਰਮਚਾਰੀ ਰਾਣਾ ਸਿੰਘ ਨੂੰ ਬਲਾਕ ਦੇ ਅੰਦਰ ਹੀ ਬੰਦ ਕਰ ਦਿੱਤਾ ਗਿਆ।ਉਕਤ ਸਾਰੇ ਬੰਦੀ ਬਲਾਕ ਡੀ- ਐਡੀਕਸ਼ਨ ਦੀ ਬੈਰਕ 2 ਵਿਚ ਬੰਦ ਬੰਦੀ ਰਣਜੋਧ ਸਿੰਘ, ਰਸ਼ਪਾਲ ਸਿੰਘ, ਸੁਖਦੀਪ ਸਿੰਘ ਉਰਫ ਕੌਲਾ, ਗੁਰਸ਼ਰਨ ਸਿੰਘ, ਸੁਖਬੀਰ ਸਿੰਘ ਤੇ ਹਮਲਾ ਕਰਨ ਲਈ ਬਲਾਕ ਵੱਲ ਵਧੇ।ਕਰਮਚਾਰੀ ਰਾਣਾ ਸਿੰਘ ਵੱਲੋਂ ਬਲਾਕ 16 ਵਿੱਚ ਸੀਟੀਆਂ ਮਾਰ ਕੇ ਗਾਰਦ ਨੂੰ ਅਲਰਟ ਕੀਤਾ ਗਿਆ ਅਤੇ ਮੌਕੇ 'ਤੇ ਮੌਜੂਦ ਸਹਾਇਕ ਸੁਪਰਡੈਂਟ ਸੁਖਮੰਦਰ ਸਿੰਘ ਵੱਲੋਂ ਉਕਤ ਸਾਰੇ ਬੰਦੀਆਂ ਦੇ ਮਗਰ ਰੋਕਣ ਦੀ ਨੀਅਤ ਨਾਲ ਦੂਜੇ ਕਰਮਚਾਰੀਆਂ ਨੂੰ ਇਸ ਸੰਬੰਧੀ ਸੂਚਿਤ ਕਰਨ ਅਤੇ ਹੂਟਰ ਕਰਵਾਉਣ ਉਪਰੰਤ ਪਿੱਛੇ ਦੌੜਿਆ ਗਿਆ, ਪਰੰਤੂ ਹਮਲਾਵਰਾਂ ਬੰਦੀਆਂ ਵੱਲੋਂ ਬਲਾਕ ਡੀ- ਐਡੀਕਸ਼ਨ ਦਾ ਤਾਲਾ ਜੰਗਲੇ 'ਤੇ ਪੱਟੀ ਹੋਈ ਰਾੜ ਨਾਲ ਤੋੜ ਦਿੱਤਾ ਗਿਆ ਅਤੇ ਅੰਦਰ ਚਲੇ ਗਏ। ਬਲਾਕ ਡੀ-ਐਡੀਕਸ਼ਨ 'ਤੇ ਤਾਇਨਾਤ ਕਰਮਚਾਰੀ ਰਾਜਵੀਰ ਸਿੰਘ (ਪੈਸਕੋ) ਵੱਲੋਂ ਹਮਲਾਵਰ ਬੰਦੀਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ ਤਾਂ ਬੰਦੀਆਂ ਵੱਲੋਂ ਕਰਮਚਾਰੀ ਰਾਜਵੀਰ ਸਿੰਘ 'ਤੇ ਹੀ ਹਮਲਾ ਕਰ ਦਿੱਤਾ ਅਤੇ ਉਸ ਦੀ ਵਰਦੀ ਪਾੜ ਦਿੱਤੀ ਗਈ।ਉਕਤ ਹਮਲਾਵਰਾਂ ਵੱਲੋਂ ਕੁਝ ਬੰਦੀਆਂ 'ਤੇ ਰਾਡਾਂ ਅਤੇ ਨੁਕੀਲੇ ਹਥਿਆਰ ਨਾਲ ਹਮਲਾ ਕਰਕੇ ਜਖ਼ਮੀ ਕੀਤਾ ਗਿਆ।ਜਿਸ 'ਤੇ ਸਹਾਇਕ ਸੁਪਰਡੈਂਟ ਵਰਿੰਦਰ ਕੁਮਾਰ, ਸੁਖਮੰਦਰ ਸਿੰਘ ਅਤੇ ਨਛੱਤਰ ਸਿੰਘ ਵੱਲੋਂ ਸਥਿਤੀ 'ਤੇ ਕਾਬੂ ਪਾਇਆ ਗਿਆ ਅਤੇ ਹਮਲਾ ਕਰਨ ਗਏ ਬੰਦੀਆਂ ਨੂੰ 6 ਬਲਾਕ ਵਿਚ ਲਿਆ ਕੇ ਬੰਦ ਕਰ ਦਿੱਤਾ ਗਿਆ।ਇਸ ਲੜਾਈ ਵਿੱਚ ਕਈ ਬੰਦੀ ਜਖ਼ਮੀ ਹੋਏ ਅਤੇ ਜੇਲ੍ਹ ਕਰਮਚਾਰੀ ਸਹਾਇਕ ਸੁਪਰਡੈਂਟ ਸੁਖਮੰਦਰ ਸਿੰਘ ਦੇ ਵੀ ਸੱਟਾਂ ਲੱਗੀਆਂ। ਜਿਸ 'ਤੇ ਉਨ੍ਹਾਂ ਨੂੰ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ।ਇਸ ਝਗੜੇ ਦੌਰਾਨ ਜਿਸ ਧਿਰ 'ਤੇ ਹਮਲਾ ਕੀਤਾ ਜਾ ਰਿਹਾ ਸੀ ਉਨ੍ਹਾਂ ਦੇ ਸਾਥੀ ਮਨਦੀਪ ਸਿੰਘ, ਪਰਮਿੰਦਰ ਸਿੰਘ ਉਰਫ ਲਾਲੂ, ਸੂਰਜ ਸਿੰਘ ਉਰਫ ਮਊਆ, ਜਸ਼ਨਪ੍ਰੀਤ ਸਿੰਘ, ਅਮ੍ਰਿਤਪਾਲ ਸਿੰਘ, ਲਵਪ੍ਰੀਤ ਸਿੰਘ ਉਰਫ ਖੱਖੜੀ, ਮਨਪ੍ਰੀਤ ਸਿੰਘ ਉਰਫ ਪੀਤਾ, ਅਕਾਸ਼ਦੀਪ ਸਿੰਘ, ਤਾਜਵੀਰ ਸਿੰਘ, ਦੀਪਕ, ਕੁਲਵਿੰਦਰ ਸਿੰਘ, ਸਤਨਾਮ ਸਿੰਘ ਵੱਲੋਂ ਧੱਕੇ ਨਾਲ ਆਪਣੀਆਂ ਬੈਰਕਾਂ ਵਿੱਚੋਂ ਨਿਕਲ ਕੇ ਹਮਲਾ ਕਰਨ ਵਾਲੀ ਪਾਰਟੀ ਵੱਲ ਲੜਨ ਦੀ ਨੀਅਤ ਨਾਲ ਵਧਣ ਦੀ ਕੋਸ਼ਿਸ਼ ਕੀਤੀ ਗਈ ਅਤੇ ਜੇਲ੍ਹ ਅੰਦਰ ਦੰਗਾ ਫਸਾਦ ਕੀਤਾ ਗਿਆ।ਪਰ ਜੇਲ ਪ੍ਰਸ਼ਾਸਨ ਵਲੋਂ ਸਥਿਤੀ 'ਤੇ ਕਾਬੂ ਪਾ ਕੇ ਬੰਦੀਆਂ ਨੂੰ ਬੈਰਕਾਂ ਵਿਚ ਬੰਦ ਕਰ ਦਿੱਤਾ ਗਿਆ।ਪੁਲਸ ਵਲੋਂ ਗੁਰਮੀਤ ਸਿੰਘ ਉਰਫ਼ ਮੀਤਾ, ਬਲਜਿੰਦਰ ਸਿੰਘ ਉਰਫ਼ ਗਾਂਧੀ, ਗੁਰਪ੍ਰੀਤ ਸਿੰਘ ਉਰਫ਼ ਗੋਪੀ ਸ਼ੂਟਰ, ਸੁਰਿੰਦਰ ਸਿੰਘ ਉਰਫ਼ ਗਾਂਧੀ, ਰੋਹਿਤ ਉਰਫ਼ ਸੁਮੋ, ਗੌਰਵ ਉਰਫ਼ ਗੋਰਾ, ਅਮਰਿੰਦਰ ਸਿੰਘ ਉਰਫ਼ ਜਿੰਮੀ, ਗੁਰਪ੍ਰੀਤ ਸਿੰਘ, ਨੈਲਸਨ ਮਸੀਹ, ਮਨਜੀਤ ਸਿੰਘ ਉਰਫ਼ ਮਨੀ, ਸਮਾਇਲ ਸ਼ੇਰੂ, ਮਨਦੀਪ ਸਿੰਘ, ਪਰਮਿੰਦਰ ਸਿੰਘ ਉਰਫ਼ ਲਾਲੂ, ਸੂਰਜ ਸਿੰਘ ਉਰਫ਼ ਮਊਆ, ਜਸ਼ਨਪ੍ਰੀਤ ਸਿੰਘ, ਅਮ੍ਰਿਤਪਾਲ ਸਿੰਘ, ਲਵਪ੍ਰੀਤ ਸਿੰਘ ਉਰਫ਼ ਖੱਖੜੀ, ਮਨਪ੍ਰੀਤ ਸਿੰਘ ਉਰਫ਼ ਪੀਤਾ, ਅਕਾਸ਼ਦੀਪ ਸਿੰਘ, ਤਾਜਵੀਰ ਸਿੰਘ, ਦੀਪਕ , ਕੁਲਵਿੰਦਰ ਸਿੰਘ ਅਤੇ ਸਤਨਾਮ ਸਿੰਘ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਖਾਲਸਾਈ ਜਾਹੋ-ਜਲਾਲ ਨਾਲ ਸਜਾਇਆ ਨਗਰ ਕੀਰਤਨ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸਿੱਖਾਂ ਦੇ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਸਾਹਿਬ ਵੱਲੋਂ ਵਰੋਸਾਏ ਮੰਜੀਦਾਰ ਸਿੱਖ ਤੇ ਨਾਮਵਰ ਵੈਦ ਬ੍ਰਹਮ ਗਿਆਨੀ ਭਾਈ ਲਾਲੂ ਜੀ ਦੀ ਯਾਦ 'ਚ ਸਲਾਨਾ ਜੋੜ ਮੇਲੇ ਮੌਕੇ ਇਤਿਹਾਸਕ ਗੁਰਦੁਆਰਾ ਪ੍ਰਕਾਸ਼ ਅਸਥਾਨ ਨਗਰ ਡੱਲਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਦੇ ਇਲਾਵਾ ਸੰਗਤਾਂ ਵੱਲੋਂ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਪੰਜਵੀਂ ਪਾਤਸ਼ਾਹੀ ਅਤੇ ਗੁਰਦੁਆਰਾ ਮਾਤਾ ਦਮੋਦਰੀ ਜੀ ਛੇਵੀਂ ਪਾਤਸ਼ਾਹੀ ਵਿਖੇ ਵੀ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਇਸ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਨੇ ਪਾਵਨ ਬਾਉਲੀ ਸਾਹਿਬ 'ਚ ਇਸ਼ਨਾਨ ਕਰਕੇ ਗੁਰਦੁਆਰਾ ਸਾਹਿਬ 'ਚ ਹਾਜ਼ਰੀ ਭਰੀ।ਇਸ ਉਪਰੰਤ ਦੁਪਹਿਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਮੇਟੀ ਵੱਲੋਂ ਇਲਾਕੇ ਦੀਆਂ ਧਾਰਮਿਕ ਜਥੇਬੰਦੀਆਂ ਦੇ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਸਜਾਏ ਗਏ ਮਹਾਨ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰੇ ਸਾਹਿਬਾਨ ਨੇ ਕੀਤੀ । ਗੁਰਦੁਆਰਾ ਪ੍ਰਕਾਸ਼ ਅਸਥਾਨ ਭਾਈ ਲਾਲੂ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਫੁੱਲਾਂ ਨਾਲ ਸਜਾਈ ਬਹੁਤ ਸੁੰਦਰ ਪਾਲਕੀ ਸਾਹਿਬ 'ਚ ਸੰਗਤਾਂ ਦੇ ਦਰਸ਼ਨਾਂ ਲਈ ਸੁਸ਼ੋਭਿਤ ਕੀਤਾ ਗਿਆ ।ਸੰਗਤਾਂ ਨੇ ਵੱਡੀ ਗਿਣਤੀ 'ਚ ਨਗਰ ਕੀਰਤਨ 'ਚ ਸ਼ਮੂਲੀਅਤ ਕੀਤੀ। ਗਤਕਾ ਪਾਰਟੀਆਂ ਨੇ ਨਗਰ ਕੀਰਤਨ ਦੌਰਾਨ ਅੱਗੇ ਅੱਗੇ ਗਤਕੇ ਦੇ ਜੌਹਰ ਦਿਖਾਏ। ਇਸ ਸਮੇਂ ਡੱਲਾ ਨਿਵਾਸੀ ਸੰਗਤਾਂ ਵੱਲੋਂ ਨਗਰ ਕੀਰਤਨ ਦਾ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਤੇ ਫਲ ਫਰੂਟ ਆਦਿ ਦੇ ਵੱਖ ਵੱਖ ਥਾਵਾਂ 'ਤੇ ਲੰਗਰ ਲਗਾਏ ਗਏ।

## ਜਨਮ ਦਿਨ ਮੁਬਾਰਕ



ਅਰੀਕਾ, ਜਲੰਧਰ



ਦੀਆ, ਬਠਿੰਡਾ



ਕਰਮਨਪ੍ਰੀਤ ਕੌਰ ਹੁਸ਼ਿਆਰਪੁਰ



ਵੰਸ਼ਦੀਪ ਬੈਂਸ, ਬਲਾਚੌਰ



ਜੈਸਲੀਨ ਕੌਰ, ਕਪੂਰਥਲਾ



ਆਰਵ ਜੁਨੇਜਾ, ਕੋਟ ਬਾਦਲ ਖਾਂ

## ਵਰ੍ਹੇਗੰਢ ਮੁਬਾਰਕ



ਕੁਲਵੰਤ ਮਸੀਹ ਤੇ ਰੀਨਾ ਮਸੀਹ ਵਾਸੀ ਜਲੰਧਰ ਨੂੰ ਵਿਆਹ ਦੀ ਵਰ੍ਹੇਗੰਢ ਦੀਆਂ ਮੁਬਾਰਕਾਂ।

## ਡਾ. ਵਿਸ਼ਵਜੀਤ ਨੇ ਸੋਨ ਤਮਗਾ ਜਿੱਤ ਕੇ ਮਾਹਿਲਪੁਰ ਦਾ ਨਾਂਅ ਕੀਤਾ ਰੌਸ਼ਨ

**ਮਾਹਿਲਪੁਰ (ਸ਼ਫਰੀ)**- ਮਾਹਿਲਪੁਰ ਦੇ ਵਸਨੀਕ ਪ੍ਰੋ. ਸਰਵਣ ਸਿੰਘ ਅਤੇ ਲੈਕਚਰਾਰ ਸਰਬਜੀਤ ਕੌਰ ਦੇ ਸਪੁੱਤਰ ਡਾ. ਵਿਸ਼ਵਦੀਪ ਸਿੰਘ ਨੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਵੱਲੋਂ ਐੱਮ.ਡੀ./ਐੱਮ.ਐੱਸ. ਨਵੰਬਰ-ਦਸੰਬਰ 2024 ਪ੍ਰੀਖਿਆ ਦੇ ਨਤੀਜੇ ਦੀ ਮੈਰਿਟ ਸੂਚੀ ਵਿੱਚ ਅੱਵਲ ਪੁਜ਼ੀਸ਼ਨ ਨਾਲ ਸੋਨ ਤਮਗਾ ਜਿੱਤ ਕੇ ਆਪਣੇ ਮਾਤਾ ਪਿਤਾ ਅਤੇ ਮਾਹਿਲਪੁਰ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ।ਪ੍ਰੋ. ਸਰਵਣ ਸਿੰਘ ਖੁਦ ਵੀ 1973 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐੱਮ.ਐੱਸ.ਸੀ. ਕੈਮਿਸਟਰੀ ਦੇ ਨਤੀਜੇ ਵਿੱਚ ਸੋਨ ਤਮਗਾ ਜੇਤੂ ਰਹੇ ਹਨ ਜੋ ਕਿ ਖਾਲਸਾ ਕਾਲਜ ਮਾਹਿਲਪੁਰ ਤੋਂ ਕੈਮਿਸਟਰੀ ਵਿਭਾਗ ਦੇ ਮੁਖੀ ਅਤੇ ਕਾਲਜ ਦੇ ਉੱਪ ਪ੍ਰਿੰਸੀਪਲ ਵਜੋਂ ਸੇਵਾਵਾਂ ਦੇ ਕੇ ਸੇਵਾ ਮੁਕਤ ਹੋ ਚੁੱਕੇ ਹਨ। ਹੁਣ 52 ਸਾਲ ਬਾਅਦ ਵਿਸ਼ਵਦੀਪ ਸਿੰਘ ਨੇ ਸੋਨ ਤਮਗਾ ਜਿੱਤ ਕੇ ਪਰਵਾਰ ਦਾ ਨਾਂਅ ਦੁਬਾਰਾ ਰੌਸ਼ਨ ਕਰ ਦਿੱਤਾ ਹੈ। ਡਾ. ਵਿਸ਼ਵਦੀਪ ਸਿੰਘ ਲੰਮਾ ਸਮਾਂ ਸਰਕਾਰੀ ਹਸਪਤਾਲ ਮਾਹਿਲਪੁਰ ਵਿੱਚ ਤਨਦੇਹੀ ਅਤੇ ਇਮਾਨਦਾਰੀ ਨਾਲ ਆਪਣੀਆਂ ਸ਼ਾਨਦਾਰ ਮੈਡੀਕਲ ਸੇਵਾਵਾਂ ਦੇ ਚੁੱਕੇ ਹਨ। ਸਾਲ 2022 ਵਿੱਚ ਉਨ੍ਹਾਂ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਵਿੱਚ ਜਨਰਲ ਸਰਜਰੀ ਵਿਸ਼ੇ ਵਿੱਚ ਪੋਸਟ ਗਰੈਜੂਏਸ਼ਨ ਕਰਨ ਲਈ ਦਾਖਿਲਾ ਲਿਆ ਸੀ ਜਿਸ ਦੇ ਨਤੀਜੇ ਵਿੱਚ ਉਨ੍ਹਾਂ ਨੇ ਅੱਵਲ ਪੁਜੀਸ਼ਨ ਹਾਸਲ ਕਰਕੇ ਯੂਨੀਵਰਸਿਟੀ ਤੋਂ ਸੋਨ ਤਮਗਾ ਜਿੱਤ ਕੇ ਇਲਾਕੇ ਦਾ ਨਾਂਅ ਰੁਸ਼ਨਾਇਆ ਹੈ। ਅੱਜ ਕੱਲ੍ਹ ਡਾ. ਵਿਸ਼ਵਦੀਪ ਸਰਕਾਰੀ ਹਸਪਤਾਲ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਆਪਰੇਸ਼ਨਾਂ ਦੇ ਮਾਹਰ ਡਾਕਟਰ ਵਜੋਂ ਆਪਣੀਆਂ ਸੇਵਾਵਾਂ ਦੇ ਰਹੇ ਹਨ।



# ਦਰੱਖਤਾਂ ਦੀ ਕਟਾਈ 'ਤੇ ਪਾਬੰਦੀ ਲਗਾਉਣ ਲਈ ਲੇਬਰ ਪਾਰਟੀ ਵੱਲੋਂ ਚੀਫ ਸੈਕਟਰੀ ਤੇ ਰਾਜਪਾਲ ਨੂੰ ਮੰਗ ਪੱਤਰ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**- ਵਾਤਾਵਰਣ ਵਿਚ ਸੰਤੁਲਨ ਬਣਾ ਕੇ ਰੱਖਣ ਲਈ ਪੂਰੇ ਪੰਜਾਬ ਵਿਚ ਸਰਕਾਰੀ ਜ਼ਮੀਨਾਂ ਅਤੇ ਪੰਚਾਇਤੀ ਵਿੱਭਾਗ ਦੀਆਂ ਹਜ਼ਾਰਾਂ ਏਕੜ ਥਾਵਾਂ ਉਤੇ ਲੱਗੇ ਦਰੱਖਤਾਂ ਨੂੰ ਕਟਵਾਉਣ ਉਤੇ ਪੂਰਨ ਰੂਪ ਵਿਚ ਪਾਬੰਦੀ ਲਗਾਉਣ ਲਈ ਵਧੀਕ ਡਿਪਟੀ ਕਮਿਸ਼ਨਰ (ਜ) ਅਮਰਦੀਪ ਕੌਰ ਭੁੱਲਰ ਦੁਆਰਾ ਚੀਫ ਸਕੱਤਰ ਅਤੇ ਰਾਜਪਾਲ ਪੰਜਾਬ ਨੂੰ ਮੰਗ ਪੱਤਰ ਭੇਜਿਆ ਤੇ ਕਿਹਾ ਕਿ ਕੁਝ ਪੰਚਾਇਤਾਂ ਵਿਕਾਸ ਦੇ ਨਾਮ ਉਤੇ ਸਰਕਾਰਾਂ ਤੋਂ ਦਰੱਖਤਾਂ ਦੀ ਕਟਾਈ ਲਈ ਰਾਜਨੀਤਕ ਦਬਾਓ ਪਾ ਕੇ ਮਨਜ਼ੂਰੀ ਲੈ ਕੇ ਉਨ੍ਹਾਂ ਦੀ ਕਟਾਈ ਕਰ ਲੈਂਦੀਆਂ ਹਨ।ਧੀਮਾਨ ਨੇ ਦੱਸਿਆ ਕਿ ਹੁਣ ਤਾਂ ਪਿੰਡਾਂ ਵਿਚ ਬਹੁਤ ਵੱਡੇ ਪੱਧਰ 'ਤੇ ਸਰਕਾਰ ਆਨ ਲਾਇਨ ਪਿੰਡਾਂ ਵਿਚ ਕੰਮਾਂ ਲਈ ਪੈਸ ਭੇਜ ਰਹੀਆਂ ਹਨ ਤੇ ਫਿਰ ਦਰੱਖਤਾਂ ਦੀ ਕਟਾਈ ਕਿਉਂ ਕਰਵਾਈ ਜਾ ਰਹੀ ਹੈ। ਦਰੱਖਤਾਂ ਦੀ ਲਗਾਤਾਰ ਘਾਟ ਕਾਰਨ ਵਾਤਾਵਰਣ ਵਿਚ ਕਾਰਬਨ ਡਾਇਕਸਾਇਡ ਅਤੇ ਹੋਰ ਵਿਨਾਸ਼ਕਾਰੀ ਗੈਸਾਂ ਦਾ ਲਗਾਤਾਰ ਪ੍ਰਭਾਵ ਵਧ ਰਿਹਾ ਹੈ।ਕਿੰਨੀ ਸ਼ਰਮ ਦੀ ਗੱਲ ਹੈ ਕਿ ਇਕ ਪਾਸੇ ਪੰਜਾਬ ਸਰਕਾਰ ਦਰੱਖਤਾਂ ਨੂੰ ਲਗਾਉਣ ਲਈ ਵਿਦੇਸ਼ਾਂ ਤੋਂ ਕਰਜ਼ਾ ਲੈ ਰਹੀ ਹੈ ਤੇ ਉਸੇ ਸਰਕਾਰ ਦੇ ਅਧਿਕਾਰੀ ਰਾਜਨੀਤਕ ਦਬਾਓ ਹੇਠ ਦਰੱਖਤਾਂ ਨੂੰ ਕਟਵਾਉਣ ਦੀ ਮਨਜ਼ੂਰੀ ਦੇ ਰਹੀ ਹਨ। ਦੂਸਰੇ ਪਾਸੇ ਸੁਪਰੀਮ ਕੋਰਟ ਦਰੱਖਤਾਂ ਦੀ ਕਟਾਈ ਨੂੰ ਰੋਕਣ ਲਈ ਦਿਸ਼ਾ ਨਿਰਦੇਸ ਦੇ ਰਹੀ ਹੈ ।ਇਸੇ ਤਰ੍ਹਾਂ ਐਨ ਜੀ ਟੀ ਵੀ ਵਾਤਵਰਣ ਵਾਰੇ ਚਿੰਤਤ ਹੈ। ਦਰੱਖਤਾਂ ਦੀ ਘਾਟ ਕਾਰਨ ਵਾਤਾਵਰਣ ਵਿਚ ਗਲੋਬਲ ਵਾਰਮਿੰਗ ਵਾਧਾ ਹੋ ਰਿਹਾ ਹੈ। ਸਾਡੇ ਵਾਤਾਵਰਣ ਮੰਤਰੀਆਂ ਦਾ ਕੋਈ ਸਖਤ ਸਟੈਂਡ ਨਹੀਂ ਹੈ ਤੇ ਨਾ ਹੀ ਸਰਕਾਰੀ ਦਰੱਖਤਾਂ ਦੀ ਕਟਾਈ ਉਤੇ ਪਾਬੰਦੀ ਲਗਾ ਰਹੇ ਹਨ।ਧੀਮਾਨ ਨੇ ਕਿਹਾ ਕਿ ਜਿਹੜੇ ਅਧਿਕਾਰੀ ਰਾਜਨੀਤਕ ਦਬਾਓ ਹੇਠ ਦਰੱਖਤਾਂ ਦੀ ਕਟਾਈ ਅਤੇ ਉਨ੍ਹਾਂ ਦੀ ਨਿਲਾਮੀ ਕਰਵਾਉਣ ਦੇ ਹੁਕਮ ਜਾਰੀ ਕਰਦੇ ਹਨ, ਉਨ੍ਹਾਂ ਵਿਰੁੱਧ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਅਗਰ ਹੁਣ ਵੀ ਸਰਕਾਰਾਂ ਨੇ ਧਿਆਨ ਨਹੀਂ ਦਿਤਾ ਤਾਂ ਇਨਾਂ ਹੜ੍ਹਾਂ ਨਾਲੋਂ ਵੀ ਭਿਆਨਕ ਤਬਾਹੀਆਂ ਵੇਖਣ ਨੂੰ ਮਿਲਣਗੀਆਂ। ਇਹ ਕਿਥੇ ਦੀ ਨੀਤੀ ਹੈ ਕਿ ਲੋਕ ਦਰੱਖਤ ਲਗਾਉਂਦੇ ਰਹਿਣ ਤੇ ਸਰਕਾਰਾਂ ਜੇਬਾਂ ਭਰਨ ਲਈ ਕਟਵਾਉਂਦੀਆਂ ਰਹਿਣ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਦਰੱਖਤਾਂ ਦੀ ਰੱਖਿਆ ਕਰਨ ਲਈ ਲੋਕ ਜਾਗਰੂਕ ਹੋ ਕੇ ਅੱਗੇ ਆਉਣ।



# ਪੰਜਾਬ ਸਰਕਾਰ ਨਸ਼ਾ ਖ਼ਤਮ ਕਰਨ ਲਈ ਵਚਨਬੱਧ : ਕਟਾਰੀਆ

**ਬਲਾਚੌਰ (ਜਸਵਿੰਦਰ ਬੈਂਸ)**- ਵਿਧਾਇਕ ਬੀਬੀ ਸੰਤੋਸ਼ ਕਟਾਰੀਆ ਨੇ ਦੱਸਿਆ ਕਿ ਮਾਨ ਸਰਕਾਰ ਦੁਆਰਾ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਢੀ ਗਈ ਸੀ, ਮੁਹਿੰਮ ਦੇ 200 ਦਿਨ ਪੂਰੇ ਹੋ ਚੁੱਕੇ ਹਨ। ਵੱਡੇ ਛੋਟੇ ਨਸ਼ਾ ਤਸਕਰਾਂ ਸਮੇਤ ਕਰੋੜਾਂ ਰੁਪਏ ਦਾ ਨਸ਼ਾ ਪੰਜਾਬ ਪੁਲਿਸ ਦੁਆਰਾ ਫੜਿਆ ਗਿਆ ਹੈ। ਅੱਗੇ ਵੀ ਮੁਹਿੰਮ ਇਸੇ ਤਰ੍ਹਾਂ ਜਾਰੀ ਰਹੇਗੀ।ਬੀਬੀ ਜੀ ਨੇ ਦੱਸਿਆ ਕਿ ਪੰਜਾਬ ਦੇ ਲੋਕਾਂ ਨੇ ਆਪਣੇ ਏਕੇ ਨਾਲ ਵੱਡੀ ਤੋਂ ਵੱਡੀ ਮੁਸੀਬਤ ਦਾ ਸਾਹਮਣਾ ਕੀਤਾ ਹੈ।ਉਨ੍ਹਾਂ ਦੱਸਿਆ ਕਿ ਨਸ਼ਾ ਤਸਕਰੀ ਕਰਨ ਵਾਲਾ ਕੋਈ ਵੀ ਹੋਵੇ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ । ਉਨ੍ਹਾਂ ਕਿਹਾ ਕਿ ਡੇਢ ਸਾਲ ਕਿਸਾਨ ਅੰਦੋਲਨ ਚੱਲਿਆ, ਉਸ ਤੋਂ ਬਾਅਦ ਖਨੌਰੀ ਅਤੇ ਸ਼ੰਭੂ ਦੇ ਬਾਰਡਰ ਬੰਦ ਰਹੇ, ਫ਼ਿਰ ਜੰਗ ਲੱਗ ਗਈ ਅਤੇ ਹੁਣ ਹੜ੍ਹ, ਪਰ ਜਦੋਂ ਵੀ ਦੇਸ਼ 'ਤੇ ਕੋਈ ਸੰਕਟ ਆਇਆ, ਪੰਜਾਬ ਸਭ ਤੋਂ ਪਹਿਲਾਂ ਸੀਨਾ ਤਾਣ ਕੇ ਖੜ੍ਹਾ ਹੋਇਆ। ਆਜ਼ਾਦੀ ਦੀ ਲਹਿਰ ਵਿੱਚ ਵੀ 90% ਕੁਰਬਾਨੀਆਂ ਪੰਜਾਬੀਆਂ ਦੀਆਂ ਹੀ ਹਨ।

## ਐੱਚ ਆਈ ਵੀ ਤੇ ਏਡਜ਼ ਸੰਬੰਧੀ ਜਾਗਰੂਕਤਾ ਰੈਲੀ

**ਸੁਲਤਾਨਪੁਰ ਲੋਧੀ (ਹਨੀ)**- ਗੁਰੂ ਨਾਨਕ ਖਾਲਸਾ ਕਾਲਜ ਵਿਖੇ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਮੈਡਮ ਜਸਬੀਰ ਕੌਰ ਦੀ ਅਗਵਾਈ ਵਿਚ ਐੱਨ ਐੱਸ ਐੱਸ ਵਿਭਾਗ ਦੇ ਮੁਖੀ ਪ੍ਰੋਫੈਸਰ ਰਿਸ਼ੂ ਬਾਲਾ ਵੱਲੋਂ ਐਚ ਆਈ ਵੀ ਅਤੇ ਏਡਜ਼ ਪ੍ਰਤੀ ਜਾਗਰੂਕਤਾ ਸਬੰਧੀ ਇੱਕ ਰੈਲੀ ਕੱਢੀ ਗਈ। ਜਿਸ ਵਿਚ ਵਿਦਿਆਰਥੀਆਂ ਨੇ ਪੋਸਟਰਾਂ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ। ਇਸ ਰੈਲੀ ਦਾ ਉਦੇਸ਼ ਐਚ ਆਈ ਵੀ ਅਤੇ ਏਡਜ਼ ਦੇ ਮਾਰੂ ਪ੍ਰਭਾਵਾਂ ਤੋਂ ਬਚਾਅ ਸਬੰਧੀ ਲੋਕਾਂ ਨੂੰ ਜਾਗਰੂਕ ਕਰਨਾ ਸੀ। ਇਸ ਮੌਕੇ ਪ੍ਰੋ. ਸੁਖਪਾਲ ਸਿੰਘ ਕੋਆਰਡੀਨੇਟਰ ਲੜਕੀਆਂ ਵਿੰਗ, ਪ੍ਰੋ.ਗੁਰਪ੍ਰੀਤ ਕੌਰ, ਪ੍ਰੋ. ਜਸਵੀਰ ਕੌਰ, ਪ੍ਰੋ. ਸੰਦੀਪ ਕੌਰ,ਪ੍ਰੋ. ਰਮਨ, ਪ੍ਰੋ.ਪ੍ਰਵੀਨ ਕੌਰ ਆਦਿ ਹਾਜ਼ਰ ਸਨ।





# ਪ੍ਰਵਾਸੀ ਮਜ਼ਦੂਰਾਂ ਖਿਲਾਫ ਭਟਕਾਊ ਤੇ ਭੜਕਾਊ ਪ੍ਰਚਾਰ ਤੋਂ ਸੁਚੇਤ ਰਹਿਣ ਦਾ ਸੱਦਾ

**ਨਕੋਦਰ (ਮਨਜੀਤ ਮਾਨ)**- ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝਾ ਮੋਰਚਾ ਪੰਜਾਬ ਨੇ ਹੁਸ਼ਿਆਰਪੁਰ ਵਿਖੇ ਇੱਕ ਪ੍ਰਵਾਸੀ ਮਜ਼ਦੂਰ ਵੱਲੋਂ ਇੱਕ ਬੱਚੇ ਨਾਲ ਕੀਤੀ ਦਰਿੰਦਗੀ ਪੂਰਨ ਕਾਰਵਾਈ ਦੀ ਨਿੰਦਾ ਕੀਤੀ ਹੈ ਅਤੇ ਦੋਸ਼ੀ ਨੂੰ ਸਖ਼ਤ ਸਜ਼ਾ ਦੇਣ ਦੀ ਮੰਗ ਕਰਦਿਆਂ ਪੀੜਤ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਸਾਂਝੇ ਮਜ਼ਦੂਰ ਮੋਰਚੇ ਦੇ ਆਗੂਆਂ ਤਰਸੇਮ ਪੀਟਰ, ਦਰਸ਼ਨ ਨਾਹਰ, ਦੇਵੀ ਕੁਮਾਰੀ, ਰਾਮ ਸਿੰਘ ਨੂਰਪੁਰੀ, ਲਛਮਣ ਸਿੰਘ ਸੇਵੇਵਾਲਾ, ਗੋਬਿੰਦ ਸਿੰਘ ਛਾਜਲੀ, ਮੁਕੇਸ਼ ਮਲੌਦ ਤੇ ਕੁਲਵੰਤ ਸਿੰਘ ਸੇਲਵਰਾ ਨੇ ਜਾਰੀ ਬਿਆਨ ਰਾਹੀਂ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਇੱਕਾ ਦੁੱਕਾ ਪ੍ਰਵਾਸੀ ਮਜ਼ਦੂਰਾਂ ਦੀਆਂ ਆਪਰਾਧਕ ਗਤੀਵਿਧੀਆਂ ਕਾਰਨ ਸਮੁੱਚੇ ਪ੍ਰਵਾਸੀ ਮਜ਼ਦੂਰਾਂ ਖਿਲਾਫ ਕੁੱਝ ਲੋਕਾਂ ਵੱਲੋਂ ਚਲਾਈ ਜਾ ਰਹੀ ਭੜਕਾਊ ਤੇ ਨਫਰਤੀ ਮੁਹਿੰਮ ਤੋਂ ਬਚਣ ਅਤੇ ਇਸ ਨੂੰ ਧੜੱਲੇ ਨਾਲ ਰੱਦ ਕਰਨ। ਮਜ਼ਦੂਰ ਆਗੂਆਂ ਨੇ ਆਖਿਆ ਕਿ ਮੌਜੂਦਾ ਸਮੇਂ ਹੜ੍ਹਾਂ ਕਾਰਨ ਪੰਜਾਬ ਦੇ ਮਜ਼ਦੂਰਾਂ ਕਿਸਾਨਾਂ ਤੇ ਹੋਰਨਾਂ ਕਿਰਤੀ ਲੋਕਾਂ ਦੇ ਹੋਏ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਨੂੰ ਰੋਕਣ ਅਤੇ ਪਿੱਛੋਂ ਪੀੜਤਾਂ ਦੀ ਬਾਂਹ ਫੜਨ 'ਚ ਨਕਾਮ ਰਹਿਣ ਕਾਰਨ ਜਦੋਂ ਸਮੂਹ ਪੰਜਾਬੀਆਂ 'ਚ ਬੀ ਜੇ ਪੀ ਤੇ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਤੋਂ ਇਲਾਵਾ ਸੂਬਾ ਸਰਕਾਰ ਖਿਲਾਫ ਆਏ ਦਿਨ ਰੋਹ ਤਿੱਖਾ ਹੁੰਦਾ ਜਾ ਰਿਹਾ ਸੀ ਤਾਂ ਐਨ ਇਸ ਮੌਕੇ ਪ੍ਰਵਾਸੀ ਮਜ਼ਦੂਰਾਂ ਖਿਲਾਫ ਵਿਉਂਤਬੱਧ ਤਰੀਕੇ ਨਾਲ ਚਲਾਈ ਜਾ ਰਹੀ ਭੜਕਾਊ ਤੇ ਭਟਕਾਊ ਮੁਹਿੰਮ ਦੋਹਾਂ ਹਕੂਮਤਾਂ ਨੂੰ ਪੂਰੀ ਤਰ੍ਹਾਂ ਰਾਸ ਬੈਠਦੀ ਹੈ। ਉਹਨਾਂ ਆਖਿਆ ਕਿ ਹੜ੍ਹਾਂ ਵਿੱਚ ਪੰਜਾਬ ਅਤੇ ਕੇਂਦਰ ਸਰਕਾਰ ਦੇ ਫੇਲ੍ਹ ਹੋਣ ਤੋਂ ਬਾਅਦ ਪੰਜਾਬ ਸਮੇਤ ਵੱਖ-ਵੱਖ ਸੂਬਿਆਂ ਦੇ ਲੋਕਾਂ ਵੱਲੋਂ ਹੜ੍ਹ ਪ੍ਰਭਾਵਤ ਲੋਕਾਂ ਦੀ ਭਰਾਤਰੀ ਭਾਵ ਨਾਲ ਧਰਮਾਂ, ਜਾਤਾਂ ਆਦਿ ਵੰਡੀਆਂ ਤੋਂ ਉੱਪਰ ਉੱਠ ਕੇ ਕੀਤੀ ਗਈ ਮਦਦ ਦੀ ਬਦੌਲਤ ਹਰਿਆਣਾ, ਯੂ ਪੀ ਤੇ ਰਾਜਸਥਾਨ ਆਦਿ ਸੂਬਿਆਂ ਦੀ ਪੰਜਾਬ ਦੇ ਲੋਕਾਂ ਨਾਲ ਮਜ਼ਬੂਤ ਹੋਈ ਭਾਈਚਾਰਕ ਏਕਤਾ ਨੂੰ ਗਿਣ ਮਿੱਥ ਕੇ ਤੋੜਨ ਦੇ ਯਤਨ ਕੀਤੇ ਜਾ ਰਹੇ ਹਨ। ਉਹਨਾਂ ਪੰਜਾਬ ਦੇ ਸਮੂਹ ਕਿਰਤੀ ਕਮਾਊ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਹਕੂਮਤਾਂ ਦੇ ਹਿਤ ਪੂਰਦੀ ਇਸ ਭਟਕਾਊ ਤੇ ਭੜਕਾਊ ਮੁਹਿੰਮ ਅਤੇ ਇਸ ਨੂੰ ਚਲਾਉਣ ਵਾਲੀਆਂ ਫਿਰਕੂ ਤਾਕਤਾਂ ਦੇ ਮਨਸੂਬਿਆਂ ਨੂੰ ਪਛਾਣਨ ਤੇ ਪਛਾੜਣ ਲਈ ਪੂਰੇ ਜ਼ੋਰ ਨਾਲ ਅੱਗੇ ਆਉਣ।ਉਹਨਾਂ ਆਖਿਆ ਕਿ ਪੰਜਾਬ ਦੀ ਖੇਤੀ ਅਤੇ ਹੋਰਨਾਂ ਕਿੱਤਿਆਂ ਵਿੱਚ ਅਹਿਮ ਕਾਮਾ ਸ਼ਕਤੀ ਬਣੇ ਹੋਏ ਇਹ ਪ੍ਰਵਾਸੀ ਮਜ਼ਦੂਰ ਸਖਤ ਜਾਨ ਤੇ ਅਣਮਨੁੱਖੀ ਕਿਸਮ ਦੇ ਕੰਮ ਕਰਦੇ ਹਨ ਜਿਨ੍ਹਾਂ ਨੂੰ ਪੰਜਾਬੀ ਕਿਰਤੀ ਵੀ ਕਰਨ ਤੋਂ ਕੰਨੀ ਕਤਰਾਉਂਦੇ ਹਨ। ਉਹਨਾਂ ਆਖਿਆ ਕਿ ਸਭਨਾਂ ਸਮਾਜਾਂ ਅੰਦਰ ਹੀ ਕੁਝ ਨਾ ਕੁਝ ਅਪਰਾਧਿਕ ਬਿਰਤੀ ਵਾਲੇ ਮਾੜੇ ਅਨਸਰ ਮਿਲ ਜਾਂਦੇ ਹਨ ਪਰ ਉਹਨਾਂ ਕੁਝ ਕੁ ਗਲਤ ਅਨਸਰਾਂ ਕਾਰਨ ਉਸ ਸਮੁੱਚੇ ਤਬਕੇ ਤੇ ਭਾਈਚਾਰੇ ਨੂੰ ਸਜ਼ਾਵਾਂ ਦੇਣ ਦਾ ਅਮਲ ਚਲਾਉਣਾ ਪ੍ਰਵਾਨ ਕਰਨ ਯੋਗ ਨਹੀਂ।





## ਵਿਅਕਤੀ ਨੇ ਬਿਸਤ ਦੋਆਬ ਨਹਿਰ 'ਚ ਮਾਰੀ ਛਾਲ

**ਬਲਾਚੌਰ (ਜਸਵਿੰਦਰ ਬੈਂਸ)**- ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਵੀਜ਼ਨ ਬਲਾਚੌਰ ਕੰਗਣਾ ਪੁਲ ਤੇ ਬਿਸਤ ਦੋਆਬ ਨਹਿਰ ਵਿੱਚ ਨੇਪਾਲੀ ਵਿਅਕਤੀ ਵਲੋਂ ਨਹਿਰ ਵਿਚ ਛਾਲ ਮਾਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਘਟਨਾ ਸੰਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਬਲਾਚੌਰ ਦੇ ਮੁੱਖ ਅਫਸਰ ਸਤਨਾਮ ਸਿੰਘ ਨੇ ਦੱਸਿਆ ਕਿ ਉਹਨਾਂ ਨੂੰ ਕਿਸੇ ਨੇ ਸੂਚਨਾ ਦਿੱਤੀ ਕਿ ਕੰਗਣਾ ਪੁੱਲ ਨਹਿਰ ਵਿੱਚ ਇੱਕ ਵਿਅਕਤੀ ਨੇ ਛਾਲ ਮਾਰ ਦਿੱਤੀ ਹੈ ।ਉਹ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਇਆ ਸੀ ਅਤੇ ਕੰਗਣਾ ਪੁਲ 'ਤੇ ਮੋਟਰਸਾਈਕਲ ਖੜ੍ਹਾ ਕਰਕੇ ਉਸ ਵਿਅਕਤੀ ਨੇ ਨਹਿਰ ਵਿੱਚ ਛਾਲ ਮਾਰ ਦਿੱਤੀ। ਮੋਟਰਸਾਈਕਲ ਦਾ ਨੰਬਰ ਪੀ ਬੀ 07 ਜੇ 8106 ਹੈ।ਪੁਲਿਸ ਵੱਲੋਂ ਮੋਟਰਸਾਈਕਲ ਨੂੰ ਕਬਜ਼ੇ ਵਿਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸੂਚਨਾ ਮਿਲਦੇ ਸਾਰ ਹੀ ਡੀ ਐਸ ਪੀ ਸ਼ਾਮ ਸੁੰਦਰ ਸ਼ਰਮਾ ਵੀ ਪਹੁੰਚੇ।



## ਹੜ੍ਹ ਪ੍ਰਭਾਵਤ ਪਿੰਡਾਂ 'ਚ ਦਵਾਈਆਂ ਦਾ ਲੰਗਰ ਲਗਾਇਆ

**ਭਲਾਣ (ਹਰਭਜਨ ਸਿੰਘ ਢਿੱਲੋਂ)**- ਸਥਾਨਕ ਕਿਸਾਨ ਮਜ਼ਦੂਰ ਜਥੇਬੰਦੀਆਂ ਵੱਲੋਂ ਡੇਰਾ ਬਾਬਾ ਨਾਨਕ ਵਿਖੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਦਵਾਈਆਂ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਆਗੂਆਂ ਨੇ ਦੱਸਿਆ ਕਿ ਸਥਾਨਕ ਪਿੰਡਾਂ ਦੇ ਮੋਹਤਵਰਾਂ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਜਿਸ ਤਰਾਂ ਪਹਿਲਾਂ ਸਾਡੇ ਸੇਵਾਦਾਰਾਂ ਨੇ ਉਪਰੋਕਤ ਇਲਾਕੇ ਵਿੱਚ ਰਾਸ਼ਨ ਦੀ ਸੇਵਾ ਕੀਤੀ ਹੈ ਉਸੇ ਤਰਾਂ ਹੁਣ ਅਸੀਂ ਡੇਰਾ ਬਾਬਾ ਨਾਨਕ ਦੇ ਪਿੰਡ ਹਰਖੋਵਾਲ ਵਿਖੇ ਦਵਾਈਆਂ ਦਾ ਲੰਗਰ ਲਗਾਇਆ । ਇਸ ਮੌਕੇ ਡਾ. ਸ਼ਮਸ਼ੇਰ ਸਿੰਘ ਸ਼ੇਰਾ, ਓਂਕਾਰ ਸਿੰਘ ਭੋਡਾ, ਜੈਮਲ ਸਿੰਘ ਭੱਝੀ , ਮਨਜੀਤ ਸਿੰਘ ਰਾਹੀ, ਜਸਵੀਰ ਸਿੰਘ ਫੌਜੀ, ਬਲਜਿੰਦਰ ਸਿੰਘ ਬੇਲਾ, ਡਾ. ਪਵਨ ਕੁਮਾਰ ਸਹਿਜੋਵਾਲ, ਡਾ. ਨਿਰਮਲ ਸਿੰਘ ਨੀਲਾ, ਬੱਬੂ ਬੁੰਗਾ ਸਾਹਿਬ, ਅਵਤਾਰ ਸਿੰਘ, ਸਿਮਰਜੀਤ ਸਿੰਘ ਮਾਨ, ਬਲਜੀਤ ਸਿੰਘ, ਰਾਣੂ ਮਾਨ ਮਜਾਰੀ ਆਦਿ ਸੇਵਾਦਾਰ ਹਾਜ਼ਰ ਸਨ।



# ਪਧਿਆਣਾ 'ਚ ਸਾਲਾਨਾ ਜੋੜ ਮੇਲਾ ਕਰਵਾਇਆ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**- ਪਿੰਡ ਪਧਿਆਣਾ ਵਿਖੇ ਦਰਬਾਰ ਪੀਰ ਬਾਬਾ ਬੱਡੇ ਸ਼ਾਹ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਪੀਰ ਬਾਬਾ ਬੱਡੇ ਸ਼ਾਹ ਦੇ ਪਰਮ ਸੇਵਕ ਸਾਈਂ ਚੰਨੀ ਸ਼ਾਹ ਦੀ ਯਾਦ ਵਿੱਚ ਸਲਾਨਾ ਜੋੜ ਮੇਲਾ ਸ਼ਰਧਾ ਭਾਵਨਾ ਨਾਲ ਡੇਰੇ ਦੇ ਮੁੱਖ ਸੇਵਾਦਾਰ ਸਾਈ ਰਵਿੰਦਰ ਸਿੰਘ ਹੈਪੀ ਪਧਿਆਣਾ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਸੇਵਾਦਾਰ ਅਮਰਜੀਤ ਸਿੰਘ ਪਧਿਆਣਾ ਨੇ ਦੱਸਿਆ ਕਿ ਚਾਦਰ ਚਿਰਾਗ ਝੰਡੇ ਦੀ ਰਸਮ ਅਦਾ ਕੀਤੀ ਗਈ। ਇਸ ਸਲਾਨਾ ਜੋੜ ਮੇਲੇ ਦੌਰਾਨ ਇਲਾਕੇ ਭਰ ਚੋਂ ਵੱਖ ਵੱਖ ਡੇਰਿਆਂ ਤੋਂ ਬਾਬਾ ਤੇਜਾ ਸਿੰਘ, ਬਾਬਾ ਜੀਤੀ ਸ਼ਾਹ ਪੱਟੀ, ਬਾਬਾ ਸੁਰਿੰਦਰ ਸਿੰਘ ਨਗੱਜਾ ਪੀਰ ਜੱਟਪੁਰ, ਬਾਬਾ ਰਣਵੀਰ ਸਿੰਘ ਬਿਹਾਲਾ, ਸਾਈਂ ਮਨਜੀਤ ਸ਼ਾਹ ਹੰਦੋਵਾਲ, ਸਾਈਂ ਮੁਲਕ ਰਾਜ ਕੰਦੋਲਾ, ਸਾਈਂ ਜਸਵੰਤ ਸਿੰਘ ਖਨੌੜਾ, ਬੀਬੀ ਸੁਰਿੰਦਰ ਕੌਰ ਪਧਿਆਣਾ ਤੋਂ ਇਲਾਵਾ ਹੋਰ ਵੱਡੀ ਗਿਣਤੀ ਵਿਚ ਫੱਕਰ ਫਕੀਰਾਂ ਪੁੱਜ ਕੇ ਹਾਜ਼ਰੀ ਭਰੀ। ਇਸ ਮੌਕੇ ਨਾਮਵਰ ਕਲਾਕਾਰਾਂ ਬਨੀਤ ਖਾਨ ਇੰਟਰਨੈਸ਼ਨਲ ਕਵਾਲ, ਮਿੰਟੂ ਹੇਰਾਂ, ਪਿੰਕੀ ਨਕਾਲ ਪਾਰਟੀ ਮੇਹਟੀਆਣਾ, ਕੁਲਦੀਪ ਕੁਮਾਰ ਆਦਿ ਨੇ ਪੀਰਾਂ ਦੀ ਮਹਿਫਲ ਸਜਾਈ। ਇਸ ਮੌਕੇ ਫੱਕਰ ਫ਼ਕੀਰਾਂ, ਕਲਾਕਾਰਾਂ ਅਤੇ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡੇਰੇ ਦੇ ਮੁੱਖ ਸੇਵਾਦਾਰ ਸਾਈ ਰਵਿੰਦਰ ਸਿੰਘ ਹੈਪੀ, ਅਮਰਜੀਤ ਸਿੰਘ ਪਧਿਆਣਾ, ਸਰਪੰਚ ਸਿਮਰਜੀਤ ਕੌਰ, ਬਲਜੀਤ ਸਿੰਘ ਲੰਬੜਦਾਰ, ਹੈਪੀ ਪੰਚ, ਬੀਬੀ ਸੁਰਿੰਦਰ ਕੌਰ, ਮੇਸ਼ੀ, ਸੌਰਵ, ਭਿੰਦਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਇਸ ਮੌਕੇ ਚਾਹ ਪਕੌੜੇ ਅਤੇ ਦਾਤਾ ਜੀ ਦੇ ਲੰਗਰ ਅਤੁੱਟ ਵਰਤਾਏ ਗਏ।



# ਲਾਇਲਪੁਰ ਖਾਲਸਾ ਕਾਲਜ ਨੇ ਵਿਸ਼ਵ ਓਜ਼ੋਨ ਦਿਵਸ ਮਨਾਇਆ

**ਜਲੰਧਰ (ਸੌਰਭ ਖੰਨਾ)**- ਲਾਇਲਪੁਰ ਖਾਲਸਾ ਕਾਲਜ ਦੇ ਭੂਗੋਲ ਵਿਭਾਗ ਨੇ ਵਿਸ਼ਵ ਓਜ਼ੋਨ ਦਿਵਸ ਮਨਾਇਆ। ਇਸ ਮੌਕੇ ਓਜ਼ੋਨ ਪਰਤ ਦੇ ਲਗਾਤਾਰ ਘਟਣ ਅਤੇ ਇਸ ਦੇ ਵਾਤਾਵਰਣਕ ਨਤੀਜਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਕਈ ਪ੍ਰਭਾਵਸ਼ਾਲੀ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਜ਼ਿਲ੍ਹੇ ਭਰ ਦੇ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਨੇ ਪ੍ਰੋਗਰਾਮ ਵਿੱਚ ਹਿੱਸਾ ਲਿਆ। ਇਸ ਮੌਕੇ ਪ੍ਰਿੰਸੀਪਲ ਡਾ. ਸੁਮਨ ਚੋਪੜਾ ਦਾ ਸਵਾਗਤ ਭੂਗੋਲ ਵਿਭਾਗ ਦੀ ਚੇਅਰਪਰਸਨ ਡਾ. ਪੂਜਾ ਰਾਣਾ ਅਤੇ ਸਟਾਫ਼ ਮੈਂਬਰਾਂ ਨੇ ਕੀਤਾ। ਵਿਭਾਗ ਦੀ ਮੁਖੀ ਡਾ. ਪੂਜਾ ਰਾਣਾ ਨੇ ਦੱਸਿਆ ਕਿ ਓਜ਼ੋਨ ਪਰਤ ਸਟ੍ਰੈਟੋਸਫੀਅਰ ਵਿੱਚ ਇੱਕ ਸੁਰੱਖਿਆ ਢਾਲ ਵਜੋਂ ਕੰਮ ਕਰਦੀ ਹੈ, ਜੋ ਹਾਨੀਕਾਰਕ ਅਲਟਰਾਵਾਇਲਟ ਕਿਰਨਾਂ ਨੂੰ ਧਰਤੀ ਤੱਕ ਪਹੁੰਚਣ ਤੋਂ ਰੋਕਦੀ ਹੈ। ਉਨ੍ਹਾਂ ਦੱਸਿਆ ਕਿ ਕਿਵੇਂ ਕਲੋਰੋਫਲੋਰੋਕਾਰਬਨ ਗੈਸਾਂ ਦੀ ਵਰਤੋਂ ਕਾਰਨ ਓਜ਼ੋਨ ਪਰਤ ਲਗਾਤਾਰ ਪਤਲੀ ਹੋ ਰਹੀ ਹੈ, ਜੋ ਚਮੜੀ ਦੇ ਕੈਂਸਰ, ਅੱਖਾਂ ਨੂੰ ਨੁਕਸਾਨ ਅਤੇ ਧੁੱਪ ਵਰਗੀਆਂ ਗੰਭੀਰ ਸਿਹਤ ਸਮੱਸਿਆਵਾਂ ਦਾ ਕਾਰਨ ਬਣਦੀ ਹੈ। ਨਾਲ ਹੀ ਫਸਲਾਂ ਦੀ ਪੈਦਾਵਾਰ ਨੂੰ ਘਟਾਉਂਦੀ ਹੈ, ਸਮੁੰਦਰੀ ਵਾਤਾਵਰਣ ਪ੍ਰਣਾਲੀਆਂ ਨੂੰ ਵਿਗਾੜਦੀ ਹੈ ਅਤੇ ਜਲਵਾਯੂ ਪਰਿਵਰਤਨ ਨੂੰ ਤੇਜ਼ ਕਰਦੀ ਹੈ। ਇਸ ਸਾਲ ਦੇ ਵਿਸ਼ਵ ਓਜ਼ੋਨ ਦਿਵਸ ਦਾ ਥੀਮ, 'ਵਿਗਿਆਨ ਤੋਂ ਗਲੋਬਲ ਐਕਸ਼ਨ', ਦਿਨ ਦੀਆਂ ਗਤੀਵਿਧੀਆਂ ਲਈ ਮਾਰਗਦਰਸ਼ਕ ਸਿਧਾਂਤ ਵਜੋਂ ਕੰਮ ਕਰਦਾ ਹੈ। ਵਿਦਿਆਰਥੀਆਂ 'ਚ ਪੋਸਟਰ ਮੇਕਿੰਗ, ਸਲੋਗਨ ਲਿਖਣਾ, ਮਾਡਲ ਮੇਕਿੰਗ ਅਤੇ ਰੰਗੋਲੀ ਡਿਜ਼ਾਈਨਿੰਗ ਸਮੇਤ ਅੰਤਰ-ਕਾਲਜ ਮੁਕਾਬਲੇ ਆਯੋਜਿਤ ਕੀਤੇ ਗਏ ਸਨ। ਮੁਕਾਬਲਿਆਂ ਨੂੰ ਵਿਦਵਾਨ ਅਕਾਦਮਿਕ ਵਿਅਕਤੀਆਂ ਦੇ ਪੈਨਲ ਦੁਆਰਾ ਜੱਜ ਕੀਤਾ ਗਿਆ, ਜਿਸ ਵਿੱਚ ਪ੍ਰੋ. ਸਨੇਹ ਸ਼ਰਮਾ (ਐਨ ਜੇ ਐਸ ਏ ਸਰਕਾਰੀ ਕਾਲਜ, ਕਪੂਰਥਲਾ), ਪ੍ਰੋ. ਮ੍ਰਿਦੁਲਾ ਪੁਸ਼ਕਰਣਾ (ਆਰ.ਕੇ. ਆਰੀਆ ਕਾਲਜ, ਨਵਾਂਸ਼ਹਿਰ), ਡਾ. ਸ਼ੇਖਰ ਕੁਮਾਰ (ਸਰਕਾਰੀ ਕਾਲਜ, ਜਲੰਧਰ) ਅਤੇ ਡਾ. ਸਤਿੰਦਰ ਕੌਰ (ਅਸ.ਆਰ. ਸਰਕਾਰੀ ਕਾਲਜ, ਅੰਮ੍ਰਿਤਸਰ) ਸ਼ਾਮਲ ਸਨ। ਸਾਰੇ ਭਾਗੀਦਾਰਾਂ ਨੂੰ ਉਨ੍ਹਾਂ ਦੇ ਯਤਨਾਂ ਦੇ ਸਨਮਾਨ ਵਿੱਚ ਸਰਟੀਫਿਕੇਟ ਦਿੱਤੇ ਗਏ। ਪੋਸਟਰ ਮੇਕਿੰਗ ਮੁਕਾਬਲੇ ਵਿੱਚ ਨੰਦਨੀ ਸ਼ਰਮਾ (ਸਰਕਾਰੀ ਕਾਲਜ ਆਫ਼ ਐਜੂਕੇਸ਼ਨ, ਜਲੰਧਰ) ਨੇ ਪਹਿਲਾ, ਹਰਮਨਪ੍ਰੀਤ ਕੌਰ (ਐਸ.ਆਰ. ਸਰਕਾਰੀ ਕਾਲਜ, ਅੰਮ੍ਰਿਤਸਰ) ਨੇ ਦੂਜਾ, ਹਿਨਾ ਰਾਣੀ (ਐਸ.ਆਰ. ਸਰਕਾਰੀ ਕਾਲਜ, ਅੰਮ੍ਰਿਤਸਰ) ਨੇ ਤੀਜਾ ਅਤੇ ਨਈਆ (ਸਰਕਾਰੀ ਕਾਲਜ ਆਫ਼ ਐਜੂਕੇਸ਼ਨ, ਜਲੰਧਰ) ਨੇ ਚੌਥਾ ਸਥਾਨ ਪ੍ਰਾਪਤ ਕੀਤਾ। ਸਲੋਗਨ ਲਿਖਣ ਮੁਕਾਬਲੇ ਵਿੱਚ ਅਵਲੀਨ ਕੌਰ ਨੇ ਪਹਿਲਾ, ਮਨਪ੍ਰੀਤ ਕੌਰ ਨੇ ਦੂਜਾ ਅਤੇ ਪ੍ਰਭਦੀਪ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਤਿੰਨੋਂ ਭਾਗੀਦਾਰ ਐਸ.ਆਰ. ਸਰਕਾਰੀ ਕਾਲਜ, ਅੰਮ੍ਰਿਤਸਰ ਦੇ ਵਿਦਿਆਰਥੀ ਸਨ। ਮਾਡਲ ਬਣਾਉਣ ਦਾ ਮੁਕਾਬਲਾ ਦੇਵਾਂਸ਼ੂ, ਕਰਮੀਤ ਅਤੇ ਸਾਨਿਆ (ਲਾਇਲਪੁਰ ਖਾਲਸਾ ਕਾਲਜ) ਨੇ ਜਿੱਤਿਆ, ਜਦਕਿ ਰੰਗੋਲੀ ਮੁਕਾਬਲੇ ਵਿੱਚ ਕੁੰਦਨ ਅਤੇ ਪਰਮਜੀਤ, ਦੋਵੇਂ ਲਾਇਲਪੁਰ ਖਾਲਸਾ ਕਾਲਜ ਤੋਂ ਸਿਰਮੌਰ ਰਹੇ। ਇਹ ਸਮਾਗਮ ਇੱਕ ਸਹੁੰ ਚੁੱਕ ਸਮਾਰੋਹ ਨਾਲ ਸਮਾਪਤ ਹੋਇਆ। ਇਸ ਮੌਕੇ ਪ੍ਰੋ. ਨਵਦੀਪ ਕੌਰ, ਪ੍ਰੋ. ਕਮਲਪ੍ਰੀਤ ਕੌਰ, ਪ੍ਰੋ. ਕਾਰਤਿਕ ਅਤੇ ਪ੍ਰੋ. ਈਸ਼ੂ ਮੌਜੂਦ ਸਨ।





ਕੇ.ਦਾਮੋਦਰਨ
(ਆਖਰੀ ਸਫੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਉਹ ਨਹੀਂ ਸਨ ਵੇਖ ਸਕਦੇ
ਆਲ੍ਹਣੇ ਵਿਰਲਾਪ ਕਰਦੇ,
ਪੰਛੀਆਂ ਦੇ ਨਾਲ ਫਿਰ ਰੁੱਖਾਂ
ਦਾ ਉੱਡਣਾ ਲਾਜ਼ਮੀ ਸੀ।
- ਦਾਦਰ ਪੰਡੋਰਵੀ

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 21 ਸਤੰਬਰ 2025 | www.nawanzamana.in | ਕੀਮਤ 5.00 ਰੁਪਏ


# ਪ੍ਰਗਤੀਸ਼ੀਲ ਸਾਹਿਤਕ ਲਹਿਰ ਤੇ ਪੰਜਾਬ



ਹੀਰਾ ਸਿੰਘ ਦਰਦ | ਭੀਸ਼ਮ ਸਾਹਨੀ | ਫੈਜ਼ ਅਹਿਮਦ ਫੈਜ਼ | ਗੁਰਬਖ਼ਸ਼ ਸਿੰਘ ਪ੍ਰੀਤਲੜੀ | ਸੰਤ ਸਿੰਘ ਸੇਖੋਂ | ਪ੍ਰੋ. ਮੋਹਨ ਸਿੰਘ | ਅੰਮ੍ਰਿਤਾ ਪ੍ਰੀਤਮ | ਤੇਰਾ ਸਿੰਘ ਚੰਨ | ਸੰਤੋਖ ਸਿੰਘ ਧੀਰ | ਗੁਰਸ਼ਰਨ ਸਿੰਘ | ਸੰਤ ਰਾਮ ਉਦਾਸੀ | ਅਵਤਾਰ ਪਾਸ਼

## ਸੁਖਦੇਵ ਸਿੰਘ ਸਿਰਸਾ

ਪ੍ਰਗਤੀਸ਼ੀਲ ਅੰਦੋਲਨ ਮਹਿਜ਼ ਸਾਹਿਤਕ ਲਹਿਰ ਨਹੀਂ ਸੀ, ਇਹ ਸੰਸਾਰ ਭਰ ਦੇ ਉਦਾਰਵਾਦੀ, ਮਾਨਵਵਾਦੀ ਅਤੇ ਅਗਾਂਹਵਧੂ ਸੋਚ ਵਾਲੇ ਲੇਖਕਾਂ, ਬੁੱਧੀਜੀਵੀਆਂ, ਰੰਗਕਰਮੀਆਂ, ਫ਼ਿਲਮਸਾਜ਼ਾਂ ਅਤੇ ਪੱਤਰਕਾਰਾਂ ਦਾ ਸਾਂਝਾ ਵਿਸ਼ਾਲ ਮੋਰਚਾ ਸੀ। ਇਹ ਬਹੁ-ਪੱਖੀ ਪਸਾਰਾਂ ਵਾਲਾ ਸੱਭਿਆਚਾਰਕ ਅੰਦੋਲਨ ਸੀ, ਜਿਸ ਦੇ ਸਰੋਕਾਰ ਸਾਹਿਤਕ, ਸੁਹਜਾਤਮਕ, ਸਮਾਜਿਕ, ਰਾਜਨੀਤਕ ਅਤੇ ਨੈਤਿਕ ਸਨ। ਦੂਸਰੇ ਵਿਸ਼ਵ ਯੁੱਧ ਨੂੰ ਰੋਕਣ ਲਈ ਫ਼ਰਾਂਸ ਦੀ ਕਮਿਊਨਿਸਟ ਪਾਰਟੀ ਦੀ ਪਹਿਲਕਦਮੀ ਉੱਤੇ ਪੈਰਿਸ ਵਿਖੇ ਸੰਸਾਰ ਦੇ ਉੱਘੇ ਲੇਖਕਾਂ, ਚਿੰਤਕਾਂ ਅਤੇ ਕਲਾਕਾਰਾਂ ਦਾ ਵੱਡਾ ਇਕੱਠ ਹੋਇਆ। ਪੈਰਿਸ ਵਿਖੇ 1935 ਵਿੱਚ 'World Congress of the writers for the Defence of Culture ਨਾਂਅ ਦੀ ਸੰਸਥਾ ਬਣਾਈ ਗਈ। ਇਸ ਦਾ ਤਤਕਾਲੀ ਮਨੋਰਥ ਸਾਮਰਾਜਵਾਦ ਅਤੇ ਉਸ ਦੀਆਂ ਅਲਾਮਤਾਂ; ਨਾਜ਼ੀਵਾਦ ਅਤੇ ਫ਼ਾਸ਼ੀਵਾਦ ਦਾ ਵਿਰੋਧ ਕਰਨ ਦੇ ਨਾਲ-ਨਾਲ, ਗ਼ੁਲਾਮ ਮੁਲਕਾਂ ਦੀ ਆਜ਼ਾਦੀ, ਸੰਸਾਰ ਅਮਨ, ਸਾਮਰਾਜੀ/ਬਸਤੀਵਾਦੀ ਲੁੱਟ ਨੂੰ ਖ਼ਤਮ ਕਰਨਾ, ਕਿਰਤੀਆਂ-ਕਿਸਾਨਾਂ ਅਤੇ ਹਾਸ਼ੀਏ ਦੇ ਸਮਾਜ ਦੇ ਮਾਨਵੀ ਅਧਿਕਾਰਾਂ ਦੀ ਰਾਖੀ ਕਰਨਾ ਸੀ। ਲੇਖਕਾਂ ਦੇ ਜੂਨ 1935 ਈ. 'ਚ ਪੈਰਿਸ ਵਿਖੇ ਹੋਏ ਸੰਮੇਲਨ ਵਿੱਚ 20 ਮੁਲਕਾਂ ਵਿੱਚੋਂ 230 ਡੈਲੀਗੇਟ ਸ਼ਾਮਲ ਹੋਏ। ਇਸ ਸੰਮੇਲਨ ਨੂੰ ਹੈਨਰੀ ਬਾਰਬੂਜ਼, ਮੈਕਸਿਮ ਗੋਰਕੀ, ਰੋਮਾਂ ਰੋਲਾਂ, ਆਂਦਰੇ ਮਾਲਰੋ, ਟਾਮਸਮਾਨ, ਵਾਲਡੋ ਫ਼ਰੈਂਕ, ਈ.ਐੱਮ. ਫੌਰਸਟਰ, ਲੂਈਂ ਆਂਰਗੋ ਅਲਾਡਸ ਹਕਸਲੇ, ਬੋਰਿਸ ਪਾਸਤਰਨਾਇਕ, ਅਰਨਿਸਟ ਹੈਮਿੰਗਵੇ, ਆਂਦਰੇ ਜੀਦ, ਬਰਤੋਲਤ ਬਰੈਖ਼ਤ, ਪਾਬਲੋ ਨੈਰੂਦਾ, ਹੈਨਰਿਕ ਮਾਨ, ਸਟੀਫ਼ਨ ਸਪੈਂਡਰ, ਇਲੀਆ ਏਹਿਰਨਬਰਗ ਅਤੇ ਗੁਸਤਾਵ ਰੇਗਲਰ ਵਰਗੇ ਨਾਮੀ ਲੇਖਕਾਂ ਦਾ ਸਮਰਥਨ ਪ੍ਰਾਪਤ ਸੀ। ਇਸ ਸੰਸਥਾ ਦਾ ਸਥਾਈ ਦਫ਼ਤਰ ਪੈਰਿਸ ਵਿਖੇ ਅਤੇ ਪ੍ਰਧਾਨ ਈ.ਐੱਮ. ਫ਼ੌਸਟਰ ਨੂੰ ਬਣਾਇਆ ਗਿਆ ਸੀ। ਇਸ ਲਹਿਰ ਤੋਂ ਪ੍ਰਭਾਵਿਤ ਲੇਖਕਾਂ ਨੇ ਜਰਮਨ ਨਾਜ਼ੀਵਾਦ, ਇਟਲੀ ਦੇ ਫ਼ਾਸ਼ੀਵਾਦ ਅਤੇ ਬਸਤੀਵਾਦੀ ਦਮਨ ਦੇ ਖ਼ਿਲਾਫ਼ ਆਪਣੀਆਂ ਲਿਖਤਾਂ ਅਤੇ ਅਮਲ ਰਾਹੀਂ ਆਵਾਜ਼ ਬੁਲੰਦ ਕੀਤੀ। ਅਫ਼ਰੀਕਾ ਦੀ Negritude Movement' ਦੇ ਸਮਰਥਕ ਨੀਗਰੋ/ਅਫ਼ਰੀਕਨ ਲੇਖਕਾਂ (black intelectuals) ਨੇ ਬਸਤੀਵਾਦ ਦੀ ਲੁੱਟ ਅਤੇ ਨਸਲਵਾਦੀ ਵਿਚਾਰਧਾਰਾ ਦਾ ਵਿਰੋਧ ਕੀਤਾ। ਸਪੇਨ ਦੇ ਗ੍ਰਹਿ ਯੁੱਧ ਸਮੇਂ ਜਨਰਲ ਫ਼ਰੈਂਕੋ ਦੀ ਅਗਵਾਈ ਵਾਲੇ ਰਾਸ਼ਟਰਵਾਦੀ ਫ਼ਾਸ਼ੀਵਾਦੀਆਂ ਦੇ ਵਿਰੋਧ ਵਿੱਚ ਅਰਨੈਸਟ ਹੈਮਿੰਗਵੇ, ਜਾਰਜ ਔਰਵੈਲ, ਸਟੀਫ਼ਨ ਸਪੈਂਡਰ, ਗੇਰਾਲਡ ਬਰੇਨਨ, ਰੌਬਿਰਟ ਗਰੇਵਜ਼ ਅਤੇ ਲੌਰੇ ਲੀਅ ਵਰਗੇ ਲੇਖਕ ਚਿੰਤਕ ਸਪੇਨ ਗਏ। ਰੈਲਫ਼ ਫ਼ਾਕਸ, ਕ੍ਰਿਸਟੋਫ਼ਰ ਕਾਡਵੈਲ ਅਤੇ ਉਨ੍ਹਾਂ ਦੇ ਕੁਝ ਸਾਥੀ ਲੇਖਕ ਸਪੇਨ ਯੁੱਧ ਵਿੱਚ ਮੋਰਚੇ ਉੱਤੇ ਸ਼ਹੀਦ ਹੋਏ।

ਜੂਨ 1935 ਦੇ ਪੈਰਿਸ ਸੰਮੇਲਨ ਵਿੱਚ ਭਾਰਤ ਵੱਲੋਂ ਇੱਕੋ ਇੱਕ ਲੇਖਕਾ ਸੋਫ਼ੀਆ ਵਾਡੀਆ ਸ਼ਾਮਲ ਹੋਈ, ਜੋ ਕਲੰਬੀਆ 'ਚ ਜਨਮੀ ਫ਼ਰਾਂਸੀਸੀ ਮੂਲ ਦੇ ਮਾਪਿਆਂ ਦੀ ਧੀ ਸੀ ਅਤੇ ਅਮੀਰ ਪਾਰਸੀ ਭਾਰਤੀ ਨਾਲ ਵਿਆਹੀ ਹੋਈ ਸੀ। ਇੰਗਲੈਂਡ 'ਚ ਪੜ੍ਹਦੇ ਭਾਰਤੀ ਪਾੜ੍ਹਿਆਂ ਵਿੱਚੋਂ ਮੁਲਕ ਰਾਜ ਆਨੰਦ ਅਤੇ ਸੱਜਾਦ ਜ਼ਹੀਰ ਇਸ ਸੰਮੇਲਨ ਵਿੱਚ ਸ਼ਾਮਲ ਹੋਏ। ਉਸ ਸਮੇਂ ਬਰਤਾਨੀਆ ਵਿੱਚ ਪੜ੍ਹਦੇ ਭਾਰਤੀ ਨੌਜਵਾਨਾਂ ਦਾ ਇੱਕ ਗਰੁੱਪ ਸਰਗਰਮ ਸੀ; ਜਿਸ ਵਿੱਚ ਪ੍ਰਮੁੱਖ ਸਨ: ਮੁਲਕ ਰਾਜ ਆਨੰਦ, ਸੱਜਾਦ ਜ਼ਹੀਰ, ਜਯੋਤੀ ਘੋਸ਼, ਪ੍ਰਮੋਦ ਸੇਨ ਗੁਪਤ, ਹੀਰੇਨ ਮੁਖਰਜੀ ਅਤੇ ਮੁਹੰਮਦ ਦੀਨ ਤਾਸੀਰਾ। ਨੌਜਵਾਨ ਲੇਖਕਾਂ ਦੀ ਇਹ ਟੋਲੀ ਲੰਡਨ ਦੀ ਡੈਨਮਾਰਕ ਸਟਰੀਟ ਸਥਿਤ 'ਨਾਨਕਿੰਗ ਰੈਸਟੋਰੈਂਟ' ਵਿੱਚ ਸਟੱਡੀ ਸਰਕਲ ਲਾਇਆ ਕਰਦੀ ਸੀ; ਰੈਲਫ਼ ਫ਼ਾਕਸ, ਡੇਵਿਡ ਗਸਟ, ਕਾਰਨਫੋਰਥ ਵਰਗੇ ਲੇਖਕ/ਪੱਤਰਕਾਰਾਂ ਨਾਲ ਇਨ੍ਹਾਂ ਦਾ ਨੇੜਲਾ ਸੰਪਰਕ ਸੀ। ਪੈਰਿਸ ਸੰਮੇਲਨ 'ਚੋਂ ਪਰਤ ਕੇ ਲੰਡਨ 'ਚ ਪੜ੍ਹਦੇ ਭਾਰਤੀ ਨੌਜਵਾਨਾਂ ਨੇ 1935 ਵਿੱਚ ਪ੍ਰਗਤੀਸ਼ੀਲ ਲੇਖਕ ਸੰਗਠਨ ਦੀ ਸਥਾਪਨਾ ਕੀਤੀ, ਜਿਸ ਦਾ ਪ੍ਰਧਾਨ ਮੁਲਕ ਰਾਜ ਆਨੰਦ ਤੇ ਜਨਰਲ ਸਕੱਤਰ ਸੱਜਦ ਜ਼ਹੀਰ ਨੂੰ ਬਣਾਇਆ ਗਿਆ। ਇਸ ਸੰਸਥਾ ਦੇ ਮਨੋਰਥ ਪੱਤਰ ਨੂੰ ਅਗਾਂਹਵਧੂ ਸੋਚ ਵਾਲੇ ਭਾਰਤੀ ਲੇਖਕਾਂ ਨਾਲ ਸਾਂਝਾ ਕਰਨ ਲਈ ਮੁਨਸ਼ੀ ਪ੍ਰੇਮ ਚੰਦ ਨੇ ਅਕਤੂਬਰ 1935 ਈ. ਦੇ 'ਹੰਸ' ਰਸਾਲੇ ਵਿੱਚ ਛਾਪ ਦਿੱਤਾ। ਇਸ ਦਾ ਸਾਰ ਇੰਜ ਹੈ; "ਸਾਡੀ ਸੰਸਥਾ ਦਾ ਮਨੋਰਥ ਇਹ ਹੈ ਕਿ ਆਪਣੇ ਸਾਹਿਤ ਤੇ ਹੋਰ ਕਲਾਵਾਂ ਨੂੰ ਪੁਜਾਰੀਆਂ, ਪੰਡਿਤਾਂ ਤੇ ਹੋਰ ਪਿਛਾਂਹਖਿੱਚੂ ਅਨਸਰਾਂ ਦੇ ਹੱਥਾਂ ਵਿੱਚੋਂ ਕੱਢ ਕੇ ਆਮ ਜਨਤਾ ਦੇ ਨੇੜੇ ਲਿਆਂਦਾ ਜਾਵੇ, ਜਿਸ ਨਾਲ ਅਸੀਂ ਆਪਣਾ ਭਵਿੱਖ ਉਜਲਾ ਕਰ ਸਕੀਏ। ਸਾਡਾ ਵਿਸ਼ਵਾਸ ਹੈ ਕਿ ਭਾਰਤ ਦੇ ਨਵੇਂ ਸਾਹਿਤ ਨੂੰ ਸਾਡੀ ਵਰਤਮਾਨ ਜ਼ਿੰਦਗੀ ਦੀਆਂ ਮੂਲ ਅਸਲੀਅਤਾਂ ਪ੍ਰਤੀ ਹਮਦਰਦੀ ਹੋਣੀ ਚਾਹੀਦੀ ਹੈ, ਅਤੇ ਉਹ ਅਸਲੀਅਤ ਹੈ ਸਾਡੀ ਰੋਟੀ ਦੀ, ਮੰਦਹਾਲੀ ਦੀ, ਸਾਡੀ ਸਮਾਜਕ ਗਿਰਾਵਟ ਦੀ, ਸਾਡੀ ਰਾਜਸੀ ਗ਼ੁਲਾਮੀ ਦੀ। ਉਹ ਸਭ ਕੁਝ ਜਿਹੜਾ ਸਾਡੇ ਵਿੱਚ ਨਿਰਖ-ਪਰਖ ਦੀ ਸੋਝੀ ਪੈਦਾ ਕਰਦਾ ਹੈ ਅਤੇ ਸਾਡੀਆਂ ਮਹਾਨ ਪਰੰਪਰਾਵਾਂ ਨੂੰ ਅਕਲ ਅਤੇ ਦਲੀਲ ਦੀ ਕਸੌਟੀ 'ਤੇ ਪਰਖਣ ਲਈ ਉਕਸਾਉਂਦਾ ਹੈ, ਉਹ ਸਾਨੂੰ ਨਰੋਆ ਬਣਾਉਂਦਾ ਹੈ ਅਤੇ ਸਾਡੇ ਵਿੱਚ ਏਕਤਾ ਅਤੇ ਇਕਸੁਰਤਾ ਪੈਦਾ ਕਰਦਾ ਹੈ, ਉਸੇ ਨੂੰ ਅਸੀਂ ਪ੍ਰਗਤੀਵਾਦ ਕਹਿੰਦੇ ਹਾਂ।"

ਭਾਰਤੀ ਸੁਤੰਤਰਤਾ ਸੰਗਰਾਮ ਦੀ ਸਿਖਰਲੀ ਸਰਗਰਮੀ ਵਾਲੇ ਇਸ ਦੌਰ ਵਿੱਚ ਭਾਰਤੀ ਸਮਾਜ ਅੰਦਰ ਸਮਾਜਕ ਤੇ ਰਾਜਸੀ ਪੱਖੋਂ ਵੱਡੀਆਂ ਤਬਦੀਲੀਆਂ ਵਾਪਰ ਰਹੀਆਂ ਸਨ। ਵਿਸ਼ਵ-ਵਿਆਪੀ ਕੌਮੀ ਮੁਕਤੀ ਲਹਿਰਾਂ, ਗਿਆਨ-ਵਿਗਿਆਨ ਦੇ ਪਾਸਾਰ ਅਤੇ ਵਿਸ਼ਵ ਸਾਹਿਤ ਨਾਲ ਸੰਪਰਕ ਨੇ ਭਾਰਤੀ ਲੇਖਕਾਂ ਤੇ ਚਿੰਤਕਾਂ ਦੀ ਸੋਚ ਨੂੰ ਨਵੀਂ ਦਿਸ਼ਾ ਦਿੱਤੀ ਸੀ। ਅਪ੍ਰੈਲ 1936 ਈ. ਵਿੱਚ 'ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ' ਦੀ ਸਥਾਪਨਾ ਤੋਂ ਪਹਿਲਾਂ ਹੀ ਭਾਰਤੀ ਭਾਸ਼ਾਵਾਂ ਦੇ ਲੇਖਕਾਂ, ਚਿੰਤਕਾਂ ਵਿੱਚ ਬਸਤੀਵਾਦ ਦੀ ਵਿਚਾਰਧਾਰਕ ਸਰਦਾਰੀ, ਰੂੜ੍ਹੀਵਾਦੀ/ਸਨਾਤਨੀ ਵਿਚਾਰਾਂ, ਸਾਮੰਤਸ਼ਾਹੀ ਦੇ ਦਾਬੇ, ਪਿੱਤਰ-ਸੱਤਾ ਕੇਂਦਰਤ ਵਿਵਹਾਰ, ਮਨੂੰਵਾਦੀ ਵਰਣ-ਪ੍ਰਥਾ ਦੇ ਦਮਨ, ਨਸਲੀ ਤੇ ਸੰਪ੍ਰਦਾਈ ਭੇਦ-ਭਾਵ ਅਤੇ ਲਿੰਗ ਵਿਤਕਰੇ ਉੱਪਰ ਆਧਾਰਿਤ ਵਿਚਾਰਾਂ ਵਿਰੁੱਧ ਗੰਭੀਰ ਸੰਵਾਦ ਛਿੜਿਆ ਹੋਇਆ ਸੀ। 'ਹਿੰਦੋਸਤਾਨੀ ਅਕਾਦਮੀ, ਅਲਾਹਾਬਾਦ' ਦੀ ਦਸੰਬਰ 1935 ਦੀ ਕਾਨਫ਼ਰੰਸ ਅਤੇ 'ਭਾਰਤੀ ਸਾਹਿਤ ਪ੍ਰੀਸ਼ਦ ਨਾਗਪੁਰ' ਦੀ ਅਪ੍ਰੈਲ 1936 ਦੀ ਕਾਨਫ਼ਰੰਸ ਵਿੱਚ ਸਾਹਿਤ ਅਤੇ ਸਾਹਿਤਕਾਰ ਦੀ ਭੂਮਿਕਾ ਬਾਰੇ ਜੋ ਚਰਚਾ ਹੋਈ, ਉਹ 'ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ' ਦੇ ਉਦੇਸ਼ਾਂ ਦੇ ਅਨੁਕੂਲ ਹੀ ਸੀ। ਪ੍ਰਮਾਣ ਵਜੋਂ ਨਾਗਪੁਰ ਕਾਨਫ਼ਰੰਸ ਵਿੱਚ ਅਖ਼ਤਰ ਹੁਸੈਨ ਰਾਇਪੁਰੀ ਵੱਲੋਂ ਪੇਸ਼ ਕੀਤੇ ਘੋਸ਼ਣਾ ਪੱਤਰ ਦੀਆਂ ਇਹ ਸਤਰਾਂ ਪੜ੍ਹੀਆਂ ਜਾ ਸਕਦੀਆਂ ਹਨ: "ਸਾਡਾ ਵਿਚਾਰ ਹੈ ਕਿ ਸਾਹਿਤ ਦੀਆਂ ਸਮੱਸਿਆਵਾਂ ਨੂੰ ਜੀਵਨ ਦੀਆਂ ਦੂਜੀਆਂ ਸਮੱਸਿਆਵਾਂ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਜੀਵਨ ਇੱਕ ਸੰਪੂਰਨ ਇਕਾਈ ਹੈ, ਇਸ ਨੂੰ ਸਾਹਿਤ, ਫ਼ਲਸਫ਼ੇ ਅਤੇ ਰਾਜਨੀਤੀ ਆਦਿ ਦੇ ਖ਼ਾਨਿਆਂ ਵਿੱਚ ਨਹੀਂ ਵੰਡਿਆ ਜਾ ਸਕਦਾ।... ਸਾਹਿਤ ਜ਼ਿੰਦਗੀ ਦੇ ਮਾਰਗ ਦਾ ਪੱਥ-ਪ੍ਰਦਰਸ਼ਕ ਹੈ। ਇਸ ਨੇ ਜੀਵਨ ਦੇ ਨਾਲ ਤੁਰਨਾ ਹੀ ਨਹੀਂ, ਜੀਵਨ ਦੀ ਅਗਵਾਈ ਵੀ ਕਰਨੀ ਹੈ।... ਇਨਸਾਨੀਅਤ ਦੇ ਨਾਂਅ 'ਤੇ ਅਸੀਂ ਪੁੱਛਦੇ ਹਾਂ ਕਿ ਕੀ ਅੱਜ, ਜਦਕਿ ਪ੍ਰਗਤੀਵਾਦੀ ਤੇ ਪਿਛਾਖੜੀ ਸ਼ਕਤੀਆਂ ਵਿਚਕਾਰ ਨਿਰਣਾਇਕ ਜੰਗ ਸ਼ੁਰੂ ਹੋ ਚੁੱਕੀ ਹੈ, ਸਾਹਿਤ ਆਪਣੇ-ਆਪ ਨੂੰ ਨਿਰਪੱਖ ਕਿਵੇਂ ਰੱਖ ਸਕਦਾ ਹੈ?"

ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੀ ਸਥਾਪਨਾ ਅਪ੍ਰੈਲ 1936 'ਚ ਲਖਨਊ ਵਿਖੇ ਮੁਨਸ਼ੀ ਪ੍ਰੇਮ ਚੰਦ ਦੀ ਪ੍ਰਧਾਨਗੀ 'ਚ ਹੋਈ ਕਾਨਫ਼ਰੰਸ ਸਮੇਂ ਹੋਈ ਸੀ। ਇਸ ਸੰਸਥਾ ਦੀ ਸਥਾਪਨਾ 'ਚ ਝੰਡਾ-ਬਰਦਾਰ ਵਾਲੀ ਭੂਮਿਕਾ ਭਾਵੇਂ ਸੱਜਾਦ ਜ਼ਹੀਰ ਦੀ ਸੀ, ਪਰ ਮੁਲਕ ਰਾਜ ਆਨੰਦ, ਡਾ. ਮੁਹੰਮਦ ਅਸ਼ਰਫ਼ (ਅਲੀਗੜ੍ਹ), ਮਹਿਮੂਦ ਜ਼ਫ਼ਰ ਤੇ ਰਾਸ਼ੀਦ ਜਹਾਂ (ਅੰਮ੍ਰਿਤਸਰ), ਹੀਰੇਨ ਮੁਖਰਜੀ (ਕਲਕੱਤਾ), ਅਹਿਮਦ ਅਲੀ (ਅਲਾਹਾਬਾਦ), ਡਾ. ਯੂਸਫ਼ ਹੁਸੈਨ (ਹੈਦਰਾਬਾਦ, ਦੱਖਣ) ਅਤੇ ਹੱਥੀ ਸਿੰਹੁ (ਬੰਬਈ) ਆਦਿ ਲੇਖਕਾਂ ਤੇ ਚਿੰਤਕਾਂ ਦੀ ਭੂਮਿਕਾ ਵੀ ਇਤਿਹਾਸਕ ਸੀ। ਪ੍ਰਗਤੀਸ਼ੀਲ ਲੇਖਕ ਸੰਘ ਦੀ ਅਗਵਾਈ ਭਾਵੇਂ ਮਾਰਕਸਵਾਦੀ ਵਿਚਾਰਾਂ ਵਾਲੇ ਲੇਖਕਾਂ ਕੋਲ ਸੀ, ਪਰ ਹਕੀਕਤ ਵਿੱਚ ਇਹ ਉਦਾਰਵਾਦੀ, ਰਾਸ਼ਟਰਵਾਦੀ ਅਤੇ ਸਮਾਜਵਾਦੀ ਵਿਚਾਰਾਂ ਵਾਲੇ ਲੇਖਕਾਂ, ਚਿੰਤਕਾਂ ਅਤੇ ਕਲਾ-ਕਰਮੀਆਂ ਦਾ ਸਾਂਝਾ ਮੋਰਚਾ ਸੀ। ਲਖਨਊ ਕਾਨਫ਼ਰੰਸ ਵਿੱਚ ਆਪਣੇ ਪ੍ਰਧਾਨਗੀ ਭਾਸ਼ਣ 'ਚ ਮੁਨਸ਼ੀ ਪ੍ਰੇਮ ਚੰਦ ਨੇ "ਸਾਹਿਤ ਨੂੰ ਜੀਅ ਪ੍ਰਚਾਵਾ" ਮੰਨਣ ਵਾਲੀ ਰਵਾਇਤੀ ਧਾਰਨਾ ਦਾ ਖੰਡਨ ਕਰਦਿਆਂ ਕਿਹਾ ਸੀ ਕਿ ਸਾਹਿਤ ਦਾ ਵੱਡਾ ਕੰਮ ਜੀਵਨ ਦੀ ਆਲੋਚਨਾ ਕਰਨਾ ਹੈ। ਸਾਹਿਤ ਦਾ ਮਕਸਦ ਲੋਕਾਂ ਦੇ ਜਜ਼ਬਾਤ ਦੀ ਤਰਜਮਾਨੀ ਕਰਦਿਆਂ ਉਨ੍ਹਾਂ ਦੀ ਅਗਵਾਈ ਕਰਨਾ ਹੈ। ਉਨ੍ਹਾਂ ਨੇ ਬਦਲ ਰਹੀਆਂ ਸਮਾਜਕ-ਇਤਿਹਾਸਕ ਸਥਿਤੀਆਂ ਅਨੁਸਾਰ ਕਲਾ ਤੇ ਸੁਹਜ ਦੇ ਮਿਆਰ ਬਦਲਣ ਦੀ ਲੋੜ ਉੱਤੇ ਬਲ ਦਿੱਤਾ। ਉਨ੍ਹਾਂ ਨੇ ਸਮਕਾਲੀ ਸਾਹਿਤਕਾਰਾਂ ਨੂੰ ਸੁਝਾਅ ਦਿੱਤਾ ਕਿ ਉਹ ਅਮੀਰਾਂ ਦੀਆਂ ਮਹੱਲਾਂ ਤੇ ਬੰਗਲਿਆਂ ਵੱਲ ਦੇਖਣ ਦੀ ਥਾਂ ਗ਼ਰੀਬਾਂ ਦੀਆਂ ਝੌਂਪੜੀਆਂ ਵੱਲ ਧਿਆਨ ਦੇਣ ਤਾਂ ਜੋ ਆਮ ਜਨਤਾ ਨੂੰ ਉਨ੍ਹਾਂ ਦਾ ਅਸਲੀ ਹੱਕ ਦੁਆਇਆ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਸਾਡੀ ਕਸੌਟੀ ਉੱਤੇ ਸਿਰਫ਼ ਉਹੀ ਸਾਹਿਤ ਖਰਾ ਉਤਰੇਗਾ, ਜਿਸ ਵਿੱਚ ਪ੍ਰੇਰਨਾ ਹੋਵੇ, ਆਜ਼ਾਦੀ ਦਾ ਜਜ਼ਬਾ ਹੋਵੇ, ਨਵ-ਉਸਾਰੀ ਦੇ ਨਾਲ-ਨਾਲ ਜ਼ਿੰਦਗੀ ਦੀਆਂ ਅਸਲੀਅਤਾਂ ਦੀ ਰੌਸ਼ਨੀ ਹੋਵੇ, ਜਿਹੜਾ ਸਾਡੇ ਮਨਾਂ ਵਿੱਚ ਹਿੱਲ-ਜੁੱਲ, ਹੰਗਾਮਾ ਤੇ ਬੇਚੈਨੀ ਪੈਦਾ ਕਰੇ। ਸਾਨੂੰ ਸੁਲਾਵੇ ਨਾ, ਕਿਉਂ ਜੋ ਹੁਣ ਹੋਰ ਸੌਣਾ ਮੌਤ ਦੀ ਨਿਸ਼ਾਨੀ ਹੈ। ਸੰਘ ਦੇ ਘੋਸ਼ਣਾ-ਪੱਤਰ 'ਚ ਐਲਾਨ ਕੀਤਾ ਗਿਆ ਸੀ; "ਸਾਡੇ ਸੰਘ ਦਾ ਮੰਤਵ ਇਹ ਹੈ ਕਿ ਸਾਹਿਤ ਅਤੇ ਲਲਿਤ ਕਲਾਵਾਂ ਨੂੰ ਪੁਰਾਣ-ਪੰਥੀਆਂ ਦੀ ਮਾਰੂ ਜਕੜ ਤੋਂ ਮੁਕਤੀ ਦੁਆ ਕੇ ਇਨ੍ਹਾਂ ਨੂੰ ਜਨਤਾ ਦੇ ਦੁੱਖ-ਸੁੱਖ ਅਤੇ ਸੰਘਰਸ਼ ਦਾ ਤਰਜਮਾਨ ਬਣਾਇਆ ਜਾਵੇ। ਅਸੀਂ ਹਿੰਦੋਸਤਾਨੀ ਸੱਭਿਅਤਾ ਦੀਆਂ ਉੱਤਮ ਕਦਰਾਂ ਦੇ ਵਾਰਸ ਹੋਣ ਦਾ ਦਾਅਵਾ ਕਰਦੇ ਹਾਂ। ਅਸੀਂ ਸੰਘ ਦੇ ਮਾਧਿਅਮ ਰਾਹੀਂ ਹਰ ਐਸੇ ਜਜ਼ਬੇ ਦੀ ਤਰਜਮਾਨੀ ਕਰਾਂਗੇ, ਜਿਹੜਾ ਸਾਡੇ ਦੇਸ਼ ਨੂੰ ਇੱਕ ਨਵੀਂ ਚੰਗੇਰੀ ਜ਼ਿੰਦਗੀ ਦੀ ਰਾਹ ਦਿਖਾਵੇ। ਇਸ ਕਾਰਜ ਲਈ ਅਸੀਂ ਵਿਦੇਸ਼ੀਆਂ ਦੀ ਸੱਭਿਅਤਾ ਅਤੇ ਸੱਭਿਆਚਾਰ ਤੋਂ ਵੀ ਲਾਭ ਉਠਾਵਾਂਗੇ। ਅਸੀਂ ਚਾਹੁੰਦੇ ਹਾਂ ਕਿ ਹਿੰਦੋਸਤਾਨ ਦਾ ਨਵਾਂ ਸਾਹਿਤ ਅਸਾਡੇ ਜੀਵਨ ਦੀਆਂ ਬੁਨਿਆਦੀ ਸਮੱਸਿਆਵਾਂ ਨੂੰ ਆਪਣਾ ਵਿਸ਼ਾ-ਵਸਤੂ ਬਣਾਵੇ।"

ਪ੍ਰਗਤੀਵਾਦੀ ਸਾਹਿਤਕ ਲਹਿਰ ਨੇ ਆਪਣੇ ਆਰੰਭ ਤੋਂ ਹੀ ਜਿੱਥੇ ਫ਼ਾਸ਼ੀਵਾਦ, ਨਾਜ਼ੀਵਾਦ, ਬਸਤੀਵਾਦ, ਸਾਮਰਾਜਵਾਦ, ਭਾਰਤੀ ਸੰਦਰਭ 'ਚ ਸਾਮੰਤਵਾਦ, ਧਾਰਮਿਕ ਅੰਧ-ਵਿਸ਼ਵਾਸ, ਨਸਲੀ ਤੇ ਸੰਪ੍ਰਦਾਇਕ ਸੰਕੀਰਨਤਾ, ਜਾਤ-ਪਾਤ, ਜਮਾਤੀ ਲੁੱਟ-ਖਸੁੱਟ, ਪਿੱਤਰ-ਸੱਤਾ ਕੇਂਦਰਤ ਦਾਬੇ, ਲਿੰਗ ਵਿਤਕਰੇ, ਇਸਤਰੀ ਜਾਤੀ ਦੇ ਦਮਨ ਅਤੇ ਰੂੜ੍ਹੀਵਾਦੀ/ਸਨਾਤਨੀ ਸੱਭਿਆਚਾਰਕ ਮੁੱਲਾਂ ਦਾ ਵਿਰੋਧ ਕੀਤਾ, ਉੱਥੇ ਇਸ ਨੇ ਗ਼ੁਲਾਮ ਕੌਮਾਂ/ਮੁਲਕਾਂ ਦੀ ਆਜ਼ਾਦੀ, ਮਨੁੱਖੀ ਬਰਾਬਰੀ, ਸੰਸਾਰ ਅਮਨ, ਜਮਹੂਰੀਅਤ, ਰਾਸ਼ਟਰੀ ਏਕਤਾ, ਧਾਰਮਿਕ ਤੇ ਸੰਪ੍ਰਦਾਈ ਸਦਭਾਵ, ਸਮਾਜਵਾਦ, ਕਿਰਤੀਆਂ ਤੇ ਕਿਸਾਨਾਂ ਦੇ ਹੱਕਾਂ ਅਤੇ ਜਨ-ਕਲਿਆਣ ਨੂੰ ਆਪਣਾ ਰਚਨਾਤਮਿਕ ਉਦੇਸ਼ ਸਵੀਕਾਰ ਕੀਤਾ। ਲੇਖਕ ਦੀ ਸਮਾਜਿਕ ਪ੍ਰਤੀਬੱਧਤਾ ਅਤੇ ਭਾਗੀਦਾਰੀ ਦੀ ਵਕਾਲਤ ਕਰਦਿਆਂ ਸੱਜਾਦ ਜ਼ਹੀਰ ਨੇ ਲਿਖਿਆ ਸੀ: "ਪ੍ਰਗਤੀਸ਼ੀਲ ਅੰਦੋਲਨ ਦਾ ਰੁਖ਼ ਦੇਸ ਦੀ ਜਨਤਾ, ਮਜ਼ਦੂਰਾਂ, ਕਿਸਾਨਾਂ ਤੇ ਮੱਧਵਰਗ ਵੱਲ ਹੋਣਾ ਚਾਹੀਦਾ ਹੈ।... ਆਪਣੀਆਂ ਸਾਹਿਤਕ ਰਚਨਾਵਾਂ ਰਾਹੀਂ ਜਨਤਾ ਵਿੱਚ ਚੇਤਨਾ, ਗਤੀ, ਕ੍ਰਿਆਸ਼ੀਲਤਾ ਅਤੇ ਏਕਤਾ ਉਤਪੰਨ ਕਰਨਾ ਅਤੇ ਉਨ੍ਹਾਂ ਸਾਰੇ ਝੁਕਾਵਾਂ ਅਤੇ ਪ੍ਰਵਿਰਤੀਆਂ ਦਾ ਵਿਰੋਧ ਕਰਨਾ, ਜੋ ਜੜ੍ਹਤਾ, ਪ੍ਰਤੀਕ੍ਰਿਆ ਅਤੇ ਨਿਰਉਤਸ਼ਾਹ ਪੈਦਾ ਕਰਦੀਆਂ ਹਨ। ਇਹ ਸਭ ਕੁਝ ਤਾਂ ਹੀ ਸੰਭਵ ਹੈ ਜੇ ਅਸੀਂ ਦੇਸ਼ ਦੇ ਸੁਤੰਤਰਤਾ ਸੰਗਰਾਮ ਅਤੇ ਦੇਸ਼ ਦੀ ਜਨਤਾ ਦੀ ਸਥਿਤੀ ਨੂੰ ਸੁਧਾਰਨ ਵਾਲੇ ਅੰਦੋਲਨਾਂ ਵਿੱਚ ਹਿੱਸਾ ਲਈਏ, ਅਰਥਾਤ ਲੇਖਕ ਰਾਜਨੀਤੀ ਤੋਂ ਉਦਾਸੀਨ ਨਾ ਹੋਣ। ਬੁੱਧੀਜੀਵੀਆਂ ਨੂੰ ਸਾਹਿਤ ਰਚਣ ਦੇ ਨਾਲ-ਨਾਲ ਜੀਵਨ ਨਾਲ ਜ਼ਿਆਦਾ ਤੋਂ ਜ਼ਿਆਦਾ ਸੰਪਰਕ ਸਥਾਪਤ ਕਰਨਾ ਚਾਹੀਦਾ ਹੈ।"

ਨਿਰਸੰਦੇਹ, ਪ੍ਰਗਤੀਸ਼ੀਲ ਲੇਖਕ ਸੰਘ ਦੀ ਸਥਾਪਨਾ ਪਿੱਛੇ ਮੂਲ ਪ੍ਰੇਰਨਾ ਤੇ ਮੁੱਖ ਭੂਮਿਕਾ ਉਰਦੂ ਅਤੇ ਹਿੰਦੀ ਭਾਸ਼ੀ ਲੇਖਕਾਂ ਅਤੇ ਖੱਬੇਪੱਖੀ ਬੁੱਧੀਜੀਵੀ/ਲੇਖਕਾਂ ਦੀ ਸੀ, ਪਰ ਰਾਬਿੰਦਰ ਨਾਥ ਟੈਗੋਰ, ਡਾ. ਮੁਹੰਮਦ ਇਕਬਾਲ, ਸੂਰਯਾਕਾਂਤ ਤ੍ਰਿਪਾਠੀ ਨਿਰਾਲਾ, ਜੀਵਾਨੰਦਮ, ਅਚਾਰੀਆ ਨਰੇਂਦਰ ਦੇਵ, ਸਰੋਜਨੀ ਨਾਇਡੋ, ਓ.ਐੱਨ. ਵੀ ਕੁਰੁਪ, ਮੁਹੰਮਦ ਵਾਈਕੁਮ ਬਸ਼ੀਰ ਅਤੇ ਸੁਭੱਦਰਾ ਕੁਮਾਰੀ ਚੌਹਾਨ ਵਰਗੇ ਲੇਖਕਾਂ, ਚਿੰਤਕਾਂ ਦਾ ਸਹਿਯੋਗ ਵੀ ਨਿਰੰਤਰ ਮਿਲਦਾ ਰਿਹਾ ਹੈ। ਪ੍ਰਗਤੀਸ਼ੀਲ ਸਾਹਿਤਕ ਅੰਦੋਲਨ ਨੇ ਸਾਰੀਆਂ ਭਾਰਤੀ ਭਾਸ਼ਾਵਾਂ ਦੇ ਸਾਹਿਤ ਨੂੰ ਯਥਾਰਥਮੁਖੀ, ਜਨਵਾਦੀ ਅਤੇ ਭਵਿੱਖਮੁਖੀ ਦ੍ਰਿਸ਼ਟੀ ਪ੍ਰਦਾਨ ਕੀਤੀ। ਪੰਜਾਬ ਵਿੱਚ ਪ੍ਰਗਤੀਸ਼ੀਲ ਲਹਿਰ ਦੇ ਉਸਾਰ ਲਈ ਸੱਜਾਦ ਜ਼ਹੀਰ, ਮਹਿਮੂਦ ਜ਼ਫ਼ਰ, ਰਾਸ਼ੀਦ ਜਹਾਂ, ਮੁਹੰਮਦ ਦੀਨ ਤਾਸੀਰ ਅਤੇ ਫ਼ੈਜ਼ ਅਹਿਮਦ ਫ਼ੈਜ਼ ਨੇ ਮਹੱਤਵਪੂਰਨ ਯੋਗਦਾਨ ਦਿੱਤਾ। ਪੰਜਾਬ ਵਿੱਚ ਪ੍ਰਗਤੀਸ਼ੀਲ ਲੇਖਕ ਸੰਘ ਦੀ ਇੱਕ ਸੁਤੰਤਰ ਸਾਹਿਤਕ ਸੰਗਠਨ ਜਾਂ ਇਕਾਈ ਵਜੋਂ ਸਥਾਪਨਾ ਭਾਵੇਂ 2013 ਈ. ਵਿੱਚ ਹੋਈ, ਪਰ ਪੰਜਾਬ ਦੇ ਪੰਜਾਬੀ, ਉਰਦੂ ਅਤੇ ਹਿੰਦੀ ਭਾਸ਼ੀ ਸਾਹਿਤਕਾਰਾਂ ਨੇ ਇਸ ਸਾਹਿਤਕ ਅੰਦੋਲਨ ਵਿੱਚ ਇਤਿਹਾਸਕ ਯੋਗਦਾਨ ਦਿੱਤਾ ਹੈ। ਪੰਜਾਬ ਵਿੱਚ ਇਪਟਾ (ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ) ਦੀ ਸਥਾਪਨਾ ਤਾਂ 1942 ਈ. ਵਿੱਚ ਹੀ ਹੋ ਗਈ ਸੀ, ਪਰ ਪ੍ਰਗਤੀਸ਼ੀਲ ਲੇਖਕ ਸੰਘ ਦੀ ਇਕਾਈ ਸਥਾਪਤ ਕਰਨ ਦੀ ਜ਼ਰੂਰਤ ਹੀ ਨਹੀਂ ਸਮਝੀ ਗਈ। ਇਸ ਦਾ ਇੱਕ ਕਾਰਨ ਸ਼ਾਇਦ ਇਹ ਹੈ ਕਿ ਪੰਜਾਬ ਦੀ ਸਾਹਿਤਕ ਪਰੰਪਰਾ ਸ਼ੁਰੂ ਤੋਂ ਹੀ (12ਵੀਂ ਸਦੀ ਸ਼ੇਖ ਫ਼ਰੀਦ, ਤੇ ਪਿੱਛੋਂ ਭਗਤੀ ਲਹਿਰ) ਇਤਿਹਾਸ-ਮੁਖੀ, ਲੋਕ ਪੱਖੀ, ਉਦਾਰਵਾਦੀ ਅਤੇ ਮਾਨਵਤਾਵਾਦੀ ਦ੍ਰਿਸ਼ਟੀ ਵਾਲੀ ਰਹੀ ਹੈ। ਪੰਜਾਬ ਵਿੱਚ ਸਥਾਨਕ ਪੱਧਰ ਉੱਤੇ ਸਾਹਿਤਕ ਸਭਾਵਾਂ ਦੀ ਸਥਾਪਨਾ ਤਾਂ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿੱਚ ਹੀ ਹੋਣੀ ਸ਼ੁਰੂ ਹੋ ਗਈ ਸੀ; 1926 ਈ. ਵਿੱਚ ਅੰਮ੍ਰਿਤਸਰ 'ਚ 'ਸੈਂਟਰਲ ਪੰਜਾਬੀ ਸਭਾ' ਦੀ ਸਥਾਪਨਾ ਮੌਲਾ ਬਖ਼ਸ਼ ਕੁਸ਼ਤਾ ਅਤੇ ਧਨੀ ਰਾਮ ਚਾਤ੍ਰਿਕ ਦੀ ਅਗਵਾਈ ਵਿੱਚ ਹੋ ਗਈ ਸੀ। ਕੇਂਦਰੀ ਪੰਜਾਬੀ ਲੇਖਕ ਸਭਾ ਦੀ ਸਥਾਪਨਾ 1956 ਈ. ਵਿੱਚ ਹੋ ਗਈ ਸੀ। ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੇ ਸੰਚਾਲਕਾਂ ਜਾਂ ਅਹੁਦੇਦਾਰਾਂ ਵੱਲੋਂ ਪੰਜ ਦਹਾਕਿਆਂ ਤੱਕ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਨੂੰ ਹੀ ਪ੍ਰਲੇਸ (ਪ੍ਰਗਤੀਸ਼ੀਲ ਲੇਖਕ ਸੰਘ) ਦੀ ਪੰਜਾਬ ਇਕਾਈ ਵਜੋਂ ਮਾਨਤਾ ਮਿਲਦੀ ਰਹੀ ਹੈ। ਸ਼ਾਇਦ ਇਸ ਪਿੱਛੇ ਮੁਨਸ਼ੀ ਪ੍ਰੇਮ ਚੰਦ ਦੇ ਲਖਨਊ ਸੰਮੇਲਨ ਵਿਚਲੇ ਇਤਿਹਾਸਕ ਭਾਸ਼ਣ ਵਿਚਲਾ ਇਹ ਸੂਤਰ ਸੀ ਕਿ 'ਲੇਖਕ ਸੁਭਾਅ ਵਜੋਂ ਪ੍ਰਗਤੀਸ਼ੀਲ ਹੁੰਦਾ ਹੈ।' ਪੰਜਾਬੀ ਦੇ ਵੱਡੇ ਨਾਮਣੇ ਵਾਲੇ ਬਹੁਤੇ ਲੇਖਕ ਪ੍ਰਗਤੀਸ਼ੀਲ ਸਾਹਿਤਕ ਅੰਦੋਲਨ ਦੇ ਹੀ ਅੰਗ-ਸੰਗ ਰਹੇ ਹਨ, ਜਿਵੇਂ ਹੀਰਾ ਸਿੰਘ ਦਰਦ, ਗੁਰਬਖਸ਼ ਸਿੰਘ ਪ੍ਰੀਤਲੜੀ, ਨਾਨਕ ਸਿੰਘ, ਫਿਰੋਜ਼ਦੀਨ ਸ਼ਰਫ਼, ਉਸਤਾਦ ਦਾਮਨ, ਅਹਿਮਦ ਰਾਹੀ, ਧਨੀ ਰਾਮ ਚਾਤ੍ਰਿਕ, ਪ੍ਰੋ. ਮੋਹਨ ਸਿੰਘ, ਸੰਤ ਸਿੰਘ ਸੇਖੋਂ, ਅੰਮ੍ਰਿਤਾ ਪ੍ਰੀਤਮ, ਸੁਜਾਨ ਸਿੰਘ, ਗੁਰਦਾਸ ਰਾਮ ਆਲਮ, ਬਾਵਾ ਬਲਵੰਤ, ਡਾ. ਹਰਚਰਨ ਸਿੰਘ, ਜਸਵੰਤ ਸਿੰਘ ਕੰਵਲ, ਕਰਤਾਰ ਸਿੰਘ ਦੁੱਗਲ, ਕੁਲਵੰਤ ਸਿੰਘ ਵਿਰਕ, ਬਲਵੰਤ ਗਾਰਗੀ, ਨਵਤੇਜ ਸਿੰਘ, ਸੁਖਬੀਰ, ਤੇਰਾ ਸਿੰਘ ਚੰਨ, ਸੰਤੋਖ ਸਿੰਘ ਧੀਰ, ਅਹਿਮਦ ਨਦੀਮ ਕਾਸਮੀ, ਮੁਨੀਰ ਨਿਆਜ਼ੀ, ਸ਼ਿਵ ਕੁਮਾਰ ਬਟਾਲਵੀ, ਪ੍ਰੋ. ਗੁਰਦਿਆਲ ਸਿੰਘ, ਪ੍ਰੋ. ਕਿਸ਼ਨ ਸਿੰਘ, ਅਫ਼ਜ਼ਲ ਤੌਸੀਫ਼, ਅਹਿਮਦ ਜ਼ਫ਼ਰ, ਅਫ਼ਜ਼ਲ ਅਹਿਸਨ ਰੰਧਾਵਾ, ਗੁਰਬਚਨ ਭੁੱਲਰ, ਰਘਬੀਰ ਢੰਡ, ਸੰਤ ਰਾਮ ਉਦਾਸੀ, ਮੋਹਨ ਭੰਡਾਰੀ, ਜਸਵੰਤ ਰਾਹੀ, ਗੁਰਦੇਵ ਰੁਪਾਣਾ, ਹਰਭਜਨ ਹੁੰਦਲ, ਐੱਸ. ਤਰਸੇਮ, ਮਨਮੋਹਨ ਬਾਵਾ, ਕਿਰਪਾਲ ਕਜ਼ਾਕ, ਬਲਦੇਵ ਸੜਕਨਾਮਾ, ਅਤਰਜੀਤ, ਜਗਤਾਰ, ਪਾਸ਼, ਲਾਲ ਸਿੰਘ ਦਿਲ, ਅਮਰਜੀਤ ਚੰਦਨ, ਮੋਹਨਜੀਤ, ਗੁਰਦੀਪ (ਦੇਹਰਾਦੂਨ), ਸੁਰਜੀਤ ਪਾਤਰ, ਡਾ. ਕੇਸਰ ਸਿੰਘ ਕੇਸਰ, ਡਾ. ਤੇਜਵੰਤ ਸਿੰਘ ਗਿੱਲ, ਡਾ. ਰਵਿੰਦਰ ਸਿੰਘ ਰਵੀ, ਜ਼ਫ਼ਰ ਇਕਬਾਲ, ਅਹਿਮਦ ਸਲੀਮ, ਫ਼ਖ਼ਰ ਜ਼ਮਾਂ, ਫਰਖੰਦਾ ਲੋਧੀ ਅਤੇ ਮੁਹੰਮਦ ਮਨਸ਼ਾਯਾਦ ਤੱਕ ਇਹ ਫ਼ਹਿਰਿਸਤ ਬਹੁਤ ਲੰਬੀ ਹੈ। ਇਸ ਵਿੱਚ ਜੁਗਿੰਦਰ ਬਾਹਰਲਾ, ਭਾਅ ਜੀ ਗੁਰਸ਼ਰਨ ਸਿੰਘ, ਅਜਮੇਰ ਸਿੰਘ ਔਲਖ, ਸ਼ਾਹਿਦ ਨਦੀਮ, ਦੇਵਿੰਦਰ ਦਮਨ ਅਤੇ ਡਾ. ਸਵਰਾਜਬੀਰ ਸਿੰਘ ਆਦਿ ਨਾਟਕਕਾਰਾਂ ਦੇ ਨਾਂਅ ਵੀ ਸ਼ਾਮਲ ਹਨ। ਅਗਾਂਹਵਧੂ ਉਰਦੂ ਲੇਖਕਾਂ ਦੀ ਜਥੇਬੰਦੀ 'ਅੰਜੁਮਨ ਤਰੱਕੀਪਸੰਦ ਮੁਸੰਨਫ਼ੀਨ' ਵਜੋਂ ਜਾਣੀ ਜਾਂਦੀ ਹੈ। ਪੰਜਾਬ ਦੇ ਤਰੱਕੀਪਸੰਦ ਉਰਦੂ ਲੇਖਕਾਂ ਵਿੱਚੋਂ ਫ਼ੈਜ਼ ਅਹਿਮਦ ਫ਼ੈਜ਼, ਸਆਦਤ ਹਸਨ ਮੰਟੋ, ਕ੍ਰਿਸ਼ਨ ਚੰਦਰ, ਸਾਹਿਰ ਲੁਧਿਆਣਵੀ, ਰਾਜਿੰਦਰ ਸਿੰਘ ਬੇਦੀ, ਖ਼ਵਾਜਾ ਅਹਿਮਦ ਅੱਬਾਸ, ਹਫ਼ੀਜ਼ ਜਲੰਧਰੀ, ਅਬਦੁੱਲਾ ਹੁਸੈਨ, ਹਬੀਬ ਜਾਲਿਬ, ਗੁਲਜ਼ਾਰ, ਬਲਵੰਤ ਸਿੰਘ, ਲੱਭੂ ਰਾਮ ਜੋਸ਼ ਮਲਸਿਆਨਵੀ, ਸੁਦਰਸ਼ਨ ਫ਼ਾਕਿਰ, ਅਹਿਮਦ ਫ਼ਰਾਜ਼, ਪ੍ਰੇਮ ਧਵਨ, ਰਤਨ ਸਿੰਘ, ਅਹਿਮਦ ਨਦੀਮ ਕਾਸਮੀ, ਮੁਨੀਰ ਨਿਆਜ਼ੀ, ਫ਼ਿਕਰ ਤੌਂਸਵੀ, ਪਤਰਸ ਬੁਖਾਰੀ ਅਤੇ ਕਨ੍ਹਈਆ ਲਾਲ ਕਪੂਰ ਆਦਿ ਨੇ ਕੌਮਾਂਤਰੀ ਪੱਧਰ ਉੱਤੇ ਨਾਮਣਾ ਖੱਟਿਆ ਹੈ। ਹਿੰਦੀ ਦੇ ਇਹ ਨਾਮਵਰ ਅਗਾਂਹਵਧੂ ਲੇਖਕ ਵੀ ਮੂਲ ਰੂਪ ਵਿੱਚ ਪੰਜਾਬੀ ਪਿਛੋਕੜ ਵਾਲੇ ਹਨ; ਦੇਵਕੀ ਨੰਦਨ ਖੱਤਰੀ, ਚੰਦਰਧਰ ਸ਼ਰਮਾ ਗੁਲੇਰੀ, ਯਸ਼ਪਾਲ, ਕ੍ਰਿਸ਼ਨਾ ਸੋਬਤੀ, ਉਪੇਂਦਰ ਨਾਥ ਅਸ਼ਕ, ਮੋਹਨ ਰਾਕੇਸ਼, ਭੀਸ਼ਮ ਸਾਹਨੀ, ਸੁਦਰਸ਼ਨ, ਚੰਦਰ ਗੁਪਤ ਵਿਦਿਆਲੰਕਾਰ, ਬਿਸ਼ੰਭਰ ਨਾਥ ਸ਼ਰਮਾ ਕੌਸ਼ਿਕ, ਨਿਰਮਲ ਵਰਮਾ, ਨਰੇਂਦਰ ਮੋਹਨ, ਸੁਮਿਤਰਾ ਮੋਹਨ, ਰਾਵਿੰਦਰ ਕਾਲੀਆ, ਕੁਮਾਰ ਵਿਕਲ, ਜਗਦੀਸ਼ ਚੰਦਰ, ਸਵਦੇਸ਼ ਦੀਪਕ, ਰਕੇਸ਼ ਵਤਸ, ਵੀਰ ਭਾਰਤ ਤਲਵਾਰ, ਰਮੇਸ਼ ਬਤਰਾ, ਨੀਲਾਭ, ਸ਼ਮਸ਼ੁਲ ਇਸਲਾਮ, ਚੰਦਰਕਾਂਤ ਬਾਲੀ, ਇੰਦਰ ਨਾਥ ਮਦਾਨ, ਗੋਬਿੰਦ ਨਾਥ ਰਾਜਗੁਰੂ, ਮੋਹਨ ਸਪਰਾ, ਸੁਰੇਸ਼ ਸੇਠ, ਤਰਸੇਮ ਗੁਜਰਾਲ, ਵਿਨੋਦ ਸਾਹੀ, ਉਦੈਭਾਨੂੰ ਹੰਸ, ਅਤੁਲਵੀਰ ਅਰੋੜਾ, ਵਰਿੰਦਰ ਮਹਿੰਦੀ ਰੱਤਾ, ਵਿਨੋਦ ਭਾਰਦਵਾਜ, ਡਾ. ਚਮਨ ਲਾਲ, ਚੰਦਰ ਤ੍ਰਿਖਾ, ਰਾਜੀ ਸੇਠ, ਤੇਜੀ ਗਰੋਵਰ, ਰੁਸਤਮ, ਲਾਲਟੂ (ਹਰਜਿੰਦਰ ਸਿੰਘ), ਭੁਪਿੰਦਰ ਬਰਾੜ, ਸੱਤਪਾਲ ਸਹਿਗਲ, ਗਗਨ ਗਿੱਲ ਅਤੇ ਇਰਸ਼ਾਦ ਕਾਮਲ ਆਦਿ।


"ਸਾਡੀ ਸੰਸਥਾ ਦਾ ਮਨੋਰਥ ਇਹ ਹੈ ਕਿ ਆਪਣੇ ਸਾਹਿਤ ਤੇ ਹੋਰ ਕਲਾਵਾਂ ਨੂੰ ਪੁਜਾਰੀਆਂ, ਪੰਡਤਾਂ ਤੇ ਹੋਰ ਪਿਛਾਂਹਖਿੱਚੂ ਅਨਸਰਾਂ ਦੇ ਹੱਥਾਂ ਵਿੱਚੋਂ ਕੱਢ ਕੇ ਆਮ ਜਨਤਾ ਦੇ ਨੇੜੇ ਲਿਆਂਦਾ ਜਾਵੇ, ਜਿਸ ਨਾਲ ਅਸੀਂ ਆਪਣਾ ਭਵਿੱਖ ਉਜਲਾ ਕਰ ਸਕੀਏ। ਸਾਡਾ ਵਿਸ਼ਵਾਸ ਹੈ ਕਿ ਭਾਰਤ ਦੇ ਨਵੇਂ ਸਾਹਿਤ ਨੂੰ ਸਾਡੀ ਵਰਤਮਾਨ ਜ਼ਿੰਦਗੀ ਦੀਆਂ ਮੂਲ ਅਸਲੀਅਤਾਂ ਪ੍ਰਤੀ ਹਮਦਰਦੀ ਹੋਣੀ ਚਾਹੀਦੀ ਹੈ ਅਤੇ ਉਹ ਅਸਲੀਅਤ ਹੈ ਸਾਡੀ ਰੋਟੀ ਦੀ, ਮੰਦਹਾਲੀ ਦੀ, ਸਾਡੀ ਸਮਾਜਕ ਗਿਰਾਵਟ ਦੀ, ਸਾਡੀ ਰਾਜਸੀ ਗ਼ੁਲਾਮੀ ਦੀ। ਉਹ ਸਭ ਕੁਝ ਜਿਹੜਾ ਸਾਡੇ ਵਿੱਚ ਨਿਰਖ-ਪਰਖ ਦੀ ਸੋਝੀ ਪੈਦਾ ਕਰਦਾ ਹੈ ਅਤੇ ਸਾਡੀਆਂ ਮਹਾਨ ਪਰੰਪਰਾਵਾਂ ਨੂੰ ਅਕਲ ਅਤੇ ਦਲੀਲ ਦੀ ਕਸੌਟੀ 'ਤੇ ਪਰਖਣ ਲਈ ਉਕਸਾਉਂਦਾ ਹੈ, ਉਹ ਸਾਨੂੰ ਨਰੋਆ ਬਣਾਉਂਦਾ ਹੈ ਅਤੇ ਸਾਡੇ ਵਿੱਚ ਏਕਤਾ ਅਤੇ ਇਕਸੁਰਤਾ ਪੈਦਾ ਕਰਦਾ ਹੈ, ਉਸੇ ਨੂੰ ਅਸੀਂ ਪ੍ਰਗਤੀਵਾਦ ਕਹਿੰਦੇ ਹਾਂ।"


ਅਸੀਂ ਪਿੱਛੇ ਸੰਕੇਤ ਕਰ ਆਏ ਹਾਂ ਕਿ ਭਾਰਤ ਦਾ ਪ੍ਰਗਤੀਸ਼ੀਲ ਸਾਹਿਤਕ ਅੰਦੋਲਨ ਕੌਮੀ ਸੁਤੰਤਰਤਾ ਸੰਗਰਾਮ ਦਾ ਅਟੁੱਟ ਅੰਗ ਸੀ। ਬਸਤੀਵਾਦੀ ਬਰਤਾਨਵੀ ਹਕੂਮਤ ਨੇ ਅਗਾਂਹਵਧੂ ਸਾਹਿਤ ਅਤੇ ਰਾਸ਼ਟਰਵਾਦੀ ਭਾਵਨਾ ਵਾਲੀ ਪੱਤਰਕਾਰੀ ਦੇ ਪ੍ਰਭਾਵ ਨੂੰ ਰੋਕਣ ਲਈ 1910 ਈ. ਵਿੱਚ ਪ੍ਰੈੱਸ ਐਕਟ ਆਫ਼ ਇੰਡੀਆ ਦੀ ਸਥਾਪਨਾ ਕੀਤੀ ਸੀ। ਤਰੱਕੀਪਸੰਦ ਸੋਚ ਵਾਲੀਆਂ ਲਿਖਤਾਂ ਨੂੰ ਜ਼ਬਤ ਕੀਤਾ ਗਿਆ, ਅਖ਼ਬਾਰਾਂ ਨੂੰ ਜੁਰਮਾਨੇ ਕੀਤੇ ਗਏ ਅਤੇ ਵੀਹਵਿਆਂ ਵਿੱਚ ਕਈ ਅਖ਼ਬਾਰਾਂ ਦੀ ਜ਼ਮਾਨਤ ਰਾਸ਼ੀ ਜ਼ਬਤ ਕੀਤੀ ਗਈ। ਬਸਤੀਵਾਦੀ ਹਕੂਮਤ ਦੇ ਕਰਿੰਦਿਆਂ ਵੱਲੋਂ ਡਾ. ਦੀਵਾਨ ਸਿੰਘ ਕਾਲੇਪਾਣੀ ਵਰਗੇ ਅਗਾਂਹਵਧੂ ਸੋਚ ਵਾਲੇ ਲੇਖਕ ਨੂੰ ਸ਼ਹੀਦ ਕੀਤਾ ਗਿਆ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਪ੍ਰਗਤੀਸ਼ੀਲ ਲੇਖਕ ਲਹਿਰ ਦੇ ਆਗੂਆਂ ਨੇ ਦੇਸ਼ ਦੇ ਸੱਭਿਆਚਾਰਕ ਨਵ-ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ। ਜਿੱਥੇ ਅਗਾਂਹਵਧੂ ਸੋਚ ਵਾਲੇ ਲੇਖਕਾਂ ਨੇ ਵਿਗਿਆਨਕ ਤੇ ਤਰਕਸ਼ੀਲ ਦ੍ਰਿਸ਼ਟੀ ਦੇ ਪਾਸਾਰ, ਭਾਈਚਾਰਕ ਸਦਭਾਵਨਾ, ਦੇਸ਼ ਦੇ ਸੈਕੂਲਰ ਸਰੂਪ ਅਤੇ ਲੋਕਤਾਂਤ੍ਰਿਕ ਕਦਰਾਂ-ਕੀਮਤਾਂ ਦੀ ਮਜ਼ਬੂਤੀ ਦੀ ਵਕਾਲਤ ਕੀਤੀ, ਉੱਥੇ ਇਨ੍ਹਾਂ ਆਰਥਿਕ ਬਰਾਬਰੀ ਤੇ ਸਮਾਜਿਕ ਨਿਆਂ ਦੀ ਬਹਾਲੀ ਲਈ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਘੱਟ-ਗਿਣਤੀਆਂ ਅਤੇ ਹਾਸ਼ੀਏ ਦੇ ਸਮਾਜ ਦੇ ਹੱਕਾਂ ਦੀ ਰਾਖੀ ਲਈ ਕਲਮ ਅਤੇ ਅਮਲ ਦੇ ਪੱਧਰ ਉੱਤੇ ਡਟ ਕੇ ਪਹਿਰਾ ਦਿੱਤਾ। ਆਜ਼ਾਦੀ ਮਿਲਣ ਤੋਂ ਬਾਅਦ ਜਦੋਂ ਨਹਿਰੂ ਦੀ ਅਗਵਾਈ ਵਾਲੀ ਸਰਕਾਰ ਸਥਾਨਕ ਪੂੰਜੀਪਤੀਆਂ ਦੇ ਦਬਾਅ ਕਰਕੇ ਸਰਮਾਏਦਾਰੀ ਵਿਕਾਸ ਦਾ ਮਾਡਲ ਅਪਣਾਉਂਦੀ ਹੈ ਤਾਂ ਮੱਧਵਰਗ ਦੇ ਵੱਡੇ ਹਿੱਸੇ ਵਿੱਚ ਬੇਚੈਨੀ ਪੈਦਾ ਹੁੰਦੀ ਹੈ, ਵਿਕਾਸ, ਬਰਾਬਰੀ, ਸ਼ਾਂਤੀ ਤੇ ਨਿਆਂ ਦਾ ਸੁਪਨਾ ਟੁੱਟਦਾ ਹੈ। ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਛੋਟੇ ਕਾਰੋਬਾਰੀਆਂ ਅਤੇ ਹਾਸ਼ੀਏ ਦੇ ਸਮਾਜ ਦੀ ਬੇਚੈਨੀ ਤੇ ਰੋਹ ਨੂੰ ਦਬਾਉਣ ਲਈ ਨਹਿਰੂ ਸਰਕਾਰ ਦਮਨਕਾਰੀ ਹੱਥਕੰਡੇ ਅਪਣਾਉਂਦੀ ਹੈ। ਦੇਸ਼ ਦੀ ਮੁੱਖ ਵਿਰੋਧੀ ਧਿਰ ਕਮਿਊਨਿਸਟ ਪਾਰਟੀ ਉੱਪਰ ਪਾਬੰਦੀ ਲਾਈ ਜਾਂਦੀ ਹੈ ਅਤੇ ਤੇਲੰਗਾਨਾ ਦੇ ਕਿਸਾਨ ਵਿਦਰੋਹ, ਪੈਪਸੂ ਦੇ ਕਿਸਾਨਾਂ ਦਾ ਮੁਜ਼ਾਰਾ ਅੰਦੋਲਨ, ਬੇਦੀ ਫ਼ਾਰਮ ਦਾ ਮੋਰਚਾ ਅਤੇ ਪੰਜਾਬ ਦੀ ਖ਼ੁਸ਼ਹੈਸੀਅਤ ਲਹਿਰ ਦੇ ਸੰਘਰਸ਼ ਆਦਿ ਨੂੰ ਜਬਰੀ ਕੁਚਲ ਦਿੱਤਾ ਗਿਆ। ਉਸ ਸਮੇਂ ਪ੍ਰਗਤੀਵਾਦੀ ਲਹਿਰ ਦੇ ਸਮਰਥਕ ਕਵੀਆਂ ਤੇ ਚਿੰਤਕਾਂ ਨੇ ਆਜ਼ਾਦੀ ਨੂੰ ਭਾਰਤੀ ਆਵਾਮ ਨਾਲ ਧੋਖਾ ਕਿਹਾ। ਪੰਜਾਬ ਦੇ ਤਰੱਕੀਪਸੰਦ ਲੇਖਕਾਂ ਨੇ ਵੀਹਵੀਂ ਸਦੀ ਦੇ ਪਿਛਲੇ ਅੱਧ ਵਿੱਚ ਸਰਕਾਰ ਵਿਰੁੱਧ ਉੱਠੀਆਂ ਜਨਤਕ ਲਹਿਰਾਂ ਬਾਰੇ ਲਿਖਿਆ ਹੀ ਨਹੀਂ, ਸਗੋਂ ਉਨ੍ਹਾਂ ਵਿੱਚ ਸ਼ਮੂਲੀਅਤ ਵੀ ਕੀਤੀ ਅਤੇ ਸਰਕਾਰੀ ਦਮਨ ਝੱਲਿਆ ਹੈ। ਐਮਰਜੈਂਸੀ ਸਮੇਂ ਡਾ. ਰਵਿੰਦਰ ਸਿੰਘ ਰਵੀ, ਹਰਭਜਨ ਹੁੰਦਲ ਤੇ ਗੁਰਸ਼ਰਨ ਸਿੰਘ ਨੂੰ ਜੇਲ੍ਹ 'ਚ ਡੱਕਿਆ ਗਿਆ। ਨਕਸਲਬਾੜੀ ਲਹਿਰ ਦੇ ਸਮਰਥਕ ਲੇਖਕਾਂ/ਕਵੀਆਂ; ਪਾਸ਼, ਲਾਲ ਸਿੰਘ ਦਿਲ, ਅਮਰਜੀਤ ਚੰਦਨ, ਸੰਤ ਰਾਮ ਉਦਾਸੀ, ਵਰਿਆਮ ਸੰਧੂ, ਦਰਸ਼ਨ ਖਟਕੜ, ਹਰਿਭਜਨ ਹਲਵਾਰਵੀ ਅਤੇ ਜੈਮਲ ਪੱਡਾ ਆਦਿ ਨੂੰ ਜੇਲ੍ਹਾਂ ਵਿੱਚ ਤਸੀਹੇ ਦਿੱਤੇ ਗਏ। ਪੰਜਾਬ ਸੰਕਟ ਦੇ ਦੌਰ ਵਿੱਚ ਤਰੱਕੀਪਸੰਦ ਲੇਖਕਾਂ ਨੂੰ ਆਪਣੀ ਵਿਚਾਰਧਾਰਕ ਸਪੱਸ਼ਟਤਾ ਤੇ ਪ੍ਰਤੀਬੱਧਤਾ ਕਰਕੇ ਸਰਕਾਰੀ ਤੰਤਰ ਦੇ ਦਮਨ ਅਤੇ ਖਾੜਕੂ ਹਿੰਸਾ ਦੀ ਦੂਹਰੀ ਮਾਰ ਝੱਲਣੀ ਪਈ। ਸੁਮੀਤ ਪ੍ਰੀਤਲੜੀ, ਵਿਸ਼ਵਨਾਥ ਤਿਵਾੜੀ, ਡਾ. ਰਵਿੰਦਰ ਰਵੀ, ਪਾਸ਼, ਜੈਮਲ ਪੱਡਾ, ਸੁਖਰਾਜ ਖੱਦਰ, ਨਾਵਲਕਾਰ ਮਹਿੰਦਰ ਸਿੰਘ ਚਕਰ ਆਦਿ ਕਈ ਲੇਖਕਾਂ ਨੂੰ ਦਹਿਸ਼ਤਗਰਦਾਂ ਨੇ ਉਨ੍ਹਾਂ ਦੇ ਵਿਚਾਰਾਂ ਤੇ ਲਿਖਤਾਂ ਕਰਕੇ ਸ਼ਹੀਦ ਕੀਤਾ ਸੀ। ਵਿਸ਼ਵ ਸਰਮਾਏਦਾਰੀ ਤੇ ਕਾਰਪੋਰੇਟ ਸੰਸਾਰ ਦੀਆਂ ਉਦਾਰਵਾਦੀ ਆਰਥਿਕ ਨੀਤੀਆਂ ਤੇ ਉਸ ਦੀਆਂ ਅਲਾਮਤਾਂ-ਭੂਮੰਡਲੀਕਰਨ, ਮੰਡੀਕਰਨ, ਉਪਭੋਗੀ ਸੱਭਿਆਚਾਰ ਅਤੇ ਨਿੱਜੀਕਰਨ ਆਦਿ ਦੀ ਹਨੇਰੀ ਅੱਗੇ ਵੀ ਸਮਕਾਲੀ ਪ੍ਰਗਤੀਵਾਦੀ ਲੇਖਕ ਆਪਣੇ ਵਿਚਾਰਧਾਰਕ ਪੈਂਤੜੇ ਉੱਤੇ ਡਟ ਕੇ ਖੜ੍ਹੇ ਹਨ। ਸਮਕਾਲੀ ਪ੍ਰਗਤੀਸ਼ੀਲ ਲੇਖਕ ਲਹਿਰ ਸਾਹਮਣੇ ਕੌਮੀ ਪੱਧਰ ਉੱਤੇ ਵੱਡੀ ਚੁਣੌਤੀ ਮੌਜੂਦਾ ਸਰਕਾਰ ਦਾ ਹਿੰਦੂਤਵ ਦਾ ਸੰਪਰਦਾਇਕ ਏਜੰਡਾ ਹੈ; ਜੋ ਸਾਡੇ ਦੇਸ਼ ਦੇ ਸੰਘੀ ਢਾਂਚੇ, ਲੋਕਤਾਂਤ੍ਰਿਕ ਵਿਧਾਨ, ਸੰਵਿਧਾਨ ਦੇ ਸੈਕੂਲਰ ਸਰੂਪ, ਬਹੁ-ਵਚਨੀ ਸੱਭਿਆਚਾਰ ਅਤੇ ਵਿਗਿਆਨਕ ਤੇ ਤਰਕਸ਼ੀਲ ਬੌਧਿਕ ਪਰੰਪਰਾਵਾਂ ਨੂੰ ਤਹਿਸ-ਨਹਿਸ ਕਰਕੇ ਇੱਕ-ਰੰਗਾ ਹਿੰਦੂਤਵੀ ਰਾਸ਼ਟਰ ਬਣਾਉਣਾ ਚਾਹੁੰਦੀ ਹੈ। ਮੌਜੂਦਾ ਸਰਕਾਰ ਦੀਆਂ ਨੀਤੀਆਂ ਦਾ ਦੋਗਲਾਪਣ ਇਹ ਹੈ ਕਿ ਉਹ ਇੱਕ ਪਾਸੇ ਸਨਾਤਨ ਧਰਮ ਤੇ ਸੱਭਿਆਚਾਰ ਦੀ ਮੁੜ ਬਹਾਲੀ ਅਤੇ ਸਵਦੇਸ਼ੀ ਦੀ ਵਕਾਲਤ ਕਰਦੀ ਹੈ ਅਤੇ ਦੂਜੇ ਪਾਸੇ ਸਾਡੇ ਕੁਦਰਤੀ ਸੰਸਾਧਨਾਂ ਅਤੇ ਕਿਰਤ ਸਰੋਤਾਂ ਨੂੰ ਕਰੋਨੀ ਕੈਪੀਟਲਇਜ਼ਮ ਦੇ ਨੁਮਾਇੰਦੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਰਹੇ ਹਨ। ਸਿੱਖਿਆ ਨੀਤੀ 2020 ਵਿੱਚ ਇੱਕ ਪਾਸੇ ਕਿੱਤਾ-ਮੁਖੀ, ਰੁਜ਼ਗਾਰ ਮੁਖੀ ਤੇ ਤਕਨੀਕੀ ਮੁਹਾਰਤ ਵਾਲੀ ਸਿੱਖਿਆ ਦੇ ਪਾਸਾਰ ਦੇ ਪਰਦੇ ਉਹਲੇ ਵਿਸ਼ਵ ਸਰਮਾਏਦਾਰੀ ਲਈ ਤਕਨੀਕੀ ਮੁਹਾਰਤ ਵਾਲੇ ਕਾਮਿਆਂ ਦੀ ਫ਼ੌਜ ਤਿਆਰ ਕੀਤੀ ਜਾ ਰਹੀ ਹੈ ਅਤੇ ਦੂਜੇ ਪਾਸੇ ਸਮਾਜ-ਵਿਗਿਆਨਾਂ, ਭਾਸ਼ਾਵਾਂ ਅਤੇ ਸੱਭਿਆਚਾਰਕ ਅਧਿਐਨ ਵਰਗੇ ਵਿਸ਼ਿਆਂ ਨੂੰ ਨਜ਼ਰਅੰਦਾਜ਼ ਕਰਕੇ ਇੱਕ ਰਾਸ਼ਟਰ, ਇੱਕ ਧਰਮ, ਇੱਕ ਭਾਸ਼ਾ ਅਤੇ ਸਾਂਝੇ ਸਿਵਲ ਕੋਡ ਦੀ ਵਕਾਲਤ ਕਰਕੇ ਸਾਡੀ ਬਹੁਲਤਾਵਾਦੀ (pluralist) ਅਤੇ ਸਾਂਝੀ ਗੰਗਾ-ਜਮਨੀ ਤਹਿਜ਼ੀਬ ਨੂੰ ਖੋਰਾ ਲਾਉਣ ਦੇ ਯਤਨ ਹੋ ਰਹੇ ਹਨ। ਪੰਜਾਬ ਦੇ ਸਮਕਾਲੀ ਅਗਾਂਹਵਧੂ ਸੋਚ ਵਾਲੇ ਕਵੀ, ਨਾਵਲਕਾਰ, ਕਹਾਣੀਕਾਰ ਅਤੇ ਨਾਟਕਕਾਰ ਇਸ ਵਰਤਾਰੇ ਬਾਰੇ ਕਿੰਨੇ ਸੁਚੇਤ ਹਨ, ਪ੍ਰਮਾਣ ਵਜੋਂ ਡਾ. ਜਗਤਾਰ ਤੇ ਸ਼ਾਇਰ ਜਸਵਿੰਦਰ ਦੇ ਇਹ ਸ਼ਿਅਰ ਪੜ੍ਹੇ ਜਾ ਸਕਦੇ ਹਨ:

-ਮੌਸਮ ਬਹਾਰ ਦਾ ਵੀ ਕੀ ਦਾ ਕੀ ਹੈ ਕਰ ਗਿਆ,
ਦੇਹਲੀ ਤੋਂ ਫੁੱਲ ਚੁੱਕ ਕੇ ਸੂਲੀ 'ਤੇ ਧਰ ਗਿਆ। (ਜਗਤਾਰ)
ਖ਼ੂਬ ਹੈ ਅੰਦਾਜ਼ ਉਨ੍ਹਾਂ ਦਾ ਅਮੀਰੀ ਦੇਣ ਦਾ,
ਕਰਦ ਸੋਨੇ ਦੀ ਟਿਕਾ ਗਏ ਆਂਦਰਾਂ ਦੇ ਨਾਲ-ਨਾਲ।
(ਜਸਵਿੰਦਰ)


ਮੋਬਾ. 98156-36565

# ਛੜੱਪੇ ਮਾਰ ਕੇ ਵਧਦੇ ਵਕਤ ਸਾਹਮਣੇ ਸਿਆਸੀ ਪਾਰਟੀਆਂ ਦੇ ਕਰਨ ਵਾਲਾ ਅਸਲੀ ਕਾਰਜ ਕੀ !

ਦੁਨੀਆ ਇੱਕ ਨਵੇਂ ਦੌਰ ਵਿੱਚ ਦਾਖਲ ਹੋ ਚੁੱਕੀ ਹੈ, ਪਰ ਭਾਰਤ ਦੀ ਰਾਜਨੀਤੀ ਦਾ ਵੱਡਾ ਹਿੱਸਾ ਅੱਜ ਤੱਕ ਓਸੇ ਪੁਰਾਣੇ ਢੰਗ ਨਾਲ ਸੋਚਣ ਅਤੇ ਪੈਂਤੜੇ ਤੈਅ ਕਰਨ ਤੋਂ ਅੱਗੇ ਨਹੀਂ ਵਧ ਰਿਹਾ। ਸੱਚੀ ਗੱਲ ਸਗੋਂ ਇਹ ਹੈ ਕਿ ਸਰਕਾਰ ਦੇ ਕੋਲ ਆਧੁਨਿਕ ਯੁੱਗ ਦੀ ਜੰਗੀ ਮਸ਼ੀਨਰੀ ਹੀ ਨਹੀਂ, ਜਾਸੂਸੀ ਦੇ ਆਧੁਨਿਕ ਸਾਫਟਵੇਅਰ ਵਾਲੇ ਸਰੋਤ ਵੀ ਹਨ ਅਤੇ 'ਏ ਆਈ' (ਆਰਟੀਫੀਸ਼ੀਅਲ ਇੰਟੈਲੀਜੈਂਸ) ਸਮੇਤ ਜਿਸ ਵੀ ਕਿਸਮ ਦੀ ਕੋਈ ਨਵੀਂ ਖੋਜ ਕੀਤੀ ਜਾਂਦੀ ਹੈ, ਜਿਸ ਨੂੰ ਅੱਗੇ ਨੇਕ ਕੰਮ ਲਈ ਵੀ ਵਰਤਿਆ ਜਾ ਸਕਦਾ ਹੈ ਤਾਂ ਸਾਜ਼ਿਸ਼ ਲਈ ਵੀ, ਉਸ ਦੀ ਵਰਤੋਂ ਹਾਕਮ ਧਿਰ ਕਰ ਸਕਦੀ ਹੈ। ਏਦਾਂ ਦੇ ਹਾਲਾਤ ਵਿੱਚ ਵਿਰੋਧੀ ਧਿਰ ਜਿੰਨੀ ਅਕਲਮੰਦ ਅਤੇ ਜਿਸ ਪੱਧਰ ਦੀ ਪੈਂਤੜੇਬਾਜ਼ ਹੋਣੀ ਚਾਹੀਦੀ ਹੈ, ਭਾਰਤ ਵਿਚਲੇ ਉਨ੍ਹਾਂ ਆਗੂਆਂ ਵਿੱਚੋਂ ਕਿਸੇ ਇੱਕ ਵਿੱਚ ਵੀ ਇਸ ਦੀ ਝਲਕ ਨਹੀਂ ਮਿਲਦੀ, ਜਿਹੜੇ ਭਾਰਤੀ ਜਨਤਾ ਪਾਰਟੀ ਤੇ ਇਸ ਦੀ ਲੀਡਰਸ਼ਿਪ ਜਾਂ ਉਸ ਲੀਡਰਸ਼ਿਪ ਅਧੀਨ ਚਲਦੀ ਸਰਕਾਰ ਵਿਰੁੱਧ ਲੜਨ ਦੇ ਦਾਅਵੇ ਕਰਦੇ ਹਨ। ਇੰਦਰਾ ਗਾਂਧੀ ਜਿਹੜੇ ਪੈਂਤੜੇ ਨਾਲ ਵਿਰੋਧੀ ਧਿਰਾਂ ਦੇ ਲੀਡਰਾਂ ਦੇ ਪੈਰ ਉਖਾੜ ਛੱਡਦੀ ਹੁੰਦੀ ਸੀ, ਉਹ ਉਸ ਵਕਤ ਦੀ ਸਰਕਾਰੀ ਮਸ਼ੀਨਰੀ ਦੀ ਓਦੋਂ ਤੱਕ ਦੀ ਲਿਆਕਤ ਤੇ ਉਸ ਲਿਆਕਤ ਵਾਲੇ ਅਫਸਰਾਂ ਵੱਲੋਂ ਉਸ ਦੀ ਜੀ-ਹਜ਼ੂਰੀ ਵਿੱਚੋਂ ਨਿਕਲਦੇ ਸਨ ਤੇ ਭਾਜਪਾ ਦੇ ਦੌਰ ਵਿੱਚ ਐਨ ਇਹੋ ਕੁਝ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਵੀ ਹੋਈ ਜਾਂਦਾ ਹੈ। ਸਰਕਾਰ ਜਿਸ ਵੀ ਆਗੂ ਦੀ ਅਗਵਾਈ ਹੇਠ ਚਲਦੀ ਹੋਵੇ, ਜੇ ਉਹ ਮਨਮੋਹਨ ਸਿੰਘ ਵਾਂਗ ਕਿਸੇ ਹੋਰ ਦੇ ਬੰਧੇਜ ਵਿੱਚ ਬੰਨ੍ਹਿਆ ਹੋਇਆ ਨਾ ਹੋਵੇ ਤਾਂ ਇਹ ਕੋਸ਼ਿਸ਼ ਲਗਾਤਾਰ ਕਰੇਗਾ ਕਿ ਉਸ ਦੇ ਰਾਜ ਦੀ ਮਿਆਦ ਵਧਦੀ ਜਾਵੇ ਅਤੇ ਇਸ ਕੰਮ ਲਈ ਸਰਕਾਰ ਦੀ ਹਰ ਸ਼ਾਖਾ ਵਿੱਚੋਂ ਮਿਲ ਸਕਦੀ ਜਾਂ ਖਿੱਚੀ ਜਾ ਸਕਦੀ ਸੂਚਨਾ ਵਰਤੇਗਾ। ਇਹ ਹਮੇਸ਼ਾ ਤੋਂ ਹੁੰਦਾ ਆਇਆ ਅਤੇ ਅੱਜ ਦੇ ਦੌਰ ਵਿੱਚ ਵੀ ਹੋਈ ਜਾਂਦਾ ਪਤਾ ਲੱਗੇ ਤਾਂ ਕਿਸੇ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ, ਹੈਰਾਨੀ ਇਸ ਗੱਲ ਕਾਰਨ ਹੁੰਦੀ ਹੈ ਕਿ ਵਿਰੋਧੀ ਧਿਰ ਅੱਜ ਤੱਕ ਸਮੇਂ ਦੇ ਹਾਣ ਦੀ ਹੋ ਕੇ ਸੋਚ ਨਹੀਂ ਸਕੀ ਅਤੇ ਹੋਣ ਦੀ ਕੋਸ਼ਿਸ਼ ਵੀ ਨਹੀਂ ਕਰਦੀ ਜਾਪਦੀ।

ਪਿਛਲੇ ਹਫਤੇ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਵੋਟਾਂ ਚੋਰੀ ਕੀਤੇ ਜਾਣ ਦੇ ਦੋਸ਼ ਇੱਕ ਵਾਰ ਫਿਰ ਦੁਹਰਾਏ ਸਨ ਤਾਂ ਵਿਰੋਧੀ ਧਿਰ ਦੀਆਂ ਹੋਰਨਾਂ ਪਾਰਟੀਆਂ ਨੇ ਰਸਮੀ ਜਿਹੇ ਬਿਆਨ ਜਾਰੀ ਕਰਨ ਮਗਰੋਂ ਇਸ ਗੱਲ ਨੂੰ ਭੁਲਾ ਦਿੱਤਾ ਸੀ, ਪਰ ਸਰਕਾਰ ਚਲਾਉਂਦੀ ਧਿਰ ਏਦਾਂ ਨਹੀਂ ਕਰਦੀ। ਉਨ੍ਹਾਂ ਦੇ ਲੀਡਰਾਂ ਨੇ ਰਾਹੁਲ ਗਾਂਧੀ ਦਾ ਰਸਮੀ ਜਵਾਬ ਚੋਣ ਕਮਿਸ਼ਨ ਦੇ ਉਸ ਮੁਖੀ ਤੋਂ ਖੜੇ ਪੈਰ ਦਿਵਾ ਦਿੱਤਾ ਸੀ, ਜਿਹੜਾ ਹਾਕਮ ਧਿਰ ਦੇ ਇੱਕ ਵਫਾਦਾਰ ਵਲੰਟੀਅਰ ਵਾਂਗ ਕੰਮ ਕਰਦਾ ਹੈ, ਪਰ ਅਸਲ ਖੇਡ ਪਰਦੇ ਪਿੱਛੇ ਸਾਫਟਵੇਅਰ ਚਲਾਉਂਦੇ ਸੈੱਲ ਨੇ ਖੇਡੀ ਸੀ। ਇਸ ਸੈੱਲ ਵਾਲਿਆਂ ਨੇ ਉਸ ਦਿਨ ਰਾਹੁਲ ਗਾਂਧੀ ਦਾ ਇੱਕ ਬਿਆਨ ਕੱਢਿਆ ਤੇ ਇਹ ਸ਼ੁਰਲੀ ਛੱਡ ਦਿੱਤੀ ਕਿ ਅਸਲ ਵਿੱਚ ਮਿਆਂਮਾਰ, ਜਿਹੜਾ ਸਾਡੇ ਬਜ਼ੁਰਗਾਂ ਦੇ ਵਕਤ 'ਬਰਮਾ' ਵਜੋਂ ਜਾਣਿਆ ਜਾਂਦਾ ਸੀ, ਵਿੱਚ ਭਾਰਤ ਵਿਰੁੱਧ ਇੱਕ ਸਾਜ਼ਿਸ਼ ਰਚੀ ਗਈ ਹੈ ਅਤੇ ਰਾਹੁਲ ਗਾਂਧੀ ਉਸ ਸਾਜ਼ਿਸ਼ ਹੇਠ ਏਦਾਂ ਦੇ ਬਿਆਨ ਦਾਗਦਾ ਹੈ। ਉੱਪਰੋਂ ਮਿਲੀ ਝੰਡੀ ਮੁਤਾਬਕ ਮੀਡੀਏ ਤੇ ਸੋਸ਼ਲ ਮੀਡੀਏ ਵਿੱਚ ਇਹ ਗੱਲ ਪਲਾਂ ਵਿੱਚ ਇੰਜ ਫੈਲਾ ਦਿੱਤੀ ਗਈ, ਜਿਵੇਂ ਇਹੋ ਸੰਸਾਰ ਅਤੇ ਭਾਰਤ ਦੇ ਵਰਤਮਾਨ ਤੇ ਭਵਿੱਖ ਦਾ ਸਭ ਤੋਂ ਵੱਡਾ ਮਸਲਾ ਹੋਵੇ। ਦੁਨੀਆ ਭਰ ਵਿਚਲੇ ਭਾਰਤੀਆਂ ਤੀਕਰ ਇਹ ਕਹਾਣੀ ਪਹੁੰਚਣ ਮਗਰੋਂ ਅਚਾਨਕ ਇਸ ਦੀ ਚਰਚਾ ਇੰਜ ਬੰਦ ਹੋ ਗਈ, ਜਿਵੇਂ ਕਿਸੇ ਪਾਸੇ ਕੰਨ ਪਾੜਵੇਂ ਹਾਰਨਾਂ ਦੀ ਗੂੰਜ ਪਾਉਂਦੇ ਜਾਂਦੇ ਮੋਟਰਸਾਈਕਲ ਵਿੱਚ ਕੋਈ ਖਰਾਬੀ ਆਉਣ ਨਾਲ ਉਹ ਬੰਦ ਹੋ ਗਿਆ ਹੋਵੇ। ਕਾਰਨ ਇਹ ਸੀ ਕਿ ਇੱਕ ਨੌਜਵਾਨ ਨੇ ਸਾਰੀ ਸਿਆਸੀ ਮੇਜ਼ ਮੂਧੀ ਕਰ ਦਿੱਤੀ ਸੀ।

ਅਸੀਂ ਲੋਕ ਉਸ ਵੇਲੇ ਤੱਕ 'ਮੈਟਾਡੇਟਾ' ਬਾਰੇ ਨਹੀਂ ਸੀ ਜਾਣਦੇ, ਪਰ ਸਾਫਟਵੇਅਰ ਨੂੰ ਬਾਜ਼ ਵਰਗੀ ਅੱਖ ਨਾਲ ਤਾੜਦੇ ਰਹਿਣ ਵਾਲੇ ਉਸ ਨੌਜਵਾਨ ਨੇ ਖੁਲਾਸਾ ਕਰ ਦਿੱਤਾ ਕਿ ਮਿਆਂਮਾਰ ਵਿੱਚ ਕੋਈ ਸਾਜ਼ਿਸ਼ ਦੀ ਗੱਲ ਨਹੀਂ, ਸਮੁੱਚੀ ਖੇਡ ਵਿੱਚ ਮੈਟਾਡੇਟਾ ਨਾਲ ਲੱਭੀ ਟਾਈਮਲਾਈਨ ਨੂੰ ਕੇਂਦਰੀ ਧੁਰਾ ਬਣਾ ਕੇ ਦਾਅ ਖੇਡਿਆ ਗਿਆ ਹੈ। ਇਹ ਸਾਫਟਵੇਅਰ ਇਹ ਗੱਲ ਦੱਸ ਦੇਂਦਾ ਹੈ ਕਿ ਕਿਹੜਾ ਬਿਆਨ ਕਿਸ ਆਗੂ ਨੇ ਕਿਸ ਵਕਤ ਦਿੱਤਾ ਅਤੇ ਨਾਲ ਇਹ ਵੀ ਕਿ ਉਸ ਵੇਲੇ ਦੀ ਟਾਈਮਲਾਈਨ ਵਿੱਚ ਫਲਾਣੇ-ਫਲਾਣੇ ਦੇਸ਼ ਜਾਂ ਸ਼ਹਿਰ ਆਉਂਦੇ ਹਨ। ਜਿਹੜਾ ਵਕਤ ਉਸ ਵੇਲੇ ਮਿਆਂਮਾਰ ਦਾ ਸੀ, ਐਨ ਉਹੋ ਵਕਤ ਭਾਰਤ ਦੇ ਕੁਝ ਰਾਜਾਂ ਤੇ ਸ਼ਹਿਰਾਂ ਵਿੱਚ ਵੀ, ਪਰ ਟਾਈਮਜ਼ੋਨ ਵਿੱਚੋਂ ਮਿਆਂਮਾਰ ਇਕੱਲਾ ਚੁਣਿਆ ਤੇ ਰਾਹੁਲ ਗਾਂਧੀ ਦੇ ਬਿਆਨ ਨਾਲ ਜੋੜ ਦਿੱਤਾ ਗਿਆ। ਉਸ ਨੌਜਵਾਨ ਨੇ ਆਪਣੀ ਲੱਭਤ ਨਾਲ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦਾ ਇੱਕ ਬਿਆਨ ਵੀ ਕੱਢ ਲਿਆਂਦਾ, ਜਿਸ ਦਾ ਟਾਈਮਜ਼ੋਨ ਭਾਰਤ ਨਾਲ ਦੁਸ਼ਮਣੀ ਵਾਲੇ ਗਵਾਂਢੀ ਦੇਸ਼ ਵਿਚਲੇ ਇੱਕ ਪ੍ਰਮੁੱਖ ਸ਼ਹਿਰ ਵਾਲਾ ਸੀ ਤੇ ਭਾਜਪਾ ਦਾ ਇੱਕ ਬਿਆਨ ਵੀ ਰੱਖ ਦਿੱਤਾ, ਜਿਹੜਾ ਭਾਰਤ ਨਾਲ ਦੁਸ਼ਮਣੀ ਰੱਖਣ ਵਾਲੇ ਦੂਸਰੇ ਦੇਸ਼ ਦੇ ਕਈ ਸ਼ਹਿਰਾਂ ਨਾਲ ਸਾਂਝਾ ਬਣਦਾ ਸੀ। ਜਦੋਂ ਇਹ ਗੱਲ ਲੋਕਾਂ ਮੂਹਰੇ ਪਹੁੰਚੀ ਤਾਂ ਅੱਧਾ ਘੰਟਾ ਨਹੀਂ ਸੀ ਲੱਗਾ ਕਿ ਰਾਹੁਲ ਗਾਂਧੀ ਨੂੰ ਸਾਜ਼ਿਸ਼ਕਰਤਾ ਬਣਾ ਕੇ ਪੇਸ਼ ਕਰਨ ਦੀ ਸਾਰੀ ਖਬਰ ਸਾਰੇ ਮੀਡੀਆ ਚੈਨਲਾਂ ਤੋਂ ਗਾਇਬ ਹੋ ਗਈ ਜਾਂ ਹਟਵਾ ਦਿੱਤੀ ਗਈ। ਇਹ ਕੰਮ ਇੱਕ ਖੋਜੀ ਨੌਜਵਾਨ ਨੇ ਕੀਤਾ, ਜਿਹੜਾ ਰਾਜਨੀਤੀ ਨਾਲ ਵਾਸਤਾ ਨਾ ਰੱਖਣ ਦੇ ਬਾਵਜੂਦ ਗਲਤ ਹਰਕਤ ਪਛਾਨਣ ਅਤੇ ਪੇਸ਼ ਕਰਨ ਦੀ ਅਕਲ ਰੱਖਦਾ ਸੀ, ਪਰ ਵਿਰੋਧੀ ਧਿਰਾਂ ਦੇ ਆਗੂਆਂ ਵਿੱਚ ਇੱਕ ਵੀ ਇਹ ਮੰਨਣ ਨੂੰ ਤਿਆਰ ਨਹੀਂ ਕਿ ਉਨ੍ਹਾਂ ਨੂੰ ਇਹ ਪਤਾ ਨਹੀਂ ਲੱਗਾ ਕਿ ਸ਼ਰਾਰਤ ਦੀ ਜੜ੍ਹ ਕਿਹੜੀ ਚੀਜ਼ ਸੀ!

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਜਦੋਂ ਗੱਲ ਇੰਦਰਾ ਗਾਂਧੀ ਦੀ ਚੱਲ ਪਈ ਹੈ ਤਾਂ ਇਹ ਯਾਦ ਕਰਨਾ ਚਾਹੀਦਾ ਹੈ ਕਿ ਕੁਝ ਸਾਲ ਪਹਿਲਾਂ ਇੱਕ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਕਾਗਜ਼ ਲੋਕ ਸਭਾ ਵਿੱਚ ਜੇਬ ਵਿੱਚੋਂ ਕੱਢਿਆ, ਥੋੜ੍ਹਾ ਪੜ੍ਹ ਕੇ ਪਾਸੇ ਕੀਤਾ ਅਤੇ ਫਿਰ ਕਿਹਾ ਸੀ: ਮੈਨੂੰ ਇਸ ਦੇਸ਼ ਅਤੇ ਇਸ ਦੇ ਲੋਕਾਂ ਦੀ ਚਿੰਤਾ ਹੈ, ਵਿਰੋਧੀ ਧਿਰ ਨੂੰ ਨਹੀਂ। ਦੇਸ਼ ਵਿਕਾਸ ਵੱਲ ਲਿਜਾਣ ਦੀ ਥਾਂ ਵਿਰੋਧੀ ਧਿਰ ਦਾ ਜ਼ੋਰ ਮੈਨੂੰ ਨਿੰਦਣ ਉੱਤੇ ਲੱਗਾ ਰਹਿੰਦਾ ਹੈ। ਵਿਰੋਧੀ ਧਿਰ ਨੇ ਦੁਹਾਈ ਪਾਈ ਕਿ ਪ੍ਰਧਾਨ ਮੰਤਰੀ ਮੋਦੀ ਝੂਠੇ ਦੋਸ਼ ਲਾ ਰਹੇ ਹਨ। ਨਰਿੰਦਰ ਮੋਦੀ ਨੇ ਕਾਗਜ਼ ਕੱਢਿਆ ਤੇ ਵਿਖਾ ਕੇ ਕਹਿਣ ਲੱਗਾ, ਵਿਰੋਧੀ ਧਿਰ ਦੇ ਲੀਡਰ ਸੁਣ ਤਾਂ ਲੈਂਦੇ, ਮੈਂ ਤੁਹਾਨੂੰ ਕਹਿਣ ਲੱਗਾ ਸੀ ਕਿ ਇਹ ਲਫਜ਼ ਮੇਰੇ ਨਹੀਂ, ਇੰਦਰਾ ਗਾਂਧੀ ਦੇ ਹਨ, ਜਿਹੜੇ ਉਨ੍ਹਾ ਇਸ ਹਾਊਸ ਵਿੱਚ ਫਲਾਣੀ ਤਰੀਕ ਨੂੰ ਕਹੇ ਸਨ। ਵਿਰੋਧੀ ਧਿਰ ਸੁੰਨ ਹੋ ਕੇ ਬੈਠ ਗਈ। ਉਸ ਦਿਨ ਨਰਿੰਦਰ ਮੋਦੀ ਇਸ ਤਰ੍ਹਾਂ ਦੀਆਂ ਤਿੰਨ-ਚਾਰ ਚਿੱਟਾਂ ਪੜ੍ਹ ਕੇ ਵਿਰੋਧੀ ਧਿਰ ਨੂੰ ਭੜਕਾਉਂਦੇ ਅਤੇ ਫਿਰ ਚਿੱਟਾਂ ਵਿਖਾ ਕੇ ਇਹ ਕਹਿੰਦੇ ਰਹੇ ਕਿ ਲਫਜ਼ ਮੇਰੇ ਨਹੀਂ, ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹਨ। ਇਹ ਝਲਕਾਂ ਵੇਖਣ ਪਿੱਛੋਂ ਹੀ ਵਿਰੋਧੀ ਧਿਰਾਂ ਦੇ ਆਗੂਆਂ ਨੂੰ ਭਵਿੱਖ ਵਾਸਤੇ ਕੋਈ ਸਬਕ ਲੈਣੇ ਚਾਹੀਦੇ ਸਨ ਤੇ ਪੜ੍ਹਨ ਅਤੇ ਇਤਿਹਾਸ ਦਾ ਰਿਕਾਰਡ ਰੱਖਣ ਵਾਸਤੇ ਸਮਾਂ ਤੇ ਸੁਭਾਅ ਪੈਦਾ ਕਰਨਾ ਚਾਹੀਦਾ ਸੀ, ਪਰ ਉਹ ਅੱਜ ਤੱਕ ਨਹੀਂ ਕਰ ਸਕੇ ਅਤੇ ਮਾਰ ਖਾਈ ਜਾਂਦੇ ਹਨ। ਵਕਤ ਕਿਸੇ ਨੂੰ ਪੜ੍ਹਾਉਣ ਲਈ ਕਲਾਸਾਂ ਨਹੀਂ ਲਾਉਂਦਾ ਹੁੰਦਾ, ਉਸ ਦੇ ਪੜਾਅ ਸਮਝਣ ਦੀ ਅਕਲ ਚਾਹੀਦੀ ਹੈ। ਆਰ ਐੱਸ ਐੱਸ ਨਾਲ ਜੁੜੇ ਰਹਿ ਕੇ ਜਥੇਬੰਦਕ ਢਾਂਚੇ ਦੀ ਮਜ਼ਬੂਤੀ ਦੀ ਵਰਤੋਂ ਤੇ ਦੁਰਵਰਤੋਂ ਕਰਨਾ ਹੀ ਨਹੀਂ, ਸਰਕਾਰੀ ਸਰੋਤਾਂ ਨੂੰ ਆਪਣੀ ਲੋੜ ਲਈ ਹੋਰ ਕਿਸੇ ਵੀ ਆਗੂ ਤੋਂ ਵੱਧ ਸਿੱਖ ਚੁੱਕੇ ਅੱਜ ਦੇ ਪ੍ਰਧਾਨ ਮੰਤਰੀ ਨੂੰ ਇਹ ਕਲਾ ਆਉਂਦੀ ਹੈ।

ਅਜੋਕੇ ਸਮੇਂ ਵਿੱਚ ਇਹ ਗੱਲ ਅਰਥ ਨਹੀਂ ਰੱਖਦੀ ਕਿ ਅਸੀਂ ਸਰਕਾਰ ਦੀਆਂ ਕਿੰਨੀਆਂ ਕਮਜ਼ੋਰੀਆਂ ਜਾਣ ਸਕਦੇ ਹਾਂ ਤੇ ਕਿਵੇਂ ਲੋਕਾਂ ਅੱਗੇ ਉਨ੍ਹਾਂ ਨੂੰ ਪੇਸ਼ ਕਰ ਸਕਦੇ ਹਾਂ, ਸਗੋਂ ਇਹ ਗੱਲ ਵੱਡੀ ਹੈ ਕਿ ਹਾਕਮ ਧਿਰ ਦੀਆਂ ਸਭ ਖੇਡਾਂ ਨੂੰ ਸਮੇਂ ਸਿਰ ਸੋਚਦੇ ਤੇ ਕਦਮ ਚੁੱਕਦੇ ਹਾਂ ਜਾਂ ਨਹੀਂ। ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲੱਖਾਂ ਲੋਕਾਂ ਦੀਆਂ ਵੋਟਾਂ ਕਟਵਾ ਦਿੱਤੀਆਂ, ਕਰਨਾਟਕ ਵਿੱਚ ਵੀ ਇਹੋ ਕੀਤਾ ਗਿਆ ਅਤੇ ਫਿਰ ਬਿਹਾਰ ਵਿੱਚ ਇਹੋ ਦੁਹਰਾਉਣ ਦੀ ਕੋਸ਼ਿਸ਼ ਚਲਦੀ ਪਈ ਹੈ। ਬਿਲਕੁਲ ਠੀਕ ਗੱਲ ਜਾਪਦੀ ਹੈ, ਪਰ ਬਿਹਾਰ ਵਿੱਚ ਜਿਵੇਂ ਇਹ ਮੁੱਦਾ ਵਕਤ ਸਿਰ ਚੁੱਕਿਆ ਗਿਆ ਹੈ, ਮਹਾਰਾਸ਼ਟਰ ਅਤੇ ਕਰਨਾਟਕ ਵੇਲੇ ਓਥੋਂ ਦੀ ਕਾਂਗਰਸ ਪਾਰਟੀ ਸਮੇਤ ਸਮੁੱਚੀ ਵਿਰੋਧੀ ਧਿਰ ਦੇ ਆਗੂ ਸੁੱਤੇ ਕਿਉਂ ਰਹੇ, ਇਹੋ ਕੁਝ ਉਨ੍ਹਾਂ ਰਾਜਾਂ ਵਿੱਚ ਕਿਉਂ ਨਹੀਂ ਕੀਤਾ ਗਿਆ? ਓਦੋਂ ਦੀ ਖੁੰਝੀ ਹੋਈ ਵਿਰੋਧੀ ਧਿਰ ਅੱਜ ਤੱਕ ਲੋਕਾਂ ਵਿੱਚ ਆਪਣੀਆਂ ਜੜ੍ਹਾਂ ਉੱਖੜਦੀਆਂ ਸਾਂਭਦੀ ਫਿਰਦੀ ਹੈ। ਕਰਨਾਟਕ ਵਿਚਲੇ ਹਲਕੇ ਬਾਰੇ ਰਾਹੁਲ ਗਾਂਧੀ ਨੇ ਦਾਅਵਾ ਕੀਤਾ ਹੈ ਕਿ ਓਥੇ ਕਾਂਗਰਸ ਪੱਖੀ ਹਜ਼ਾਰਾਂ ਵੋਟਾਂ ਕੱਟੀਆਂ ਗਈਆਂ ਅਤੇ ਕਾਂਗਰਸ ਦੀ ਜਿੱਤ ਨੂੰ ਹਾਰ ਵਿੱਚ ਬਦਲ ਦਿੱਤਾ ਗਿਆ, ਪਰ ਉਸ ਮਗਰੋਂ ਕਾਂਗਰਸ ਨੇ ਕੀ ਕੀਤਾ ਸੀ? ਚੋਣ ਕਮਿਸ਼ਨ ਵੱਲੋਂ ਵੋਟਾਂ ਕੱਟੇ ਜਾਣ ਦੀ ਖੇਡ ਕਾਂਗਰਸ ਜਾਂ ਰਾਹੁਲ ਗਾਂਧੀ ਨੇ ਨਹੀਂ ਸੀ ਫੜੀ, ਇੱਕ ਬੂਥ ਲੈਵਲ ਵਰਕਰ (ਬੀ ਐੱਲ ਓ) ਨੇ ਅਚਾਨਕ ਵੇਖਿਆ ਕਿ ਵੋਟ ਸੂਚੀ ਵਿੱਚ ਉਸ ਦੇ ਚਾਚੇ ਦੀ ਵੋਟ ਨਹੀਂ, ਜਦ ਕਿ ਉਸ ਨੇ ਆਪ ਵੋਟ ਬਣਾਈ ਸੀ। ਪੜਤਾਲ ਤੋਂ ਪਤਾ ਲੱਗਾ ਕਿ ਉਸ ਦੇ ਚਾਚੇ ਇਕੱਲੇ ਦੀ ਨਹੀਂ, ਉਸ ਵਰਗੇ ਕਈ ਲੋਕਾਂ ਦੀਆਂ ਵੋਟਾਂ ਕੱਟੀਆਂ ਗਈਆਂ ਅਤੇ ਇਹ ਕੰਮ ਆਨਲਾਈਨ ਸਿਸਟਮ ਰਾਹੀਂ ਇਹੋ ਜਿਹੇ ਫੋਨ ਨੰਬਰਾਂ ਤੋਂ ਕੀਤਾ ਗਿਆ ਹੈ, ਜਿਹੜੇ ਕਰਨਾਟਕ ਦੇ ਨਹੀਂ ਅਤੇ ਅਸਲੀ ਵੀ ਹਨ ਜਾਂ ਸਾਫਟਵੇਅਰ ਦੀ ਮਦਦ ਨਾਲ ਚਲਾਏ ਜਾਂਦੇ ਫਰਜ਼ੀ ਨੰਬਰ ਹਨ? ਦੁਹਾਈ ਉਸ ਬੀ ਐੱਲ ਓ ਵੱਲੋਂ ਇਹ ਦੋਸ਼ ਲਾਏ ਜਾਣ ਪਿੱਛੋਂ ਮਚੀ ਅਤੇ ਫਿਰ ਕਾਂਗਰਸ ਆਗੂ ਇਸ ਨੂੰ ਸਾਰੇ ਭਾਰਤ ਵਿੱਚ ਚੁੱਕ ਤੁਰੇ ਸਨ, ਪਹਿਲਾਂ ਉਹ ਆਗੂ ਕਿੱਥੇ ਸਨ?

ਫਿਰ ਇਹ ਗੱਲ ਆਮ ਆਦਮੀ ਪਾਰਟੀ ਦੇ ਇੱਕ ਕੇਂਦਰੀ ਲੀਡਰ ਨੇ ਕਹਿ ਦਿੱਤੀ ਕਿ 2020 ਵਿੱਚ ਵਿਧਾਨ ਸਭਾ ਚੋਣ ਹੋਣ ਵੇਲੇ ਨਵੀਂ ਦਿੱਲੀ ਹਲਕੇ ਦੇ ਇੱਕ ਲੱਖ ਅਠਤਾਲੀ ਹਜ਼ਾਰ ਵੋਟਰ ਸਨ ਤੇ ਇਸ ਸਾਲ 2025 ਦੀਆਂ ਚੋਣਾਂ ਵੇਲੇ ਉਸ ਹਲਕੇ ਦੀਆਂ ਵੋਟਾਂ ਵਧਣ ਦੀ ਬਜਾਏ ਬਤਾਲੀ ਹਜ਼ਾਰ ਘਟ ਕੇ ਇੱਕ ਲੱਖ ਛੇ ਹਜ਼ਾਰ ਰਹਿ ਗਈਆਂ। ਜਦੋਂ ਨਤੀਜਾ ਨਿਕਲਿਆ ਤਾਂ ਜਿਹੜਾ ਅਰਵਿੰਦ ਕੇਜਰੀਵਾਲ ਪਿਛਲੀ ਚੋਣ ਵਿੱਚ ਸਾਢੇ ਇੱਕੀ ਹਜ਼ਾਰ ਤੋਂ ਵੱਧ ਦੇ ਫਰਕ ਨਾਲ ਜਿੱਤਿਆ ਸੀ, ਐਤਕੀਂ ਬਤਾਲੀ ਸੌ ਤੋਂ ਇੱਕ ਘੱਟ ਵੋਟਾਂ ਨਾਲ ਹਾਰ ਗਿਆ। ਬਹੁਤ ਸਿਆਣੇ ਬਣਦੇ ਰਹਿੰਦੇ ਹਨ ਇਸ ਪਾਰਟੀ ਦੇ ਆਗੂ, ਪਰ ਵੋਟਾਂ ਕੱਟੇ ਜਾਣ ਵੇਲੇ ਮੌਕੇ ਦੀ ਮੁੱਖ ਮੰਤਰੀ ਆਤਿਸ਼ੀ ਵੱਲੋਂ ਚੋਣ ਕਮਿਸ਼ਨ ਨੂੰ ਇੱਕ ਚਿੱਠੀ ਲਿਖ ਦੇਣ ਨਾਲ ਚੁੱਪ ਕਰ ਕੇ ਬੈਠ ਗਏ, ਓਦੋਂ ਉਨ੍ਹਾਂ ਉਹ ਦੁਹਾਈ ਕਿਉਂ ਨਾ ਪਾਈ, ਜਿਹੜੀ ਅੱਜ ਰਾਹੁਲ ਗਾਂਧੀ ਪਾਉਂਦਾ ਤੇ ਵਿਰੋਧੀ ਧਿਰ ਚੋਣ ਕਮਿਸ਼ਨ ਹੱਥੋਂ ਉਸ ਦੀ ਵਿਰੋਧਤਾ ਹੁੰਦੀ ਨੂੰ ਫਿਲਮ ਵਾਂਗ ਵੇਖਦੀ ਹੈ। ਲਾਹੌਰੀਆਂ ਵਿੱਚ ਇੱਕ ਕਹਾਵਤ ਹੈ ਕਿ ਫਲਾਣਾ ਬੰਦਾ ਓਦੋਂ ਨਵੀਆਂ ਗਾਜਰਾਂ ਖਾਣ ਬਾਰੇ ਸੋਚਦਾ ਹੈ, ਜਦੋਂ ਰੂੜੀਆਂ ਉੱਤੇ ਪਈਆਂ ਗਾਜਰਾਂ ਨੂੰ ਆਵਾਰਾ ਪਸ਼ੂ ਵੀ ਖਾਣਾ ਬੰਦ ਕਰ ਦੇਂਦੇ ਹਨ। ਭਾਰਤ ਦੀ ਵਿਰੋਧੀ ਧਿਰ ਸਮੇਂ ਦੇ ਹਾਣ ਦਾ ਬਣਨ ਦੀ ਬਜਾਏ ਹਾਕਮ ਧਿਰ ਨਾਲੋਂ ਇਸ ਹੱਦ ਤੱਕ ਪਛੜ ਕੇ ਸੋਚਦੀ ਤੇ ਫਿਰ ਪੈਂਤੜੇ ਮੱਲਦੀ ਹੈ ਕਿ ਉਸ ਦਾ ਹਰ ਨਵਾਂ ਪੈਂਤੜਾ ਓਦੋਂ ਲੋਕਾਂ ਦੇ ਸਾਹਮਣੇ ਆਉਂਦਾ ਹੈ, ਜਦੋਂ ਤੱਕ ਹਾਕਮ ਧਿਰ ਦਸ ਹੋਰ ਇਹੋ ਜਿਹੇ ਦਾਅ ਘੜ ਕੇ ਵਰਤਣਾ ਸ਼ੁਰੂ ਕਰ ਚੁੱਕੀ ਹੁੰਦੀ ਹੈ।

ਦੁਨੀਆ ਇਸ ਵੇਲੇ ਤਕਨੀਕ ਦੀ ਪਹਿਲ ਦੇ ਉਸ ਪੜਾਅ ਵਿੱਚ ਦਾਖਲ ਹੋ ਚੁੱਕੀ ਹੈ, ਜਿਹੜਾ ਉਬਾਸੀਆਂ ਲੈਣ ਤੇ ਵਕਤ ਦਾ ਸੱਦਾ ਆਉਣ ਦੀ ਉਡੀਕ ਨਹੀਂ ਕਰਦਾ, ਰੋਜ਼ ਸਵੇਰੇ ਉੱਠ ਕੇ ਆਪਣੇ ਆਪ ਨੂੰ ਸੰਸਾਰ ਪੱਧਰ ਦੇ ਹਰ ਉਸ ਸਾਫਟਵੇਅਰ ਅਤੇ ਐਪ ਦੀ ਜਾਣਕਾਰੀ ਹਾਸਲ ਕਰਨ ਲਈ ਕਹਿੰਦਾ ਹੈ, ਜਿਸ ਦੀ ਅਗਲੇ ਦਿਨ ਵਰਤੋਂ ਹੋ ਸਕਦੀ ਹੈ। ਸੰਸਾਰ ਦੇ ਇਸ ਵਰਤਾਰੇ ਨਾਲ ਜਿਹੜਾ ਚੱਲੇਗਾ, ਉਹ ਇਸ ਦੇ ਹਾਣ ਦਾ ਹੋਣ ਦੀ ਕੋਸ਼ਿਸ਼ ਕਰ ਸਕਦਾ ਹੈ, ਜਿਹੜੇ ਇਹ ਗੱਲ ਕਦੇ ਖੁਦ ਸੋਚਣ ਦੀ ਲੋੜ ਨਹੀਂ ਜਾਣਦੇ ਤੇ ਕਿਸੇ ਹੋਰ ਦੀ ਕੀਤੀ ਮਿਹਨਤ ਦਾ ਸਿੱਟਾ ਭਾਲਦੇ ਹਨ, ਉਹ ਭਵਿੱਖ ਦੇ ਭਲੇ ਦਿਨਾਂ ਦੀ ਆਸ ਕਦੇ ਨਹੀਂ ਰੱਖ ਸਕਦੇ। ਸਮੇਂ ਦੀ ਰਫਤਾਰ ਸਮਝਣਾ ਸਭ ਤੋਂ ਪਹਿਲੀ ਲੋੜ ਹੈ। ਬਹੁਤ ਘੱਟ ਲੀਡਰ ਹਨ ਭਾਰਤ ਵਿੱਚ ਇਸ ਵਕਤ, ਜਿਹੜੇ ਸਮੇਂ ਦੀ ਰਫਤਾਰ ਨਾਲ ਦੌੜਨਾ ਤਾਂ ਕੀ, ਦੌੜਨ ਬਾਰੇ ਸੋਚਣ ਵਾਸਤੇ ਵੀ ਤਿਆਰ ਹੋਣ, ਪਰ ਸੁਫਨਿਆਂ ਦੀਆਂ ਉਡਾਰੀਆਂ ਮੰਗਲ ਤਾਰੇ ਵੱਲ ਜਾਣ ਵਾਲੇ ਸੈਟੇਲਾਈਟ ਵਾਂਗ ਲਾ ਕੇ ਵਿਰੋਧੀ ਆਗੂ ਹੋਣ ਦੀ ਜ਼ਿੰਮੇਵਾਰੀ ਨਿਭ ਗਈ ਮੰਨ ਲੈਂਦੇ ਹਨ। ਸੌ ਗੱਲਾਂ ਦੀ ਇੱਕ ਗੱਲ ਕਿ ਰਾਹੁਲ ਗਾਂਧੀ ਤੋਂ ਸ਼ਰਦ ਪਵਾਰ ਅਤੇ ਅਰਵਿੰਦ ਕੇਜਰੀਵਾਲ ਤੋਂ ਮਮਤਾ ਬੈਨਰਜੀ ਤੱਕ ਹਰ ਲੀਡਰ ਦੇ ਮਨ ਵਿੱਚ ਇਹ ਗੰਢ ਬੱਝੀ ਹੋਈ ਹੈ ਕਿ ਮੇਰੀ ਰਾਤ ਮੈਂ ਹੀ ਅਕਲ ਦੀ ਪੰਡ ਲੈ ਕੇ ਜੰਮਿਆ ਸਾਂ, ਹੋਰ ਕਿਸੇ ਨੂੰ ਪਰਮਿਟ ਨਹੀਂ ਸੀ ਮਿਲਿਆ। ਜਦੋਂ ਤੱਕ ਇਹ ਸਾਰੇ ਲੋਕ 'ਮੈਂ' ਦੀ ਬਿਮਾਰੀ ਤੋਂ ਉੱਪਰ ਨਹੀਂ ਉੱਠਦੇ ਅਤੇ 'ਅਸੀਂ' ਦੀ ਪਹੁੰਚ ਨਹੀਂ ਅਪਣਾਉਂਦੇ, ਇਹ ਕਦੇ ਅੱਗੇ ਵੱਲ ਵਧ ਹੀ ਨਹੀਂ ਸਕਦੇ।

# ਅਮਾਨਤ ਖਾਂ ਜ਼ੈਲਦਾਰ ਅਤੇ ਮੋਰਾਂਵਾਲੀਆ ਫਰੀਦ

**ਪਿੰਡ ਵਸਿਆ-45**

**ਵਿਜੈ ਬੰਬੇਲੀ**

ਬੇਗਮਪੁਰ ਤੇ ਜੰਡਿਆਲਾ, ਪਿੰਡ ਤਾਂ ਦੋ ਹਨ, ਵੱਖੋ-ਵੱਖਰੇ, ਪਰ ਇਕ ਭੀੜੀ-ਵੀਹੀਂ ਇਹਨਾਂ ਨੂੰ ਅੱਡੋ-ਅੱਡ ਕਰਦੀ ਹੈ। ਵਰਾਸਤਾ ਸ਼ਾਮਚੌਰਾਸੀ, ਥਾਣਾ ਹਰਿਆਣਾ (ਹੁਣ ਬੁੱਲੋਵਾਲ) ਤੇ ਜ਼ਿਲ੍ਹਾ ਹੁਸ਼ਿਆਰਪੁਰ ਦਾ ਇਹ ਪਿੰਡ ਕਦੇ ਮੁਸਲਿਮ ਬਹੁਲ ਖੇੜਾ ਸੀ। ਬਹੁਤੇ ਅਰਾਂਈ ਤੇ ਇੱਕ-ਦੋ ਦਾਨੇ ਟੱਬਰ ਚੌਧਰੀਆਂ ਦੇ। ਪੰਜ-ਚਾਰ ਘਰ ਹਿੰਦੂ ਸੈਣੀਆਂ ਦੇ, ਮੁੱਠ ਕੁ ਦਲਿਤ ਅਤੇ ਅੱਠ-ਦਸ ਸਿੱਖਾਂ ਦੇ। ਸਿੱਖਾਂ 'ਚੋਂ ਵੀ ਬਹੁਤੇ ਤਰਖਾਣਾਂ-ਲੁਹਾਰਾਂ ਦੇ।

ਪਿੰਡ ਦੇ ਇੱਕ ਜਾਏ, ਫਕੀਰ-ਸੁਭਾਅ ਚੌ. ਅਮਾਨਤ ਖਾਂ ਰਈਸ, ਦੇ ਪੁਰਖਿਆਂ ਦੀ ਪੰਜ ਪਿੰਡਾਂ 'ਚ ਭੋਇੰ ਤੇ ਪਿੰਡ ਵਿੱਚ ਉੱਚੇ-ਚੁਬਾਰਿਆਂ ਵਾਲੀ ਧੜਵੈਲ ਹਵੇਲੀ ਸੀ। ਵੀਹਵੀਂ ਸਦੀ ਦੇ ਵੀਹਵਿਆਂ ਵਿੱਚ ਜਦ ਉਹ ਜ਼ੈਲਦਾਰ ਨਿਯੁਕਤ ਹੋਇਆ ਤਾਂ ਚੌਧਰੀਆਂ ਦੇ ਟੱਬਰ ਨੇ ਪਿੰਡ ਨਾਲ ਲਾਗਵੇਂ ਆਪਣੇ ਸਰ-ਸਬਜ਼ ਬਾਗ਼ ਵਿੱਚ ਇੱਕ ਬੰਗਲਾ ਤਿਆਰ ਕਰਵਾਇਆ। ਆਪਣੇ ਲਈ ਨਹੀਂ, ਆਇਆਂ-ਗਿਆਂ ਲਈ। ਵੱਡਾ ਚੌਂਤਰਾ, ਜਲ-ਹਲਟੀ ਤੇ ਕਾਰਿੰਦਿਆਂ ਲਈ ਕੁੱਝ ਕੋਠੇ। ਇਹੀ ਨਹੀਂ, ਰਾਹੀਆਂ-ਮੁਸਾਫਰਾਂ ਲਈ ਅੱਠੇ-ਪਹਿਰ ਦੀ ਲੋਹ ਵੀ ਤਪਾਈ। ਲੋਕ, ਉਸ ਬੰਗਲੇ ਨੂੰ "ਚੁਬਾਰੇ ਵਾਲੇ ਚੌਧਰੀਆਂ ਦੀ ਕਚਹਿਰੀ" ਆਖਦੇ।

1923 'ਚ ਹੁਸ਼ਿਆਰਪੁਰ ਦੇ ਵੇਲੇ ਦੇ ਡਿਪਟੀ ਕਮਿਸ਼ਨਰ ਖਾਨ ਬਹਾਦੁਰ ਜੀ. ਐੱਚ. ਸੁਲਤਾਨ ਅਹਿਮਦ ਨੇ ਬੱਬਰ ਲਹਿਰ ਦੇ ਸੰਦਰਭ 'ਚ ਜ਼ੈਲਦਾਰਾਂ/ਨੰਬਰਦਾਰਾਂ ਦੀ ਸਰਕਾਰ ਹਿੱਤੂ ਮੀਟਿੰਗ ਬੁਲਾਈ। ਮੀਟਿੰਗ ਉਪਰੰਤ ਚੌ. ਅਮਾਨਤ ਖਾਂ ਨੂੰ ਵੱਖਰਿਆਂ ਕਰਕੇ ਵਿਸ਼ੇਸ਼ ਵਾਸਤਾ ਪਾਇਆ, ਪਰ ਅਮਾਨਤ ਖਾਂ ਜ਼ੈਲਦਾਰ ਨੇ ਉਹੀ ਦੁਹਰਾਇਆ, ਜਿਹੜਾ ਉਸ ਸਾਂਝੀ ਮੀਟਿੰਗ ਵਿੱਚ ਕਿਹਾ ਸੀ, "ਮੇਰੇ ਕੁਨਬੇ ਦੀ ਲੋਕਾਂ ਵਿੱਚ ਭਲੀ ਭੱਲ ਹੈ, ਸਭ ਦੇ ਭਲੇ ਵਾਲੀ। ...ਕੋਈ ਕਿੰਨਾ ਵੀ "ਮਾੜਾ" ਕਿਉਂ ਨਾ ਹੋਵੇ, ਮੈਂ ਉਸ ਨੂੰ ਦਰਾਂ-ਅੰਦਰ ਤਾਂ ਸਮਝਾ ਲਵਾਂਗਾ। ਪਰ ਲੋਕਾਂ ਦੇ ਜਾਇਆਂ ਨੂੰ ਸੀਖਾਂ ਅੰਦਰ ਕਰਵਾਉਣ ਦਾ ਕਰਮ ਸਾਡੇ ਟੱਬਰ ਦੇ ਹਿੱਸੇ ਨਹੀਂ ਆਇਆ, ਮੇਰੇ ਤਾਂ ਬਿੱਲਕੁਲ ਹੀ ਨਹੀਂ।"

"ਫਿਰ ਅਸਤੀਫਾ ਦੇ-ਦੇ।" ਡੀ.ਸੀ. ਨੇ ਕਿਹਾ ਸੀ।

"ਆਹ, ਚੁੱਕੋ ਜੀ। ਪਹਿਲਾਂ ਹੀ, ਲਿਖ ਕੇ ਬੋਝੇ 'ਚ ਪਾਇਆ ਹੋਇਆ।" ਇਹ ਆਖਦਿਆਂ, ਅਮਾਨਤ ਖਾਂ ਨੇ ਕਾਗਤ ਡੀ.ਸੀ. ਮੂਹਰੇ ਵਧਾ ਦਿੱਤਾ ਸੀ।

ਡਿਪਟੀ ਕਮਿਸ਼ਨਰ ਹੱਕਾ-ਬੱਕਾ, ਪਰ ਅਮਾਨਤ ਖਾਂ "ਫਤਿਹ" ਬੁਲਾ, ਦਰੋਂ ਬਾਹਰ ਹੋ ਗਿਆ।

ਕਿਹਾ ਜਾਂਦਾ ਹੈ ਕਿ ਲੋਕਾਂ 'ਚ ਸਤਿਕਾਰਿਆ ਜਾਂਦਾ ਇਹ ਸਾਧੂ-ਸੁਭਾਅ ਬੰਦਾ, ਜਦ 1939 'ਚ ਮੋਇਆ ਤਾਂ ਉਸ ਨੂੰ ਉਸੇ "ਕਚਹਿਰੀ" ਦੀ ਹਦੂਦ ਵਿੱਚ ਦਫਨਾਇਆ ਗਿਆ ਸੀ। ਪਿੰਡ ਦੇ ਤਰਖਾਣਾਂ ਦੀ ਇੱਕ ਮਿੱਥ ਮੁਤਾਬਿਕ ਉਸ ਦਾ ਵੀ 22 ਫੱਟਿਆਂ ਨਾਲ ਵੱਡਾ ਤਾਬੂਤ ਬਣਾਇਆ, ਜਿਵੇਂ ਪਹਿਲਾਂ ਤੁਰ ਗਏ ਭਲੇ ਬੰਦਿਆਂ ਵਾਂਗ ਉਸ ਨੇ ਵੀ ਉਸ ਵਿੱਚ ਬੈਠ ਇਬਾਦਤ-ਕਚਹਿਰੀ ਕਰਨੀ ਹੋਵੇ।

ਹੁਣ "ਰੋਜ਼ਾ ਅਮਾਨਤ ਖਾਂ" ਵਜੋਂ ਮਸ਼ਹੂਰ ਇਸ ਮਜ਼ਾਰ ਦਾ ਬੜਾ ਸਤਿਕਾਰ ਹੈ। ਨਾ ਸਿਰਫ਼ ਮੁਸਲਮਾਨਾਂ ਵਿੱਚ, ਜਿਹੜੇ ਹੁਣ ਬਹੁਤੇ ਪਾਕਿਸਤਾਨ ਵਿੱਚ ਹਨ, ਸਗੋਂ ਉਹਨਾਂ ਨਾਲੋਂ ਵੀ ਕਿਤੇ ਵੱਧਵਾਂ ਹਿੰਦੂ-ਸਿੱਖਾਂ ਵਿੱਚ, ਜਿਹੜੇ ਇਧਰ ਹਨ। ਕੋਈ ਕੁੱਝ ਵੀ ਕਹੀ ਜਾਵੇ, ਦਰ-ਅਸਲ; ਇਹ ਉਸ ਦੀ ਨੇਕ-ਨਾਮੀ ਅਤੇ ਦੇਸ਼ ਭਗਤਾਂ ਪ੍ਰਤੀ ਤੇਹ ਦਾ ਹੀ ਜਲੌਅ ਹੈ।

ਦੱਸਿਆ ਗਿਆ ਕਿ '47 ਦੀਆਂ ਚੰਦਰੀਆਂ ਹਵਾਵਾਂ ਵਿੱਚ ਵੀ ਇਲਾਕੇ ਦੇ ਧਾੜਵੀ ਲੋਕਾਂ ਨੂੰ ਬੇਗਮਪੁਰ-ਜੰਡਿਆਲਾ ਵੱਲ ਮੂੰਹ ਕਰਨ ਦਾ ਹਿਆਂ ਨਹੀਂ ਸੀ ਪਿਆ, ਉਹਨਾਂ ਸਰਦੇ-ਪੁੱਜਦੇ ਮੁਸਲਿਮਾਂ ਵਿਰੁੱਧ ਵੀ ਨਹੀਂ, ਜਿਹਨਾਂ ਇਸ ਹਵੇਲੀ ਅਤੇ ਚੁਬਾਰਿਆਂ ਵਿੱਚ ਪਨਾਹ ਲੈ ਲਈ ਸੀ। ਦਰ-ਹਕੀਕਤ; ਇਹ ਵੀ ਉਸ ਵੱਲੋਂ ਦੇਸ਼ ਭਗਤਾਂ ਅਤੇ ਬੱਬਰ ਅਕਾਲੀਆਂ ਦੇ ਹੱਕ ਵਿੱਚ ਮਾਰੀ ਹਾਅ ਦਾ ਹੀ ਹਾਂਦਰੂ-ਸਿੱਟਾ ਸੀ।

ਇਹੀ ਨਹੀਂ, ਸਿਰਜ ਦਿੱਤੇ ਗਏ ਇਸ ਚੰਦਰੇ ਸਮੇਂ ਤੋਂ ਵੀ ਕਿਤੇ ਪਹਿਲਾਂ ਡਿਪਟੀ ਵਾਲੀ ਘਟਨਾ ਮਗਰੋਂ ਲੋਕਾਂ ਨੇ ਪਿੰਡ ਬੇਗਮਪੁਰ-ਜੰਡਿਆਲਾ ਨੂੰ ਜੰਡਿਆਲਾ-ਅਮਾਨਤ ਖਾਂ ਸੱਦਣਾ ਸ਼ੁਰੂ ਕਰ ਦਿੱਤਾ ਸੀ। ਭਾਵੇਂ ਅੱਜ ਵੀ ਮਾਲ-ਕਾਗਤਾਂ ਵਿੱਚ ਇਸ ਖੇੜੇ ਦਾ ਨਾਂਅ "ਬੇਗਮਪੁਰ-ਜੰਡਿਆਲਾ" ਹੀ ਬੋਲਦਾ ਹੈ ਪਰ ਲੋਕ-ਜ਼ੁਬਾਂ ਵਿੱਚ ਇਸ ਨੂੰ "ਜੰਡਿਆਲਾ-ਅਮਾਨਤ ਖਾਂ" ਆਖਿਆ ਜਾਂਦਾ ਹੈ।

"ਬੇਗਮਪੁਰ-ਜੰਡਿਆਲਾ", ਨਹੀਂ; "ਅਮਾਨਤ ਖਾਂ ਦਾ ਜੰਡਿਆਲਾ।"

*-*-*

ਮੋਰਾਂਵਾਲੀਆ ਫਰੀਦ : ਮੋਰਾਂਵਾਲੀ (ਹੁਸ਼ਿਆਰਪੁਰ), ਸ਼ਹੀਦ ਭਗਤ ਸਿੰਘ ਦੇ ਨਾਨਕਿਆਂ ਦਾ ਪਿੰਡ, ਵਿਚ ਵਸਦੇ ਮੁਸਲਮਾਨ ਘਰਾਂ ਵਿਚ ਤੇਲੀ, ਲੁਹਾਰ, ਜੁਲਾਹੇ, ਅਰਾਂਈ, ਫ਼ਕੀਰ, ਗੁੱਜਰ, ਮਰਾਸੀ ਆਦਿ ਪੇਸ਼ਿਆਂ ਨਾਲ ਜੁੜੇ ਲੋਕ ਰਹਿੰਦੇ ਸਨ। ਪੂਰੇ ਪਿੰਡ ਨਾਲ ਜਿੱਥੇ ਇੱਕ ਪਾਸੇ ਇਨ੍ਹਾਂ ਦੀ ਸਮਾਜਿਕ ਸਾਂਝ ਸੀ, ਉੱਥੇ ਦੂਜੇ ਪਾਸੇ ਪੇਸ਼ਾਗਤ ਨਿਰਭਰਤਾ ਵੀ ਸੀ। ਜ਼ਿਮੀਦਾਰਾਂ ਅਤੇ ਮੁਸਲਮਾਨਾਂ ਕਿੱਤਾਕਾਰਾਂ ਦੀਆਂ ਰੋਜ਼ਮਰ੍ਹਾਂ ਦੀਆਂ ਲੋੜਾਂ ਇੱਕ-ਦੂਜੇ 'ਤੇ ਆਸ਼ਰਿਤ ਸਨ। '47 ਵਾਲੇ ਦਹਿਸ਼ਤੀ ਦਿਨਾਂ ਵਿਚ ਮੋਰਾਂਵਾਲੀ ਕੋਈ ਮਾੜੀ ਘਟਨਾ ਨਹੀਂ ਸੀ ਵਾਪਰੀ, ਪਰ ਇਲਾਕੇ ਦੀਆਂ ਵਾਰਦਾਤਾਂ ਨੇ ਉਹਨਾਂ ਨੂੰ ਧੁਰ ਅੰਦਰੋਂ ਹਿਲਾ ਦਿੱਤਾ ਸੀ। ਉੱਪਰੋਂ ਮਾੜੀ ਗੱਲ ਇਹ ਕਿ ਫਿਰਕੂ-ਗ੍ਰੋਹਾਂ ਦੀ ਅਗਵਾਈ ਇਲਾਕੇ ਦੇ ਧੜਵੈਲ ਸਾਧ ਕਰ ਰਹੇ ਸਨ।

ਪਿੰਡ ਵਿੱਚ ਫ਼ਕੀਰ ਬਰਾਦਰੀ ਦਾ ਸਿਰਫ ਇੱਕ ਘਰ ਸੀ, ਧੋਬੀਆਂ ਦੇ ਪੰਜ-ਸੱਤ ਅਤੇ ਮਰਾਸੀਆਂ ਦੇ ਅੱਧੀ ਕੁ ਦਰਜਨ। ਬਾਕੀ ਬਰਾਦਰੀਆਂ ਦੇ ਵੀ ਮਸਾਂ ਦੋ ਜਾਂ ਚਾਰ-ਛੇ ਕੁ ਹੀ ਘਰ ਹੋਣਗੇ। "ਪੱਤੀ ਹੇਅਰਾਂ" ਵਿਚ ਲਹਿਣੇ ਨਾਂਅ ਦਾ ਇੱਕ ਗੁੱਜਰ ਮੁਸਲਮਾਨ ਰਹਿੰਦਾ ਸੀ, ਪੁੱਤ ਦਾ ਨਾਂਅ ਸੀ ਫ਼ਰੀਦ। ਫ਼ਰੀਦ ਪਹਿਲਾਂ ਫੌਜ 'ਗਰੇਜ਼ੀ ਵਿਚ ਭਰਤੀ ਹੋਇਆ, ਮਗਰੋਂ ਬਾਗੀ ਹੋ ਆਜ਼ਾਦ ਹਿੰਦੀਆਂ ਨਾਲ ਜਾ ਰਲਿਆ। ਦੂਜੀ ਸੰਸਾਰ ਜੰਗ ਸਮੇਂ ਪਿੰਡ ਦੇ ਹੋਰ ਨੌਜਵਾਨਾਂ ਵਾਂਗ, ਤੰਗੀਆਂ-ਤੁਰਸ਼ੀਆਂ ਦਾ ਜੂਲਾ ਵਗਾਹ ਮਾਰਨ ਲਈ ਉਹ ਵੀ ਗੋਰਿਆਂ ਦੀ ਪਲਟਣ ਵਿਚ ਭਰਤੀ ਹੋ ਗਿਆ ਸੀ। ਇੰਡੀਅਨ ਨੈਸ਼ਨਲ ਆਰਮੀ, ਆਜ਼ਾਦ ਹਿੰਦ ਫੌਜ ਦੀਆਂ ਬਰਮਾ, ਮਲਾਇਆ, ਸਿੰਘਾਪੁਰ ਅਤੇ ਨਿਊਗਿੰਨੀ ਦੀਆਂ ਸਰਗਰਮੀਆਂ ਨੇ ਉਸ ਨੂੰ ਬੇਹੱਦ ਪ੍ਰਭਾਵਿਤ ਕੀਤਾ ਸੀ। ਬਾਕੀ ਬਾਗੀ ਪੰਜਾਬੀਆਂ ਵਾਂਗ ਉਹ ਵੀ ਨੇਤਾ ਜੀ ਸੁਭਾਸ਼ ਚੰਦਰ ਬੋਸ, ਜਨਰਲ ਮੋਹਣ ਸਿੰਘ ਅਤੇ ਸ਼ਾਹਨਵਾਜ, ਹਿੰਦੂ-ਸਿੱਖ-ਮੁਸਲਿਮ ਏਕਤਾ ਦਾ ਮੁਜੱਸਮਾ ਦੀ ਅਗਵਾਈ ਹੇਠ ਉਸ ਜੰਗਿ-ਏ-ਆਜ਼ਾਦੀ ਵਿਚ ਸਿਰਲੱਥ ਜੂਝਿਆ।

ਫ਼ਰੀਦ, ਜਿਸ ਪਹਿਲਾਂ ਜਪਾਨੀਆਂ ਦੇ ਤਸੀਹੇ ਸਹੇ ਸਨ, ਆਈ.ਐੱਨ.ਏ. ਮਿਸ਼ਨ ਫੇਲ੍ਹ ਹੋ ਜਾਣ ਉਪਰੰਤ ਮੁੜ ਫੜਿਆ ਗਿਆ। ਪਿੰਡੇ 'ਤੇ ਗੋਰਿਆਂ ਦਾ, ਇੰਤਹਾ ਤਸ਼ੱਦਦ ਸਹਾਰਿਆ। ਕੈਦ-ਤਨਹਾਈ ਰਿਹਾ। ਮੁਲਕ ਆਜ਼ਾਦ ਹੋਣ ਤੋਂ ਇੱਕ-ਅੱਧ ਵਰ੍ਹਾ ਪਹਿਲਾਂ ਮਾਪੀਂ ਪਹੁੰਚਿਆ, ਜਿਹੜੇ ਉਸ ਨੂੰ ਮਰਿਆ-ਮੁੱਕਿਆ ਸਮਝ ਭੋਗ ਵੀ ਪਾ ਚੁੱਕੇ ਸਨ। ਮੁਲਕ ਆਜ਼ਾਦ ਹੋਇਆ ਤਾਂ ਸੰਤਾਲੀ ਦੀ ਤ੍ਰਾਸਦੀ ਵਾਪਰ ਗਈ, ਦੇਸ਼ ਵੰਡਿਆ ਗਿਆ।

ਲੰਬੀ ਕੈਦ ਕੱਟ ਕੇ ਮੁੜਿਆ ਯੋਧਾ ਅਜੇ ਆਪਣੀ ਜੰਮਣ ਭੋਇੰ ਟਿਕ ਕੇ ਵੀ ਨਹੀਂ ਸੀ ਬੈਠਾ ਕਿ 1947 'ਚ 'ਆਪਣਿਆਂ' ਵੱਲੋਂ ਹੀ ਆਪਣੀ ਮਾਂ-ਧਰਤ 'ਤੇ ਹੀ, ਬਿਗਾਨਾ ਗਰਦਾਨ ਦਿੱਤਾ ਗਿਆ। ਦਹਿਸ਼ਤੀ ਪਰਛਾਵਿਆਂ ਹੇਠ ਪਰਾਈ ਧਰਤ ਨੂੰ ਜਾਣ ਲਈ ਮਜਬੂਰ, ਬੇਗਾਨੇ ਧਾੜਵੀਆਂ ਤੋਂ ਆਪਣੀ ਧਰਤ ਨੂੰ ਨਿਜ਼ਾਤ ਦਿਵਾਉਣ ਲਈ ਰੱਤ-ਡੋਲ੍ਹਵੀਂ ਜੰਗ ਲੜਨ ਵਾਲਾ ਫ਼ਰੀਦ, ਅਖੀਰ 'ਆਪਣਿਆਂ' ਹੱਥੋਂ ਹੀ ਹਾਰ ਗਿਆ। ਮੋਰਾਂਵਾਲੀਏ, ਆਪਣੇ ਮੁਸਲਿਮ ਹਮਸਾਇਆਂ ਨੂੰ ਤੋਰਨਾ ਨਹੀਂ ਸੀ ਚਾਹੁੰਦੇ, ਪਰ ਫਿਰਕੂ ਧਾੜਵੀਆਂ ਅੱਗੇ ਉਹ ਵੀ ਹਾਰ ਗਏ।

ਮੁੱਦਤ ਬਾਅਦ, ਇੱਕ ਵਾਰ ਫ਼ਰੀਦ ਮੋਰਾਂਵਾਲੀ ਆਇਆ। ਪਿੰਡ ਦੇ ਬਸੀਮੇ ਉੱਤੇ ਜਦ ਉਸ ਸਪਾਟ ਲੰਮਾ ਪੈ, ਆਪਣੀ ਸਰ-ਜਮੀਂ ਨੂੰ ਡੰਡੋਤ-ਬੰਦਨਾ ਕੀਤੀ, ਲਰਜਦੇ ਬੁੱਲ੍ਹਾਂ ਨਾਲ ਪਿੰਡ ਦੀ ਮਿੱਟੀ ਨੂੰ ਚੁੰਮਿਆ, ਧੂੜ ਮੱਥੇ ਲਾਈ ਤਾਂ ਉਸ ਦੀਆਂ ਅੱਖਾਂ ਵਿੱਚੋਂ ਧਰਾਲ ਵਗੇ ਹੰਝੂ ਵੇਖ ਸਾਰਾ ਮੋਰਾਂਵਾਲੀ ਸਿਸਕ ਉੱਠਿਆ ਸੀ।

ਕਹਿੰਦੇ, ਕੁੱਝ ਸਾਤਿਆਂ ਉਪਰੰਤ, ਜਦ ਨਿਰਧਾਰਤ ਸਮੇਂ ਉਹ ਪਾਕਿਸਤਾਨ ਨੂੰ ਤੁਰਿਆ, ਆਖਰ ਤਾਂ ਉਸ ਮੁੜਨਾ ਹੀ ਸੀ, ਤਦ ਵੀ ਪਿੰਡ ਦੀ ਰੂਹ ਕੁਰਲਾ ਉੱਠੀ ਸੀ। ਸੁਣਿਆ, ਤਾਅ-ਮੋਰਾਂਵਾਲੀਆਂ, ਉਸ ਦਿਨ ਚੁੱਲ੍ਹੇ ਤਵਾ ਨਹੀਂ ਸੀ ਚੜ੍ਹਾਇਆ।

ਮੋਬਾ. 94634-39075

# ਇਨ੍ਹਾਂ ਜ਼ਖ਼ਮਾਂ ਦਾ ਕੀ ਕਹਿਣਾ, ਜਿਨ੍ਹਾਂ ਰੋਜ਼ ਰਹੇ ਰਹਿਣਾ

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-33**

**ਸੁਰਜੀਤ ਸੁਮਨ**

ਜਿਊਂਦੇ ਜੀਅ ਆਪਣੇ ਗੀਤਾਂ ਵਿੱਚ ਰੋਜ਼ ਹਰੇ ਰਹਿਣੇ ਜ਼ਖ਼ਮਾਂ ਨੂੰ ਗਾ ਰਿਹਾ ਸੀ ਸੁਖਮਿੰਦਰ ਰਾਮਪੁਰੀ। ਹੁਣ ਉਹ ਆਪਣੇ ਗੀਤਾਂ ਸੰਗ ਜ਼ਿੰਦਾ ਹੈ। ਓਹਦੀ ਆਵਾਜ਼ ਵਿੱਚ ਗਹਿਰੀ ਲੋਕ ਪੀੜ ਸੀ, ਪੁਰਸੋਜ਼। ਇਹ ਜ਼ਖ਼ਮ ਉਹ ਸਨ, ਜੋ ਆਪਣੇ ਦਿੰਦੇ ਨੇ, ਪਰਾਏ ਦੇ ਰਹੇ ਨੇ। ਇਹ ਜ਼ਖ਼ਮ ਉਹ ਹਨ, ਜੋ ਦੁਨੀਆਂ ਦਿੰਦੀ ਏ। ਜ਼ਖ਼ਮ ਟੱਸ ਟੱਸ ਕਰਦੇ ਹੋਣ ਤਾਂ ਗੀਤਕਾਰ ਓਸ ਪੀੜ ਨੂੰ ਆਪਣੇ ਸ਼ਬਦਾਂ ਵਿੱਚ ਪਰੋਅ ਲੈਣ ਦੀ ਕੋਸ਼ਿਸ਼ ਕਰਦਾ ਹੈ। ਕਾਗਜ਼ ਦੀ ਹਿੱਕ 'ਤੇ ਉਤਾਰ ਲੈਂਦਾ ਹੈ। ਜ਼ਖ਼ਮਾਂ ਦੀ ਟੱਸ ਟੱਸ ਨੂੰ ਸ਼ਬਦਾਂ ਵਿੱਚ ਬੰਨ੍ਹਣਾ ਆਸਾਨ ਤਾਂ ਨਹੀਂ ਹੁੰਦਾ। ਇਹੋ ਪੀੜ ਫਿਰ ਵੀ ਕੁਝ ਨਾ ਕੁਝ ਸੁਰਬੱਧ ਹੋ ਕੇ, ਲੈਅਬੱਧ ਹੋ ਕੇ ਫਿਜ਼ਾ ਵਿੱਚ ਘੁਲ਼ਣ ਲਗਦੀ ਹੈ। ਪੀੜ-ਪਰੁੱਤੇ ਅਨੇਕ ਦਿਲ ਆਪ-ਮੁਹਾਰੇ ਇਹਦੇ ਵੱਲ ਖਿੱਚੇ ਤੁਰੇ ਆਉਂਦੇ ਹਨ। ਜ਼ਾਲਮ ਮਨੁੱਖ ਵੱਲੋਂ ਮਨੁੱਖਤਾ ਨੂੰ ਦਿੱਤੇ ਅਜਿਹੇ ਜ਼ਖ਼ਮ ਕਦੋਂ ਭਰਦੇ ਨੇ ਭਲਾਂ? ਹਮੇਸ਼ਾ ਹਰੇ ਰਹਿੰਦੇ ਹਨ। ਜ਼ਰਾ ਜਿੰਨੀ ਠੋਕਰ ਨਾਲ਼ ਹੀ ਫਿੱਸ ਪੈਂਦੇ ਹਨ। ਉਂਝ ਨਾ ਪੀੜ ਮਰਦੀ ਏ ਤੇ ਨਾ ਫਨਕਾਰ। ਪਰ ਐਸੇ ਵੇਲ਼ਿਆਂ ਵਿੱਚ ਇਨ੍ਹਾਂ ਜ਼ਖ਼ਮਾਂ ਨੂੰ ਮੱਲ੍ਹਮ-ਪੱਟੀ ਦੀ ਅਤਿ-ਜ਼ਰੂਰਤ ਰਹਿੰਦੀ ਹੈ। ਇਨ੍ਹਾਂ ਜ਼ਖ਼ਮਾਂ ਦੀ ਤਿਮਾਰਦਾਰੀ ਲਈ ਕੂਲ਼ੇ ਮਨ ਕੋਲ਼ ਹੀ ਕੂਲ਼ੇ-ਕੂਲ਼ੇ ਹੱਥ ਹੋ ਸਕਦੇ ਹਨ। ਇਨ੍ਹਾਂ ਜ਼ਖ਼ਮੀਆਂ ਨੂੰ, ਇਨ੍ਹਾਂ ਪਿਆਸਿਆਂ ਨੂੰ ਲੋੜ ਹੁੰਦੀ ਹੈ 'ਭਾਈ ਘਨੱਈਆ' ਵਰਗੀਆਂ ਰੂਹਾਂ ਦੀ, ਜਿਨ੍ਹਾਂ ਕੋਲ਼ ਕੋਈ ਤੇਰ-ਮੇਰ ਨਹੀਂ ਹੁੰਦੀ। ਜਿਨ੍ਹਾਂ ਕੋਲ਼ ਸਿਰਫ ਇਨਸਾਨੀਅਤ ਨੂੰ ਪਛਾਣਨ ਵਾਲ਼ੀ ਨਜ਼ਰ ਹੁੰਦੀ ਹੈ। ਮੇਰੀਆਂ ਅੱਖਾਂ ਅੱਗੇ ਇੱਕ ਦ੍ਰਿਸ਼ ਸਾਕਾਰ ਹੋਣ ਲਗਦਾ ਹੈ। ਭੰਗਾਣੀ ਦੇ ਮੈਦਾਨ-ਏ-ਜੰਗ ਵਿੱਚ ਹਿੰਦੂ, ਸਿੱਖ, ਮੁਸਲਮਾਨ ਤੇ ਪਠਾਣ ਜ਼ਖ਼ਮੀ ਸੈਨਿਕਾਂ ਨੂੰ ਭਾਈ ਘਨੱਈਆ ਜੀ ਪਾਣੀ ਪਿਲ਼ਾ ਰਹੇ ਹਨ। ਬਿਨਾਂ ਕਿਸੇ ਭੇਦ-ਭਾਵ ਦੇ। ਜੰਗ ਸ਼ੁਰੂ ਹੋਣ ਤੋਂ ਪਹਿਲਾਂ ਇਹ ਸੇਵਾ, ਉਸ ਨੂੰ ਗੁਰੂ ਸਾਹਿਬ ਨੇ ਹੀ ਦਿੱਤੀ ਸੀ। ਭਾਈ ਘਨੱਈਆ ਨੂੰ ਇੰਝ ਦੁਸ਼ਮਣ ਸੈਨਿਕਾਂ ਨੂੰ ਵੀ ਪਾਣੀ ਪਿਲ਼ਾਉਂਦਿਆਂ ਦੇਖ, ਕੁਝ ਸਿੱਖ ਸੈਨਿਕਾਂ ਨੂੰ ਉਹ ਚੁਭੇ ਹਨ। ਸ਼ਿਕਾਇਤ ਗੁਰੂ ਸਾਹਿਬ ਕੋਲ਼ ਪਹੁੰਚੀ ਹੈ। ਜਵਾਬ-ਤਲਬੀ ਵੇਲ਼ੇ ਭਾਈ ਘਨੱਈਆ, ਗੁਰੂ ਸਾਹਿਬ ਨੂੰ 'ਸਭੈ ਸਾਂਝੀਵਾਲ ਸਦਾਇਨ ਕੋਇ ਨਾ ਦਿਸੈ ਬਾਹਰਾ ਜੀਓ' ਦੇ ਅਸਲ ਅਰਥਾਂ ਤੱਕ ਪਹੁੰਚੇ ਮਿਲ਼ਦੇ ਹਨ। ਵਰਤੇ ਇਸ ਕੌਤਕ ਨੂੰ ਨੀਝ ਨਾਲ਼ ਨਿਹਾਰਦਿਆਂ, ਪ੍ਰਸੰਨਚਿੱਤ ਹੋਏ ਗੁਰੂ ਸਾਹਿਬ, ਭਾਈ ਘਨੱਈਆ ਨੂੰ ਪੱਟੀ ਫੜਾਉਂਦੇ ਹੋਏ ਬੋਲੇ ਹਨ, 'ਭਾਈ ਘਨੱਈਆ ! ਫੱਟੜਾਂ ਨੂੰ ਪਾਣੀ ਪਿਲਾਉਣ ਦੇ ਨਾਲ਼ ਨਾਲ਼ ਮੱਲ੍ਹਮ-ਪੱਟੀ ਦੀ ਸੇਵਾ ਵੀ ਕਰਿਆ ਕਰ। ਇਸ ਸੇਵਾ ਲਈ ਹੋਰ ਸਿੱਖਾਂ ਨੂੰ ਵੀ ਨਾਲ਼ ਲਵੋ। ਅੱਜ ਤੋਂ ਤੁਸੀਂ ਓਸ ਜਥੇ ਦੇ ਮੁਖੀ ਓ।' ਅੱਗੇ ਜਾ ਕੇ ਇਸੇ ਨੂੰ 'ਸੇਵਾ ਪੰਥੀ' ਦਾ ਨਾਂ ਮਿਲ਼ਿਆ। ਗੁਰੂ ਸਾਹਿਬ ਵੱਲੋਂ ਬਖ਼ਸ਼ਿਆ ਇਹੋ, ਉਹ ਜਜ਼ਬਾ ਹੈ ਜੋ ਅੱਜ ਵੀ ਹਰ ਆਫਤ ਵੇਲ਼ੇ ਮਨੁੱਖਤਾ ਨੂੰ ਮਿਲ਼ੇ ਜ਼ਖ਼ਮਾਂ 'ਤੇ ਫਹਾ ਧਰਦਾ ਹੈ। ਟਕੋਰ ਕਰਦਾ ਹੈ ਤੇ ਮਾਨਵਤਾ ਦਾ ਝੰਬਿਆ ਬੂਟਾ ਫਿਰ ਸਿਰ ਚੁੱਕਣ ਜੋਗਾ ਹੋ ਜਾਂਦਾ ਹੈ। ਪਹਾੜੀ ਰਾਜਿਆਂ ਨੇ ਪਠਾਣਾਂ ਨਾਲ਼ ਮਿਲ ਕੇ ਗੁਰੂ ਸਾਹਿਬ 'ਤੇ ਹੱਲਾ ਬੋਲਿਆ ਸੀ। ਉਹ ਆਪ ਜੰਗ ਕਰਨ ਥੋੜ੍ਹੀ ਗਏ ਸੀ? ਉਹ ਤਾਂ ਆਪਣੇ ਬਚਾਅ ਪੱਖੋਂ ਲੜਦੇ ਸਨ। ਸਮੇਂ ਸਮੇਂ ਬਥੇਰੀਆਂ ਆਫਤਾਂ, ਧਾੜਵੀਆਂ ਦੇ ਰੂਪ ਵਿੱਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਸਿਰ ਚੜ੍ਹ ਕੇ ਬੋਲੀਆਂ। ਇੱਥੋਂ ਦੇ ਲੋਕਾਂ ਨੇ ਇਨ੍ਹਾਂ ਆਫਤਾਂ ਦਾ ਸਾਹਮਣਾ ਕਰਦਿਆਂ ਜਿੱਤਾਂ ਵੀ ਕਬੂਲੀਆਂ ਤੇ ਹਾਰਾਂ ਨੂੰ ਵੀ। ਅੱਜ ਜਿਨ੍ਹਾਂ ਵੇਲ਼ਿਆਂ ਵਿੱਚ ਪੰਜਾਬੀਅਤ ਨਸ਼ਿਆਂ ਜਿਹੀਆਂ ਅਲਾਮਤਾਂ ਵਿਰੁੱਧ ਇੱਕ ਯੁੱਧ ਲੜ ਰਹੀ ਹੈ, ਉਨ੍ਹਾਂ ਵੇਲ਼ਿਆਂ ਵਿੱਚ ਸਾਨੂੰ ਮਾਸੂਮਾਂ ਨਾਲ਼ ਹੋ ਰਹੀ ਕਿਹੋ ਜਿਹੀ ਦਰਿੰਦਗੀ ਦੇਖਣੀ ਤੇ ਝੱਲਣੀ ਪੈ ਰਹੀ ਹੈ। ਇਨ੍ਹਾਂ ਸੋਚਾਂ ਦੇ ਭੰਵਰ ਵਿੱਚ ਮੈਨੂੰ ਗੋਤੇ ਖਾਂਦਿਆਂ ਤਾੜ ਮੇਰੇ ਅੰਦਰੋਂ ਬਾਈ ਦਲੇਰ ਸਿੰਘ ਬੋਲਿਆ ਹੈ, 'ਮੇਰੀ ਤਾਂ ਸਾਰੀ ਰਾਤ ਅੱਖ ਨੀਂ ਲੱਗੀ। ਉਸ ਮਾਸੂਮ ਨਾਲ਼ ਹੋਏ ਘਿਨਾਉਣੇ ਕਾਰੇ ਨੂੰ ਤੱਕ ਕਿਸ ਕਿਸ ਦਾ ਦਿਲ ਛਲ਼ਨੀ-ਛਲ਼ਨੀ ਨਹੀਂ ਹੋਇਆ ਹੋਵੇਗਾ? ਕਿਹੜੇ ਕਰਮਾਂ, ਕਿਹੜੇ ਕਸੂਰ ਦੀ ਸਜ਼ਾ ਦਿੱਤੀ ਗਈ ਇਸ ਜੁਆਕ ਨੂੰ, ਜਿਸ ਵੱਡਾ ਹੋ ਕੇ ਆਪਣੇ ਗਰੀਬ ਮਾਪਿਆਂ ਦੀਆਂ ਦੁਸ਼ਵਾਰੀਆਂ ਨਾਲ਼ ਹੱਥ ਵਟਾਉਣ ਦਾ ਸੁਫਨਾ ਸਿਰਜਣਾ ਸੀ। ਫਿਰ ਉਸ ਸੁਫਨੇ ਨੂੰ ਸਾਕਾਰ ਕਰਨ ਦੇ ਆਹਰ ਵਿੱਚ ਜੁਟਣਾ ਸੀ। ਗਹੁ ਨਾਲ਼ ਵਾਚਿਆ ਜਾਵੇ ਤਾਂ ਇਹ ਕੋਈ ਪਹਿਲੀ ਘਟਨਾ ਤਾਂ ਨਹੀਂ। ਇਸ ਘਿਨਾਉਣੇ ਵਰਤਾਰੇ ਵਿਰੁੱਧ ਜਿਸ ਢੰਗ ਨਾਲ਼ ਪੰਜਾਬੀਆਂ ਨੇ ਆਪਣੀ ਆਵਾਜ਼ ਬੁਲੰਦ ਕੀਤੀ ਹੈ, ਕੀ ਇਹ ਆਵਾਜ਼ ਇਸ ਵਰਤਾਰੇ ਨੂੰ ਜੜੋਂ ਖ਼ਤਮ ਕਰਨ ਵੱਲ ਪੁੱਟਿਆ ਪਹਿਲਾ ਜਾਂ ਅਗਲਾ ਕਦਮ ਸਾਬਤ ਹੋਵੇਗੀ ਜਾਂ ਫਿਰ 'ਚਾਰ ਦਿਨਾਂ ਦੀ ਚਾਨਣੀ ਫਿਰ ਹਨ੍ਹੇਰੀ ਰਾਤ' ਹੋ ਨਿਬੜੇਗੀ। ਨਿਰਭੈਆ ਕਾਂਡ ਕਿਸ ਨੂੰ ਭੁੱਲਿਆ ਹੈ? ਕਿਰਨਜੀਤ ਕਾਂਡ ਕਿਸ ਨੂੰ ਚੇਤੇ ਨਹੀਂ? ਕਿਸੇ ਪਿੰਡ ਵਿੱਚ ਘਰ ਪਾਲ਼ੀ ਮੱਝ-ਗਾਂ ਦੇ ਦੁੱਧ ਲਈ ਖੇਤਾਂ ਦੇ ਵੱਟ-ਬੰਨਿਆਂ ਤੋਂ ਕੱਖ ਖੋਤਦੀ ਬੇਜ਼ਮੀਨੇ ਮਾਪਿਆਂ ਦੀ ਮੁਟਿਆਰ ਧੀ ਕਿਉਂ ਇਹ ਕਹਿਣ ਲਈ ਮਜ਼ਬੂਰ ਹੁੰਦੀ ਹੈ, 'ਸਾਡੀ ਵੀਹੀ ਵਿੱਚ ਚੂੜੀਆਂ ਦਾ ਹੋਕਾ ਦੇਵੀਂ ਨਾ ਵੀਰਾ ਵਣਜਾਰਿਆ।' ਕਿਹੜੇ ਮੰਦੇ ਕਰਮੀਂ ਉਸ ਦੇ ਜਾਮੇ ਨੂੰ ਲੀਰੋ-ਲੀਰ ਕਰਦਿਆਂ ਵੈਲੀ ਧਨਾਢਾਂ ਵੱਲੋਂ ਆਪਣੀ ਹਵਸ ਦੀ ਪੂਰਤੀ ਲਈ ਗਹਿਰੇ ਜ਼ਖ਼ਮ ਦਿੱਤੇ ਜਾਂਦੇ ਰਹੇ, ਜਿਸ ਕਾਰਨ ਬੇਵਸ ਪਰਿਵਾਰਾਂ ਨੂੰ ਪਿੰਡਾਂ ਵਿੱਚੋਂ ਪਰਵਾਸ ਕਰਨ ਲਈ ਮਜ਼ਬੂਰ ਹੋਣਾ ਪਿਆ ਹੋਵੇਗਾ। ਇਸ ਲਈ ਕਿ ਅਸੀਂ ਅਜਿਹੇ ਕਿਸੇ ਵੀ ਵਰਤਾਰੇ ਦਾ ਵਿਰੋਧ ਚਾਰ ਕੁ ਦਿਨ ਹੀ ਕਰਦੇ ਹਾਂ ਤੇ ਫਿਰ ਲੰਮੀਆਂ ਤਾਣ ਕੇ ਸੌਂਅ ਜਾਂਦੇ ਹਾਂ। ਸਾਨੂੰ ਸਾਰਿਆਂ ਨੂੰ ਚਾਹੀਦਾ ਤਾਂ ਇਹ ਹੈ ਕਿ ਅਪਰਾਧਿਕ ਪਿਛੋਕੜ ਵਾਲ਼ੇ ਪਰਵਾਸੀਆਂ ਦੀ ਪਕੇਰੀ ਸ਼ਨਾਖਤ ਲਈ ਕੋਈ ਚਾਰਾਜੋਈ ਕਰੀਏ। ਮੁੱਢ-ਕਦੀਮੋਂ ਹੋ ਰਹੇ ਪਰਵਾਸ ਨੂੰ ਥੰਮ ਲੈਣਾ ਆਸਾਨ ਕਾਰਜ ਤਾਂ ਨਹੀਂ। ਛੋਟੇ ਭਾਈ ਤੂੰ ਉਹ ਖ਼ਬਰ ਪੜ੍ਹੀ ਜਿਹਦੇ 'ਚ ਇੱਕ ਐਨਆਰਆਈ ਰੁਪਿੰਦਰ ਕੌਰ ਦੀ ਲਾਸ਼ ਦੇ ਅੱਧ ਸੜੇ ਹਿੱਸੇ ਡੇਹਲੋਂ ਪੁਲਿਸ ਨੇ ਬਰਾਮਦ ਕੀਤੇ ਨੇ? ਹੱਦ ਹੋਗੀ ਮੇਰੇ 'ਆਰ। ਕਮਾਲ ਦੇਖੋ ਕਿ ਓਸ ਔਰਤ ਦੇ ਮਨ ਵਿੱਚ ਜਿਸ ਬੰਦੇ ਨਾਲ਼ ਢਲ਼ ਗਈ ਉਮਰ ਹੰਢਾਉਣ ਦੇ ਸੁਫਨੇ ਸਿਰਜੇ ਗਏ ਸਨ, ਓਸੇ ਬੰਦੇ ਦੇ ਮਨ ਵਿੱਚ ਉਸ ਨੂੰ ਜਾਨੋਂ ਮਾਰਨ ਲਈ ਗੋਂਦ ਗੁੰਦੀ ਜਾ ਰਹੀ ਸੀ। ਉਹ ਤੇਰੇ ਗੀਤ ਦੀ ਇੱਕ ਸਤਰ ਨੀਂ, 'ਅੱਖੜ ਇੱਛਾਵਾਂ ਦਾ ਕੋਈ ਮੁੱਢ ਨਾ ਅਖੀਰ ਨਾ?' ਬੰਦੇ ਦੇ ਮਨ ਦੀਆਂ ਅੱਖੜ ਇੱਛਾਵਾਂ ਦਾ ਕੀ ਪਤਾ ਲਗਦੈ, ਕਦੋਂ ਜਾਗ ਪੈਣ? ਸੱਚੀ ਗੱਲ ਐ ਭਰਾ ਇਨ੍ਹਾਂ ਇੱਛਾਵਾਂ ਦਾ ਕੋਈ ਅਖੀਰ ਨਈਂ ਹੁੰਦਾ। ਇੱਕ ਦਿਨ ਮੈਂ ਮੰਟੋ ਦੀ ਕਹਾਣੀ ਪੜ੍ਹ ਰਿਹਾ ਸੀ, 'ਦੌਲੇ ਸ਼ਾਹ ਦੇ ਚੂਹੇ।' ਇਹ ਕੈਸੀ ਸੋਚ ਹੈ, ਜਿਸ ਦਾ ਪ੍ਰਦਰਸ਼ਨ ਕਰਦਿਆਂ ਮਨੁੱਖ, ਮਨੁੱਖ ਨਹੀਂ ਰਹਿੰਦਾ। ਦੂਜੇ ਨੂੰ ਮਨੁੱਖ ਰਹਿਣ ਨਹੀਂ ਦਿੰਦਾ। ਬਾਲ ਹਰਵੀਰ ਨਾਲ਼ ਕੀਤੇ ਦਰਿੰਦਗੀ ਭਰੇ ਕਾਰੇ ਪਿੱਛੇ ਸੋਸ਼ਲ ਮੀਡੀਆ ਰਾਹੀਂ ਪਰੋਸੀਆਂ ਜਾ ਰਹੀਆਂ ਪੌਰਨ ਵੀਡੀਓਜ਼, ਅਜਿਹੇ ਲੋਕਾਂ ਨੂੰ ਮਨੋਰੋਗੀ ਬਣਾ ਰਹੀਆਂ ਹਨ, ਜਿਨ੍ਹਾਂ ਕੋਲ਼ ਸੂਚਨਾਵਾਂ ਦਾ ਭੰਡਾਰ ਤਾਂ ਹੈ ਪਰ ਜਿਨ੍ਹਾਂ ਤੋਂ ਗਿਆਨ ਭੰਡਾਰ ਖੋਹਿਆ ਜਾ ਰਿਹਾ ਹੈ। ਤੁਸੀਂ ਹੋਰ ਵਰਤਾਰਾ ਦੇਖੋ, ਕਿਵੇਂ ਮਲਟੀਨੈਸ਼ਨਲ ਕੰਪਨੀਆਂ ਆਪਣੀਆਂ ਮੁਲਾਜ਼ਮ ਔਰਤਾਂ ਦਾ ਪਹਿਰਾਵਾ ਹੀ ਬਦਲ ਰਹੀਆਂ ਹਨ? ਫੈਸ਼ਨ ਦੇ ਨਾਂ 'ਤੇ ਬਾਜ਼ਾਰਾਂ ਵਿੱਚ ਫਿਰਦੀਆਂ ਅਜਿਹੀਆਂ ਔਰਤਾਂ ਵੱਲੋਂ ਤਨ ਦਾ ਪ੍ਰਦਰਸ਼ਨ ਕਰ ਰਹੇ ਪਹਿਰਾਵੇ ਨੇ ਇਨ੍ਹਾਂ ਮਨੋਰੋਗੀਆਂ 'ਤੇ ਕਿਹੋ ਜਿਹਾ ਅਸਰ ਪਾਉਣਾ ਹੁੰਦਾ ਹੈ ਭਲਾਂ? ਇੱਕ ਵਿਆਹ ਦੀ ਵੀਡੀਓ ਦੇਖ ਰਿਹਾਂ ਸੀ। ਉਸ ਵਿੱਚ ਬੀਨਾਂ ਵੱਜ ਰਹੀਆਂ ਸਨ, ਸਾਡਾ ਇੱਕ ਚਿੱਟ ਦਾਹੜੀਆਂ ਬਜ਼ੁਰਗ ਡਾਂਸਰ ਕੁੜੀ ਨੂੰ ਦਸ ਰੁਪਏ ਦਾ ਨੋਟ ਫੜਾਉਂਦਿਆਂ ਬਰਾਤੀਆਂ ਦੀ ਹਾਜ਼ਰੀ ਵਿੱਚ ਜਿਵੇਂ ਉਸ ਨਾਲ਼ ਗੁੱਥਮ-ਗੁੱਥਾ ਹੋ ਰਿਹੈ ਤੇ ਬਾਕੀ ਸਭ ਦੇਖ ਦੇਖ ਕੇ ਹਿੜ ਹਿੜ ਕਰ ਰਹੇ ਹਨ, ਕੀ ਅਜਿਹੇ ਦ੍ਰਿਸ਼ ਪੰਜਾਬੀਅਤ ਦੇ ਲਹਿਜ਼ੇ ਦੇ ਅਨੁਕੂਲ ਹਨ? ਸੋਚ ਸੋਚ ਕੇ ਕਚਿਆਣ ਜਿਹੀ ਆਉਂਦੀ ਐ ਭਰਾ। ਤੇਰੀਆਂ ਲੇਖਕ ਸਭਾਵਾਂ ਨੇ ਵੀ ਸਮੁੱਚੇ ਪਰਵਾਸੀਆਂ ਦੇ ਵਿਰੋਧ ਦਾ ਵਿਰੋਧ ਕੀਤਾ ਹੈ। ਇਹ ਬਣਦਾ ਵੀ ਐ, ਪਰ ਪੰਜਾਬੀਅਤ ਦੀ ਨਸ ਨਸ ਵਿੱਚ ਮਨੋਰੋਗੀਆਂ ਵੱਲੋਂ ਫੈਲਾਏ ਜਾ ਰਹੇ ਜ਼ਹਿਰ ਨੂੰ ਚੂਸਣ ਬਾਰੇ ਵੀ ਇਨ੍ਹਾਂ ਨੂੰ ਕੋਈ ਰੋਡ ਮੈਪ ਦਿੰਦਿਆਂ ਇਸ ਡੁੱਬਦੀ ਬੇੜੀ ਨੂੰ ਪਾਰ ਲੰਘਾਉਣ ਦੀ ਦਿਸ਼ਾ ਵੱਲ ਤੁਰਨਾ ਚਾਹੀਦੈ।' ਫਿਰ ਮੇਰੇ ਬੁੱਲ੍ਹ 'ਤੇ ਇਹ ਗੀਤ ਆ ਬਹਿੰਦਾ ਹੈ, 'ਕਿਸ ਜਿਊਣ ਦੀ ਗੱਲ ਕਰੀਏ/ਇਸ ਜਿਊਣ 'ਚ ਨਿੱਤ ਮਰੀਏ/ ਕਿਤੇ ਤੇਰੀ ਜਿੰਦ ਗਹਿਣੇ/ ਕਿਤੇ ਆਪਣੀ ਜਿੰਦ ਧਰੀਏ/ਕਦ ਤਕ ਹੈ ਇਉਂ ਪਿੰਜ ਹੋਣਾ/ ਕਦ ਤਕ ਹੈ ਇਹ ਸਭ ਸਹਿਣਾ/ ਇਨ੍ਹਾਂ ਜ਼ਖ਼ਮਾਂ ਦਾ ਕੀ ਕਹਿਣਾ/ ਜਿਨ੍ਹਾਂ ਰੋਜ਼ ਹਰੇ ਰਹਿਣਾ।'

ਮੋਬਾ. 98144-30874

# ਬੇਜ਼ਮੀਨੇ ਮਜ਼ਦੂਰਾਂ ਦੀ ਦਰਦ ਕਹਾਣੀ

**ਹਰਮੇਸ਼ ਮਾਲੜੀ**

ਬੇਜ਼ਮੀਨੇ ਮਜ਼ਦੂਰ ਜਾਂ ਸਾਧਨਹੀਣ ਲੋਕ, ਇਹ ਸ਼ਬਦ ਭਾਰਤ/ਪੰਜਾਬ ਦੇ ਅਰਧ ਜਾਗੀਰੂ ਪੈਦਾਵਾਰੀ ਰਿਸ਼ਤਿਆਂ 'ਚੋਂ ਉਪਜਿਆ ਨਾਂਅ ਹੈ, ਜੋ ਜਮਾਤੀ ਭਾਵ ਵਾਲਾ ਹੈ। ਇਸ ਸ਼ਬਦ ਦੀ ਵਰਤੋਂ ਮਜ਼ਦੂਰਾਂ ਦੇ ਹੱਕਾਂ-ਹਿੱਤਾਂ ਲਈ ਲੜਨ ਵਾਲੇ ਲੋਕ ਹੀ ਕਰਦੇ ਹਨ, ਉਂਝ ਜਾਤਪਾਤੀ ਸਮਾਜਿਕ ਸੰਰਚਨਾ ਦੇ ਹਿਸਾਬ, ਅਖੌਤੀ ਉੱਚ ਜਾਤਾਂ ਵਾਲੇ ਜਾਂ ਸਾਧਨ ਸੰਪੰਨ ਲੋਕ ਤਾਂ ਇਹਨਾਂ ਲੋਕਾਂ ਨੂੰ ਇਹਨਾਂ ਦੀਆਂ ਅਖੌਤੀ ਨੀਵੀਆਂ ਜਾਤਾਂ ਦੇ ਨਾਂਅ ਨਾਲ ਹੀ ਸੰਬੋਧਿਤ ਹੁੰਦੇ ਹਨ, ਜੋ ਕਿ ਆਪਣੇ ਆਪ ਵਿੱਚ ਹੀ ਪੀੜਾਦਾਇਕ ਹੈ, ...ਇਹਨਾਂ ਕਮਾਊ ਲੋਕਾਂ ਦੀ ਪੀੜ ਕੋਈ ਇਕ ਥੋੜੋਂ ਆਂ! ...ਦੁੱਖ ਹੀ ਦੁੱਖ ਹਨ, ਦੁੱਖਾਂ ਦੀ ਇਹ ਕਹਾਣੀ ਸਦੀਆਂ ਦੇ ਪੰਨਿਆਂ 'ਤੇ ਫੈਲਰੀ ਹੋਈ ਹੈ, ਜਿਸ ਨੂੰ ਚੰਦ ਕੁ ਸਫ਼ਿਆਂ 'ਤੇ ਬਿਆਨ ਕਰਨਾ ਸੰਭਵ ਨਹੀਂ ਹੈ। ... ਇਸ ਨੂੰ ਲਿਖਣ ਲਈ ਤਾਂ 'ਮਣਾਂਮੂੰਹੀਂ' ਕਾਗਜ਼ ਵੀ ਥੋੜ੍ਹੇ ਹਨ, ਪਰ ਗੱਲ ਕਿਤਿਓਂ ਤਾਂ ਸ਼ੁਰੂ ਕਰਨੀ ਪੈਣੀ ਹੈ, ਤੇ ਲਓ ਇਸ ਦਰਦ ਕਹਾਣੀ ਨੂੰ ਵਰਤਮਾਨ ਤੋਂ ਸ਼ੁਰੂ ਕਰਦੇ ਹਾਂ, ਮੇਰੇ ਇਕ ਗੀਤ ਦੀ ਸਥਾਈ, ਇਹਨਾਂ ਦਰਦ ਪਰੁੰਨੇ ਲੋਕਾਂ ਦੀ ਜ਼ਿੰਦਗੀ ਦਾ ਸਾਰ ਅੰਸ਼ ਇਉਂ ਬਿਆਨ ਕਰਦੀ ਹੈ..

"ਜੂਠੇ ਭਾਂਡੇ ਵਰਗੀ ਜ਼ਿੰਦਗੀ
ਜੂਠ 'ਤੇ ਕਰੇ ਗੁਜ਼ਾਰਾ
ਜੂਠ 'ਤੇ ਭਿਣਕਣ ਮੱਖੀਆਂ ਜੀਕਣ
ਇਹੋ ਜੀਣ ਹਮਾਰਾ"

....ਤੋ ਬੇਜ਼ਮੀਨੇ/ਸਾਧਨਹੀਣ ਲੋਕਾਂ ਦੀ ਇਹ ਕਹਾਣੀ, ਸਦੀਆਂ ਦਾ ਸਫ਼ਰ ਤਹਿ ਕਰਦਿਆਂ ਵਰਤਮਾਨ ਵਿੱਚ ਪਹੁੰਚ ਕੇ, ਉੱਕਤ ਸਤਰਾਂ ਰਾਹੀਂ ਸਾਡੇ ਰੂਬਰੂ ਹੈ.. ਇਹ ਸਤਰਾਂ ਨਿਰਪੁਰਾ ਖ਼ਿਆਲੀ ਤੁਸੱਵਰ ਨਹੀਂ ਹਨ, 'ਜਿਉਂਦੇ ਜਾਗਦੇ' ਕਰੋੜਾਂ ਲੋਕਾਂ ਦੇ ਜੀਵਨ ਦੀ ਅਸਲ/ਹਕੀਕੀ ਤਸਵੀਰ ਹਨ, ਮਾਂ ਦੀ ਕੁੱਖੋਂ ਜਨਮ ਲੈਂਦਿਆਂ ਹੀ ਜਿਨ੍ਹਾਂ ਨੂੰ ਮਾਂ-ਬਾਪ ਦੇ ਹੌਕੇ ਸੁਣਨੇ ਪੈਂਦੇ ਹੋਣ ਅਤੇ ਤਮਾਮ ਹਯਾਤੀ ਦੁਸ਼ਵਾਰੀਆਂ 'ਚ ਬੀਤਦੀ ਹੋਵੇ, ਉਹਨਾ ਦੇ ਬਚਪਨ ਦਾ ਚਿਤਰਨ ਕਰਦਿਆਂ ਗੀਤ ਦਾ ਅੰਤਰਾ ਗੱਲ ਅੱਗੇ ਤੋਰਦਾ ਹੈ।

"ਜੰਮੇ ਤਾਂ ਕਰਜ਼ੇ ਦੀ ਗੁੜ੍ਹਤੀ ਮਾਂ ਸੀ ਮੂੰਹ ਨੂੰ ਲਾਈ,
ਬਾਪੂ ਦੀ ਗ਼ੁਰਬਤ ਨੇ ਵੰਡੀ ਹੌਕਿਆਂ ਦੀ ਮਠਿਆਈ,
ਫੱਟੀ ਬਸਤੇ ਦੀ ਥਾਂ ਸਿਰ 'ਤੇ ਚੱਕਿਆ ਟੋਕਰਾ ਭਾਰਾ,
ਇਹੋ ਜੀਣ ਹਮਾਰਾ........"

ਸਾਧਨਹੀਣ ਲੋਕਾਂ ਦਾ, ਜੇ ਵਰਤਮਾਨ ਇਹ ਹੈ ਤਾਂ ਬੀਤਿਆ ਸਮਾਂ ਕਿਹੋ ਜਿਹਾ ਹੋਵੇਗਾ? ਯਕੀਨਣ ਇਹ ਪੜ੍ਹ/ਸੁਣ ਕੇ "ਰੂਹ" ਕੰਬ ਜਾਂਦੀ ਹੈ! ... ਤੇ ਇਹ ਜ਼ਹਾਲਤ ਕੋਈ ਮਹੀਨਿਆਂ ਜਾਂ ਸਾਲਾਂ ਤੱਕ ਨਹੀਂ, ਬਲਕਿ ਸਦੀਆਂ ਤੋਂ ਹੰਢਾਉਂਦੇ ਆ ਰਹੇ ਲੋਕਾਂ ਨਾਲ, ਭਲਾ ਬੀਤੇ 'ਚ ਕੀ ਕੀ ਬੀਤੀ ਹੋਵੇਗੀ!! ਜ਼ਰਾ ਸੋਚ ਕੇ ਦੇਖੋ!!!... ਪਿੰਡਾਂ, ਸ਼ਹਿਰਾਂ ਤੋਂ ਅਲੱਗ ਬਸਤੀਆਂ, ਜਿਉਂਦੇ ਰਹਿਣ ਲਈ ਮਰੇ ਪਸ਼ੂਆਂ ਦਾ ਮਾਸ ਖਾਣ ਤੋਂ ਲੈ ਕੇ ਬੇਹਾ ਬਾਸਿਆ ਜੋ ਵੀ ਮਿਲ ਗਿਆ, ਨਿਗਲ਼ ਲਿਆ, ਕੋਈ ਹੱਕ-ਹਕੂਕ ਨਹੀਂ.. ਜਿਹਨਾਂ ਨੂੰ ਇਸ ਗੱਲ ਪਿੱਛੇ ਕਤਲ ਕਰ ਦਿੱਤਾ ਜਾਂਦਾ ਹੋਵੇ ਬਈ ਕਿਸੇ ਉੱਚ ਜਾਤੀ ਦੇ ਬੰਦੇ ਨਾਲ ਖਹਿ ਗਏ ਜਾਂ ਉਹਨਾਂ 'ਤੇ ਇਹਨਾਂ ਦਾ ਪਰਛਾਵਾਂ ਪੈ ਗਿਆ! ਉਫ਼!!.. ਆਖਿਰ ਅਜਿਹਾ ਕੀ ਗੁਨਾਹ ਕੀਤਾ ਸੀ ਇਹਨਾਂ ਲੋਕਾਂ ਨੇ, ਜੀਹਦੀ ਵਜ੍ਹਾ ਕਰਕੇ ਇਹਨਾਂ ਨੂੰ ਅੱਤ ਦੇ ਤ੍ਰਿਸਕਾਰ ਵੱਲ ਧੱਕਿਆ ਗਿਆ?

ਕੀ ਇਹ ਲੋਕ ਕਿਸੇ ਹੋਰ ਗ੍ਰਹਿ ਦੇ ਬਦਸ਼ਕਲ ਲੋਕ ਸਨ? ਜਾਂ ਇੰਨੇ ਹੀ ਲਿੱਸੇ/ਕਮਜ਼ੋਰ ਸਨ? ਜਾਂ ਕੋਈ ਅਪਰਾਧੀ ਬਿਰਤੀਆਂ ਵਾਲੇ ਸਨ ਬਈ ਇਹ ਇਸੇ ਵਿਵਹਾਰ ਦੇ ਹੱਕਦਾਰ ਸਨ?

ਅਸਲ ਵਿੱਚ ਅਜਿਹੀ ਕੋਈ ਗੱਲ ਨਹੀਂ ਸੀ, ਇਸ ਦੀ ਵਿਆਖਿਆ ਅੱਗੇ ਜਾ ਕੇ ਕਰਦੇ ਹਾਂ, ਪਹਿਲਾਂ ਇਸ ਦਰਦ ਕਹਾਣੀ ਦੀ "ਜਨਮ ਕੁੰਡਲੀ" ਫਰੋਲ ਲਈਏ ..ਇਸ ਸਾਰੀ ਅਮਾਨਵੀ ਵਿਵਸਥਾ ਲਈ ਮਨੂੰਵਾਦੀ/ਬ੍ਰਾਹਮਣਵਾਦੀ ਵਿਚਾਰਧਾਰਾ ਜ਼ਿੰਮੇਵਾਰ ਹੈ। ਸਦੀਆਂ ਪਹਿਲਾਂ ਭਾਰਤੀ ਸਮਾਜ ਅੰਦਰ ਉੱਕਤ ਵਿਚਾਰਧਾਰਾ ਵੱਲੋਂ ਵਰਣਿਤ; ਵਰਣ ਵਿਵਸਥਾ ਨੇ ਸਮਾਜ ਨੂੰ ਚਾਰ ਭਾਗਾਂ ਵਿਚ ਵੰਡ ਦਿੱਤਾ, ਇਸ ਵੰਡ ਵਿੱਚ ਪੈਦਾਵਾਰੀ ਸ਼ਕਤੀਆਂ (ਕਮਾਊ ਲੋਕਾਂ) ਨੂੰ ਹੇਠਲਾ ਦਰਜਾ ਦਿੱਤਾ ਗਿਆ, ਇਸ ਤੋਂ ਵੀ ਅਗਾਂਹ ਪੈਦਾਵਾਰੀ ਸ਼ਕਤੀਆਂ ਦੇ ਹੀ ਇੱਕ ਹਿੱਸੇ (ਅੱਜ ਦੇ ਬੇਜ਼ਮੀਨੇ ਮਜ਼ਦੂਰ/ਸਾਧਨਹੀਣ ਲੋਕ) ਨੂੰ ਇਸ ਵਰਣ ਵੰਡ ਤੋਂ ਵੀ ਬਾਹਰ ਰੱਖ ਕੇ ਅਵਰਣ ਕਿਹਾ ਗਿਆ, ਯਾਨੀ ਇਸ ਲੋਕ ਸਮੂਹ ਨੂੰ ਸਮਾਜ ਦਾ ਹਿੱਸਾ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ ਗਿਆ ਤੇ ਇਹਨਾਂ ਲੋਕਾਂ ਨੂੰ "ਪਾਪਜੋਨੀ" ਵਰਗੇ ਘਿਰਣਾਯੋਗ ਲਕਬਾਂ ਨਾਲ ਸੰਬੋਧਿਤ ਹੋਇਆ ਗਿਆ। ਬ੍ਰਾਹਮਣਵਾਦੀਆਂ ਵੱਲੋਂ ਜਿਹੜਾ ਸਮਾਜਿਕ ਤੌਰ 'ਤੇ ਇਹਨਾਂ ਦਾ ਨਾਮਕਰਨ ਕੀਤਾ ਗਿਆ, ਉਹ ਸ਼ਬਦ ਸੀ "ਅਛੂਤ" ਭਾਵ ਕਿ ਜਿਹਨਾਂ ਨੂੰ ਛੂਹਿਆ ਨਹੀਂ ਜਾ ਸਕਦਾ। ਅਗਰ ਕਿਤੇ ਇਹ ਅਛੂਤ ਉੱਪਰਲੇ ਵਰਣਾਂ ਨਾਲ ਛੂਹ ਜਾਣ ਤਾਂ ਉਹ ਭਿੱਟ ਜਾਂਦੇ ਸਨ ਤੇ ਅਛੂਤਾਂ ਲਈ ਕਿਆਮਤ ਆ ਜਾਂਦੀ ਸੀ। ਇਸ ਅਮਾਨਵੀ ਵਿਵਸਥਾ ਨੇ ਇਸ ਹਿੱਸੇ ਨੂੰ ਸਭ ਤਰ੍ਹਾਂ ਦੇ ਪੈਦਾਵਾਰੀ ਸਾਧਨਾਂ ਤੋਂ ਵਾਂਝੇ ਕਰ ਦਿੱਤਾ ਤੇ ਕਿਸੇ ਵੀ ਕਿਸਮ ਦਾ ਹਥਿਆਰ ਰੱਖਣ ਦੀ ਮਨਾਹੀ ਕਰ ਦਿੱਤੀ (ਤਾਂ ਕਿ ਇਹ ਲੋਕ ਬਗਾਵਤ ਨਾ ਕਰ ਦੇਣ) ਮੱਝ- ਗਾਂ ਵਰਗਾ ਦੁਧਾਰੂ ਪਸ਼ੂ ਪਾਲਣ ਦੀ ਮਨਾਹੀ ਕੀਤੀ ਗਈ, ਘੋੜੇ ਦੀ ਸਵਾਰੀ ਨਹੀਂ ਕਰ ਸਕਦੇ, ਗਿਆਨ ਹਾਸਲ ਕਰਨ ਦੀ ਤਾਂ ਏਨੀ ਸਖ਼ਤ ਮਨਾਹੀ ਸੀ ਕਿ ਚੋਰੀ-ਛਿਪੇ ਗਿਆਨ ਹਾਸਲ ਕਰਨ 'ਤੇ ਕੰਨਾਂ ਵਿੱਚ ਸਿੱਕਾ ਢਾਲ ਕੇ ਪਾਇਆ ਜਾਂਦਾ ਸੀ। ਮਨਾਹੀ ਦੀ ਉਲੰਘਣਾ ਹੋਣ 'ਤੇ ਰੂਹ ਕੰਬਾਊ ਸਜ਼ਾਵਾਂ ਸਨ। ਕਰੀਬ ਦੋ ਹਜ਼ਾਰ ਸਾਲ ਪਹਿਲਾਂ ਸ਼ੁਰੂ ਹੋਈ ਇਹ ਅਮਾਨਵੀ ਵਿਵਸਥਾ ਸਦੀਆਂ ਤੱਕ ਸਾਧਨਹੀਣਾਂ ਨੇ ਆਪਣੇ ਪਿੰਡੇ 'ਤੇ ਹੰਢਾਈ ਹੈ। .. ਬੇਸ਼ੱਕ ਹੁਣ ਸੰਵਿਧਾਨਕ ਤੌਰ 'ਤੇ ਉਕਤ ਮਨੂੰਵਾਦੀ ਵਿਚਾਰਧਾਰਾ/ਵਿਵਸਥਾ ਬੇਮਾਅਨਾ ਹੈ, ਬਲਕਿ ਅਜਿਹੇ ਲਕਬ ਅਤੇ ਵਿਵਹਾਰ ਸਜ਼ਾ ਯਾਫਤਾ ਹਨ, ਪਰ ਕੌੜੀ ਸਚਾਈ ਇਹੋ ਹੈ ਕਿ ਹੁਣ ਵੀ ਸਮਾਜ ਅੰਦਰ ਇਹ ਵਿਵਸਥਾ ਗੁੱਝੇ ਤੇ ਜ਼ਾਹਰਾ ਰੂਪਾਂ ਵਿੱਚ ਜਾਰੀ ਰਹਿ ਰਹੀ ਹੈ। ਕਿਉਂ ਜੋ ਆਪਣੀ ਵਿਚਾਰਧਾਰਾ ਨੂੰ ਜ਼ਿੰਦਾ ਰੱਖਣ ਲਈ ਮਨੂੰਵਾਦੀਆਂ ਨੇ ਬੇਅੰਤ ਕਿੱਸੇ, ਕਹਾਣੀਆਂ ਘੜ ਰੱਖੇ ਹਨ ਅਤੇ ਰਾਜਭਾਗ 'ਤੇ ਕਬਜ਼ਾ (ਕਰਕੇ) ਹੋਣ ਕਾਰਨ ਵੀ ਉਨ੍ਹਾਂ ਆਪਣੀ ਵਿਚਾਰਧਾਰਾ ਨੂੰ ਕਾਇਮ ਰੱਖਿਆ, ਭਾਵੇਂ ਕਿ ਸਮੇਂ-ਸਮੇਂ ਇਸ ਨੂੰ ਚੁਣੌਤੀਆਂ ਵੀ ਮਿਲਦੀਆਂ ਰਹੀਆਂ।

ਹੁਣ ਗੱਲ ਕਰਦੇ ਹਾਂ ਪਹਿਲੇ ਸਵਾਲ ਦੀ ਕਿ ਆਖਰ ਕਿਉਂ ਸਮਾਜ ਦੇ ਇਕ ਹਿੱਸੇ ਨੂੰ ਏਨਾ ਪਿੱਛੇ ਧੱਕ ਦਿੱਤਾ ਗਿਆ, ਕੀ ਉਹ ਏਨੇ ਹੀ ਕਮਜ਼ੋਰ ਸਨ ਬਈ ਇਹ ਇਸੇ ਵਿਵਹਾਰ ਦੇ ਹੱਕਦਾਰ ਸਨ?

ਸਾਡੇ ਕੋਲ ਕੋਈ ਠੋਸ ਇਤਿਹਾਸਕ ਪ੍ਰਮਾਣ ਤਾਂ ਨਹੀਂ ਹਨ ਕਿ ਅਸੀਂ ਇਹਨਾਂ ਲੋਕਾਂ ਦੇ ਬੀਤੇ ਨੂੰ, ਵੇਰਵਿਆਂ ਸਹਿਤ ਸਾਂਝਾਂ ਕਰ ਸਕੀਏ, ਪਰ ਇਸ ਸੱਚਾਈ ਨੂੰ ਕੋਈ ਝੁਠਲਾਅ ਨਹੀਂ ਸਕਦਾ ਕਿ ਜੇਕਰ ਇਹ ਲੋਕ, ਇਸ ਭੂਗੋਲਿਕ ਖਿੱਤੇ ਅੰਦਰ ਹਜ਼ਾਰਾਂ ਸਾਲਾਂ ਤੋਂ ਰਹਿ ਰਹੇ ਹਨ ਤੇ ਅੱਜ ਵੀ "ਜਿਉਂਦੇ ਜਾਗਦੇ" ਹਨ ਅਤੇ ਆਪਣੀਆਂ ਅਗਲੀਆਂ ਨਸਲਾਂ ਨੂੰ ਅੱਗੇ ਵਧਾ ਰਹੇ ਹਨ ਤਾਂ ਯਕੀਨਣ ਇਹਨਾਂ ਅੰਦਰ ਉਹ ਸਾਰੇ ਗੁਣ ਮੌਜੂਦ ਸਨ, ਜੋ ਮਨੁੱਖੀ ਨਸਲ ਨੂੰ ਅੱਗੇ ਵਧਾਉਣ ਲਈ ਜ਼ਰੂਰੀ ਸਨ, ਮਸਲਨ ਕੁਦਰਤੀ ਕਰੋਪੀਆਂ ਦਾ ਸਾਹਮਣਾ ਕਰਨਾ, ਦੂਜੇ ਕਬੀਲਿਆਂ ਨਾਲ ਯੁੱਧ ਕਰਨੇ, ਸ਼ਿਕਾਰ ਕਰਨਾ ਤੇ ਅੰਨ ਉਗਾਉਣ ਦੀ ਮੁਹਾਰਤ ਹੋਣਾ, ਗਰਮੀ ਸਰਦੀ ਤੋਂ ਬਚਾਅ ਦੇ ਉਪਾਅ ਕਰਨੇ ਅਤੇ ਆਪਣੀ ਔਲਾਦ ਨੂੰ ਪਾਲਣਾ ਤੇ ਮੋਹ ਕਰਨਾ, ਵਰਗੇ ਮਾਨਵੀ ਸਰੋਕਾਰਾਂ ਦਾ ਹੋਣਾ, ਸੰਗੀਤ, ਨ੍ਰਿਤ ਵਰਗੇ ਕੋਮਲ ਭਾਵਾਂ ਦਾ ਹੋਣਾ ਆਦਿ, ਜੇਕਰ ਇਹ ਸਾਰੇ ਗੁਣ ਇਹਨਾਂ ਲੋਕਾਂ ਵਿਚ ਨਾ ਹੁੰਦੇ ਤਾਂ ਯਕੀਨਣ ਇਸ ਭੂਗੋਲਿਕ ਖਿੱਤੇ 'ਚੋਂ ਇਹਨਾਂ ਦਾ ਨਾਮੋ-ਨਿਸ਼ਾਨ ਕਦੋਂ ਦਾ ਮਿਟ ਗਿਆ ਹੁੰਦਾ। ਸੋ ਇਹ ਗੱਲ ਤਾਂ ਸਾਫ ਹੈ ਕਿ ਇਸ ਗੁਲਾਮੀ ਅਤੇ ਮਾਨਸਿਕ ਗੁਲਾਮੀ ਦਾ ਕਾਰਨ ਉੱਕਤ ਵਿਚਾਰਧਾਰਾ ਹੀ ਹੈ।

ਹੁਣ ਜੇ ਇਤਿਹਾਸਕ ਪਦਾਰਥਵਾਦੀ ਨਜ਼ਰੀਏ ਤੋਂ ਇਸ ਨੁਕਤੇ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਮਨੂੰਵਾਦੀਆਂ ਵਲੋਂ ਘੜੀਆਂ ਪ੍ਰਚਾਰੀਆਂ ਜਾ ਰਹੀਆਂ ਵਾਹਯਾਤ ਦਲੀਲਾਂ ਦੀ ਫੂਕ ਨਿਕਲ ਜਾਂਦੀ ਹੈ। ਇਤਿਹਾਸਕ ਪਦਾਰਥਵਾਦੀ ਨਜ਼ਰੀਆ ਦੱਸਦਾ ਹੈ ਕਿ ਦੁਨੀਆ ਦੇ ਸਾਰੇ ਹੀ ਭੂਗੋਲਿਕ ਖਿੱਤਿਆਂ ਅੰਦਰ, ਜਦੋਂ ਕੋਈ ਹੱਦਾਂ-ਸਰਹੱਦਾਂ ਨਹੀਂ ਸਨ ਤਾਂ ਮਨੁੱਖੀ ਕਬੀਲੇ ਜਿਉਂਦੇ ਰਹਿਣ ਲਈ ਬਿਹਤਰ ਥਾਵਾਂ ਦੀ ਭਾਲ ਵਿੱਚ ਦੂਰ-ਦੂਰ ਤੱਕ ਭਟਕਦੇ ਰਹਿੰਦੇ ਸਨ, ਇਉਂ ਉਥੇ ਪਹਿਲਾਂ ਹੀ ਵਾਸ ਕਰਦੇ ਕਬੀਲਿਆਂ ਨਾਲ ਉਨ੍ਹਾਂ ਦੇ ਯੁੱਧ ਹੁੰਦੇ ਸਨ, ਤਕੜੇ ਕਬੀਲੇ ਜਿੱਤ ਜਾਂਦੇ ਸਨ, ਸਮਾਂ ਪਾ ਕੇ ਇਹਨਾਂ ਕਬੀਲਿਆਂ ਵਿਚ ਆਪਸੀ ਮੇਲ-ਮਿਲਾਪ ਵੀ ਹੁੰਦੇ ਰਹੇ ਤੇ ਇਉਂ ਮਨੁੱਖੀ ਨਸਲਾਂ ਦਾ ਮਿਸ਼ਰਣ ਵੀ ਹੁੰਦਾ ਰਿਹਾ, ਪਰ ਇੱਕ ਖਾਸ ਇਤਿਹਾਸਕ ਪੜਾਅ 'ਤੇ ਪਹੁੰਚ ਕੇ ਮਨੁੱਖ ਜਾਤੀ ਅੰਦਰ ਜਮਾਤੀ ਵੰਡ ਸ਼ੁਰੂ ਹੋਈ ਤੇ ਹਾਰੇ ਹੋਏ ਕਬੀਲੇ ਜਾਂ ਲਿੱਸੇ ਕਮਜ਼ੋਰ ਲੋਕਾਂ ਨੂੰ ਗੁਲਾਮ ਬਣਾ ਲਿਆ ਗਿਆ, ਇਹ ਜਮਾਤੀ ਵੰਡ ਹੋਰਨਾਂ ਇਤਿਹਾਸਕ ਯੁਗਾਂ ਅੰਦਰ ਵੀ ਸ਼ਕਲ ਬਦਲ-ਬਦਲ ਕੇ ਜਾਰੀ ਰਹੀ ਤੇ ਹੁਣ ਵੀ ਜਾਰੀ ਹੈ।

ਇਹ ਪ੍ਰਚਲਤ ਵਿਆਖਿਆ ਚਾਹੇ ਸਾਰੇ ਜਾਣਦੇ ਹਨ ਕਿ ਹਰੇਕ ਯੁੱਗ ਅੰਦਰ ਗੁਲਾਮ ਪੈਦਾਵਾਰੀ ਸ਼ਕਤੀਆਂ ਬਗਾਵਤਾਂ ਕਰਕੇ ਆਜ਼ਾਦ ਹੋਣ ਲਈ ਤਾਂਘਦੀਆਂ ਰਹੀਆਂ ਹਨ, ਗੁਲਾਮ ਪੈਦਾਵਾਰੀ ਸ਼ਕਤੀਆਂ ਦੀਆਂ ਇਹਨਾਂ ਬਗਾਵਤਾਂ ਕਰਕੇ ਹੀ ਸਮਾਜ ਅਗਲੇਰੇ ਇਤਿਹਾਸਕ ਪੜਾਵਾਂ ਵਿੱਚ ਦਾਖ਼ਲ ਹੁੰਦਾ ਰਿਹਾ ਹੈ। ਦੁਨੀਆ ਦੇ ਕਈ ਭੂਗੋਲਿਕ ਖਿੱਤਿਆਂ ਅੰਦਰ ਅੱਜ ਪੈਦਾਵਾਰੀ ਸ਼ਕਤੀਆਂ ਸਮਾਜਿਕ ਸ਼ਕਤੀ ਦੇ ਰੂਪ ਵਿੱਚ ਉੱਭਰੀਆਂ ਹੋਈਆਂ ਹਨ ਤੇ ਉਹ ਮੁਕਤੀ ਪਾਉਣ ਲਈ ਜੂਝ ਰਹੀਆਂ ਹਨ ਭਾਵੇਂ ਕਿ ਜਮਾਤੀ ਸਮਾਜਾਂ ਦਾ ਖਾਤਮਾ ਹੋਣਾ ਅਜੇ ਬਾਕੀ ਹੈ।

ਪਰ ਭਾਰਤੀ ਉਪ ਮਹਾਂਦੀਪ ਵਿੱਚ ਪੈਦਾਵਾਰੀ ਸ਼ਕਤੀਆਂ ਦਾ ਉਹ ਹਿੱਸਾ, ਜੀਹਨੂੰ ਸਾਧਨਹੀਣ ਬਣਾਇਆ ਗਿਆ, ਉਹ ਹਾਲੇ ਵੀ ਇਸ ਜਹਾਲਤ 'ਚੋਂ ਉੱਭਰ ਨਹੀਂ ਸਕਿਆ, ਇਸ ਦਾ ਕਾਰਨ ਜਾਤਪਾਤੀ ਵਿਵਸਥਾ ਹੀ ਹੈ। ਅਧੀਨ ਜਮਾਤਾਂ ਨਾ ਕਿ ਮਾਨਸਿਕ ਗੁਲਾਮੀ ਦਾ ਸ਼ਿਕਾਰ ਹਨ, ਸਗੋਂ ਉਨ੍ਹਾਂ ਦਾ ਜਾਇਦਾਦਹੀਣ ਹੋਣਾ ਉਹਨਾਂ ਨੂੰ ਇਸ ਜ਼ਹਾਲਤ ਵਿਚੋਂ ਨਿਕਲਣ ਨਹੀਂ ਦੇ ਰਿਹਾ। ਜਿਸ ਦੀ ਵਜ੍ਹਾ ਵੀ ਇਹੋ ਅਮਾਨਵੀ ਵਿਵਸਥਾ ਤੇ ਵਿਚਾਰਧਾਰਾ ਹੈ।

ਇਹ ਖਾਸ ਜ਼ਿਕਰਯੋਗ ਹੈ ਕਿ ਭਾਰਤੀ ਉਪ ਮਹਾਂਦੀਪ ਵਿੱਚ ਮੁਸਲਮਾਨ ਸ਼ਾਸਕਾਂ ਦੇ ਆਉਣ ਨਾਲ ਚਾਹੇ ਉਨ੍ਹਾਂ ਇਥੇ ਆਪਣਾ ਇਸਲਾਮ ਧਰਮ ਵੀ ਫੈਲਾਇਆ ਤੇ ਆਪਣੇ ਰਾਜ ਵੀ ਸਥਾਪਤ ਕੀਤੇ, ਪਰ ਬੁਨਿਆਦੀ ਤੌਰ 'ਤੇ ਸਮਾਜ ਅੰਦਰਲੀ ਜਾਤਪਾਤੀ ਬਣਤਰ ਨੂੰ ਕੋਈ ਫ਼ਰਕ ਨਹੀਂ ਪਿਆ, ਇੰਝ ਹੀ ਅੰਗਰੇਜ਼ ਬਸਤੀਵਾਦੀਆਂ ਦੇ ਕਬਜ਼ੇ ਤੋਂ ਬਾਅਦ ਵੀ ਇਹ ਵਿਵਸਥਾ ਬਦਲੀ ਨਹੀਂ। ਇਥੇ ਇਕ ਹੋਰ ਬਰੀਕ ਗੱਲ ਸਮਝਣ ਵਾਲੀ ਹੈ, ਇਹ ਵੇਰਵਾ ਇਸ ਕਰਕੇ ਵੀ ਸਾਂਝਾ ਕਰਨਾ ਜ਼ਰੂਰੀ ਹੈ ਕਿ ਮੌਜੂਦਾ ਸਮੇਂ ਕੁਝ ਲੋਕ (ਜਿਹੜੇ ਆਪਣੇ ਆਪ ਨੂੰ ਦਲਿਤਵਾਦੀ ਜਾਂ ਮੂਲ ਨਿਵਾਸੀ ਕਹਾਉਂਦੇ ਹਨ) ਉਹ ਇਹ ਦਲੀਲ ਦਿੰਦੇ ਹਨ ਕਿ ਆਰੀਅਨਾਂ ਨੇ ਆ ਕੇ ਭਾਰਤ ਨੂੰ ਗੁਲਾਮ ਬਣਾਇਆ, ਇਸ ਤੋਂ ਪਹਿਲਾਂ ਇੱਥੇ ਰਹਿ ਰਹੇ ਮੂਲ ਨਿਵਾਸੀ (ਭਾਵ ਅੱਜ ਦੇ ਦਲਿਤ ਲੋਕ) ਇਥੋਂ ਦੇ ਰਾਜਭਾਗ ਦੇ ਮਾਲਕ ਸਨ। ਇਹ ਦਲੀਲ ਇਥੋਂ ਤੱਕ ਤਾਂ ਸਹੀ ਹੈ ਕਿ ਅੱਜ ਦੇ ਬਹੁਗਿਣਤੀ ਦਲਿਤ ਮੂਲ ਨਿਵਾਸੀ ਹਨ ਜਾਂ ਇਉਂ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਪੰਜਾਬ ਦੇ ਪੇਂਡੂ ਸੱਭਿਆਚਾਰਕ ਅਵਚੇਤਨ ਦੀਆਂ ਲੁਕਵੀਆਂ ਪਰਤਾਂ




ਫੋ
ਕ
ਸ



**ਚਰਚਾ ਇਕ ਪੁਸਤਕ ਦੀ**

**ਨਿਰੰਜਣ ਬੋਹਾ**

## ਲਾਲ ਰੱਤਾ

(ਕਹਾਣੀ ਸੰਗ੍ਰਹਿ)
ਭੁਪਿੰਦਰ ਸਿੰਘ ਮਾਨ
ਸਫੇ : 118, ਮੁੱਲ : 250 ਰੁਪਏ
ਊੜਾ ਪਬਲੀਕੇਸ਼ਨ, ਮੋਗਾ

'ਲਾਲ ਰੱਤਾ' ਪੰਜਾਬੀ ਭਾਸ਼ਾ ਦੇ ਜਾਣੇ-ਪਛਾਣੇ ਗਲਪਕਾਰ ਭੁਪਿੰਦਰ ਸਿੰਘ ਮਾਨ ਦਾ ਨਵਾਂ ਕਹਾਣੀ ਸੰਗ੍ਰਹਿ ਹੈ, ਜਿਸ ਵਿੱਚ ਉਸ ਦੀਆਂ ਅੱਠ ਨਵੀਆਂ ਕਹਾਣੀਆਂ ਸ਼ਾਮਲ ਹਨ। ਇਹ ਕਹਾਣੀਆਂ ਪੰਜਾਬ ਦੇ ਪੇਂਡੂ ਸੱਭਿਆਚਾਰਕ ਅਵਚੇਤਨ ਨੂੰ ਸਮਝਣ ਤੇ ਸਮਝਾਉਣ ਦੇ ਮਾਮਲੇ ਵਿਚ ਚੰਗੀ ਮੁਹਾਰਤ ਰੱਖਦੀਆਂ ਹਨ। ਪੰਜਾਬ ਦਾ ਪੇਂਡੂ ਅਰਥਚਾਰਾ ਤੇ ਸਮਾਜਿਕ ਪ੍ਰਬੰਧ ਮੁੱਖ ਤੌਰ 'ਤੇ ਵਾਹੀਯੋਗ ਜ਼ਮੀਨ ਨਾਲ ਜੁੜਿਆ ਹੋਇਆ ਹੈ। ਸੰਗ੍ਰਹਿ ਵਿਚਲੀਆਂ ਕਹਾਣੀਆਂ ਜ਼ਮੀਨ ਦੇ ਮਾਲਕਾਨਾ ਹੱਕਾਂ ਵਿਚ ਆਉਣ ਵਾਲੀ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਨਾਲ ਬਦਲਦੇ ਸਮਾਜਿਕ ਤੇ ਪਰਵਾਰਕ ਸਮੀਕਰਨਾਂ ਨੂੰ ਉਨ੍ਹਾਂ ਦੀਆਂ ਮਨੋਵਿਗਿਆਨਕ ਸੂਖਮਤਾਈਆਂ ਸਮੇਤ ਰੂਪਮਾਨ ਕਰਦੀਆਂ ਹਨ। ਇਹਨਾਂ ਕਹਾਣੀਆਂ ਅਨੁਸਾਰ ਜੇ ਪਰਵਾਰ ਦੀ ਟੁੱਟ ਰਹੀ ਆਰਥਿਕਤਾ ਨੂੰ ਥਾਂ ਸਿਰ ਕਰਨ ਲਈ ਜ਼ਮੀਨ ਦਾ ਕੋਈ ਹਿੱਸਾ ਵੇਚਣਾ ਪੈ ਜਾਵੇ ਤਾਂ ਜ਼ਮੀਨ ਮਾਲਕ ਆਪ ਵੀ ਮਾਨਸਿਕ ਤੌਰ 'ਤੇ ਟੁੱਟਦਾ ਹੈ ਅਤੇ ਉਸ ਦੇ ਪਰਵਾਰਕ ਰਿਸ਼ਤੇ ਵੀ ਟੁੱਟ-ਭੱਜ ਦਾ ਸ਼ਿਕਾਰ ਬਣਦੇ ਹਨ। ਪੇਂਡੂ ਅਰਥਚਾਰੇ ਨਾਲ ਸੰਬੰਧਤ ਕਹਾਣੀਆਂ ਤੋਂ ਇਲਾਵਾ 'ਇਕ ਮਜ਼ਾਰ ਹੋਰ ਵਰਗੀ' ਵਰਗੀਆਂ ਸ਼ਹਿਰੀ ਧਰਾਤਲ ਦੀਆਂ ਮਨੋ-ਸਮਾਜਿਕ ਸਮੱਸਿਆਵਾਂ ਨੂੰ ਰੂਪਮਾਨ ਕਰਦੀਆਂ ਕਹਾਣੀਆਂ ਵੀ ਇਸ ਸੰਗ੍ਰਹਿ ਦਾ ਹਾਸਲ ਹਨ। ਉਸ ਦੀ ਸੈਲਾਨੀ ਬਿਰਤੀ ਨੇ ਉਸ ਨੂੰ ਕਹਾਣੀ ਲਿਖਣ ਲਈ ਲੋੜੀਂਦੀ ਨਵੀਂ ਭਾਵ ਭੂਮੀ ਤਲਾਸ਼ ਕਰਨ ਵਿੱਚ ਵਿਸ਼ੇਸ਼ ਤੌਰ 'ਤੇ ਮਦਦ ਕੀਤੀ ਹੈ।

ਸੰਗ੍ਰਹਿ ਦੀ ਪਹਿਲੀ ਕਹਾਣੀ 'ਵੈਰਾਗ' ਨਿਮਨ ਕਿਸਾਨੀ ਤੇ ਵਿਆਹ ਸੰਸਥਾ ਦੇ ਆਪਸੀ ਰਿਸ਼ਤੇ ਦੀਆਂ ਮਹੀਨ ਪਰਤਾਂ ਉਘੇੜਨ ਵਾਲੀ ਸਫਲ ਮਨੋਵਿਗਿਆਨਕ ਕਹਾਣੀ ਹੈ। ਜ਼ਮੀਨ ਦੀ ਘੱਟ ਮਾਲਕੀ ਤੇ ਪੋਲੀਓ ਦਾ ਸ਼ਿਕਾਰ ਹੋਈ ਲੱਤ ਕਾਰਨ ਹਰਦੇਵ ਸਿੰਘ ਉਰਫ ਦੇਬੀ ਨੂੰ ਰਿਸ਼ਤਾ ਨਹੀਂ ਜੁੜਦਾ ਤਾਂ ਉਹ ਆਪਣੇ-ਆਪ ਨੂੰ ਸਮਾਜ ਨਾਲੋਂ ਪੂਰੀ ਤਰ੍ਹਾਂ ਟੁੱਟਿਆ ਹੋਇਆ ਮਹਿਸੂਸ ਕਰਦਾ ਹੈ। ਆਪਣੀਆਂ ਪਰਵਾਰਕ ਜੜ੍ਹਾਂ ਲਾਉਣ ਖਾਤਰ ਉਹ ਆਪਣੇ ਦੋਸਤ ਗੋਰੇ ਨੂੰ ਸੰਖੀਆਂ ਦੇ ਕੇ ਮਾਰਨ ਦਾ ਗੁਨਾਹ ਵੀ ਕਰਦਾ ਹੈ, ਫਿਰ ਵੀ ਸਾਰੀ ਉਮਰ ਉਸ ਦੀ ਸਮਾਜਿਕ ਹੋਂਦ ਦੀਆਂ ਜੜ੍ਹਾਂ ਆਪਣਾ ਫੈਲਾਅ ਨਹੀਂ ਕਰਦੀਆਂ। ਗੋਰੇ ਦੀ ਮੌਤ ਤੋਂ ਬਾਅਦ ਉਸ ਦੀ ਪਤਨੀ ਸਤਵੰਤ ਦੇਬੀ ਦੀ ਪਤਨੀ ਕਹਾਉਣ ਲੱਗਦੀ ਹੈ ਤੇ ਉਸ ਦੇ ਬੱਚੇ ਵੀ ਉਸ ਨੂੰ ਬਾਪੂ ਮੰਨ ਲੈਂਦੇ ਹਨ, ਪਰ ਉਹ ਨਾ ਤਾਂ ਸਹੀ ਅਰਥਾਂ ਵਿਚ ਪਤੀ ਹੀ ਬਣਦਾ ਹੈ ਤੇ ਨਾ ਹੀ ਬਾਪੂ। ਜਦੋਂ ਸਤਵੰਤ ਆਪਣੀਆਂ ਅਸੀਮ ਪਦਾਰਥਕ ਇਛਾਵਾਂ ਦੀ ਪੂਰਤੀ ਲਈ ਪੁਲਸ ਦੇ ਰਿਟਾਇਰ ਮੁਲਾਜ਼ਮ ਗੁਰਸਾਹਿਬ ਸਿੰਘ ਨਾਲ ਵੀ ਆਪਣੇ ਸੰਬੰਧ ਜੋੜ ਲੈਂਦੀ ਹੈ ਤਾਂ ਉਸ ਨੂੰ ਲੱਗਦਾ ਹੈ ਉਹ ਫਿਰ ਤੋਂ ਜੜ੍ਹਹੀਣ ਹੋ ਗਿਆ ਹੈ। ਸਤਵੰਤ ਆਪਣੀ ਧੀ ਦੇ ਵਿਆਹ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਣ ਵੇਲੇ ਗੁਰਸਾਹਿਬ ਨੂੰ ਅੱਗੇ ਰੱਖਦੀ ਹੈ ਤਾਂ ਉਸ ਦੇ ਮਨ ਵਿਚ ਬੱਝੀ ਗੰਢ ਉਸ ਨੂੰ ਆਤਮ-ਹੱਤਿਆ ਦੀ ਸੋਚ ਤੱਕ ਵੀ ਲੈ ਜਾਂਦੀ ਹੈ। ਕਹਾਣੀ ਆਪਣੇ ਸਿਰਜਨਾਤਮਕ ਸ਼ਿਖ਼ਰ 'ਤੇ ਉਸ ਵੇਲੇ ਅੱਪੜਦੀ ਹੈ, ਜਦੋਂ ਲੋਕ ਲੱਜ ਦੀ ਪਾਲਣਾ ਕਰਦਿਆਂ ਸਤਵੰਤ ਆਪਣੀ ਧੀ ਦੇ ਅਨੰਦ ਕਾਰਜ ਦੀ ਅਰਦਾਸ ਸਮੇਂ ਉਸ ਨੂੰ ਪਿਤਾ ਵਜੋਂ ਜ਼ਿੰਮੇਵਾਰੀ ਨਿਭਾਉਣ ਲਈ ਆਖਦੀ ਹੈ ਤਾਂ ਉਹ ਹੌਲਾ ਫੁੱਲ ਹੋ ਕੇ ਆਪਣੇ ਆਪ ਨੂੰ ਹਵਾ ਵਿਚ ਉੱਡਦਾ ਮਹਿਸੂਸ ਕਰਦਾ ਹੈ।

ਕਹਾਣੀ 'ਦੂਜੀ ਦੇਹ' ਵਿਚ ਘੱਟ ਜ਼ਮੀਨ ਕਾਰਨ ਰਿਸ਼ਤੇ ਨਾ ਜੁੜਨ ਦਾ ਸੰਤਾਪ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਿਆ ਵਿਖਾਈ ਦਿੰਦਾ ਹੈ। ਪਹਿਲੀ ਪੀੜ੍ਹੀ ਦੀ ਪ੍ਰਤੀਨਿਧਤਾ ਘੱਟ ਜ਼ਮੀਨ ਦੀ ਮਾਲਕੀ ਕਾਰਨ ਛੜਾ ਰਹਿ ਗਿਆ ਨਾਜ਼ਰ ਕਰਦਾ ਹੈ। ਭਾਵੇਂ ਜ਼ਮੀਨ ਦੀ ਭਾਈਵੰਡ ਰੋਕਣ ਲਈ ਉਸ ਦੀ ਵੱਡੀ ਭਰਜਾਈ ਪਰਵਾਰਕ ਸਹਿਮਤੀ ਨਾਲ ਉਸ ਨਾਲ ਸਰੀਰਕ ਸੰਬੰਧ ਬਣਾ ਲੈਂਦੀ ਹੈ, ਪਰ ਬਾਪੂ ਦੀ ਬਜਾਏ ਚਾਚਾ ਕਹਾਉਣ ਦੀ ਊਣ ਕਾਰਨ ਉਸ ਅੰਦਰ ਪੈਦਾ ਹੋਇਆ ਖਲਾਅ ਸਾਰੀ ਉਮਰ ਨਹੀਂ ਭਰਦਾ। ਅੱਗੋਂ ਭਰਜਾਈ ਦੇ ਪੇਟੋਂ ਪੈਦਾ ਹੋਏ ਉਸ ਦੇ ਪੁੱਤਰ ਮੇਸ਼ੀ ਨੂੰ ਵੀ ਉਸ ਵਾਂਗ ਹੀ ਨਿਉਂ ਜੜ੍ਹ ਨਾ ਲੱਗ ਸਕਨ ਦਾ ਸੰਤਾਪ ਭੋਗਣਾ ਪੈਂਦਾ ਹੈ। ਚਾਹੇ ਮੇਸ਼ੀ ਦੀ ਭਰਜਾਈ ਬੰਸੋ ਵੱਲੋਂ ਵੀ ਜ਼ਮੀਨ ਦੀ ਵੰਡ ਰੋਕਣ ਲਈ ਪੁਰਾਣੀ ਪਰਵਾਰਕ ਪਰੰਪਰਾ ਦੁਹਰਾਉਣ ਦੀ ਕੋਸ਼ਿਸ਼ ਕਰਦੀ ਹੈ, ਪਰ ਉਹ ਆਪਣੇ ਗਲ ਵਿਚ ਉਸ ਤਰ੍ਹਾਂ ਦਾ ਜੂਲਾ ਪਵਾਉਣ ਲਈ ਤਿਆਰ ਨਹੀਂ ਹੁੰਦਾ, ਜਿਸ ਨੇ ਸਾਰੀ ਉਮਰ ਉਸ ਦੇ ਬਾਪੂ ਨੂੰ ਚਾਚਾ ਬਣ ਕੇ ਰਹਿਣ ਲਈ ਮਜਬੂਰ ਕੀਤਾ ਸੀ।

ਕਹਾਣੀ 'ਹੈੱਡ ਹੰਟਰਜ਼' ਜ਼ਮੀਨ ਦੀ ਵੰਡ ਹੋਣ ਕਾਰਨ ਬਣਦੇ- ਵਿਗੜਦੇ ਪਰਵਾਰਕ ਰਿਸ਼ਤਿਆਂ ਨੂੰ ਪਰਿਭਾਸ਼ਿਤ ਕਰਦੀ ਇਕ ਹੋਰ ਖਿੱਚਪਾਊ ਕਹਾਣੀ ਹੈ। ਫੌਜੀ ਨਰਿੰਦਰ ਦਾ ਆਪਣੇ ਚਾਚੇ ਦੇ ਪਰਵਾਰ ਨਾਲ ਚਾਰ ਕਨਾਲ ਜ਼ਮੀਨ ਨੂੰ ਲੈ ਕੇ ਸ਼ੁਰੂ ਹੋਇਆ ਝਗੜਾ ਡਾਂਗਾਂ-ਸੋਟਿਆਂ ਦੀ ਲੜਾਈ ਤੋਂ ਅਗਾਂਹ ਜਾ ਕੇ ਜਾਨੀ ਨੁਕਸਾਨ ਪਹੁੰਚਾਉਣ ਦੀ ਸੋਚ ਤੱਕ ਜਾ ਅੱਪੜਦਾ ਹੈ। ਦਿੱਲੀ ਸੰਘਰਸ਼ ਦੋਵਾਂ ਪਰਵਾਰਾਂ ਨੂੰ ਇਕ ਥਾਂ ਇਕੱਠੇ ਕਰਦਾ ਹੈ ਤਾਂ ਉਨ੍ਹਾਂ ਨੂੰ ਅਹਿਸਾਸ ਹੁੰਦਾ ਹੈ ਕਿ ਉਹ ਤਾਂ ਸਿਰਫ ਜ਼ਮੀਨ ਦੇ ਇਕ ਨਿੱਕੇ ਜਿਹੇ ਟੋਟੇ ਲਈ ਇਕ-ਦੂਜੇ ਨੂੰ ਮਰਨ ਮਾਰਨ 'ਤੇ ਉਤਾਰੂ ਹਨ, ਪਰ ਕਾਰਪੋਰੇਟ ਘਰਾਣੇ ਤਾਂ ਉਨ੍ਹਾਂ ਦੀ ਸਾਰੀ ਹੀ ਜ਼ਮੀਨ 'ਤੇ ਆਪਣੀ ਅੱਖ ਰੱਖੀ ਬੈਠੇ ਹਨ। ਕਿਸਾਨੀ ਸੰਘਰਸ਼ ਉਨ੍ਹਾਂ ਅੰਦਰ ਇਹ ਚੇਤਨਾ ਵੀ ਪੈਦਾ ਕਰਦਾ ਹੈ ਕਿ ਭਰਾ-ਮਾਰੂ ਜੰਗ ਵਿਚ ਉਲਝਣ ਦੀ ਬਜਾਏ ਇਸ ਵੇਲੇ ਹੈੱਡ ਹੰਟਰਜ਼ ਬਣ ਕੇ ਸਾਂਝੇ ਦੁਸ਼ਮਣ ਦਾ ਟਾਕਰਾ ਕਰਨ ਦੀ ਲੋੜ ਹੈ। ਭਾਵੇਂ ਕਹਾਣੀ ਵਿਚ ਲੇਖਕ ਵੱਲੋਂ ਕੀਤੀ ਆਦਰਸ਼ਕ ਦਖਲ-ਅੰਦਾਜ਼ੀ ਕੁਝ ਜ਼ਿਆਦਾ ਹੈ, ਫਿਰ ਵੀ ਇਹ ਇੱਕ ਚੰਗੀ ਉਦੇਸ਼ਾਤਮਕ ਕਹਾਣੀ ਹੈ।

ਕਹਾਣੀ 'ਇਕ ਮਜ਼ਾਰ ਹੋਰ' ਸਮਾਜ ਦੇ ਨਵ ਪੂੰਜੀ ਵਿਕਾਸ ਮਾਡਲ ਵੱਲੋਂ ਮਨੁੱਖ ਤੇ ਮਨੁੱਖਤਾ ਨੂੰ ਪਹੁੰਚਾਏ ਜਾ ਰਹੇ ਨੁਕਸਾਨ ਦਾ ਲੇਖਾ-ਜੋਖਾ ਕਰਦੀ ਹੈ। ਕਹਾਣੀ ਦੀ ਵਿਸ਼ਲੇਸ਼ਣੀ ਪਹੁੰਚ ਅਨੁਸਾਰ ਇਹ ਮਾਡਲ ਮਨੁੱਖ ਤੋਂ ਉਸ ਦਾ ਮਨੁੱਖੀ ਖਾਸਾ ਖੋਹ ਕੇ ਉਸ ਨੂੰ ਬੜੀ ਤੇਜ਼ੀ ਨਾਲ ਕੰਪਿਊਟਰੀ ਮਸ਼ੀਨ ਵਿਚ ਬਦਲ ਰਿਹਾ ਹੈ। ਇਹ ਮਾਡਲ ਨਵੀਂ ਮਨੁੱਖੀ ਪੀੜ੍ਹੀ ਅੰਦਰੋਂ ਮਾਨਵੀ ਸੰਵੇਦਨਾ, ਸਹਿਜ, ਸੁਹਜ, ਸਾਂਝ ਤੇ ਸੁਹਿਰਦਤਾ ਦੇ ਡਾਟੇ ਡਲੀਟ ਕਰਕੇ ਕਾਰਪੋਰੇਟੀ ਕੰਪਨੀਆਂ ਵੱਲੋਂ ਦਿੱਤੇ ਟਾਰਗੇਟ ਹੀ ਫੀਡ ਕਰ ਰਿਹਾ ਹੈ। ਕਹਾਣੀ ਦਾ ਪਾਤਰ ਸਤੀਸ਼ ਆਪਣੇ ਪੁੱਤਰ ਰਾਹੁਲ ਨੂੰ ਦੇਸ਼ ਦੇ ਪ੍ਰਸਿੱਧ ਆਈ. ਆਈ. ਟੀ. ਕੇਂਦਰ ਵਿਚ ਦਾਖ਼ਲ ਕਰਾ ਕੇ ਆਪਣੇ ਪਿਤਾ ਹੋਣ ਦਾ ਫਰਜ਼ ਸਹੀ ਢੰਗ ਨਾਲ ਅਦਾ ਕਰਨ ਦਾ ਭਰਮ ਪਾਲਦਾ ਹੈ, ਪਰ ਉਸ ਦਾ ਪੁੱਤਰ ਕੰਪਨੀ ਵੱਲੋਂ ਦਿੱਤੇ ਟਾਰਗੇਟ ਪੂਰੇ ਕਰਨ ਵਾਲਾ ਰੋਬੋਟ ਬਣ ਕੇ ਉਸ ਦੇ ਇਸ ਭਰਮ ਨੂੰ ਪੂਰੀ ਤਰ੍ਹਾਂ ਤੋੜ ਦਿੰਦਾ ਹੈ। ਨਾਨੀ ਦੀ ਮੌਤ, ਭੈਣ ਦਾ ਵਿਆਹ ਜਾਂ ਗ੍ਰਹਿਸਥੀ ਜੀਵਨ ਦੀ ਸ਼ੁਰੂਆਤ ਵਰਗੀਆਂ ਜ਼ਿੰਮੇਵਾਰੀਆਂ ਉਸ ਨੂੰ ਆਪਣੇ ਟਾਰਗੇਟ ਦੇ ਮੁਕਾਬਲੇ ਨਿਗੂਣੀਆਂ ਗੱਲਾਂ ਲੱਗਦੀਆਂ ਹਨ। ਉਹ ਆਪਣੇ ਪਿਤਾ ਦੀ ਮੌਤ ਦੀਆਂ ਰਸਮਾਂ ਵਿਚ ਤਾਂ ਸ਼ਾਮਲ ਹੁੰਦਾ ਹੈ ਪਰ ਮਾਂ ਦੇ ਦੁੱਖ ਜਾਂ ਚਿੰਤਾਵਾਂ ਵਿਚ ਸ਼ਾਮਲ ਹੋਣ ਲਈ ਉਸ ਕੋਲ ਸਮਾਂ ਨਹੀਂ ਹੈ। ਜਦੋਂ ਇਹ ਕਹਾਣੀ ਸਆਦਤ ਹਸਨ ਮੰਟੋ ਦੀ ਕਹਾਣੀ 'ਦੌਲੇ ਸ਼ਾਹ ਦੇ ਚੂਹੇ' ਦੇ ਹਵਾਲੇ ਨਾਲ ਟਾਰਗੇਟੀ ਚੱਕਰਵਿਊ ਵਿਚ ਫਸੀ ਅੱਜ ਦੀ ਨੌਜਵਾਨ ਪੀੜ੍ਹੀ ਦੀ ਤੁਲਨਾ ਬਿਨਾਂ ਟੋਪ ਪਾਏ ਬਣੇ ਦੌਲੇ ਸ਼ਾਹ ਦੇ ਚੂਹਿਆਂ ਨਾਲ ਕਰਦੀ ਹੈ ਤਾਂ ਪਾਠਕਾਂ ਅੰਦਰ ਇਹ ਸੋਚ ਲਾਜ਼ਮੀ ਤੌਰ 'ਤੇ ਪੈਦਾ ਹੁੰਦੀ ਹੈ ਕਿ ਨਵੇਂ ਵਿਕਾਸ ਮਾਡਲ ਨੇ ਕਿਸ ਤਰ੍ਹਾਂ ਘਰ ਪਰਵਾਰ ਨਾਂਅ ਦੀ ਸੰਸਥਾ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ।

ਕਹਾਣੀ 'ਹੈਪੀ ਐਂਡਿੰਗ' ਇਸ ਉਪਭੋਗਤਾਵਾਦੀ ਵਿਕਾਸ ਮਾਡਲ ਵੱਲੋਂ ਪੈਦਾ ਕੀਤੇ ਇਕ ਹੋਰ ਭਰਮ ਨੂੰ ਤੋੜਦੀ ਹੈ। ਇਸ ਮਾਡਲ ਨੇ ਜਿਨਸੀ ਉਪਭੋਗਤਾਵਾਦ ਨੂੰ ਵੀ ਇਸ ਹੱਦ ਤੱਕ ਉਤਸ਼ਾਹਿਤ ਕੀਤਾ ਹੈ ਕਿ ਘਰ-ਪਰਵਾਰ ਤੇ ਰਿਸ਼ਤਾ-ਨਾਤਾ ਪ੍ਰਬੰਧ ਦੀ ਹੋਂਦ ਨੂੰ ਹੀ ਵੱਡਾ ਖਤਰਾ ਪੈਦਾ ਹੋ ਗਿਆ ਹੈ। ਨਿਪਾਲੀ ਗਾਈਡ ਕ੍ਰਿਸ਼ਨਾ ਟ੍ਰਿਪ ਵਿਚ ਸ਼ਾਮਲ ਔਰਤਾਂ ਨਾਲ ਸਰੀਰਕ ਸੰਬੰਧ ਪੈਦਾ ਕਰਨ ਨੂੰ ਆਪਣੀ ਉਪਜੀਵਕਾ ਤੇ ਸ਼ੁਗਲ ਸਮਝਦਾ ਹੈ ਅਤੇ ਹਰ ਸੰਬੰਧ ਨੂੰ ਹੈਪੀ ਐਂਡਿੰਗ ਦਾ ਨਾਂਅ ਦਿੰਦਾ ਹੈ। ਜਦੋਂ ਉਸ ਨੂੰ ਇਸ ਗੱਲ ਦਾ ਪਤਾ ਚੱਲਦਾ ਹੈ ਕਿ ਉਸ ਦੀ ਪਤਨੀ ਨੇ ਵੀ ਆਪਣੇ ਪੇਕੇ ਸ਼ਹਿਰ ਦੇ ਕਿਸੇ ਮੁੰਡੇ ਨਾਲ ਸੰਬੰਧ ਜੋੜੇ ਹੋਏ ਹਨ ਤਾਂ ਉਸ ਨੂੰ ਆਪਣੀ ਭੁੱਲ ਦਾ ਅਹਿਸਾਸ ਹੁੰਦਾ ਹੈ ਕਿ ਹੈਪੀ ਐਂਡਿੰਗ ਦੇ ਚੱਕਰ ਵਿਚ ਉਸ ਆਪਣੇ ਘਰ ਵੱਲ ਤਾਂ ਕਦੇ ਧਿਆਨ ਹੀ ਨਹੀਂ ਦਿੱਤਾ। ਕਹਾਣੀ ਵਿਚਲਾ ਇਹ ਸੰਵਾਦ ਕੋਈ ਹੈਪੀ ਐਂਡਿੰਗ ਨਹੀਂ ਹੋਤੀ, ਸਭ ਬਕਵਾਸ ਹੈ। ਇਸ ਭਰਮ ਦੇ ਟੁੱਟਣ ਦਾ ਸੂਚਕ ਬਣ ਕੇ ਕਹਾਣੀ ਨੂੰ ਸਾਕਾਰਾਤਮਕ ਦਿਸ਼ਾ ਦੇਣ ਦਾ ਜ਼ਰੀਆ ਵੀ ਬਣਦਾ ਹੈ।

ਕਹਾਣੀ 'ਤੁਖ਼ਮ' ਇਸ ਸਮਾਜਿਕ ਧਾਰਨਾ ਦੀ ਪੁਸ਼ਟੀ ਕਰਦੀ ਹੈ। ਵਿਗਿਆਨਕ ਯੁੱਗ ਵਿਚ ਪਹੁੰਚ ਕੇ ਵੀ ਪੇਂਡੂ ਮਾਨਸਿਕਤਾ ਸੰਸਕਾਰਗਤ ਅਵਚੇਤਨੀ ਧਾਰਨਾਵਾਂ ਤੋਂ ਮੁਕਤ ਨਹੀਂ ਹੋ ਸਕੀ। ਕਹਾਣੀ ਦੇ ਪਾਤਰ ਗੋਰੇ ਤੇ ਮਨਜੀਤ ਦੇ ਘਰ ਔਲਾਦ ਨਾ ਹੋਣ ਦਾ ਕਾਰਨ ਗੋਰੇ ਅੰਦਰ ਔਲਾਦ ਪੈਦਾ ਕਰਨ ਵਾਲੇ ਸ਼ੁਕਰਾਣੂਆਂ ਦੀ ਘਾਟ ਹੈ, ਪਰ ਸੰਸਕਾਰਗਤ ਸੋਚ ਦੇ ਚੱਲਦਿਆਂ ਸਾਰਾ ਦੋਸ਼ ਉਸ ਦੀ ਪਤਨੀ ਮਨਜੀਤ ਦੇ ਸਿਰ ਹੀ ਮੜ੍ਹਿਆ ਜਾਂਦਾ ਹੈ। ਗੋਰੇ ਦੇ ਮਰਦ ਹੋਣ ਦਾ ਭਰਮ ਬਣਾਈ ਰੱਖਣ ਲਈ ਉਸ ਦੀ ਮਾਂ ਅਤੇ ਭੈਣ ਮਨਜੀਤ ਨੂੰ ਆਪਣੇ ਨਣਦੋਈਏ ਨਾਲ ਸੰਬੰਧ ਬਣਾਉਣ ਲਈ ਮਜਬੂਰ ਕਰਦੀਆਂ ਹਨ ਤਾਂ ਪਰਵਾਰਕ ਤਣਾਓ ਆਪਣੇ ਸ਼ਿਖ਼ਰ 'ਤੇ ਪਹੁੰਚ ਜਾਂਦਾ ਹੈ। ਕਹਾਣੀ ਦੇ ਅਗਲੇ ਨਿਰਣਾਇਕ ਮੋੜ 'ਤੇ ਇਸ ਮਸਲੇ ਦਾ ਹੱਲ ਬਨਾਉਟੀ ਗਰਭ ਧਾਰਨ ਕਰਕੇ ਬੱਚਾ ਪੈਦਾ ਕਰਨ ਵਿੱਚੋਂ ਤਲਾਸ਼ਿਆ ਜਾਂਦਾ ਹੈ। ਕਿਸੇ ਅਣਜਾਣ ਬੰਦੇ ਦੇ ਸ਼ੁਕਰਾਣੂਆਂ ਰਾਹੀਂ ਗਰਭ ਧਾਰਨ ਤੋਂ ਬਾਅਦ ਮਨਜੀਤ ਦੇ ਪੇਟੋਂ ਬੇਟੇ ਦਾ ਜਨਮ ਹੁੰਦਾ ਹੈ ਤਾਂ ਸਥਿਤੀ ਸੁਲਝਣ ਦੀ ਬਜਾਏ ਹੋਰ ਵੀ ਉਲਝ ਜਾਂਦੀ ਹੈ। ਬੱਚੇ ਦੀ ਸ਼ਕਲ ਗੋਰੇ ਨਾਲ ਨਾ ਮਿਲਣ ਕਾਰਨ ਲੋਕਾਂ ਵੱਲੋਂ ਕੀਤੇ ਮਖੌਲ ਉਸ ਨੂੰ ਇਸ ਹੱਦ ਤੱਕ ਹੀਣਭਾਵਨਾ ਦੇ ਸ਼ਿਕਾਰ ਬਣਾ ਦਿੰਦੇ ਹਨ ਕਿ ਉਸ ਦੀ ਜਾਨ ਹੀ ਚਲੀ ਜਾਂਦੀ ਹੈ।

ਕਹਾਣੀ ਇਸ ਸਮੱਸਿਆ ਦਾ ਤਰਕਸੰਗਤ ਤੇ ਸਥਾਈ ਹੱਲ ਸਮਾਜ ਦੀ ਨਵੀਂ ਪੀੜ੍ਹੀ ਨੂੰ ਪਿਛਾਂਹ-ਖਿੱਚੂ ਅਵਚੇਤਨੀ ਸੰਸਕਾਰਾਂ ਤੋਂ ਮੁਕਤ ਕਰਕੇ ਤਲਾਸ਼ਦੀ ਹੈ, ਇਸ ਲਈ ਕਹਾਣੀ ਦੇ ਅੰਤ 'ਤੇ ਉਨ੍ਹਾਂ ਦਾ ਜੁਆਨ ਹੋਇਆ ਬੇਟਾ ਚੇਤਨ ਹਿੱਕ ਠੋਕ ਕੇ ਆਖਦਾ ਹੈ। ਬੀਬੀ ਤੇਰੇ ਨਾਲ ਸਦਾ ਧੱਕਾ ਹੋਇਐ ਤੇ ਹੁਣ ਤੇਰੇ ਨਾਲ ਅਨਿਆਂ ਕਰਕੇ ਜਾਇਦਾਦ ਖਰਾਬ ਕਰ ਦਿੱਤੀ, ਪਰ ਹੁਣ ਮੈਂ ਸਮਝ ਗਿਆ ਕਿ ਮੈਂ ਹਰਾਮ ਦਾ ਨਹੀਂ, ਸਗੋਂ ਤੇਰਾ ਤੁਖ਼ਮ ਹਾਂ।

ਸੰਗ੍ਰਹਿ ਦੀ ਟਾਈਟਲ ਕਹਾਣੀ 'ਲਾਲ ਰੱਤਾ' ਕਸ਼ਮੀਰੀ ਨੌਜਵਾਨ ਰਸ਼ੀਦ ਤੇ ਪੰਜਾਬ ਦੀ ਪੇਂਡੂ ਮੁਟਿਆਰ ਤਾਰੋ ਵਿਚਲੇ ਮਾਸੂਮ ਪ੍ਰੇਮ ਪ੍ਰਸੰਗ ਨੂੰ ਉਭਾਰ ਕੇ ਇਸ ਤਲਖ ਸੱਚ ਨੂੰ ਬਿਆਨਦੀ ਹੈ ਕਿ ਸਮੇਂ ਦੀ ਕਰੂਰਤਾ ਤੇ ਹਿੰਸਾ ਹਰ ਯੁੱਗ ਵਿਚ ਮਾਸੂਮ ਮੁਹੱਬਤ ਦੀ ਬਲੀ ਲੈਂਦੀ ਆਈ ਹੈ। ਪੰਜਾਬ ਸੰਕਟ ਦੌਰਾਨ ਤਾਰੋ ਦੇ ਸਾਰੇ ਪਰਵਾਰ ਨੂੰ ਬੁੱਚੜ ਥਾਣੇਦਾਰ ਵੱਲੋਂ ਉਸ ਦੇ ਪਰਵਾਰ ਸਮੇਤ ਮਾਰ ਦਿੱਤਾ ਜਾਂਦਾ ਹੈ ਤਾਂ ਉਸ ਨੂੰ ਪਿਆਰ ਕਰਦੇ ਰਸ਼ੀਦ ਦੀ ਹਾਲਤ ਨੀਮ ਪਾਗਲਾਂ ਵਰਗੀ ਬਣ ਜਾਂਦੀ ਹੈ। ਪਿੰਡ ਦੇ ਲੋਕਾਂ ਦੀਆਂ ਨਜ਼ਰਾਂ ਵਿਚ ਉਹ ਪਾਗਲ ਹੈ, ਪਰ ਉਸ ਦੇ ਮੂੰਹੋਂ ਉਸ ਦੀ ਪ੍ਰੇਮ ਕਹਾਣੀ ਸੁਣ ਚੁੱਕੇ ਕਹਾਣੀ ਦੇ ਬਿਰਤਾਂਤਕਾਰ ਪਾਤਰ ਦੀ ਨਜ਼ਰ ਵਿਚ ਉਹ ਪ੍ਰੇਮ ਦੀਵਾਨਾ ਹੈ।

ਕਹਾਣੀ 'ਤਪਸ਼' ਧਨਾਢ ਪੇਂਡੂ ਕਿਸਾਨੀ ਵੱਲੋਂ ਆਪਣੀ ਕਬਜ਼ੇ ਹੇਠਲੀ ਜ਼ਮੀਨ ਦਾ ਰਕਬਾ ਵਧਾਉਣ ਦੀ ਅੰਤਹੀਣ ਲਾਲਸਾ ਕਾਰਨ ਪੇਂਡੂ ਸਮਾਜਿਕ ਰਿਸ਼ਤਿਆਂ ਦੇ ਹੋ ਰਹੇ ਘਾਣ ਨੂੰ ਆਪਣੀ ਅਭਿਵਿਅਕਤੀ ਦਾ ਕੇਂਦਰੀ ਨੁਕਤਾ ਬਣਾਉਂਦੀ ਹੈ। ਕਹਾਣੀ ਵਿਚਲਾ ਬਾਪੂ ਗਰਦੌਰ ਆਪਣੇ ਪੋਤੇ ਨੂੰ ਜ਼ਮੀਨ ਦੀ ਵੱਡੀ ਢੇਰੀ ਦਾ ਮਾਲਕ ਬਣਾਉਣ ਦੀ ਤੀਬਰ ਇੱਛਾ ਰੱਖਦਾ ਹੈ, ਪਰ ਉਸ ਦਾ ਸਮਾਜਸੇਵੀ ਮਾਸਟਰ ਪੁੱਤਰ ਉਸ ਵੱਲੋਂ ਛੋਟੇ ਕਿਸਾਨਾਂ ਦੀ ਜ਼ਮੀਨ ਧੋਖੇ ਨਾਲ ਹਥਿਆਉਣ ਲਈ ਚਲੀਆਂ ਜਾਣ ਵਾਲੀਆਂ ਚਾਲਾਂ ਨੂੰ ਪਸੰਦ ਨਹੀਂ ਕਰਦਾ। ਭਾਵੇਂ ਉਹ ਅਜੇ ਆਪਣੇ ਪਿਤਾ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਰੱਖਦਾ, ਪਰ ਕਹਾਣੀ ਦਾ ਅੰਤਲਾ ਵਾਕ 'ਅੱਜ ਜਦੋਂ ਮੈਂ ਤੇ ਬਾਪੂ ਇਕੱਠੇ ਹੋਵਾਂਗੇ ਤਾਂ ਉਸ ਦਾ ਲਾਲਚ, ਹਉਮੈ ਤੇ ਮੇਰੇ ਆਦਰਸ਼ ਦੀ ਤਪਸ਼ ਰਿਸ਼ਤਿਆਂ ਨੂੰ ਸਾੜ ਨਾ ਦੇਵੇ' ਸੰਕੇਤ ਸਿਰਜਦਾ ਹੈ ਕਿ ਦੇਰ ਸਵੇਰ ਪੁੱਤਰ ਦਾ ਆਦਰਸ਼ ਬਾਪੂ ਦੇ ਲਾਲਚ ਨੂੰ ਮਾਤ ਦੇਣ ਵਿਚ ਜ਼ਰੂਰ ਕਾਮਯਾਬ ਹੋਵੇਗਾ।

ਭੁਪਿੰਦਰ ਸਿੰਘ ਮਾਨ ਕੋਲ ਆਪਣੇ ਪਾਤਰਾਂ ਦੇ ਮਨੋ-ਸਮਾਜਿਕ ਮਸਲਿਆਂ ਨੂੰ ਕਹਾਣੀਆਂ ਰਾਹੀਂ ਉਭਾਰ ਕੇ ਉਹਨਾਂ ਨਾਲ ਨਜਿੱਠਣ ਸੰਬੰਧੀ ਆਪਣਾ ਮੌਲਿਕ ਨਜ਼ਰੀਆ ਹੈ। ਉਸ ਦੀਆਂ 'ਲਾਲ ਰੱਤਾ' ਤੇ 'ਤੁਖ਼ਮ' ਕਹਾਣੀਆਂ ਇਕਦਮ ਕੂਹਣੀ ਮੋੜ ਕੱਟਦੀਆਂ ਹਨ ਤਾਂ ਪਾਠਕ ਥੋੜ੍ਹਾ ਜਿਹਾ ਹੈਰਾਨ ਜ਼ਰੂਰ ਹੁੰਦਾ ਹੈ, ਪਰ ਇਹ ਹੈਰਾਨੀ ਕਹਾਣੀ ਵਿਚਲੇ ਸੰਭਾਵਿਤ ਯਥਾਰਥ ਤੋਂ ਬਹੁਤੀ ਦੂਰੀ ਨਹੀਂ ਬਣਾਉਂਦੀ। ਉਸ ਦੀਆਂ ਸਾਰੀਆਂ ਕਹਾਣੀਆਂ ਆਪਣੇ ਕਥਾ ਤੱਤ ਤੇ ਗਲਪੀ ਬਿੰਬ ਨੂੰ ਉਭਾਰਨ ਵਿੱਚ ਸਫਲ ਰਹੀਆਂ ਹਨ। ਇਹਨਾਂ ਵਿਚਲਾ ਕਥਾ ਰਸ ਪਾਠਕ ਦਾ ਧਿਆਨ ਕਹਾਣੀ ਪਾਠ ਤੋਂ ਬਾਹਰ ਨਹੀਂ ਜਾਣ ਦੇਂਦਾ। ਸੰਗ੍ਰਹਿ ਦੀਆਂ ਕਹਾਣੀਆਂ ਦੇ ਪਾਤਰਾਂ ਦੀ ਵਾਰਤਾਲਾਪੀ ਭਾਸ਼ਾ ਉਨ੍ਹਾਂ ਦੀਆਂ ਅੰਤਰ ਦਵੰਦੀ ਮਨੋਸਥਿਤੀਆਂ ਦਾ ਸਜੀਵ ਵਰਨਣ ਪੇਸ਼ ਕਰ ਸਕਣ ਵਿਚ ਸਫਲ ਰਹੀ ਹੈ, ਇਸ ਲਈ ਇਹ ਕਹਾਣੀਆਂ ਆਪਣੇ ਪਾਠ ਦੀ ਸਮਾਪਤੀ ਤੋਂ ਬਾਅਦ ਵੀ ਪਾਠਕਾਂ ਦੇ ਸੋਚਣ ਲਈ ਬਹੁਤ ਕੁਝ ਛੱਡ ਜਾਂਦੀਆਂ ਹਨ।

ਮੋਬਾ. 89662-82700

# ਆਦਿਵਾਸੀ ਸਾਹਿਤ ਦਾ ਦਸਤਾਵੇਜ਼

**ਸਾਹਿਤ ਚਿੰਤਨ**

**ਕੁਲਦੀਪ ਸਿੰਘ ਬੇਦੀ**

## ਜੰਗਲ ਤੋਂ ਪਾਰ

ਸੀਤਾ ਰਤਨਾਮਲ
ਅਨੁਵਾਦਕ : ਜੰਗ ਬਹਾਦੁਰ ਗੋਇਲ
ਪੰਨੇ : 184, ਮੁੱਲ : 200 ਰੁਪਏ
ਸਿੰਘ ਬ੍ਰਦਰਜ਼, ਅੰਮ੍ਰਿਤਸਰ

ਕੀ ਕਿਸੇ ਸੱਚ ਨੂੰ ਬਿਆਨ ਕਰਨਾ ਸਾਹਿਤ ਹੋ ਸਕਦਾ ਹੈ ਜਾਂ ਫਿਰ ਸਾਹਿਤ ਦਾ ਸੱਚ ਕੁਝ ਹੋਰ ਹੁੰਦਾ ਹੈ। ਸਾਡੇ ਵਿਦਵਾਨਾਂ ਦਾ ਕਹਿਣਾ ਹੈ ਕਿ ਕੋਈ ਵੀ ਸੱਚੀ ਘਟਨਾ ਜਾਂ ਘਟਨਾਵਾਂ ਸਾਹਿਤ ਦਾ ਓਨੀ ਦੇਰ ਉੱਤਮ ਨਮੂਨਾ ਨਹੀਂ ਬਣ ਸਕਦੀਆਂ, ਜਿੰਨੀ ਦੇਰ ਉਸ ਘਟਨਾ ਨੂੰ ਸਾਹਿਤ ਦੇ ਸੱਚ 'ਚ ਬਦਲ ਕੇ ਨਹੀਂ ਪੇਸ਼ ਕੀਤਾ ਜਾਂਦਾ। ਕਿਸੇ ਇਨਸਾਨ ਨਾਲ ਵਾਪਰੀ ਘਟਨਾ, ਸਿਰਫ਼ ਇਕ ਖ਼ਬਰ ਵਾਂਗ ਹੋ ਸਕਦੀ ਹੈ ਜੇ ਉਸ ਨੂੰ ਸਾਹਿਤ ਦਾ ਰੂਪ ਨਾ ਦਿੱਤਾ ਜਾਏ। ਅਸੀਂ ਬਹੁਤ ਸਾਰੀਆਂ ਜੀਵਨੀਆਂ ਜਾਂ ਸਫ਼ਰਨਾਮੇ ਪੜ੍ਹਦੇ ਹਾਂ, ਪਰ ਉਹ ਓਦੋਂ ਤੱਕ ਹੀ ਸੀਮਤ ਰਹਿ ਜਾਂਦੇ ਹਨ। ਉਂਝ ਕੁਝ ਦੇਰ ਤੋਂ ਜੀਵਨੀ ਮੂਲਕ ਅਤੇ ਸਫ਼ਰਨਾਮਾ ਮੂਲਕ ਨਾਵਲ ਲਿਖਣ ਦਾ ਰੁਝਾਨ ਵਧ ਰਿਹਾ ਹੈ। ਅਜਿਹੇ ਯਤਨ ਉਦੋਂ ਹੀ ਕਾਮਯਾਬ ਹੋ ਸਕਦੇ ਹਨ, ਜਦੋਂ ਉਨ੍ਹਾਂ ਦਾ ਜੀਵਨੀ ਬਿਰਤਾਂਤ ਵਾਲਾ ਅਤੇ ਸਫ਼ਰਨਾਮਾ ਬਿਰਤਾਂਤ ਵੀ ਉਸ ਰਚਨਾ 'ਚ ਕਾਇਮ ਰਹਿ ਸਕਣ। ਜਿਸ ਜੀਵਨੀ ਮੂਲਕ ਨਾਵਲ ਦੀ ਚਰਚਾ ਆਪਾਂ ਇੱਥੇ ਕਰਨੀ ਹੈ, ਉਹ ਇੱਕ ਅਜਿਹੀ ਰਚਨਾ ਬਣ ਗਈ ਹੈ, ਜੋ ਆਦਿਵਾਸੀ ਮੁਟਿਆਰ ਦੇ ਜੀਵਨ ਬਿਰਤਾਂਤ ਨੂੰ ਵੀ ਪੇਸ਼ ਕਰਦੀ ਹੈ ਤੇ ਉਸ ਅੰਦਰ ਨਾਵਲੀ ਬਿਰਤਾਂਤ ਪੂਰੀ ਤਰ੍ਹਾਂ ਉਜਾਗਰ ਹੁੰਦਾ ਹੈ।

ਸਾਡਾ ਵਿਦਵਾਨ ਮਿੱਤਰ ਜੰਗ ਬਹਾਦੁਰ ਗੋਇਲ, ਜਿਨ੍ਹਾਂ ਨੇ ਇਹ ਆਤਮ ਕਥਾ ਬਿਆਨ ਕੀਤੀ ਹੈ, ਉਨ੍ਹਾਂ ਦਾ ਕਹਿਣਾ ਹੈ ਕਿ 'ਜੰਗਲ ਤੋਂ ਪਾਰ' ਪੁਸਤਕ ਦੀ ਲੇਖਿਕਾ ਸੀਤਾ ਰਤਨਾਮਲ ਦੀ ਆਦਿਵਾਸੀ ਸਾਹਿਤ ਵਿੱਚ ਰਚੀ ਗਈ ਇਹ ਪਹਿਲੀ ਆਤਮ ਕਥਾ ਹੈ। ਇਹ ਪੁਸਤਕ ਸਭ ਤੋਂ ਪਹਿਲਾਂ ਸੰਨ 1968 ਵਿੱਚ ਵਿਲੀਅਮ ਬਲੈਕਵੁੱਡ ਐਂਡ ਸੰਨਜ਼, ਲੰਡਨ ਵੱਲੋਂ ਪ੍ਰਕਾਸ਼ਤ ਕੀਤੀ ਗਈ ਸੀ। ਉਸ ਤੋਂ ਬਾਅਦ ਸੰਨ 2022 ਵਿੱਚ 'ਬਿਯੋਂਡ 'ਚ ਜੰਗਲ' ਦਾ ਇਹ ਅਨੁਵਾਦ ਪਿਆਰਾ ਕਾਰਕੈਟਾ ਫਾਊਂਡੇਸ਼ਨ ਰਾਂਚੀ ਵੱਲੋਂ ਪ੍ਰਕਾਸ਼ਤ ਹੋਇਆ। ਹੁਣ ਇਸ ਦਾ ਪੰਜਾਬੀ 'ਚ ਅਨੁਵਾਦ 'ਜੰਗਲ ਤੋਂ ਪਾਰ' ਪ੍ਰਕਾਸ਼ਤ ਹੋਇਆ ਹੈ ਅਤੇ ਇਹ ਪ੍ਰਭਾਵਸ਼ਾਲੀ ਅਨੁਵਾਦ ਜੰਗ ਬਹਾਦੁਰ ਗੋਇਲ ਨੇ ਕੀਤਾ ਹੈ।

ਇਸ ਜੀਵਨੀ ਮੂਲਕ ਨਾਵਲ ਨੂੰ ਆਦਿਵਾਸੀ ਕਬੀਲੇ ਦੀ ਇਕ ਮੁਟਿਆਰ ਸੀਤਾ ਰਤਨਾਮਲ ਨੇ ਲਿਖਿਆ ਹੈ। ਸੀਤਾ ਨੇ ਬੇਸ਼ੱਕ ਇਸ ਰਚਨਾ 'ਚ ਆਪ ਦੀ ਜੀਵਨੀ ਨੂੰ ਹੀ ਪੇਸ਼ ਕੀਤਾ ਪਰ ਇਹ ਜੀਵਨੀ ਇਕ ਨਾਵਲ ਦਾ ਪ੍ਰਭਾਵ ਦਿੰਦੀ ਹੈ। ਸੀਤਾ ਰਤਨਾਮਲ ਪ੍ਰਾਚੀਨ ਆਦਿਵਾਸੀ ਕਬੀਲੇ ਇਲੂਲਾ ਨਾਲ ਸੰਬੰਧ ਰੱਖਦੀ ਹੈ। ਉਹ ਆਪਣੇ ਕਬੀਲੇ ਦੀ ਪਹਿਲੀ ਅਜਿਹੀ ਕੁੜੀ ਸੀ, ਜੋ ਸਦੀਆਂ ਪੁਰਾਣੀਆਂ ਰਵਾਇਤਾਂ ਨੂੰ ਪਾਸੇ ਕਰਕੇ ਕਿਸੇ ਬੋਰਡਿੰਗ ਸਕੂਲ ਦਾ ਮੂੰਹ ਵੇਖਦੀ ਹੈ। ਪੜ੍ਹਦਿਆਂ ਤੇ ਪੜ੍ਹਾਈ ਦੌਰਾਨ ਖੇਡਾਂ 'ਚ ਹਿੱਸਾ ਲੈਂਦਿਆਂ ਉਹ ਕੈਰੀਅਰ ਵਜੋਂ ਨਰਸ ਦੇ ਕਿੱਤੇ ਨੂੰ ਚੁਣਦੀ ਹੈ ਤੇ ਇਹ ਜੰਗਲ ਦੀ ਕੁੜੀ ਇਕ ਦਿਨ ਮਦਰਾਸ ਵਰਗੇ ਮੈਟਰੋ ਸ਼ਹਿਰ 'ਚ ਪਹੁੰਚ ਜਾਂਦੀ ਹੈ। ਆਦਿਵਾਸੀਆਂ ਦਾ ਜਲ, ਜੰਗਲ ਅਤੇ ਜ਼ਮੀਨ ਨਾਲ ਪ੍ਰੇਮ ਬੜਾ ਸੁਭਾਵਿਕ ਹੈ, ਅੰਤ ਨੂੰ ਸੀਤਾ ਮੁੜ ਓਸੇ ਜੰਗਲ 'ਚ ਪਰਤ ਜਾਂਦੀ ਹੈ।




ਇਸ ਜੀਵਨੀ ਦਾ ਪਹਿਲਾ ਪੜਾਅ ਸੀਤਾ ਦਾ ਜੰਗਲ ਤੋਂ ਕੁਨੂਰ ਸ਼ਹਿਰ ਤੱਕ ਆਉਣਾ ਹੈ, ਜਦੋਂ ਉਹ ਅਜੇ 8-9 ਸਾਲਾਂ ਦੀ ਹੁੰਦੀ ਹੈ। ਆਪਣੇ ਜ਼ਖਮਾਂ ਦੇ ਇਲਾਜ ਲਈ ਉਸ ਨੂੰ ਡਾ. ਕ੍ਰਿਸ਼ਨਾ ਰਾਜਨ ਦੀ ਦੇਖ-ਰੇਖ ਹੇਠ ਕੁਝ ਸਮਾਂ ਰਹਿਣਾ ਪੈਂਦਾ ਹੈ। ਡਾ. ਕ੍ਰਿਸ਼ਨਾ ਉਸ ਨੂੰ ਬੜਾ ਚੰਗਾ ਲੱਗਦਾ ਹੈ ਤੇ ਉਸ ਦੀ ਚੰਗਿਆਈ ਦੀ ਛਾਪ ਸੀਤਾ ਦੇ ਮਨ 'ਤੇ ਉੱਕਰ ਜਾਂਦੀ ਹੈ। ਉਸ ਦੀ ਜ਼ਿੰਦਗੀ ਦਾ ਦੂਜਾ ਪੜਾਅ, ਬਹੁਤ ਸਾਰੀਆਂ ਰੋਕਾਂ ਦੇ ਬਾਵਜੂਦ ਉਸ ਦਾ ਇਕ ਹੋਸਟਲ ਵਾਲੇ ਸਕੂਲ ਤੱਕ ਪਹੁੰਚ ਜਾਣਾ। ਸਰਕਾਰ ਵੱਲੋਂ ਆਦਿਵਾਸੀ ਕਬੀਲਿਆਂ ਤੋਂ ਜਾਣਕਾਰੀ ਪ੍ਰਾਪਤ ਕਰਨ ਲਈ ਇਕ ਸੇਵਾ-ਮੁਕਤ ਸੈਨਿਕ ਅਧਿਕਾਰੀ ਤੇ ਦੋ ਪ੍ਰਸ਼ਾਸਨਿਕ ਅਧਿਕਾਰੀ ਉਸ ਖੇਤਰ 'ਚ ਪਹੁੰਚਦੇ ਹਨ। ਸੀਤਾ ਥੋੜ੍ਹੀ ਦੇਰ 'ਚ ਤਮਿਲ ਅਤੇ ਅੰਗਰੇਜ਼ੀ ਦੇ ਟੁੱਟੇ-ਫੁੱਟੇ ਕੁਝ ਲਫ਼ਜ਼ਾਂ 'ਚ ਹਸਪਤਾਲ 'ਚ ਸਿੱਖ ਕੇ ਆਈ ਹੁੰਦੀ ਹੈ, ਉਨ੍ਹਾਂ ਨਾਲ ਇਨ੍ਹਾਂ ਅਧਿਕਾਰੀਆਂ ਨੂੰ ਪ੍ਰਭਾਵਤ ਕਰ ਲੈਂਦੀ ਹੈ ਤੇ ਉਨ੍ਹਾਂ ਨੂੰ ਕਹਿੰਦੀ ਹੈ ਕਿ ਉਹ ਪੜ੍ਹਨਾ ਚਾਹੁੰਦੀ ਹੈ। ਉਨ੍ਹਾਂ ਦੀ ਸਿਫ਼ਾਰਸ਼ ਨਾਲ ਹੀ ਡੋਡਾ ਸ਼ਹਿਰ ਦੇ ਬੋਰਡਿੰਗ ਸਕੂਲ 'ਚ ਉਹ ਪਹੁੰਚ ਜਾਂਦੀ ਹੈ। ਜਿਥੋਂ ਉਹ ਡਾ. ਕ੍ਰਿਸ਼ਨਾ ਨੂੰ ਪੱਤਰ ਲਿਖਦੀ ਹੈ, ਜਿਸ ਨੂੰ ਉਹ ਆਉਣ ਲੱਗਿਆ ਕਹਿ ਕੇ ਆਈ ਸੀ ਕਿ 'ਮੈਂ ਤੈਨੂੰ ਫੇਰ ਮਿਲਾਂਗੀ।'

ਅਗਲੇ ਪੜਾਅ 'ਚ ਸਕੂਲੋਂ ਛੁੱਟੀਆਂ ਹੋਣ 'ਤੇ ਉਹ ਕੁਨੂਰ ਦੇ ਹਸਪਤਾਲ 'ਚ ਡਾ. ਕ੍ਰਿਸ਼ਨਾ ਨੂੰ ਮਿਲਣ ਲਈ ਪਹੁੰਚ ਜਾਂਦੀ ਹੈ। ਓਥੇ ਜਾ ਕੇ ਪਤਾ ਲਗਦਾ ਕਿ ਉਸ ਦੀ ਬਦਲੀ ਮਦਰਾਸ ਹੋ ਗਈ ਹੈ, ਜਿੱਥੋਂ ਦਾ ਉਹ ਰਹਿਣ ਵਾਲਾ ਹੈ। ਪੜ੍ਹਾਈ ਮੁਕੰਮਲ ਕਰਨ ਪਿੱਛੋਂ ਉਹ ਨਰਸਿੰਗ ਦੀ ਟਰੇਨਿੰਗ ਲਈ ਮਦਰਾਸ ਸ਼ਹਿਰ ਨੂੰ ਹੀ ਚੁਣਦੀ ਹੈ ਕਿਉਂਕਿ ਉਸ ਨੇ ਹਰ ਹਾਲਤ 'ਚ ਡਾ. ਕ੍ਰਿਸ਼ਨਾ ਕੋਲ ਹੀ ਜਾਣਾ ਸੀ। ਉਹ ਪਹੁੰਚ ਜਾਂਦਾ ਹੈ ਅਤੇ ਡਾ. ਕ੍ਰਿਸ਼ਨਾ ਹੈਰਾਨ ਹੁੰਦਾ ਹੈ ਕਿ ਇਕ ਆਦਿਵਾਸੀ ਕੁੜੀ ਦਾ ਇਰਾਦਾ ਕਿੰਨਾ ਦ੍ਰਿੜ ਹੈ ਤੇ ਉਹ ਇਸੇ ਇਰਾਦੇ ਸਦਕਾ ਕਿਥੋਂ ਤਕ ਪਹੁੰਚ ਗਈ। ਸੀਤਾ, ਡਾ. ਕ੍ਰਿਸ਼ਨਾ ਨਾਲ ਮੁਹੱਬਤ ਕਰਦੀ ਹੈ, ਕ੍ਰਿਸ਼ਨਾ ਵੀ ਉਸ ਦੀ ਮਨਸ਼ਾ ਨੂੰ ਸਮਝਦਾ ਹੈ, ਉਹ ਬ੍ਰਾਹਮਣ ਕੁਲੀਨ ਵਰਗ ਨਾਲ ਸੰਬੰਧ ਰੱਖਦਾ ਹੈ। ਸੀਤਾ ਨੂੰ ਅਹਿਸਾਸ ਹੁੰਦਾ ਹੈ ਕਿ ਸੀਤਾ ਤੇ ਕ੍ਰਿਸ਼ਨਾ ਦੋ ਨਦੀ ਦੇ ਅਜਿਹੇ ਕਿਨਾਰੇ ਹਨ, ਜੋ ਕਦੇ ਨਹੀਂ ਮਿਲ ਸਕਦੇ।

ਇਸ ਸਮੁੱਚੀ ਰਚਨਾ ਨੂੰ ਦੇਖਿਆ ਜਾਏ ਤਾਂ ਇਸ ਵਿੱਚ ਇਕ ਮਹੀਨ ਜਿਹੀ ਲਕੀਰ ਮੁਹੱਬਤ ਦੀ ਹੈ, ਜੋ ਸੀਤਾ ਨੂੰ ਆਪਣੇ ਕਬੀਲੇ ਨਾਲੋਂ, ਪਰੰਪਰਾਵਾਂ ਨਾਲੋਂ ਤੋੜ ਕੇ, ਪੜ੍ਹਾਈ ਨਾਲ ਅਤੇ ਫਿਰ ਡਾ. ਕ੍ਰਿਸ਼ਨਾ ਨੂੰ ਪਾਉਣ ਦੀ ਇੱਛਾ ਨਾਲ ਜੋੜਦੀ ਹੈ। ਜਦੋਂ ਹੀ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਉਹ ਅਜੇ ਵੀ ਇੰਨੀ ਬਲਵਾਨ ਨਹੀਂ ਹੋਈ ਕਿ ਉਹ ਜਾਤੀ ਦੇ ਬੰਧਨ ਤੋੜ ਕੇ ਸਮਾਜ 'ਚ ਪਰਵਾਨੀ ਜਾਏ। ਡਾ. ਕ੍ਰਿਸ਼ਨਾ ਉਸ ਨੂੰ ਕਹਿੰਦਾ ਹੈ, 'ਮੈਂ ਕਦੇ ਵੀ ਤੈਨੂੰ ਨਹੀਂ ਭੁੱਲ ਸਕਾਂਗਾ। ਮੈਂ ਭੁੱਲਣਾ ਵੀ ਨਹੀਂ ਚਾਹੁੰਦਾ। ਮੈਂ ਹਰਗਿਜ਼ ਨਹੀਂ ਭੁੱਲ ਸਕਾਂਗਾ।' ਜਦੋਂ ਉਹ ਦੋਵੇਂ ਵਿਛੜਨ ਲੱਗੇ ਪਾਣੀ 'ਚ ਦੋ ਦੀਵੇ ਤਾਰਦੇ ਹਨ ਤਾਂ ਉਹ ਦੋਵੇਂ ਤਰਦੇ ਤਰਦੇ ਅੱਗੇ ਜਾ ਕੇ ਵੱਖ ਹੋ ਜਾਂਦੇ ਹਨ। ਸੀਤਾ ਕਹਿੰਦੀ ਹੈ, 'ਜੇ ਮੇਰੇ ਕੋਲ ਇਕ ਛੜੀ (ਸੋਟੀ) ਹੁੰਦੀ ਤਾਂ ਮੈਂ ਦੀਵੇ ਦਾ ਰੁਖ ਨਦੀ ਦੇ ਵਹਾਅ ਵੱਲ ਮੋੜ ਦਿੰਦੀ ਤਾਂ ਜੋ ਉਹ ਮੇਰੇ ਦੀਵੇ ਕੋਲ ਪਹੁੰਚ ਜਾਂਦਾ।"


ਕ੍ਰਿਸ਼ਨਾ ਕਹਿੰਦਾ ਹੈ, "ਨਹੀਂ, ਇਸ ਨੂੰ ਇਸ ਤਰ੍ਹਾਂ ਹੀ ਰਹਿਣ ਦਿਓ। ਇਹ ਮੇਰੇ ਵਰਗਾ ਹੀ ਹੈ। ਮੈਂ ਵੀ ਜ਼ਿੰਦਗੀ ਦੀ ਕਿਸੇ ਥਾਂ 'ਤੇ ਅਟਕਿਆ ਹੋਇਆ ਆਪਣੀ ਧੁਰੀ ਦੇ ਇਰਦ-ਗਿਰਦ ਹੀ ਚੱਕਰ ਕੱਢਦਾ ਰਹਿੰਦਾ ਹਾਂ। ਮੈਂ ਇਸ ਘੁੰਮਣਘੇਰੀ 'ਚੋਂ ਬਾਹਰ ਨਿਕਲ ਕੇ ਕਿਧਰੇ ਵੀ ਨਹੀਂ ਜਾ ਪਾਉਂਦਾ। ਅਜਿਹੇ ਬਹੁਤ ਸਾਰੇ ਪ੍ਰਤੀਕ ਇਸ ਜੀਵਨੀ 'ਚ ਸ਼ਾਮਲ ਹਨ, ਜੋ ਸਾਨੂੰ ਇਸ ਆਤਮ ਕਥਾ ਨੂੰ ਜੀਵਨੀ ਮੂਲਕ ਨਾਵਲ ਦਾ ਅਹਿਸਾਸ ਕਰਾਉਂਦੇ ਹਨ। ਆਦਿਵਾਸੀ ਸਾਹਿਤ ਦੀ ਭਾਵੇਂ ਇਹ ਪਹਿਲੀ ਆਤਮ ਕਥਾ ਹੈ, ਪਰ ਬੜੀ ਸਮਰੱਥ ਰਚਨਾ ਹੈ, ਜੋ ਸਾਨੂੰ ਆਦਿਵਾਸੀ ਕਬੀਲਿਆਂ ਦੀਆਂ ਰਹੁਰੀਤਾਂ ਨਾਲ ਤਾਂ ਜੋੜਦੀ ਹੈ, ਨਾਲ-ਨਾਲ ਇਕ ਆਦਿਵਾਸੀ ਬੱਚੀ ਦਾ ਆਧੁਨਿਕ ਜੀਵਨ 'ਚ ਪ੍ਰਵੇਸ਼ ਹੁੰਦਾ ਵੀ ਦਿਖਾਉਂਦੀ ਹੈ। ਆਧੁਨਿਕ ਸਮਾਜ 'ਚ ਵਿਚਰਦਿਆਂ ਉਸ ਨੂੰ ਭਾਵੇਂ ਬਹੁਤ ਤਕਲੀਫ਼ਾਂ ਦਾ ਸਾਹਮਣਾ ਕਰਨਾ ਪਿਆ, ਪਰ ਉਹ ਆਪਣੇ ਨਿਸ਼ਾਨੇ ਵੱਲ ਲਗਾਤਾਰ ਵਧਦੀ ਰਹੀ ਤੇ ਇਹ ਨਿਸ਼ਾਨਾ ਸੀ ਉਸ ਦੀ ਉਹ ਖਾਮੋਸ਼ ਮੁਹੱਬਤ, ਜੋ ਡਾ. ਕ੍ਰਿਸ਼ਨਾ ਨੇ ਉਸ ਅੰਦਰ ਬਚਪਨ 'ਚ ਬੀਜ ਦਿੱਤੀ ਸੀ।

*# ਸੰਪਰਕ : 98760-95392*


## ਸੱਜਰਾ ਸਾਹਿਤ




**ਬੁਲੰਦ ਖਿਆਲਾਂ ਦੇ ਅਹਿਸਾਸ**
ਸੱਤੀ ਸਤਵਿੰਦਰ ਸਿੰਘ
ਮੁੱਲ : 225, ਸਫੇ :80
ਚੇਤਨਾ ਪ੍ਰਕਾਸ਼ਨ, ਲੁਧਿਆਣਾ




**ਸਿੰਘ ਸੂਰਮੇ**
ਹਰਦੇਵ ਸਿੰਘ ਕਲਸੀ
ਮੁੱਲ :350, ਸਫ਼ੇ :152
ਗੋਸਲ ਪ੍ਰਕਾਸ਼ਨ, ਲੁਧਿਆਣਾ




ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ
(ਮਹਾਂ ਕਾਵਿ)
ਸੰਤ ਸਿੰਘ ਸੋਹਲ
ਮੁੱਲ :500, ਸਫ਼ੇ :264
ਯੂਰਪੀ ਪੰਜਾਬੀ ਸੱਥ, ਵਾਲਸਾਲ, ਯੂ. ਕੇ.



ਬਲਦੇਵ ਸਿੰਘ ਬੱਦਨ ਦੀ ਗ਼ਜ਼ਲ ਚੇਤਨਾ
ਸੰਪਾਦਕ-ਡਾ. ਅਮਰ ਕੋਮਲ
ਮੁੱਲ :300, ਸਫ਼ੇ :136
ਨਵਰੰਗ ਪਬਲੀਕੇਸ਼ਨ, ਸਮਾਣਾ




**ਸੂਰਜ ਬਲਦਾ ਧੁੰਦਾਂ ਓਹਲੇ**
(ਕਾਵਿ ਸੰਗ੍ਰਹਿ)
ਮਨਜੀਤ ਪਾਲ ਸਿੰਘ
ਮੁੱਲ :200, ਸਫ਼ੇ :86
ਸਪਤਰਿਸ਼ੀ ਪਬਲੀਕੇਸਨ, ਚੰਡੀਗੜ੍ਹ




**ਟੱਪੇ ਬੋਲੀਆਂ ਗੀਤ**
ਰਾਜਿੰਦਰ ਕੌਰ
ਮੁੱਲ :150, ਸਫ਼ੇ :111
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ





**ਜ਼ੁਬਾਨ ਦਾ ਰਸ**
ਸ਼ਰਨਦੀਪ ਕੌਰ ਸ਼ੈਰੀ
ਮੁੱਲ : 200, ਸਫ਼ੇ : 84
ਸਪਤਰਿਸ਼ੀ ਪਬਲੀਕੇਸ਼ਨ , ਚੰਡੀਗੜ੍ਹ




**ਰੁਹਾਨੀਅਤ ਦੀ ਚਮਕ**
ਲਖਵੀਰ ਸਿੰਘ ਭੁੱਲਰ
ਮੁੱਲ : 225, ਸਫ਼ੇ : 88
ਮਿਸ਼ਨ ਵਿਚਾਰ ਮੰਚ, ਕੈਨੇਡਾ




**ਵਹਿੰਦੇ ਜਜ਼ਬਾਤ**
ਸੰਦੀਪ ਕੌਰ ਢੋਟ
ਮੁੱਲ : 150, ਸਫ਼ੇ : 104
5ਆਬ ਪ੍ਰਕਾਸ਼ਨ, ਜਲੰਧਰ




**ਚੁੱਪ ਚਾਪ ਜੁਦਾ ਹੋਇਓਂ**
ਰਾਜ ਗੁਰਦਾਸਪੁਰੀ
ਮੁੱਲ : 200, ਸਫ਼ੇ : 104
ਸਹਿਬ ਪਬਲੀਕੇਸ਼ਨ, ਸਮਾਣਾ

# ਪੁਸਤਕ ਰੀਵਿਊ

## ਚੂੰਢੀਆਂ

ਸੰਜੀਵਨ ਸਿੰਘ
ਪੰਨੇ : 164, ਮੁੱਲ : 300 ਰੁਪਏ
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ

ਸੰਜੀਵਨ ਸਿੰਘ ਦਾ ਨਾਂਅ ਉੱਘੇ ਨਾਟਕਕਾਰ ਤੇ ਰੰਗਕਰਮੀ ਵਜੋਂ ਜਾਣਿਆ ਜਾਂਦਾ ਹੈ। ਇੱਕ ਲੇਖਕ, ਨਿਰਦੇਸ਼ਕ ਅਤੇ ਕਲਾਕਾਰ ਵਜੋਂ ਉਸ ਦੀ ਸਮਾਜੀ ਮਸਲਿਆਂ ਦੀ ਪੇਸ਼ਕਾਰੀ ਲਾਜਵਾਬ ਹੈ। ਉੱਘੇ ਲੇਖਕ ਸੰਤੋਖ ਸਿੰਘ ਧੀਰ ਦਾ ਭਤੀਜਾ ਤੇ ਲੇਖਕ ਰਿਪੁਦਮਨ ਸਿੰਘ ਰੂਪ ਦਾ ਸਪੁੱਤਰ ਹੋਣ ਨਾਤੇ ਸਾਹਿਤਕ ਮਾਹੌਲ ਦਾ ਜੰਮਪਲ ਹੈ। ਉਸ ਨੂੰ ਉਸ ਦੀ ਨਾਟਕ ਵਿਧਾ ਦੀ ਕਲਾਤਮਿਕ ਯੋਗਤਾ ਕਾਰਨ ਦੋ ਵਾਰ ਆਈ. ਸੀ. ਨੰਦਾ ਐਵਾਰਡ ਮਿਲ ਚੁੱਕਾ ਹੈ। ਉਸ ਦੇ ਪ੍ਰਕਾਸ਼ਿਤ ਨਾਟਕ ਫਰੀਡਮ ਫਾਈਟਰ, ਬਲਖ ਨਾ ਬੁਖਾਰੇ, ਪੀ.ਜੀ. ਦਾ ਪੇਇੰਗ ਗੈਸਟ, ਦਫਤਰ, ਖੁਸਰੇ, ਸਰਦਾਰ ਹਨ। ਇਸ ਤੋਂ ਇਲਾਵਾ ਨੌਂ ਦੇ ਕਰੀਬ ਅਣਛਪੇ ਮੰਚਿਤ ਮੌਲਿਕ ਨਾਟਕਾਂ ਅਤੇ ਕੁਝ ਮਹਾਨ ਕਹਾਣੀਕਾਰਾਂ (ਸ੍ਰੀ ਸੰਤੋਖ ਸਿੰਘ ਧੀਰ, ਸਰਦਾਰ ਗੁਰਬਖਸ਼ ਸਿੰਘ ਪ੍ਰੀਤ ਲੜੀ) ਦੀਆਂ ਕਹਾਣੀਆਂ ਦੇ ਨਾਟਕੀ ਰੂਪਾਂਤਰ ਲੇਖਕ ਦੀ ਨਾਟਕ ਵਿਧਾ ਵਿੱਚ ਮੁਹਾਰਤ ਦੀ ਗਵਾਹੀ ਭਰਦੇ ਹਨ। ਹੱਥਲੀ ਕਿਤਾਬ ਵਾਰਤਕ ਦੇ ਰੂਪ ਵਿੱਚ ਕਰੀਬ 60 ਲੇਖਾਂ ਦਾ ਸੰਗ੍ਰਹਿ ਹੈ। ਸਤੰਬਰ 1991 ਦੇ ਪਹਿਲੇ ਲੇਖ ਤੋਂ ਜੂਨ 2025 ਦੇ ਆਖਰੀ ਲੇਖ ਰਾਹੀਂ ਕਰੀਬ 34 ਸਾਲ ਦੇ ਅਦਬੀ ਤਜਰਬੇ ਬੜੇ ਹੀ ਵਿਲੱਖਣ ਰੂਪ ਵਿੱਚ ਪੇਸ਼ ਕੀਤੇ ਗਏ ਹਨ। ਲੇਖਕ ਨੇ ਸੂਖਮ ਲੈਂਜ਼ ਨਾਲ ਦੇਖਦੇ ਹੋਏ ਸਮਕਾਲੀ ਸਮਾਜ ਦੇ ਸਾਹਿਤਕ, ਰਾਜਸੀ, ਸੱਭਿਆਚਾਰਕ, ਆਰਥਿਕ, ਨੈਤਿਕ ਅਤੇ ਭਾਵਨਾਤਮਕ ਪੱਖ ਉਜਾਗਰ ਕੀਤੇ ਹਨ। ਕਿਤਾਬ ਦਾ ਸਿਰਲੇਖ 'ਚੂੰਢੀਆਂ' ਬਹੁਤ ਹੀ ਸਟੀਕ ਤੇ ਸਪੱਸ਼ਟ ਸਾਬਤ ਹੁੰਦਾ ਹੈ। ਸਿਰਲੇਖ ਦੀ ਸਾਰਥਿਕਤਾ ਲੇਖਾਂ ਵਿਚਲੀ ਬੇਬਾਕ, ਖਰੀ ਅਤੇ ਤੀਖਣ ਸ਼ੈਲੀ ਰਾਹੀਂ ਪ੍ਰਗਟ ਹੋ ਰਹੀ ਹੈ। ਲੇਖਾਂ ਵਿੱਚ ਸੰਜੀਦਾ ਸਮਾਜਿਕ ਮਸਲੇ ਵਿਚਾਰੇ ਗਏ ਹਨ ਅਤੇ ਸਾਹਿਤਕ, ਸੱਭਿਆਚਾਰਕ ਜਗਤ ਵਿੱਚ ਆਉਣ ਵਾਲੀਆਂ ਕੁਰੀਤੀਆਂ 'ਤੇ ਸਖਤ ਟਿੱਪਣੀ ਵੀ ਕੀਤੀ ਗਈ ਹੈ। ਕਿਤੇ ਭਾਵੁਕ ਸ਼ਬਦ ਚਿੱਤਰਾਂ ਨਾਲ ਆਪਣੇ ਪਿਆਰਿਆਂ ਨੂੰ ਚਿਤਰਿਆ ਹੈ ਤੇ ਕਦੀ ਵਿਅੰਗ ਦੀ ਤਿੱਖੀ ਚੋਭ ਨਾਲ ਚੂੰਢੀਆਂ ਵੱਢੀਆਂ ਹਨ। ਲੇਖਾਂ ਦਾ ਵਿਸ਼ਾ-ਵਸਤੂ ਬਹੁਪੱਖੀ ਹੈ। ਜ਼ਿਆਦਾਤਰ ਲੇਖ ਸਾਹਿਤ ਤੇ ਅਦਬ ਦੇ ਗਲਿਆਰੇ ਵਿੱਚ ਘੁੰਮਦੇ ਹਨ, ਜਿਨ੍ਹਾਂ ਵਿੱਚ ਸਾਹਿਤਕ ਜਗਤ ਦੇ ਹਰ ਪਹਿਲੂ ਵਿੱਚ ਪਸਰ ਰਹੇ ਪ੍ਰਦੂਸ਼ਣ ਪ੍ਰਤੀ ਚਿੰਤਾ ਅਤੇ ਜਾਗਰੂਕਤਾ ਦਾ ਪ੍ਰਗਟਾਵਾ ਹੈ। ਸਾਹਿਤ ਅਤੇ ਇਸ ਨਾਲ ਸਰੋਕਾਰ ਰੱਖਣ ਵਾਲੇ ਢਾਂਚੇ ਨੂੰ ਦਰਪੇਸ਼ ਬਾਹਰੀ ਅਤੇ ਅੰਦਰੂਨੀ ਸਮੱਸਿਆਵਾਂ ਤੇ ਧੱਕਿਆਂ ਦਾ ਵੱਖ-ਵੱਖ ਪਰਿਪੇਖਾਂ ਰਾਹੀਂ ਚਿਤਰਣ ਕੀਤਾ ਗਿਆ ਹੈ। ਕੁਝ ਵਾਰਤਕ ਰਚਨਾਵਾਂ ਜਿਵੇਂ ਕਿ ਸੌਂਹ ਨਹੀਂ ਓਥੇ, ਸਾਡੇ ਨਾਲ ਰਹੋਗੇ ਤੇ, ਪਾਣੀ ਨਹੀਂ ਵਾਟਰ, ਹੋਰਾਂ ਦੀ ਪੱਕੀ ਦੇਖ ਕੇ ਆਪਣੀ ਕੱਚੀ ਨਾ ਢਾਓ ਆਦਿ ਵਿੱਚ ਲੇਖਕ ਮਾਂ ਬੋਲੀ ਪ੍ਰਤੀ ਸੰਵੇਦਨਸ਼ੀਲਤਾ ਦੇ ਹੱਕ ਵਿੱਚ ਖੜਦਾ ਹੈ। ਨਾਟਕ ਵਿਧਾ ਦਾ ਅਸਰ ਤਿੱਖਾ ਹੁੰਦਾ ਹੈ, ਜਿਸ ਵਿਚ ਨਾਟਕ ਤੇ ਦਰਸ਼ਕ ਦਾ ਆਹਮਣਾ-ਸਾਹਮਣਾ ਇਸ ਦੇ ਪ੍ਰਭਾਵ ਨੂੰ ਪਸਾਰ ਦਿੰਦਾ ਹੈ। ਲੇਖਕ ਦੀ ਨਾਟਕਕਾਰ ਬਿਰਤੀ ਲੇਖਾਂ ਦੀ ਰੂਪਰੇਖਾ ਵਿੱਚ ਪ੍ਰਤੱਖ ਝਲਕਦੀ ਹੈ। ਬਹੁਤ ਹੀ ਜੁਰਅਤ ਤੇ ਨਿਸੰਗਤਾ ਨਾਲ ਬਹੁਪੱਖੀ ਮਸਲਿਆਂ ਤੇ ਕੁਰੀਤੀਆਂ ਬਾਰੇ ਗੰਭੀਰ ਟਿੱਪਣੀਆਂ ਕੀਤੀਆਂ ਹਨ ਤੇ ਇਸ ਤੋਂ ਇਲਾਵਾ ਵਿਅੰਗ ਨਾਲ ਭਿਉਂ ਕੇ ਸਿੱਧੀਆਂ ਸਿੱਧੀਆਂ ਵੀ ਮਾਰੀਆਂ ਹਨ। ਜ਼ਿਕਰਯੋਗ ਹੈ ਕਿ ਸਾਹਿਤਕ, ਸਮਾਜਿਕ, ਰਾਜਸੀ, ਸੱਭਿਆਚਾਰਕ ਪੱਧਰ 'ਤੇ ਸਮੱਸਿਆਵਾਂ ਸੰਬੰਧੀ ਆਲੇਖ ਸਿਰਫ ਹਲੂਣਾ ਹੀ ਨਹੀਂ ਦਿੰਦੇ, ਸਗੋਂ ਪਾਠਕਾਂ ਨੂੰ ਹਾਲਾਤ ਸੁਧਾਰਨ ਲਈ ਪ੍ਰੇਰਦੇ ਵੀ ਹਨ। ਕੁਝ ਲੇਖ ਮੇਰੇ ਤਾਇਆ ਜੀ, ਮੇਰੇ ਤਾਈ ਜੀ, ਪ੍ਰਦੂਸ਼ਿਤ ਇਨਸਾਨੀ ਰਿਸ਼ਤੇ, ਰਿਤੂ ਦੇ ਪਾਪਾ ਆਦਿ ਰਿਸ਼ਤਿਆਂ ਦੇ ਕੋਮਲ ਤੇ ਭਾਵਨਾਤਮਕ ਪੱਖ ਪੇਸ਼ ਕਰਦੇ ਹਨ। ਲੇਖਕ ਦੇ ਲੰਮੇ ਜੀਵਨ ਦੇ ਤਜਰਬਿਆਂ ਦਾ ਤਬਸਰਾ ਕਿਤਾਬ ਵਿੱਚ ਝਲਕਦਾ ਹੈ ਤੇ ਇਹਨਾਂ ਲੇਖਾਂ ਨੂੰ ਪੜ੍ਹ ਕੇ ਲੇਖਕ ਇੱਕ ਬਹੁਤ ਹੀ ਸੁਲਝੀ ਹੋਈ ਸ਼ਖਸੀਅਤ ਵਜੋਂ ਰੂਪਮਾਨ ਹੁੰਦਾ ਹੈ। ਸੋ ਇਹ ਕਿਤਾਬ ਵਿਅੰਗ, ਤਨਜ਼ ਤੇ ਚੋਭਾਂ ਦੇ ਰੂਪ ਵਿੱਚ ਕਈ ਸਵਾਲ ਖੜ੍ਹੇ ਕਰਦੀ ਹੈ ਤੇ ਪਾਠਕ ਨੂੰ ਸੋਚਣ ਲਈ ਮਜਬੂਰ ਕਰਦੀ ਹੈ।




**- ਡਾ. ਬਲਜਿੰਦਰ ਕੌਰ**

## ਦੁਨੀਆ ਅੰਦਰ ਅਜੇ ਹਨੇਰਾ

(ਕਵਿਤਾ ਸੰਗ੍ਰਹਿ)
ਬਲਦੇਵ ਸਿੰਘ ਬੱਦਨ
ਸਫ਼ੇ-200, ਮੁੱਲ-350 ਰੁਪਏ
ਨਵਰੰਗ ਪਬਲੀਕੇਸ਼ਨ, ਸਮਾਣਾ

ਨੈਸ਼ਨਲ ਸਮਾਣਾ ਬੁੱਕ ਟਰੱਸਟ ਇੰਡੀਆ ਦੇ ਨਿਰਦੇਸ਼ਕ ਵਜੋਂ ਸੇਵਾ-ਮੁਕਤ ਹੋ ਚੁੱਕੇ ਬਲਦੇਵ ਸਿੰਘ ਬੱਦਨ ਦਾ ਇਹ ਚੌਥਾ ਕਾਵਿ ਸੰਗ੍ਰਹਿ ਹੈ। ਇਸ ਵਿੱਚ 191 ਨਿੱਕੀਆਂ ਤੇ ਵੱਡੀਆਂ ਕਵਿਤਾਵਾਂ ਸ਼ਾਮਲ ਹਨ। ਇਹਨਾਂ ਕਵਿਤਾਵਾਂ ਰਾਹੀਂ ਕਵੀ ਨੇ ਕਈ ਮਹੱਤਵਪੂਰਨ ਮਸਲਿਆਂ ਨੂੰ ਕੇਂਦਰ ਵਿੱਚ ਰੱਖਿਆ ਹੈ। ਸਮਾਜ ਵਿੱਚ ਪੂੰਜੀਵਾਦ ਦਾ ਖੌਰੂ, ਮਜ਼ਲੂਮਾਂ ਦੀ ਲੁੱਟ-ਖਸੁੱਟ, ਅਨੈਤਿਕਤਾ, ਹਾਕਮ ਸ਼੍ਰੇਣੀਆਂ ਦੀ ਬੁਰਛਾਗਰਦੀ, ਰਾਜਸੀ ਸੰਗਠਨਾਂ ਦੇ ਗਠਜੋੜਾਂ ਅਤੇ ਧਰਮ ਦੇ ਨਾਂਅ 'ਤੇ ਫ਼ਿਰਕੂ ਸੋਚ ਵਿੱਚ ਜਕੜੀ ਮਾਨਵਤਾ ਨਾਲ ਸਮਾਜ ਵਿੱਚ ਜਾਂ ਲੋਕਾਈ ਵਿੱਚ ਛਾਏ ਹਨੇਰੇ ਦੀ ਗੱਲ ਕਰਕੇ, ਕਵੀ ਬੁੱਧੀਜੀਵਾਂ ਨੂੰ ਆਪਣੇ ਆਸੇ-ਪਾਸੇ ਗੌਰ ਕਰਨ ਲਈ ਮਜਬੂਰ ਕਰਦਾ ਹੈ। ਇਸ ਪੁਸਤਕ ਵਿਚਲੇ ਵਿਸ਼ੇ ਗੰਭੀਰ ਤੇ ਬੌਧਿਕ ਪ੍ਰਪੱਕਤਾ ਵਾਲੇ ਹਨ, ਜਿਸ ਵਿੱਚ ਪੂੰਜੀਵਾਦੀ ਪ੍ਰਣਾਲੀ ਵਿਚਲੀ ਜੰਗ ਦੀ ਨੀਤੀ ਵਿੱਚ ਮਰ ਰਹੇ ਨਿਰਦੋਸ਼ ਤੇ ਮਜ਼ਲੂਮ ਜਨਤਾ ਦੇ ਦਰਦ, ਇਸੇ ਸਿਸਟਮ ਅਧੀਨ ਪੈਸੇ ਦੀ ਪ੍ਰਧਾਨਤਾ ਹੇਠ ਰਿਸ਼ਤਿਆਂ ਵਿੱਚ ਪੱਸਰੀ ਬੇਗਾਨਗੀ ਤੇ ਨੈਤਿਕ ਕਦਰਾਂ-ਕੀਮਤਾਂ ਤੋਂ ਸੱਖਣਾਪਣ, ਨਵੀਂ ਪੀੜ੍ਹੀ ਦੀ ਬੇਰੁਜ਼ਗਾਰੀ ਦੀ ਸਮੱਸਿਆ ਕਾਰਨ ਪਰਵਾਸ ਧਾਰਨ ਕਰਨ, ਧਰਮ ਤੇ ਪਖੰਡ ਦਾ ਡੰਕਾ ਵੱਜਣ ਅਤੇ ਆਰਥਿਕ ਸਾਧਨਾਂ ਦੀ ਅਸਾਵੀਂ ਵੰਡ ਨੂੰ ਕਵੀ ਨੇ ਬਹੁਤ ਸੋਹਣੇ ਸ਼ਬਦਾਂ ਵਿੱਚ ਪੇਸ਼ ਕੀਤਾ ਹੈ।




ਇਸੇ ਤਰ੍ਹਾਂ ਹੀ ਬੇਰੁਜ਼ਗਾਰੀ ਅਤੇ ਆਰਥਿਕ ਦੁਸ਼ਵਾਰੀਆਂ ਨੂੰ ਕਵੀ ਆਪਣੀ ਕਵਿਤਾ 'ਲੋਕ ਮੁਹੱਬਤਾਂ ਕਿੱਧਰ ਗਈਆਂ' ਵਿੱਚ ਪੇਸ਼ ਕਰਦਾ ਹੈ। ਕਵੀ ਨੇ ਮਨੁੱਖ ਤੇ ਵਾਤਾਵਰਨ ਦੇ ਸੰਬੰਧ ਨੂੰ ਧਿਆਨ ਵਿੱਚ ਰੱਖਦਿਆਂ ਵਾਤਾਵਰਨ ਦੀ ਸੰਭਾਲ ਨੂੰ ਵੀ ਵਿਸ਼ੇ ਵਜੋਂ ਲਿਆ ਹੈ, ਕਿਉਂਕਿ ਮਨੁੱਖ ਤੇ ਵਾਤਾਵਰਨ ਦਾ ਆਸਾਵਾਂ-ਪਣ ਮਨੁੱਖ ਲਈ ਖ਼ਤਰਨਾਕ ਸਾਬਿਤ ਹੋ ਸਕਦਾ ਹੈ। ਖ਼ਾਸ ਕਰਕੇ ਸਾਡੀ ਅਗਲੀ ਪੀੜ੍ਹੀ ਜਿਸ ਕੋਲ ਨਾ ਤਾਂ ਸ਼ੁੱਧ ਪਾਣੀ ਬਚੇਗਾ ਤੇ ਨਾ ਹੀ ਸ਼ੁੱਧ ਹਵਾ। ਕਵੀ ਨੇ ਪੁਸਤਕ ਦੇ ਦੂਜੇ ਭਾਗ ਵਿੱਚ ਲਘੂ ਕਵਿਤਾਵਾਂ ਰਾਹੀਂ ਕੁੱਜੇ ਵਿੱਚ ਸਮੁੰਦਰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿਵੇਂ ਪਛਾਣ, ਅਣਜਾਣ, ਦੁਨੀਆ, ਵੱਡਾ-ਛੋਟਾ, ਅਜੋਕਾ ਮਨੁੱਖ, ਮਾਨਸਰੋਵਰ ਵਰਤਮਾਨ, ਚਿੰਤਾ, ਉਡੀਕ, ਸਵੈ-ਅਭਿਮਾਨ ਆਦਿ ਸਿਰਲੇਖਾਂ ਅਧੀਨ ਲਘੂ ਕਵਿਤਾਵਾਂ ਪੇਸ਼ ਕੀਤੀਆਂ ਹਨ।

ਇੱਕ ਪਛਾਣ ਉਹ ਛੱਡ ਜਾਂਦੇ ਨੇ। (ਪੰਨਾ, 168) ਕਵੀ ਨੇ ਆਪਣੀ ਗੱਲ ਕਹਿਣ ਲਈ ਸੱਭਿਆਚਾਰਕ ਲੋਕ ਕਾਵਿ ਰੂਪਾਂ ਤੇ ਗੁਰਬਾਣੀ ਦੀਆਂ ਤੁਕਾਂ ਦਾ ਆਸਰਾ ਲਿਆ ਹੈ, ਜਿਵੇਂ- 'ਹਲੇਮੀ ਰਾਜ ਲਈ ਕਦਮ ਵਧਾਈਏ', 'ਕੁਦਰਤ ਦੇ ਸਭ ਬੰਦੇ', 'ਮਨਮੁਖ ਸੋਝੀ ਨਾ ਪਵੈ' ਆਦਿ ਕਈ ਕਵਿਤਾਵਾਂ ਦੇ ਸਿਰਲੇਖ ਗੁਰਬਾਣੀ ਦੀਆਂ ਤੁਕਾਂ ਵਾਲੇ ਹਨ। ਇਸ ਪੁਸਤਕ ਵਿੱਚ ਕਵੀ ਨੇ ਸੱਭਿਆਚਾਰ ਦੇ ਲੋਕ ਕਾਵਿ ਰੂਪਾਂ ਨੂੰ ਵੀ ਸ਼ਾਮਲ ਕੀਤਾ ਹੈ। ਜਿਵੇਂ ਕਈ ਕਵਿਤਾਵਾਂ ਬੋਲੀ, ਟੱਪੇ, ਮਾਡਰਨ ਲੋਕ ਬੋਲੀਆਂ ਅਤੇ ਮਾਹੀਆ ਵਜੋਂ ਵੇਖੀਆਂ ਜਾ ਸਕਦੀਆਂ ਹਨ। ਦੇਸ਼ ਦੀ ਆਜ਼ਾਦੀ ਲਈ ਲੜਨ ਵਾਲੇ ਕ੍ਰਾਂਤੀਕਾਰੀਆਂ, ਸਮਾਜ ਸੁਧਾਰਕਾਂ, ਦੇਸ਼ ਭਗਤਾਂ ਦੀ ਸੇਵਾ ਨਾਲੋਂ ਭਟਕ ਚੁੱਕੀ ਮਾਨਵਤਾ ਲਈ ਰੌਸ਼ਨੀ ਵੰਡਣ ਦੀ ਕੋਸ਼ਿਸ਼ ਕੀਤੀ ਗਈ ਹੈ। ਸੋ ਇਹ ਕਾਵਿ ਪੁਸਤਕ ਮਾਨਵਤਾ ਲਈ ਵਿਕਾਸ ਮੁਖੀ ਤੇ ਸਮਾਜਿਕ ਕਰੋਪੀਆਂ ਦੇ ਨਾਲ-ਨਾਲ ਹੱਲ ਵੀ ਦੱਸਦੀ ਹੈ। ਮਹਾਨ ਸ਼ਖਸੀਅਤਾਂ ਦੇ ਜੀਵਨ ਇਤਿਹਾਸ ਰਾਹੀਂ ਸਫ਼ਲਤਾ ਦੀਆਂ ਪੈੜਾਂ 'ਤੇ ਤੁਰਦੇ ਰਹਿਣ ਲਈ ਚਾਨਣਮਈ ਸੋਝੀ ਬਖ਼ਸ਼ਦੀ ਹੈ।

**— ਡਾ. ਸੰਦੀਪ ਕੌਰ ਨੂਰਦੀ**

## ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਵੱਲੋਂ ਬਲਬੀਰ ਪਰਵਾਨਾ ਤੇ ਭਗਵੰਤ ਰਸੂਲਪੁਰੀ ਦਾ ਸਨਮਾਨ



**ਲੁਧਿਆਣਾ**-ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਵੱਲੋਂ ਆਪਣੀ ਸੂਬਾਈ ਮਿਲਣੀ ਦੇ ਤਹਿਤ ਉੱਘੇ ਪੰਜਾਬੀ ਨਾਵਲਕਾਰ ਬਲਬੀਰ ਪਰਵਾਨਾ ਅਤੇ ਕਹਾਣੀਕਾਰ ਭਗਵੰਤ ਰਸੂਲਪੁਰੀ ਦਾ ਸਨਮਾਨ ਕੀਤਾ। ਇਸ ਪ੍ਰੋਗਰਾਮ ਦੇ ਪ੍ਰਧਾਨਗੀ ਮੰਡਲ ਵਿੱਚ ਹਰਿਆਣਾ ਦੇ ਪ੍ਰਸਿੱਧ ਪੰਜਾਬੀ ਲੇਖਕ ਡਾ. ਰਤਨ ਸਿੰਘ ਢਿੱਲੋਂ, ਪ੍ਰਗਤੀਸ਼ੀਲ ਸੰਘ ਦੇ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਬਜ਼ੁਰਗ ਸਾਹਿਤਕਾਰ ਜੋਗਿੰਦਰ ਸਿੰਘ ਨਿਰਾਲਾ, ਪ੍ਰਲੇਸ ਪੰਜਾਬ ਦੇ ਪ੍ਰਧਾਨ ਪ੍ਰੋ. ਸੁਰਜੀਤ ਜੱਜ ਅਤੇ ਉੱਘੇ ਚਿੰਤਕ ਡਾ. ਅਨੂਪ ਸਿੰਘ ਬਟਾਲਾ ਸ਼ਾਮਲ ਹੋਏ। ਜ਼ਿਕਰਯੋਗ ਹੈ ਕਿ ਇਸ ਵਰ੍ਹੇ ਦਾ ਅੰਤਰਰਾਸ਼ਟਰੀ ਪੱਧਰ ਦਾ ਢਾਹਾਂ ਕਲੇਰਾਂ ਐਵਾਰਡ ਉੱਘੇ ਕਹਾਣੀਕਾਰ ਭਗਵੰਤ ਰਸੂਲਪੁਰੀ ਅਤੇ ਪ੍ਰਸਿੱਧ ਨਾਵਲਕਾਰ ਬਲਬੀਰ ਪਰਵਾਨਾ ਦੇ ਨਾਵਲ 'ਰੌਲਿਆਂ ਵੇਲੇ' ਨੂੰ ਦੇਣ ਦਾ ਐਲਾਨ ਕੀਤਾ ਜਾ ਚੁੱਕਾ ਹੈ।ਭਗਵੰਤ ਰਸੂਲਪੁਰੀ ਦੀ ਪੁਸਤਕ 'ਡਲਿਵਰੀ ਮੈਨ' ਨੂੰ ਇਸ ਵਾਰ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਰਬੋਤਮ ਪੁਸਤਕ ਦਾ ਪੁਰਸਕਾਰ ਵੀ ਐਲਾਨਿਆ ਜਾ ਚੁੱਕਾ ਹੈ। ਡਾ. ਸਰਬਜੀਤ ਸਿੰਘ (ਪ੍ਰਧਾਨ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ) ਨੇ ਭਗਵੰਤ ਰਸੂਲਪੁਰੀ ਬਾਰੇ ਬੋਲਦਿਆਂ ਕਿਹਾ ਕਿ ਭਗਵੰਤ ਰਸੂਲਪੁਰੀ ਨੇ ਆਪਣੀ ਕਹਾਣੀ ਰਾਹੀਂ ਹਾਸ਼ੀਆਕ੍ਰਿਤ ਸਮਾਜ ਦੀ ਪੀੜ ਨੂੰ ਅਗਰਭੂਮੀ ਵਿਚ ਲਿਆ ਕੇ ਵੱਡਾ ਕਾਰਜ ਕੀਤਾ ਹੈ। ਹਰਵਿੰਦਰ ਭੰਡਾਲ ਨੇ ਬਲਬੀਰ ਪਰਵਾਨਾ ਬਾਰੇ ਬੋਲਦਿਆਂ ਕਿਹਾ ਕਿ ਬਲਬੀਰ ਪਰਵਾਨਾ ਪੰਜਾਬੀ ਮਨ ਦੀਆਂ ਅਨੇਕ ਤੈਹਾਂ ਨੂੰ ਆਪਣੇ ਨਾਵਲਾਂ ਵਿਚ ਖੋਲ੍ਹਦਾ ਹੈ ਅਤੇ ਪੰਜਾਬ ਦੀ ਰਹਿਤਲ ਦੀ ਬਾਤ ਪਾਉਂਦਾ ਹੈ। ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਇਹ ਦੋਵੇਂ ਲੇਖਕਾਂ ਨੇ ਇਹ ਐਵਾਰਡ ਕਿਸੇ ਰਿਆਇਤ ਦੇ ਰੂਪ ਵਿਚ ਨਹੀਂ, ਆਪਣੀ ਸਿਰਜਣਾ ਦੀ ਤਾਕਤ ਦੀ ਬਦੌਲਤ ਪ੍ਰਾਪਤ ਕੀਤੇ ਹਨ। ਸਵਾਗਤੀ ਸ਼ਬਦਾਂ ਵਿਚ ਸੁਰਜੀਤ ਜੱਜ ਨੇ ਕਿਹਾ ਕਿ ਪ੍ਰਗਤੀਸ਼ੀਲ ਲੇਖਕ ਸੰਘ ਉਹ ਹਰ ਅਦੀਬ ਦਾ ਸਨਮਾਨ ਕਰਕੇ ਮਾਣ ਮਹਿਸੂਸ ਕਰਦਾ ਹੈ ਜੋ ਆਪਣੀ ਕਲਮ ਰਾਹੀਂ ਲੋਕ ਸਰੋਕਾਰਾਂ ਦੀ ਗੱਲ ਕਰਦਾ ਹੈ। ਸਟੇਜ ਦੀ ਜ਼ਿੰਮੇਵਾਰੀ ਪ੍ਰਲੇਸ ਦੇ ਸੂਬਾਈ ਜਨਰਲ ਸਕੱਤਰ ਡਾ. ਕੁਲਦੀਪ ਦੀਪ ਨੇ ਨਿਭਾਈ। ਇਸ ਮੌਕੇ ਕਰਨੈਲ ਸਿੰਘ ਵਜ਼ੀਰਾਬਾਦ ਦਾ ਨਵਾਂ ਨਾਵਲ 'ਅੰਦਰਲੀ ਅੱਗ ਦਾ ਸੇਕ' ਅਤੇ ਨਵੇਂ ਕਹਾਣੀਕਾਰ ਹਰਪਾਲ ਬਰੌਂਗਾ ਦੀ ਕਹਾਣੀਆਂ ਦੀ ਪੁਸਤਕ 'ਦੇਸ-ਪਰਦੇਸ' ਨੂੰ ਲੋਕ ਅਰਪਿਤ ਵੀ ਕੀਤਾ ਗਿਆ। ਇਸ ਸਮਾਗਮ ਵਿਚ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੀਆਂ ਲੱਗਭੱਗ 17 ਇਕਾਈਆਂ ਨੇ ਭਾਗ ਲਿਆ। ਉੱਘੇ ਸ਼ਾਇਰ ਡਾ. ਪਾਲ ਕੌਰ, ਨਰਿੰਦਰਪਾਲ ਕੌਰ, ਡਾ. ਹਰਵਿੰਦਰ ਸਿਰਸਾ, ਪ੍ਰੋ. ਗੁਰਦੇਵ ਸਿੰਘ ਅੰਬਾਲਾ, ਤਰਸੇਮ, ਡਾ. ਗੁਲਜ਼ਾਰ ਪੰਧੇਰ (ਲੁਧਿਆਣਾ), ਪ੍ਰੋ. ਬਲਦੇਵ ਬੱਲੀ (ਹੁਸ਼ਿਆਰਪੁਰ), ਵਰਗਿਸ ਸਲਾਮਤ (ਗੁਰਦਾਸਪੁਰ), ਰਮੇਸ਼ ਯਾਦਵ ਅਤੇ ਭੁਪਿੰਦਰ ਸਿੰਘ (ਅੰਮ੍ਰਿਤਸਰ), ਜਸਪਾਲ ਮਾਨਖੇੜਾ (ਬਠਿੰਡਾ), ਡਾ. ਸੰਤੋਖ ਸੁੱਖੀ (ਪਟਿਆਲਾ), ਡਾ. ਕੁਲਦੀਪ ਚੌਹਾਨ (ਮਾਨਸਾ), ਕਰਨੈਲ ਸਿੰਘ ਵਜ਼ੀਰਾਬਾਦ (ਫ਼ਤਹਿਗੜ੍ਹ ਸਾਹਿਬ), ਮੱਖਣ ਮਾਨ (ਜਲੰਧਰ), ਹਰਮੀਤ ਵਿਦਿਆਰਥੀ (ਫਿਰੋਜ਼ਪੁਰ), ਹਰਵਿੰਦਰ ਭੰਡਾਲ (ਕਪੂਰਥਲਾ), ਡਾ. ਗੁਰਪ੍ਰੀਤ ਸਿੰਘ ਅਤੇ ਹਰਜਿੰਦਰ ਸੂਰੇਵਾਲੀਆ (ਮੁਕਤਸਰ), ਭੋਲਾ ਸਿੰਘ ਸੰਘੇੜਾ ਅਤੇ ਹਰਭਗਵਾਨ (ਬਰਨਾਲਾ) ਆਦਿ ਸ਼ਾਮਲ ਹੋਏ।

## ਪੰਜਾਬੀ ਸਾਹਿਤ ਸਭਾ ਵੱਲੋਂ ਡਾ. ਮਨਮੋਹਨ ਨਾਲ ਸੰਵਾਦ

**ਨਵੀਂ ਦਿੱਲੀ** : ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਵੱਲੋਂ ਪੰਜਾਬੀ ਭਵਨ, ਆਈ.ਟੀ.ਓ ਵਿਖੇ 'ਆਓ ਰਲ ਮਜਲਿਸ ਕਰੀਏ' ਮਹੀਨੇਵਾਰ ਪ੍ਰੋਗਰਾਮ ਵਿੱਚ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਉੱਘੇ ਕਵੀ ਤੇ ਨਾਵਲਕਾਰ ਡਾ. ਮਨਮੋਹਨ ਨਾਲ ਪ੍ਰੋ. ਰਵੀ ਰਵਿੰਦਰ ਵੱਲੋਂ ਸੰਵਾਦ ਰਚਾਇਆ ਗਿਆ।ਪ੍ਰੋਗਰਾਮ ਦੇ ਸ਼ੁਰੂ ਵਿਚ ਡਾ. ਰਵੀ ਰਵਿੰਦਰ ਨੇ ਪੀ.ਪੀ.ਟੀ. ਰਾਹੀਂ ਡਾ. ਮਨਮੋਹਨ ਦੇ ਸਮੁੱਚੇ ਰਚਨਾ ਸੰਸਾਰ ਬਾਰੇ ਜਾਣਕਾਰੀ ਦਿੱਤੀ। ਇਸ ਉਪਰੰਤ ਸਵਾਲ-ਜਵਾਬ ਦਾ ਸਿਲਸਿਲਾ ਸ਼ੁਰੂ ਹੋਇਆ। ਲਗਾਤਾਰ ਦੋ ਘੰਟੇ ਚੱਲੇ ਸੰਵਾਦ ਦੌਰਾਨ ਡਾ. ਮਨਮੋਹਨ ਨੇ ਹਰ ਸਵਾਲ ਦਾ ਜਵਾਬ ਬੜੀ ਗੰਭੀਰਤਾ ਅਤੇ ਬੇਬਾਕੀ ਨਾਲ ਦਿੱਤਾ। ਇੱਕ ਸਵਾਲ ਦੇ ਜਵਾਬ ਵਿੱਚ ਡਾ. ਮਨਮੋਹਨ ਨੇ ਦੱਸਿਆ ਕਿ ਨਵਾਂਪਣ ਹਮੇਸ਼ਾ ਪਰੰਪਰਾ 'ਚ ਪਿਆ ਹੁੰਦਾ ਹੈ। 'ਮਨ ਪੰਖੀ ਭਇਓ' ਨਾਵਲ ਨੂੰ ਇਤਿਹਾਸਕ, ਰਾਜਨੀਤਕ ਜਾਂ ਸਮਾਜਿਕ ਨਾਵਲ, ਕੁਝ ਵੀ ਕਿਹਾ ਜਾ ਸਕਦਾ ਹੈ। ਮੇਰੀ ਕੋਸ਼ਿਸ਼ ਰਹੀ ਹੈ ਕਿ ਮੈਂ ਕਿਸੇ ਵਾਦ ਵਿੱਚ ਨਾ ਪਵਾਂ। ਮੈਂ ਡਿਊਟੀ ਦੌਰਾਨ ਵੀ ਮਨੁੱਖੀ ਮੁੱਲਾਂ ਦਾ ਪੱਲਾ ਕਦੇ ਨਹੀਂ ਛੱਡਿਆ। ਉਹਨਾਂ ਦੱਸਿਆ ਕਿ 'ਮਨ ਪੰਖੀ ਭਇਓ' ਮੈਂ ਇਸ ਲਈ ਲਿਖਿਆ ਕਿ ਵੰਡ ਦੇ ਰਾਜਨੀਤਕ ਤਰਕ ਤਾਂ ਸਾਨੂੰ ਪਤਾ ਹਨ, ਪਰ ਮੈਂ ਇਸ ਦੇ ਸਮਾਜਿਕ ਤਰਕ ਵੀ ਲੱਭਣੇ ਚਾਹੁੰਦਾ ਸਾਂ। ਹਰ ਰਚਨਾ ਵਿੱਚ ਲੇਖਕ ਦਾ ਸਵੈ ਹੁੰਦਾ ਹੀ ਹੈ ਅਤੇ ਜਦੋਂ ਤੱਕ ਅਸੀਂ ਆਪਣੇ ਇਤਿਹਾਸ ਨੂੰ ਨਹੀਂ ਸਮਝਦੇ, ਆਪਣੀਆਂ ਮੌਜੂਦਾ ਸਮੱਸਿਆਵਾਂ ਦਾ ਹੱਲ ਨਹੀਂ ਲੱਭ ਸਕਦੇ। ਪ੍ਰੋਫੈਸਰ ਰੇਣੁਕਾ ਸਿੰਘ ਅਤੇ ਡਾ. ਮਨਫੂਲ ਸਿੰਘ ਨੇ ਵੀ ਉਹਨਾਂ ਦੀਆਂ ਰਚਨਾਵਾਂ ਸੰਬੰਧੀ ਸਵਾਲ ਪੁੱਛੇ। ਖੋਜਾਰਥੀ ਲਵਪ੍ਰੀਤ ਸਿੰਘ ਫੇਰੋਕੇ ਵੱਲੋਂ ਪੁੱਛੇ ਸਵਾਲ ਦੇ ਜਵਾਬ ਵਿੱਚ ਡਾ. ਮਨਮੋਹਨ ਨੇ ਦੱਸਿਆ ਕਿ ਉਹ ਆਪਣੇ ਲਿਖਣ ਅਤੇ ਪੜ੍ਹਨ ਵਿੱਚ ਇਮਾਨਦਾਰੀ ਵਰਤਦੇ ਹਨ, ਇਸੇ ਕਰਕੇ ਆਪਣੇ ਚਿੰਤਨ ਵਿੱਚ ਸੰਤੁਲਨ ਬਣਾ ਕੇ ਰੱਖ ਸਕਦੇ ਹਨ। ਪ੍ਰੋਗਰਾਮ ਦੇ ਆਖਰ ਵਿੱਚ ਸਭਾ ਦੇ ਚੇਅਰਪਰਸਨ ਪ੍ਰੋਫੈਸਰ ਰੇਣੁਕਾ ਸਿੰਘ ਨੇ ਡਾ. ਮਨਮੋਹਨ, ਡਾ. ਰਵੀ ਰਵਿੰਦਰ ਅਤੇ ਮਜਲਿਸ ਵਿੱਚ ਪਹੁੰਚੇ ਸਾਰੇ ਵਿਦਵਾਨਾਂ ਤੇ ਵਿਦਿਆਰਥੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਇਸ ਮੌਕੇ ਡਾ. ਵਨੀਤਾ, ਡਾ. ਰੰਜੂ ਬਾਲਾ, ਡਾ. ਸੁਨੀਲ, ਡਾ. ਦਲਜੀਤ ਸਿੰਘ, ਡਾ. ਰਾਜਦੀਪ ਸਿੰਘ ਸਿੱਧੂ, ਜਗਦੀਪ ਗਿੱਲ (ਪੰਜਾਬ ਭਵਨ), ਮੁਹਿੰਦਰ ਸਿੰਘ ਕੂਕਾ, ਰਾਜਿੰਦਰ ਬਿਆਲਾ, ਖੋਜਾਰਥੀ, ਵਿਦਿਆਰਥੀ ਅਤੇ ਪੰਜਾਬੀ ਪ੍ਰਕਾਸ਼ਨ ਜਗਤ ਦੇ ਨੁਮਾਇੰਦੇ ਮੌਜੂਦ ਰਹੇ।






ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਬੀਤੇ ਦਿਨੀ ਡਾ. ਗੁਰਸੇਵਕ ਲੰਬੀ ਨੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਮੁਖੀ ਵਜੋਂ ਅਹੁਦਾ ਸੰਭਾਲਿਆ। ਇਸ ਮੌਕੇ ਉਪ ਕੁਲਪਤੀ ਡਾ. ਜਗਦੀਪ ਸਿੰਘ, ਡੀਨ ਅਕਾਦਮਿਕ ਮਾਮਲੇ ਪ੍ਰੋ. ਜਸਵਿੰਦਰ ਸਿੰਘ ਬਰਾੜ, ਡਾ. ਸਤੀਸ਼ ਕੁਮਾਰ ਵਰਮਾ, ਡਾ. ਰਜਿੰਦਰਪਾਲ ਸਿੰਘ ਬਰਾੜ ਤੇ ਵਿਭਾਗ ਦੇ ਅਧਿਆਪਕ ਹਾਜ਼ਰ ਸਨ।

## ਨਾਟਕਕਾਰ ਗੁਰਸ਼ਰਨ ਸਿੰਘ ਦੇ 96ਵੇਂ ਜਨਮ ਦਿਵਸ ਮੌਕੇ ਸਮਾਗਮ



**ਅੰਮ੍ਰਿਤਸਰ** : ਗੁਰਸ਼ਰਨ ਸਿੰਘ ਯਾਦਗਰ ਟਰੱਸਟ ਵੱਲੋਂ ਪ੍ਰਸਿੱਧ ਲੋਕ ਪੱਖੀ ਇਨਕਲਾਬੀ ਨਾਟਕਕਾਰ ਅਤੇ ਚਿੰਤਕ ਭਾਅ ਜੀ ਗੁਰਸ਼ਰਨ ਸਿੰਘ ਦੇ 96ਵੇਂ ਜਨਮ ਦਿਹਾੜੇ ਤੇ ਅੰਮ੍ਰਿਤਸਰ ਵਿੱਚ ਉਨ੍ਹਾਂ ਦੇ ਰਣਜੀਤਪੁਰਾ ਸਥਿਤ ਜੱਦੀ ਘਰ ਗੁਰੂ ਖਾਲਸਾ ਨਿਵਾਸ ਵਿਖੇ ਇਕ ਯਾਦਗਾਰੀ ਸਮਾਗਮ ਕੀਤਾ ਗਿਆ ਜਿਸ ਵਿੱਚ ਗੁਰਸ਼ਰਨ ਭਾਅ ਜੀ ਵੱਲੋਂ ਇਨਕਲਾਬੀ ਰੰਗਮੰਚ ਦੇ ਖੇਤਰ ਵਿੱਚ ਪਾਏ ਵਡਮੁੱਲੇ ਯੋਗਦਾਨ ਬਾਰੇ ਚਰਚਾ ਕੀਤੀ ਗਈ।ਇਸ ਮੌਕੇ ਅਮੋਲਕ ਸਿੰਘ ਅਤੇ ਚਿੰਤਕ ਯਸ਼ ਪਾਲ ਵੱਲੋਂ ਫਲਸਤੀਨ ਦੇ ਲੋਕਾਂ ਦੀ ਨਸਲਕੁਸ਼ੀ ਵਿਰੁੱਧ ਚੇਤਨ ਕਰਦੀ ਸੰਪਾਦਤ ਪੁਸਤਕ 'ਫਲਸਤੀਨ ਦੀ ਆਵਾਜ਼' ਲੋਕ ਅਰਪਣ ਕੀਤੀ ਗਈ।ਸਮਾਗਮ ਦੇ ਮੁੱਖ ਵਕਤਾ ਲੋਕ ਪੱਖੀ ਬੁੱਧੀਜੀਵੀ ਅਤੇ ਜੇਐਨਯੂ ਦੇ ਪ੍ਰੋ. ਡਾ.ਅਤੁਲ ਨੇ ਗੁਰਸ਼ਰਨ ਭਾਅ ਜੀ ਵੱਲੋਂ ਇਨਕਲਾਬੀ ਰੰਗਮੰਚ ਅਤੇ ਸਮਾਜਕ ਜਮਹੂਰੀ ਖੇਤਰ ਵਿੱਚ ਪਾਏ ਵਡਮੁੱਲੇ ਯੋਗਦਾਨ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਗੁਰਸ਼ਰਨ ਭਾਅ ਜੀ ਨੇ ਲੋਕ ਪੱਖੀ ਰੰਗਮੰਚ ਦੇ ਮਾਧਿਅਮ ਰਾਹੀਂ ਇਨਕਲਾਬੀ ਸਿਧਾਂਤਾਂ ਉਤੇ ਦ੍ਰਿੜਤਾ ਨਾਲ ਪਹਿਰਾ ਦਿੰਦਿਆਂ ਆਪਣਾ ਸਮੁੱਚਾ ਜੀਵਨ ਦੱਬੇ ਕੁਚਲੇ ਮਿਹਨਤਕਸ਼ ਲੋਕਾਂ, ਕਿਸਾਨਾਂ, ਮਜ਼ਦੂਰਾਂ,ਔਰਤਾਂ, ਨੌਜਵਾਨਾਂ ਅਤੇ ਪਿਛੜੇ ਵਰਗਾਂ ਨੂੰ ਜਮਹੂਰੀ ਹੱਕਾਂ ਲਈ ਚੇਤਨ ਅਤੇ ਜੱਥੇਬੰਦ ਕਰਨ ਲਈ ਸਮਰਪਿਤ ਕੀਤਾ।ਉੱਘੇ ਜਮਹੂਰੀ ਚਿੰਤਕ ਡਾ.ਪਰਮਿੰਦਰ ਨੇ ਕਿਹਾ ਕਿ ਗੁਰਸ਼ਰਨ ਭਾਅ ਜੀ ਨੇ ਪੂਰੇ ਪੰਜ ਦਹਾਕੇ ਲੋਕ ਪੱਖੀ ਸਮਾਜਿਕ ਤੇ ਸੱਭਿਆਚਾਰਕ ਤਬਦੀਲੀ ਦੇ ਬਿਖੜੇ ਤੇ ਔਖੇ ਰਾਹਾਂ ਉਤੇ ਚਲਦਿਆਂ ਫ਼ਿਰਕੂ ਦਹਿਸ਼ਤਗਰਦੀ ਅਤੇ ਹਕੂਮਤੀ ਜਬਰ ਦਾ ਪੂਰੀ ਨਿਡਰਤਾ ਨਾਲ ਟਾਕਰਾ ਕੀਤਾ। ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਨੇ ਬੜੇ ਹੀ ਭਾਵੁਕ ਅੰਦਾਜ਼ ਵਿੱਚ ਭਾਅ ਜੀ ਨਾਲ ਕੀਤੇ ਰੰਗਮੰਚ ਦੀਆਂ ਯਾਦਾਂ ਸਾਂਝੀਆਂ ਕੀਤੀਆਂ।ਬੂਟਾ ਸਿੰਘ ਮਹਿਮੂਦਪੁਰ ਨੇ ਕਿਹਾ ਕਿ ਜਮਹੂਰੀ ਫਰੰਟ ਦੇ ਬਾਨੀ ਕਨਵੀਨਰ ਗੁਰਸ਼ਰਨ ਸਿੰਘ ਦੀਆਂ ਸ਼ਾਨਦਾਰ ਇਨਕਲਾਬੀ ਪਿਰਤਾਂ ਨੂੰ ਬੁਲੰਦ ਰੱਖਦੇ ਹੋਏ ਜਨਤਕ ਜਮਹੂਰੀ ਸੰਸਥਾਵਾਂ ਵਿੱਚ ਆਦਿਵਾਸੀਆਂ ਅਤੇ ਮਾਓਵਾਦੀਆਂ ਦੇ ਕਤਲੇਆਮ ਦੇ ਵਿਰੁੱਧ ਆਵਾਜ਼ ਉੱਠਣਾ ਸੁਲੱਖਣਾ ਵਰਤਾਰਾ ਹੈ।

## ਧਰਮਪਾਲ ਸਾਹਿਲ ਦੇ ਨਾਵਲ 'ਖੋਰਾ' 'ਤੇ ਵਿਚਾਰ-ਚਰਚਾ



**ਮੁਕੇਰੀਆਂ**-ਸਵਾਮੀ ਪ੍ਰੇਮਾਨੰਦ ਮਹਾਂਵਿਦਿਆਲਾ ਮੁਕੇਰੀਆਂ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਅਤੇ ਪੰਜਾਬੀ ਸਾਹਿਤ ਸਭਾ ਮੁਕੇਰੀਆਂ ਦੇ ਸਾਂਝੇ ਉੱਦਮ ਨਾਲ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਧਰਮਪਾਲ ਸਾਹਿਲ ਦੇ ਨਾਵਲ 'ਖੋਰਾ' 'ਤੇ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੰਜਾਬੀ ਸਾਹਿਤ ਜਗਤ ਦੇ ਨਾਮਵਰ ਵਿਦਵਾਨਾਂ ਨੇ ਹਿੱਸਾ ਲਿਆ।ਇਸ ਵਿਚਾਰ ਗੋਸ਼ਟੀ ਵਿੱਚ ਕਾਲਜ ਪ੍ਰਬੰਧਕ ਕਮੇਟੀ ਦੇ ਸਕੱਤਰ ਸੰਜੀਵ ਆਨੰਦ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ ਅਤੇ ਕਿਹਾ ਕਿ ਸਾਹਿਤਕਾਰ ਸਮਾਜ ਦਾ ਮੁੱਲ-ਪ੍ਰਬੰਧ ਸਿਰਜਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਵਿਸ਼ੇਸ਼ ਮਹਿਮਾਨ ਵਜੋਂ ਕਾਲਜ ਦੇ ਪ੍ਰਿੰਸੀਪਲ ਡਾ. ਸਮੀਰ ਸ਼ਰਮਾ ਸ਼ਾਮਲ ਹੋਏ। ਗੋਸ਼ਟੀ ਦੀ ਸ਼ੁਰੂਆਤ 'ਚ ਵਿਭਾਗ ਦੇ ਮੁਖੀ ਡਾ. ਕਿਰਨਜੀਤ ਕੌਰ ਨੇ ਧਰਮਪਾਲ ਸਾਹਿਲ ਅਤੇ ਉਹਨਾਂ ਦੇ ਨਾਵਲ ਬਾਰੇ ਵਿਸਥਾਰ ਵਿੱਚ ਦੱਸਿਆ। ਇਸ ਮੌਕੇ ਡਾ. ਗੁਰਨਾਮ ਸਿੰਘ ਦੇ ਨਵ-ਪ੍ਰਕਾਸ਼ਿਤ ਨਾਵਲ 'ਚਨੌਰ' ਦਾ ਵੀ ਲੋਕ-ਅਰਪਣ ਕੀਤਾ ਗਿਆ।ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਜੇ.ਬੀ. ਸੇਖੋਂ ਨੇ ਪ੍ਰਧਾਨਗੀ ਭਾਸ਼ਣ ਦਿੰਦਿਆਂ ਕਿਹਾ ਕਿ ਸਾਹਿਤ ਅਤੇ ਸਮਾਜ ਦਾ ਸੰਬੰਧ ਸਧਾਰਨ ਨਹੀਂ, ਬਲਕਿ ਬਹੁਪਰਤੀ ਹੈ। ਉਹਨਾਂ ਕਿਹਾ ਕਿ ਨਾਵਲ 'ਖੋਰਾ' ਵਿੱਚ ਲੇਖਕ ਨੇ ਕੰਢੀ ਖੇਤਰ ਦੀ ਸਥਾਨਕ ਭਾਸ਼ਾ ਅਤੇ ਜੀਵਨ-ਜਾਚ ਨੂੰ ਬੜੇ ਖ਼ੂਬਸੂਰਤ ਅੰਦਾਜ਼ ਵਿੱਚ ਪੇਸ਼ ਕੀਤਾ ਹੈ। ਡੀ.ਏ.ਵੀ. ਕਾਲਜ ਜਲੰਧਰ ਦੇ ਪੰਜਾਬੀ ਵਿਭਾਗ ਦੇ ਸਾਬਕਾ ਪ੍ਰੋਫੈਸਰ ਡਾ. ਅਨੁਰਾਗ ਸ਼ਰਮਾ ਨੇ ਨਾਵਲ ਦੀ ਫਰਾਇਡੀਅਨ ਪੜ੍ਹਤ ਤਿਆਰ ਕਰਦਿਆਂ ਮੁੱਖ ਪਾਤਰਾਂ ਬਿਰਜੂ ਅਤੇ ਬਾਲੋ ਦੇ ਪ੍ਰੇਮ ਸੰਬੰਧਾਂ ਨੂੰ ਕ੍ਰਿਸ਼ਨ ਅਤੇ ਰਾਧਾ ਦਾ ਸਨਾਤਨੀ ਪਿਆਰ ਦੱਸਦਿਆਂ ਇਡੀਪਸ ਕੰਪਲੈਕਸ ਅਤੇ ਪਲੈਟੋਨੀਅਨ ਪਿਆਰ ਦੀ ਗੱਲ ਕੀਤੀ। ਪੰਜਾਬੀ ਸਾਹਿਤ ਸਭਾ ਮੁਕੇਰੀਆਂ ਦੇ ਪ੍ਰਧਾਨ ਡਾ. ਸਰਬਜੋਤ ਸਿੰਘ ਨੇ ਆਪਣਾ ਖੋਜ ਪੱਤਰ ਪੜ੍ਹਦਿਆਂ 'ਖੋਰਾ' ਨਾਵਲ ਨੂੰ ਕੰਢੀ ਸਮਾਜਿਕ ਜਨ-ਜੀਵਨ ਅਤੇ ਸਥਾਨਕ ਬੋਲੀ ਦਾ ਦਸਤਾਵੇਜ਼ ਦੱਸਿਆ। ਨਾਵਲ ਦੇ ਲੇਖਕ ਧਰਮਪਾਲ ਸਾਹਿਲ ਨੇ ਕਿਹਾ ਕਿ ਲੇਖਕ ਦੇ ਅਨੁਭਵ ਉਸ ਦੇ ਅਵਚੇਤਨ ਮਨ ਵਿੱਚ ਪਏ ਹੁੰਦੇ ਹਨ ਅਤੇ ਨਾਵਲ ਲਿਖਦਿਆਂ ਆਪਣੇ ਆਪ ਹੀ ਉਹ ਨਾਵਲ ਦੀ ਬਣਤਰ ਤੇ ਬੁਣਤਰ ਵਿੱਚ ਜੜ੍ਹੇ ਜਾਂਦੇ ਹਨ। ਉਪਰੰਤ ਪ੍ਰੋ. ਬਲਬੀਰ ਮੁਕੇਰੀਆਂ, ਨਵਤੇਜ ਗੜ੍ਹਦੀਵਾਲਾ, ਪ੍ਰੋ. ਬਲਦੇਵ ਬੱਲੀ, ਸੁਰਿੰਦਰ ਨੇਕੀ, ਸ਼ਸ਼ੀਪਾਲ, ਬਲਜਿੰਦਰ ਮਾਨ ਆਦਿ ਵਿਦਵਾਨਾਂ ਨੇ ਸੰਵਾਦ ਵਿੱਚ ਹਿੱਸਾ ਲਿਆ ਅਤੇ ਸਾਰਥਕ ਨਤੀਜੇ ਕੱਢੇ।ਅੰਤ ਵਿੱਚ ਪ੍ਰੋ. ਸਤਬੀਰ ਸਿੰਘ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦੀ ਭੂਮਿਕਾ ਪ੍ਰੋ. ਲਖਵਿੰਦਰ ਸਿੰਘ ਅਤੇ ਸਭਾ ਦੇ ਜਨਰਲ ਸਕੱਤਰ ਲੈਕ. ਜਸਵੰਤ ਖਾਨਪੁਰੀ ਨੇ ਬਾਖੂਬੀ ਨਿਭਾਈ।

## ਅਰਪਨ ਲਿਖਾਰੀ ਸਭਾ ਦੀ ਸਤੰਬਰ ਮਹੀਨੇ ਦੀ ਇਕੱਤਰਤਾ

**ਕੈਲਗਰੀ**-ਅਰਪਨ ਲਿਖਾਰੀ ਸਭਾ ਦੀ ਸਤੰਬਰ ਮਹੀਨੇ ਦੀ ਮੀਟਿੰਗ ਪ੍ਰਧਾਨ ਜਸਵੰਤ ਸਿੰਘ ਸੇਖੋਂ, ਜਰਨੈਲ ਸਿੰਘ ਤੱਗੜ, ਮਾ. ਹਰਭਜਨ ਸਿੰਘ ਅਤੇ ਸੁਭਾਸ਼ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਸਟੇਜ ਦੀ ਜ਼ਿੰਮੇਵਾਰੀ ਦਰਸ਼ਨ ਸਿੰਘ ਬਰਾੜ ਨੇ ਨਿਭਾਈ। ਉਪਰੰਤ ਜਸਵੰਤ ਸਿੰਘ ਸੇਖੋਂ ਨੇ 'ਰੱਬ ਦੀ ਰਜ਼ਾ' ਸਰਕਾਰਾਂ ਦੀ ਕਾਰਗੁਜ਼ਾਰੀ 'ਤੇ ਤਿੱਖਾ ਵਿਅੰਗ ਕਰਦੀ ਕਵਿਤਾ ਪੇਸ਼ ਕੀਤੀ।ਲਖਵਿੰਦਰ ਸਿੰਘ ਜੌਹਲ ਨੇ ਹੜ੍ਹਾਂ ਦੀ ਤ੍ਰਾਸਦੀ ਪੇਸ਼ ਕਰਦੀ ਕਵਿਤਾ ਸੁਣਾਈ।ਬੀਬਾ ਰਵਿੰਦਰ ਕੌਰ ਨੇ ਰੱਬ ਦੀ ਹੋਂਦ ਅਤੇ ਅਣਹੋਂਦ ਬਾਰੇ ਆਪਣੇ ਵਿਚਾਰ ਰੱਖੇ। ਜਸਵਿੰਦਰ ਸਿੰਘ ਨੇ 84 ਵੇਲੇ ਦਿੱਲੀ ਵਿਚ ਹੋਏ ਸਰਕਾਰੀ ਕਤਲੇਆਮ ਦੀਆਂ ਹੱਡ ਬੀਤੀਆਂ ਸਾਂਝੀਆਂ ਕੀਤੀਆਂ। ਪਰਮਜੀਤ ਭੰਗੂ, ਜੈ ਸਿੰਘ ਉੱਪਲ, ਸਤਨਾਮ ਸਿੰਘ ਸ਼ੇਰਗਿੱਲ, ਸਰੂਪ ਸਿੰਘ ਮੰਡੇਰ, ਅੰਗਰੇਜ਼ ਸਿੰਘ ਸੀਤਲ, ਤਰਲੋਕ ਸਿੰਘ ਚੁੱਘ, ਚਰਨਜੀਤ ਸਿੰਘ ਫੁੱਲ, ਹਰਮਿੰਦਰਪਾਲ ਸਿੰਘ, ਮਾ. ਹਰਭਜਨ ਸਿੰਘ, ਕਿਰਨਜੋਤ ਹੁੰਝਣ, ਇੰਜੀ. ਜੀਰ ਸਿੰਘ ਬਰਾੜ, ਜਰਨੈਲ ਸਿੰਘ ਤੱਗੜ, ਸੁਖਪ੍ਰੀਤ ਸਿੰਘ, ਬਲਜਿੰਦਰ ਕੌਰ, ਜਗਦੇਵ ਸਿੰਘ ਸਿੱਧੂ, ਦਰਸ਼ਨ ਸਿੰਘ ਬਰਾੜ, ਕੇਸਰ ਸਿੰਘ ਨੀਰ ਆਦਿ ਨੇ ਆਪਣੀਆਂ-ਆਪਣੀਆਂ ਰਚਨਾਵਾਂ ਪੜ੍ਹੀਆਂ।

ਇਨ੍ਹਾਂ ਤੋਂ ਇਲਾਵਾ ਮੁਖਵਿੰਦਰ ਸਿੰਘ ਉੱਪਲ, ਜਸਪਿੰਦਰ ਸਿੰਘ, ਮਹਿੰਦਰ ਕੌਰ ਕਾਲ਼ੀਰਾਏ, ਅਵਤਾਰ ਕੌਰ ਤੱਗੜ ਅਤੇ ਸੁਖਦੇਵ ਕੌਰ ਢਾਅ ਦੀ ਹਾਜ਼ਰੀ ਵੀ ਜ਼ਿਕਰਯੋਗ ਰਹੀ।ਪ੍ਰਧਾਨ ਜਸਵੰਤ ਸਿੰਘ ਸੇਖੋਂ ਨੇ ਅਰਪਨ ਲਿਖਾਰੀ ਸਭਾ ਦੀ ਕਾਰਜਕਰਨੀ ਟੀਮ ਦੇ ਮੈਂਬਰਾਂ ਦੇ ਨਾਂਅ ਪੜ੍ਹ ਕੇ ਸੁਣਾਏ ਤੇ ਹਾਜ਼ਰੀਨ ਵੱਲੋਂ ਪ੍ਰਵਾਨਗੀ ਲਈ ਗਈ। ਸੇਖੋਂ ਨੇ ਸਾਹਿਤਕ ਵਿਚਾਰਾਂ ਦਾ ਮੁਲਾਂਕਣ ਕਰਦਿਆਂ ਆਖਿਆ ਕਿ ਅੱਜ ਦੀ ਇਸ ਚਰਚਾ ਵਿਚ ਸਾਰੇ ਰੰਗਾਂ ਦੇ ਵਿਚਾਰ ਪੇਸ਼ ਹੋਏ ਹਨ, ਚਰਚਾ ਸ਼ਲਾਘਾਯੋਗ ਰਹੀ ਹੈ।

## ਕੈਨੇਡਾ 'ਚ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਦੋ ਲੇਖਕਾਂ/ਕਲਾਕਾਰਾਂ ਨਾਲ ਰੂਬਰੂ



**ਟੋਰਾਂਟੋ**-ਵਿਸ਼ਵ ਪੰਜਾਬੀ ਸਭਾ ਵੱਲੋਂ ਬਰੈਂਪਟਨ ਸਥਿਤ ਵਿਸ਼ਵ ਪੰਜਾਬੀ ਭਵਨ ਵਿਚ ਚੜ੍ਹਦੇ ਤੇ ਲਹਿੰਦੇ ਪੰਜਾਬ ਤੋਂ ਦੋ ਲੇਖਕਾਂ/ਕਲਾਕਾਰਾਂ ਮੱਖਣ ਕੋਹਾੜ ਗੁਰਦਾਸਪੁਰ ਤੇ ਹੁਸਨੈਨ ਅਕਬਰ ਸ਼ੇਖੂਪੁਰਾ (ਪਾਕਿਸਤਾਨ) ਦਾ ਰੂਬਰੂ ਪ੍ਰੋਗਰਾਮ ਕਰਵਾਇਆ। ਮੱਖਣ ਕੋਹਾੜ ਨੇ ਆਪਣੀ ਕਵਿਤਾ ਅਤੇ ਜ਼ਿੰਦਗੀ ਦੇ ਸਫਰ ਦੀ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਕਵਿਤਾ ਲੋਕਪੱਖੀ ਹੈ। ਕੋਹਾੜ ਨੇ ਮੰਚ ਤੋਂ ਆਪਣੀਆਂ ਕੁਝ ਚੋਣਵੀਆਂ ਕਵਿਤਾਵਾਂ ਪੜ੍ਹ ਕੇ ਸੁਣਾਈਆਂ, ਜਿਨ੍ਹਾਂ ਵਿੱਚ ਜਨਤਾ ਦੇ ਦੁੱਖਾਂ-ਦਰਦਾਂ ਨੂੰ ਬਾਖੂਬੀ ਬਿਆਨ ਕੀਤਾ ਗਿਆ। ਇਸ ਦੇ ਨਾਲ ਹੀ ਪਾਕਿਸਤਾਨੀ ਗਾਇਕ ਹੁਸਨੈਨ ਅਕਬਰ ਨੇ ਰੂਬਰੂ ਦੌਰਾਨ ਕਿਹਾ ਕਿ ਉਸ ਨੇ ਰਵਾਇਤੀ ਗਾਇਕੀ ਵਿੱਚ ਹੀਰ ਸੱਸੀ, ਮਿਰਜ਼ਾ, ਟੱਪੇ, ਮਾਹੀਆ ਆਦਿ ਨੂੰ ਗਾਇਆ ਅਤੇ ਪਾਕਿ ਗਾਇਕੀ ਵਿੱਚ ਚੰਗਾ ਨਾਮਣਾ ਖੱਟਿਆ। ਰਵਾਇਤੀ ਗਾਇਕੀ ਦੋਵੇਂ ਪੰਜਾਬਾਂ ਦੀ ਸਾਂਝੀ ਰਹਿਤਲ ਹੈ ਤੇ ਦੋਵੇਂ ਪੰਜਾਬਾਂ ਦੇ ਕਲਾਕਾਰ ਸਾਂਝੇ ਹਨ। ਉਨ੍ਹਾਂ ਦੱਸਿਆ ਕਿ ਗਾਇਕੀ ਨੂੰ ਬਚਪਨ ਵਿੱਚ ਸ਼ੌਂਕੀਆ ਸ਼ੁਰੂ ਕੀਤਾ, ਜੋ ਬਾਅਦ ਵਿੱਚ ਇਹ ਰੁਜ਼ਗਾਰ ਬਣ ਗਈ। ਇਸੇ ਮੰਚ ਤੋਂ ਉਨ੍ਹਾਂ ਨੂੰ ਨੌਰਥ ਅਮਰੀਕਾ ਯੂਨੀਵਰਸਿਟੀ ਦੀ ਵੀਸੀ ਡਾ. ਸ਼ਰੀਨਾ ਨੇ ਪੀ ਐੱਚ ਡੀ. ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ।

## ਜਸਵੀਰ ਭਲੂਰੀਆ ਦੀ ਬਾਲ ਪੁਸਤਕ 'ਨਵੀਆਂ ਬਾਤਾਂ' ਲੋਕ ਅਰਪਣ



**ਬਾਘਾ ਪੁਰਾਣਾ**-ਸਾਹਿਤ ਸਭਾ ਰਜਿ. ਬਾਘਾ ਪੁਰਾਣਾ ਵੱਲੋਂ ਸਭਾ ਦੇ ਸਵਰਗੀ ਮੈਂਬਰ ਗੀਤਕਾਰ ਕੋਮਲ ਭੱਟੀ ਰੋਡੇ ਦੀ ਯਾਦ ਵਿੱਚ ਸਕੂਲ ਆਫ਼ ਐਮੀਨੈਂਸ ਬਾਘਾ ਪੁਰਾਣਾ ਵਿਖੇ ਇੱਕ ਪੁਸਤਕ ਰਿਲੀਜ਼ ਅਤੇ ਸਨਮਾਨ ਸਮਾਰੋਹ ਸਮਾਗਮ ਕਰਵਾਇਆ ਗਿਆ। ਸਮਾਗਮ ਦੇ ਪਹਿਲੇ ਪੜਾਅ ਵਿੱਚ ਗੀਤਕਾਰ ਕੋਮਲ ਭੱਟੀ ਰੋਡੇ ਅਤੇ ਕੁਦਰਤੀ ਆਫ਼ਤ ਕਾਰਨ ਆਏ ਹੜ੍ਹਾਂ ਦੌਰਾਨ ਨੁਕਸਾਨੀਆਂ ਗਈਆਂ ਅਨੇਕਾਂ ਮਨੁੱਖੀ ਜਾਨਾਂ ਬਾਰੇ ਡੂੰਘਾ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਮੁੱਖ ਮਹਿਮਾਨ ਉੱਘੇ ਸਮਾਜ ਸੇਵੀ ਸਰਪੰਚ ਜਗਮੋਹਨ ਸਿੰਘ ਬਰਾੜ ਲੰਗੇਆਣਾ ਕਲਾਂ, ਮਾਸਟਰ ਬਿੱਕਰ ਸਿੰਘ ਭਲੂਰ, ਪ੍ਰੋਫੈਸਰ ਸੁਰਜੀਤ ਸਿੰਘ ਦੌਧਰ, ਪ੍ਰੋਫੈਸਰ ਬਾਈ ਭੋਲਾ ਯਮਲਾ, ਡਾ. ਸੁਰਜੀਤ ਬਰਾੜ, ਲੈਕਚਰਾਰ ਜਗਤਾਰ ਸਿੰਘ ਸੋਖੀ ਅਤੇ ਸਭਾ ਦੇ ਪ੍ਰਧਾਨ ਡਾ. ਸਾਧੂ ਰਾਮ ਲੰਗੇਆਣਾ ਸੁਸ਼ੋਭਿਤ ਸਨ। ਸਮਾਗਮ ਦੀ ਸ਼ੁਰੂਆਤ ਅਵਤਾਰ ਸਿੰਘ ਮੁਕਤਸਰੀ ਦੇ ਗੀਤ ਨਾਲ ਹੋਈ। ਸਭਾ ਦੇ ਪ੍ਰੈੱਸ ਸਕੱਤਰ ਐੱਸ ਇੰਦਰ ਰਾਜੇਆਣਾ ਅਤੇ ਮੰਚ ਸੰਚਾਲਕ ਸਾਗ਼ਰ ਸਫ਼ਰੀ ਵੱਲੋਂ ਪਹੁੰਚੀਆਂ ਹੋਈਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਜੀ ਆਇਆਂ ਆਖਿਆ ਗਿਆ। ਉਪਰੰਤ ਪਿੰਡ ਭਲੂਰ ਦੇ ਜੰਮਪਲ ਅਤੇ ਸਭਾ ਦੇ ਸੀਨੀਅਰ ਮੈਂਬਰ ਜਸਵੀਰ ਸਿੰਘ ਭਲੂਰੀਆ ਦੀ ਬਾਲ ਕਾਵਿ ਪੁਸਤਕ 'ਨਵੀਆਂ ਬਾਤਾਂ' ਦੀ ਘੁੰਡ ਚੁਕਾਈ ਉਕਤ ਪ੍ਰਧਾਨਗੀ ਮੰਡਲ ਵੱਲੋਂ ਆਪਣੇ ਕਰ ਕਮਲਾਂ ਨਾਲ ਕੀਤੀ ਗਈ। ਇਸ ਦੇ ਨਾਲ ਹੀ ਪ੍ਰੋਫੈਸਰ ਸੁਰਜੀਤ ਸਿੰਘ ਦੌਧਰ, ਕੰਵਲਜੀਤ ਭੋਲਾ ਲੰਡੇ, ਜਗਤਾਰ ਸਿੰਘ ਸੋਖੀ, ਬਿੱਕਰ ਸਿੰਘ ਭਲੂਰ, ਡਾ. ਸੁਰਜੀਤ ਬਰਾੜ, ਸਰਪੰਚ ਜਗਮੋਹਨ ਸਿੰਘ, ਡਾ. ਸਾਧੂ ਰਾਮ ਲੰਗੇਆਣਾ ਵੱਲੋਂ ਇਸ ਪੁਸਤਕ ਬਾਰੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ। ਇਸ ਦੇ ਨਾਲ ਹੀ ਉਨ੍ਹਾਂ ਪੁਸਤਕ ਰਚੇਤਾ ਜਸਵੀਰ ਭਲੂਰੀਆ ਨੂੰ ਵਧੀਆ ਬਾਲ ਪੁਸਤਕ ਲਿਖਣ ਦੀ ਹਾਰਦਿਕ ਵਧਾਈ ਦਿੱਤੀ।ਉਪਰੰਤ ਇੰਡਕ ਆਰਟਸ ਵੈੱਲਫੇਅਰ ਕੌਂਸਲ ਦੇ ਡਾਇਰੈਕਟਰ ਪ੍ਰੋਫੈਸਰ ਭੋਲਾ ਯਮਲਾ ਵੱਲੋਂ ਇੰਡਕ ਸੰਸਥਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਗਏ ਅਤੇ ਆਪਣੀਆਂ ਸਾਹਿਤਕ ਰਚਨਾਵਾਂ ਨੂੰ ਤਰੰਨੁਮ ਵਿੱਚ ਪੇਸ਼ ਕਰਕੇ ਸਮਾਗਮ ਨੂੰ ਚਾਰ ਚੰਨ ਲਗਾਏ ਗਏ। ਇਸ ਦੇ ਨਾਲ ਹੀ ਸਭਾ ਵੱਲੋਂ ਲੈਕਚਰਾਰ ਜਗਤਾਰ ਸਿੰਘ ਸੋਖੀ ਅਤੇ ਪ੍ਰੋਫੈਸਰ ਬਾਈ ਭੋਲਾ ਯਮਲਾ ਦਾ ਸਨਮਾਨ ਚਿੰਨ੍ਹ ਅਤੇ ਲੋਈਆਂ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।ਅੰਤ ਵਿੱਚ ਸਾਧੂ ਰਾਮ ਲੰਗੇਆਣਾ ਨੇ ਸਭ ਦਾ ਧੰਨਵਾਦ ਕੀਤਾ।

## ਪਾਠਕਾਂ ਦੇ ਝਰੋਖੇ 'ਚੋਂ

### 'ਗੁਨਾਹਗਾਰ'

14 ਸਤੰਬਰ ਦੇ ਨਵਾਂ ਜ਼ਮਾਨਾ ਵਿਚ ਡਾ. ਚੰਦਰ ਪ੍ਰਕਾਸ਼ ਨੇ ਫੋਕਸ ਤਹਿਤ ਹਰੀਸ਼ ਜੈਨ ਦੀ ਕਿਤਾਬ 'ਗੁਨਾਹਗਾਰ' ਦਾ ਜ਼ਿਕਰ ਕਰਦੇ ਹੋਏ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਦੇ ਯੋਧਿਆਂ ਦੀ ਜ਼ਿੰਦਗੀ ਬਾਰੇ ਜਾਣਕਾਰੀ ਦਿੱਤੀ ਹੈ। ਪਹਿਲਾਂ ਵੀ ਹਰੀਸ਼ ਜੈਨ ਨੇ ਸ਼ਹੀਦ ਭਗਤ ਸਿੰਘ ਬਾਰੇ ਖੋਜਮਈ ਜਾਣਕਾਰੀ ਲਿਖੀ ਹੈ। ਡਾ. ਨਰੇਸ਼ ਦੀ ਕਿਤਾਬ 'ਬੋਲ ਮਿੱਟੀ ਦਿਆ ਬਾਵਿਆ' ਦੀ ਸੰਖੇਪ ਜਾਣਕਾਰੀ ਵਿਚ ਮਾਤ ਭਾਸ਼ਾ ਤੇ ਭਾਸ਼ਾ ਦੇ ਅੰਤਰ ਸੰਬੰਧਾਂ ਦਾ ਜ਼ਿਕਰ ਹੈ। ਸ਼ਾਇਰ ਗੁਰਨਾਮ ਸਿੰਘ ਬਿਜਲੀ ਦੀ ਸਵੈਜੀਵਨੀ ਦਾ ਜ਼ਿਕਰ ਡਾ. ਸੰਦੀਪ ਰਾਣਾ ਨੇ ਕੀਤਾ ਹੈ। ਸਵੈਜੀਵਨੀ ਵਿਚ ਬਿਜਲੀ ਦੇ ਜੀਵਨ ਦਾ ਸੰਖੇਪ ਰੂਪ ਜਾਣਿਆ ।ਤੇਜਾ ਸਿੰਘ ਤਿਲਕ ਨੇ ਧਰਮ ਨੂੰ ਸਮਝਣ ਵਾਲੀ ਕਿਤਾਬ ਦਾ ਚੰਗਾ ਰੀਵਿਊ ਕੀਤਾ ਹੈ। ਕਾਵਿ ਕਿਤਾਬ ਅਹਿਸਾਸਾਂ ਦੀ ਕਿਣਮਿਣ (ਜਸਪ੍ਰੀਤ) ਬਾਰੇ ਭਗਵੰਤ ਰਸੂਲਪੁਰੀ ਨੇ ਕਵਿਤਾਵਾਂ ਦੀ ਅੰਦਰਲੀ ਪਰਤ ਤੱਕ ਪਹੁੰਚਣ ਦਾ ਸੁਚੱਜਾ ਯਤਨ ਕੀਤਾ ਹੈ । ਡਾ. ਲਾਭ ਸਿੰਘ ਖੀਵਾ ਦੀ ਪ੍ਰੋ. ਕਿਸ਼ਨ ਸਿੰਘ ਬਾਰੇ ਟਿੱਪਣੀ ਬਹੁਤ ਸਾਰਥਿਕ ਲੱਗੀ। ਡਾ. ਗੁਰਮੀਤ ਕਲਰਮਾਜਰੀ ਦੀਆਂ ਤਿੰਨ ਕਿਤਾਬਾਂ ਦਾ ਵਿਦੇਸ਼ ਵਿਚ ਰਿਲੀਜ਼ ਹੋਣਾ ਖੁਸ਼ੀ ਦੇ ਗਿਆ।ਦੋ ਮੈਗਜ਼ੀਨਾਂ 'ਮੰਤਵ' ਤੇ 'ਅਰਮਾਨ' ਬਾਰੇ ਵਿਸਤਰਿਤ ਜਾਣਕਾਰੀ ਮਿਲੀ।ਦੋਨੋਂ ਮੈਗਜ਼ੀਨ ਪੰਜਾਬੀ ਸਾਹਿਤ ਦੀ ਵਡਮੁੱਲੀ ਸੇਵਾ ਕਰ ਰਹੇ ਹਨ।ਇਸ ਅੰਕ ਵਿਚ ਪ੍ਰਗਤੀਸ਼ੀਲ ਲੇਖਕ ਸੰਘ ਬਾਰੇ ਡਾ. ਕੁਲਦੀਪ ਸਿੰਘ ਦੀਪ ਨੇ ਖੋਜਮਈ ਜਾਣਕਾਰੀ ਦਿੱਤੀ ਹੈ। ਪ੍ਰਗਤੀਸ਼ੀਲ ਲੇਖਕ ਸੰਘ ਦੀਆਂ ਵੱਖ-ਵੱਖ ਸ਼ਾਖਾਵਾਂ ਬਾਰੇ ਜਾਣ ਕੇ ਚੰਗਾ ਲੱਗਾ।ਪੰਜਾਬੀ ਵਿਚ ਬਹੁਤ ਨਾਮਵਰ ਸਾਹਿਤਕਾਰਾਂ ਨੇ ਪ੍ਰਗਤੀਸ਼ੀਲ ਲੇਖਕ ਸੰਘ ਨਾਲ ਜੁੜ ਕੇ ਪੰਜਾਬੀ ਸਾਹਿਤ ਨੂੰ ਵਿਸ਼ੇਸ਼ ਦਿਸ਼ਾ ਦਿੱਤੀ। ਸੁਰਿੰਦਰ ਕੈਲੇ ਦੀਆਂ ਮਿੰਨੀ ਕਹਾਣੀਆਂ ਚੰਗੀਆਂ ਹਨ। 'ਦ੍ਰਿਸ਼ਟੀਕੋਣ' ਨੇ ਪੰਜਾਬ ਦੇ ਹੜ੍ਹਾਂ ਬਾਰੇ ਭਾਵਪੂਰਤ ਜਾਣਕਾਰੀ ਦਿੱਤੀ ਹੈ।ਬਹੁਤ ਸੰਸਥਾਵਾਂ ਨੇ ਹੜ੍ਹ ਪੀੜਤਾਂ ਦੀ ਮਦਦ ਕਰਕੇ ਪੰਜਾਬੀਅਤ ਦਾ ਸਿਰ ਉੱਚਾ ਕੀਤਾ ਹੈ ।ਸਰਕਾਰਾਂ ਨੇ ਵੀ ਕੁਝ ਕੀਤਾ ਹੈ।

— ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

### ਪਾਠਕਾਂ ਲਈ

**ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।**

atwartazamana@gmail.com

- ਸੰਪਾਦਕ

## ਸਾਹਿਤ ਚਿੰਤਨ ਚੰਡੀਗੜ੍ਹ ਦੀ ਮਾਸਿਕ ਇਕੱਤਰਤਾ




**ਚੰਡੀਗੜ੍ਹ** : ਸਾਹਿਤ ਚਿੰਤਨ, ਚੰਡੀਗੜ੍ਹ ਦੀ ਸਤੰਬਰ ਮਹੀਨੇ ਦੀ ਮਾਸਿਕ ਇਕੱਤਰਤਾ ਪ੍ਰਾਚੀਨ ਕਲਾ ਕੇਂਦਰ, ਡਾ. ਜਗਦੀਸ਼ ਚੰਦਰ ਦੀ ਪ੍ਰਧਾਨਗੀ ਹੇਠ ਹੋਈ। ਸਭ ਤੋਂ ਪਹਿਲਾਂ ਪਿਛਲੇ ਦਿਨੀਂ ਵਿੱਛੜੇ ਸਾਥੀਆਂ ਨੂੰ ਦੋ ਮਿੰਟ ਮੌਨ ਖੜ੍ਹੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਸਰਬ-ਸੰਮਤੀ ਨਾਲ ਹੜ੍ਹ ਪੀੜਤਾਂ ਲਈ ਰਾਹਤ ਫੰਡ ਅਤੇ ਜੰਮੂ ਕਸ਼ਮੀਰ ਵੱਲੋਂ ਲੇਖਕਾਂ ਦੀਆਂ 20 ਕਿਤਾਬਾਂ 'ਤੇ ਲਾਈ ਪਾਬੰਦੀ ਵਿਰੁੱਧ ਮਤੇ ਪਾਸ ਕੀਤੇ ਗਏ। ਡਾ. ਜਗਦੀਸ਼ ਚੰਦਰ ਨੇ ਪ੍ਰਧਾਨਗੀ ਸਮੇਂ ਬੋਲਦਿਆਂ ਕਿਹਾ ਕਿ ਫਲਸਤੀਨੀਆਂ ਨੂੰ ਬਿਨਾਂ ਕਿਸੇ ਉਕਸਾਵੇ ਦੇ ਜਿਬਾਹ ਕੀਤਾ ਜਾ ਰਿਹਾ ਹੈ। ਦੂਜੀ ਸੰਸਾਰ ਜੰਗ ਸਮੇਂ ਅੰਗਰੇਜ਼ਾਂ ਨੂੰ ਯਹੂਦੀਆਂ ਦੀ ਮਦਦ ਦੀ ਲੋੜ ਸੀ। ਇਸੇ ਲਈ 1948 ਵਿੱਚ ਬਾਲਫੋਰ ਘੋਸ਼ਣਾ ਪੱਤਰ ਤਿਆਰ ਕੀਤਾ ਗਿਆ। ਇਸ ਨੂੰ ਕਦੀ ਵੀ ਮੰਨਿਆ ਨਹੀਂ ਗਿਆ। ਫਲਸਤੀਨੀਆਂ ਦੇ ਕੋਈ ਨਾਗਰਿਕ ਅਧਿਕਾਰ ਨਹੀਂ ਹਨ। ਉਨ੍ਹਾਂ ਦੇ ਅਸਤਿਤਵ ਦਾ ਸਵਾਲ ਹੈ। ਸਭ ਕੁਝ ਬਰਬਾਦ ਕਰ ਦਿੱਤਾ ਹੈ। ਇਹ ਇਨਸਾਨੀਅਤ ਦਾ ਕਤਲ ਹੈ। ਦੁਨੀਆ ਭਰ ਵਿੱਚ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਨਿਓਮੀ ਕਲੇਨ ਦਾ "ਸਦਮਾ ਸਿਧਾਂਤ" ਸੱਚਾ ਸਾਬਤ ਹੋ ਰਿਹਾ ਹੈ। ਪਹਿਲਾਂ ਗਾਜ਼ਾ ਨੂੰ ਸਦਮਾ ਦਿਓ, ਫਿਰ ਮੱਲ੍ਹਮ ਲਾਉਣ ਦਾ ਨਾਟਕ ਕਰੋ। ਇਹ ਪੂੰਜੀਵਾਦ ਦੇ ਵਿਸਥਾਰ ਦਾ ਸਿਧਾਂਤ ਹੈ। ਅਮਰੀਕਾ ਨੇ ਈਰਾਕ ਉੱਤੇ ਮਾਰੂ ਹਥਿਆਰਾਂ ਦਾ ਬਹਾਨਾ ਲਾ ਕੇ ਹਮਲਾ ਕੀਤਾ, ਪਰ ਕੁਝ ਨਹੀਂ ਮਿਲਿਆ। ਡਾ. ਅਰੀਤ ਕੌਰ ਨੇ ਧੰਨਵਾਦ ਸਮੇਂ ਬੋਲਦਿਆਂ ਕਿਹਾ ਕਿ ਕਾਨੂੰਨ ਅੰਨ੍ਹਾ ਹੈ। ਪੂਰੀ ਦੁਨੀਆ ਦੇ ਲੋਕ ਫਲਸਤੀਨ ਲਈ ਹਾਅ ਦਾ ਨਾਅਰਾ ਮਾਰ ਰਹੇ ਹਨ। ਅਸੀਂ ਫਿਲਮ ਦਿਖਾ ਕੇ ਆਪਣਾ ਰੋਲ ਅਦਾ ਕਰ ਰਹੇ ਹਾਂ। ਅਸੀਂ ਫਲਸਤੀਨ ਦੇ ਨਾਲ ਹਾਂ। ਉਨ੍ਹਾਂ ਭਾਰਤ ਸਰਕਾਰ ਦੀ ਖਾਮੋਸ਼ੀ ਉੱਤੇ ਵੀ ਸਵਾਲ ਕੀਤਾ ਹੈ। ਮੀਟਿੰਗ ਦੀ ਕਾਰਵਾਈ ਸ੍ਰੀ ਸਰਦਾਰਾ ਸਿੰਘ ਚੀਮਾ ਨੇ ਚਲਾਈ।

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਇੰਦਰਦੀਪ ਸਿਨਹਾ : ਅਨਿਲ ਰਾਜੀਮਵਾਲੇ**

**ਭਾਈ ਬਾਲਾ ਤੇ ਬਾਲੇ ਵਾਲੀ ਜਨਮ ਸਾਖੀ ਦਾ ਅਸਲ ਨਿਸਤਾਰਾ-4 : ਡਾ. ਜਸਵਿੰਦਰ ਸਿੰਘ ਭੁੱਲਰ**

**ਸਾਹਿਤਕ ਆਲੋਚਨਾ ਦਾ ਸੰਕਟ : ਗਣੇਸ਼ ਦੇਵੀ**

**'ਹਉਕਾ ਸਾਹ ਨਹੀਂ ਹੁੰਦਾ' : ਕੁਲਵਿੰਦਰ ਕੁੱਲਾ (ਫੋਕਸ) ਡਾ. ਅਰਵਿੰਦਰ ਕੌਰ ਕਾਕੜਾ**

**ਮਨਿੰਦਰ ਕੌਰ ਮਨ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ**

## ਸਮਕਾਲ


---- ਭਗਵੰਤ ਰਸੂਲਪੁਰੀ----

### ਪੰਖੜੀਆਂ : ਸਤੰਬਰ, 2025




ਪੰਖੜੀਆਂ ਦਾ ਨਵਾਂ ਅੰਕ ਛਪ ਗਿਆ ਹੈ। ਇਸ ਅੰਕ ਵਿੱਚ ਗਗਨ ਪ੍ਰੀਤ ਸੱਪਲ, ਸੁਰਿੰਦਰਪਾਲ ਸਿੰਘ, ਡਾ. ਦਵਿੰਦਰ ਕੌਰ ਖੁਸ਼, ਕਮਲਜੀਤ ਨੀਲੋਂ, ਕੁਲਵੰਤ ਸਿੰਘ ਢੱਡ, ਡਾ. ਕਰਮਜੀਤ ਕੌਰ, ਕੁਲਵਿੰਦਰ ਕੌਰ ਮਹਿਕ, ਸੰਜੀਵ ਸੈਣੀ, ਲੋਕਨਾਥ ਸ਼ਰਮਾ ਆਦਿ ਦੇ ਬੱਚਿਆਂ 'ਚ ਬੌਧਿਕ ਗਿਆਨ ਦੇਣ ਵਾਲੇ ਲੇਖ ਅਤੇ ਇਕਬਾਲ ਸਿੰਘ ਸਕਰੌਦੀ, ਦਰਸ਼ਨ ਸਿੰਘ ਆਸ਼ਟ ਦੀਆਂ ਕਹਾਣੀਆਂ ਸਮੇਤ ਜਸਬੀਰ ਭੁੱਲਰ ਦਾ ਨਾਵਲ 'ਚੋਰ' ਦਾ ਕਾਂਡ ਪ੍ਰਕਾਸ਼ਤ ਹੋਇਆ ਹੈ। ਮਨਪ੍ਰੀਤ ਸਿੰਘ ਲੋਹਗੜੀਆਂ, ਰਘੁਵੀਰ ਸਿੰਘ ਕਲੋਆ, ਅਮਰੀਕ ਸਿੰਘ ਤਲਵੰਡੀ, ਮਨਦੀਪ ਕੌਰ ਰਤਨ, ਰਣਜੀਤ ਅਜ਼ਾਦ ਕਾਂਝਲਾ, ਲਾਡੀ ਸੁਖਜਿੰਦਰ ਕੌਰ ਭੁੱਲਰ, ਕੁੰਦਨ ਲਾਲ ਭੱਟੀ ਦੀਆਂ ਕਵਿਤਾਵਾਂ ਪ੍ਰਕਾਸ਼ਤ ਹੋਈਆਂ ਹਨ। ਰਸਾਲੇ ਦੇ ਸੰਪਾਦਕ ਪਰਮਿੰਦਰ ਕੌਰ ਨੇ ਅਧਿਆਪਕ-ਦਿਵਸ ਤੇ ਅਧਿਆਪਕ ਦੇ ਸਤਿਕਾਰ ਨੂੰ ਲੈ ਸੰਪਾਦਕੀ ਵਿੱਚ ਜ਼ਿਕਰ ਕੀਤਾ ਹੈ। ਰਸਾਲਾ ਬੱਚਿਆਂ ਦੇ ਸੋਹਜ ਅਤੇ ਗਿਆਨ ਨੂੰ ਮੁੱਖ ਰੱਖ ਕੇ ਤਿਆਰ ਕੀਤਾ ਗਿਆ ਹੈ। ਇਸ ਅੰਕ ਦੇ ਸਫ਼ੇ:40, ਮੁੱਲ: 20 ਰੁਪਏ ਹੈ। ਰਚਨਾਵਾਂ ਭੇਜਣ ਲਈ- pankhrianpseb@gmail.com 'ਪੰਖੜੀਆਂ' ਦੇ ਸੰਪਾਦਕ : ਪਰਮਿੰਦਰ ਕੌਰ, ਸੰਪਰਕ-0172-5227395

### ਪ੍ਰਾਇਮਰੀ ਸਿੱਖਿਆ : ਸਤੰਬਰ, 2025




ਪ੍ਰਾਇਮਰੀ ਸਿੱਖਿਆ ਦੇ ਨਵੇਂ ਅੰਕ ਦੀ ਸੰਪਾਦਕੀ ਵਿੱਚ ਪਰਮਿੰਦਰ ਕੌਰ ਨੇ ਅੱਵਲ ਆਉਣ ਵਾਲੇ ਵਿਦਿਆਰਥੀਆਂ ਦੇ ਗੁਣਾਂ ਦੀ ਗੱਲ ਕੀਤੀ ਹੈ। ਉਸ ਅਨੁਸਾਰ ਅੱਵਲ ਉਹ ਹੁੰਦਾ ਹੈ ਜੋ ਚੰਗੇ ਨੈਤਿਕ ਮੁੱਲ ਵੀ ਰੱਖਦਾ ਹੈ। ਇਸ ਅੰਕ ਵਿੱਚ ਡਾ. ਸਾਧੂ ਰਾਮ ਲੰਗੇਆਣਾ, ਪ੍ਰਿੰਸੀਪਲ ਵਿਜੈ ਕੁਮਾਰ, ਓਮਕਾਰ ਸੂਦ ਬਹੋਨਾ, ਪਰਮਿੰਦਰ ਕੌਰ, ਜਤਿੰਦਰ ਮੋਹਨ, ਮਾਸਟਰ ਸੰਜੀਵ ਧਰਮਾਣੀ, ਰਣਬੀਰ ਸਿੰਘ ਪ੍ਰਿੰਸ, ਵਿਵੇਕ, ਮਾਸਟਰ ਮੋਹਨ ਸਿੰਘ, ਸਨਾਇਤ ਕੈਲੇ ਆਦਿ ਦੀਆਂ ਕਹਾਣੀਆਂ ਅਤੇ ਹਰਜੀਤ ਸਿੰਘ ਦਰਸ਼ੀ, ਸ਼ਰਨਪ੍ਰੀਤ ਕੌਰ, ਅਮਰ ਸੂਫ਼ੀ, ਰਾਮ ਸਿੰਘ ਪਾਠਕ, ਸੁਖਦੇਵ ਸਿੰਘ ਸ਼ਾਂਤ, ਨਵ ਸੰਗੀਤ ਸਿੰਘ, ਪਰਮਜੀਤ ਸਿੰਘ, ਜਗਜੀਤ ਸਿੰਘ ਲੱਡਾ, ਸ਼ਸ਼ੀ ਲਤਾ, ਆਤਮਾ ਸਿੰਘ ਚਿੱਟੀ, ਹਰਪ੍ਰੀਤ ਪੱਤੋ, ਕੁਲਵਿੰਦਰ ਕੌਰ ਮਹਿਕ ਆਦਿ ਦੀਆਂ ਕਵਿਤਾਵਾਂ ਪ੍ਰਕਾਸ਼ਤ ਹੋਈਆਂ ਹਨ। ਇਕ ਲੇਖ ਜਤਿੰਦਰ ਕੌਰ ਦਾ ਹੈ। ਰਸਾਲਾ ਰੰਗੀਨ ਤਸਵੀਰਾਂ ਨਾਲ ਗਲੇਜ਼ਡ ਪੇਪਰ ਉੱਤੇ ਪ੍ਰਕਾਸ਼ਤ ਹੋਇਆ ਹੈ। ਇਸ ਅੰਕ ਦੇ ਸਫ਼ੇ :36, ਮੁੱਲ:20 ਰੁਪਏ ਹੈ। ਰਚਨਾਵਾਂ ਭੇਜਣ ਲਈ- pankhrianpseb@gmail.com 'ਪ੍ਰਾਇਮਰੀ ਸਿੱਖਿਆ' ਦੇ ਸੰਪਾਦਕ : ਪਰਮਿੰਦਰ ਕੌਰ, ਸੰਪਰਕ-0172-5227395

### ਮਿੰਨੀ-147 : ਜੁਲਾਈ-ਸਤੰਬਰ, 2025




ਮਿੰਨੀ ਦਾ ਨਵਾਂ ਅੰਕ ਛਪ ਕੇ ਪੁੱਜਾ ਹੈ। ਰਸਾਲਾ ਮਿੰਨੀ ਕਹਾਣੀ ਵਿਧਾ 'ਤੇ ਕੇਂਦਰਤ ਹੁੰਦਾ ਹੈ। ਡਾ. ਦੀਪਤੀ ਦੀ ਜੰਗ ਦੇ ਦੁਖਾਂਤ ਦੀ ਗੱਲ ਕਰਦੀ ਸੰਪਾਦਕੀ ਹੈ। ਮੇਰੀ ਬਾਇਲ ਓਰੀਲੀ, ਸੋਲਜੇ ਨਿਤਿਸਨ ਤੇ ਖ਼ਲੀਲ ਜ਼ਿਬਰਾਨ ਦੀਆਂ ਕਲਾਸਿਕ ਰਚਨਾਵਾਂ ਛਪੀਆਂ ਹਨ। ਸੁਕੇਸ਼ ਸਾਹਨੀ ਜੇ ਜੀਵਨ ਵੇਰਵੇ ਨਾਲ ਕਹਾਣੀਆਂ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਇਸ ਤੋਂ ਇਲਾਵਾ ਮਧੂ ਜੈਨ, ਕਾਂਤਾ ਰਾਏ, ਕਿਰਨ ਵਰਮਾ, ਪਵਨ ਸ਼ਰਮਾ, ਯੁਗਲ , ਅੰਜੂ ਨਿਗਮ ਤੇ ਅਸ਼ੋਕ ਭਾਟੀਆ ਦੀਆਂ ਅਨੁਵਾਦ ਰਚਨਾਵਾਂ ਅਗਲੇ ਪੰਨਿਆਂ ਉੱਤੇ ਹਨ। ਅੱਗੇ ਕੈਲਾਸ਼ ਠਾਕੁਰ ਦੀ ਜਾਣ ਪਛਾਣ ਤੇ 6 ਕਹਾਣੀਆਂ ਹਨ। ਸਿਲਸਿਲਾ ਵਿੱਚ ਡਾ. ਸ਼ਿਆਮ ਸੁੰਦਰ ਦੀਪਤੀ, ਜਗਦੀਸ਼ ਰਾਏ ਕੁਲਰੀਆ, ਗੁਰਮੀਤ ਸਿੰਘ ਮਰਾੜ੍ਹ, ਡਾ. ਬਲਦੇਵ ਸਿੰਘ ਖਹਿਰਾ, ਬਿੰਦਰ ਸਿੰਘ ਖੁੱਡੀਕਲਾਂ, ਪਰਗਟ ਸਿੰਘ ਜੰਬਰ, ਮਹਿੰਦਰਪਾਲ ਬਰੇਟਾ, ਜਤਿੰਦਰ ਮੋਹਨ, ਐਡ. ਹਰਦੀਪ ਸਿੰਘ ਭੱਟੀ, ਤ੍ਰਿਲੋਕ ਢਿੱਲੋਂ, ਰਣਜੀਤ ਆਜ਼ਾਦ ਕਾਂਝਲਾ, ਕੁਲਵਿੰਦਰ ਕੁਮਾਰ, ਰਘਬੀਰ ਸਿੰਘ ਮਹਿਮੀ, ਬਲਰਾਜ ਕੁਹਾੜਾ, ਲਖਵਿੰਦਰ ਮੂਸਾ ਦੀਆਂ ਰਚਨਾਵਾਂ ਹਨ। ਅੱਗੇ ਬੀਰ ਇੰਦਰ ਬਨਭੌਰੀ ਨੇ ਆਪਣੀ ਪਸੰਦ ਦੀਆਂ ਜਸਬੀਰ ਢੰਡ ਤੇ ਸੁਭਾਸ਼ ਨੀਰਵ ਦੀਆਂ ਕਹਾਣੀਆਂ ਛਪੀਆਂ ਹਨ। ਡਾ. ਗੁਰਪ੍ਰੀਤ ਸਿੰਘ ਦਾ ਮਿੰਨੀ ਕਹਾਣੀ ਤੇ ਦੂਜੇ ਗਲਪੀ ਰੂਪਾਕਾਰ ਦਾ ਤੁਲਨਾਤਮਕ ਅਧਿਐਨ ਕਰਦਾ ਆਲੋਚਨਾ ਲੇਖ ਹੈ। ਅਗਾਂਹ ਕੁਝ ਮਿਨੀ ਕਹਾਣੀਆਂ ਦੀਆਂ ਪੁਸਤਕਾਂ ਨਾਲ ਜਗਦੀਸ਼ ਰਾਏ ਕੁਲਰੀਆਂ ਨੇ ਜਾਣ ਪਛਾਣ ਕਰਵਾਈ ਹੈ। ਅੰਤਲੇ ਪੰਨੇ ਉੱਤੇ ਮਿੰਨੀ ਕਹਾਣੀ ਸੰਬੰਧੀ ਹੋਏ ਸਮਾਗਮਾਂ ਦੀ ਰਿਪੋਰਟਿੰਗ ਪ੍ਰਕਾਸ਼ਤ ਕੀਤੀ ਗਈ ਹੈ। 'ਮਿੰਨੀ' ਰਸਾਲਾ ਮਿੰਨੀ ਕਹਾਣੀ ਸੰਬੰਧੀ ਗੰਭੀਰਤਾ ਨਾਲ ਸੰਵਾਦ ਰਚਾਉਣ ਵਾਲਾ ਰਸਾਲਾ ਹੈ। ਇਸ ਅੰਕ ਦੇ ਸਫ਼ੇ : 64, ਮੁੱਲ : 40 ਰੁਪਏ ਹੈ। ਸੰਪਾਦਕ : ਜਗਦੀਸ਼ ਰਾਏ ਕੁਲਰੀਆਂ (95018-77033) ਤੇ ਕੁਲਵਿੰਦਰ ਕੌਸ਼ਲ (94176-36255) ਹਨ। ਰਚਨਾਵਾਂ ਭੇਜਣ ਲਈ: minnimagzine@gmail.com

### ਪੰਜ ਪਾਣੀ, 2025




'ਪੰਜ ਪਾਣੀ' ਫ਼ੋਕਲੋਰ ਰਿਸਰਚ ਅਕਾਦਮੀ (ਰਜਿ.) ਅੰਮ੍ਰਿਤਸਰ ਵੱਲੋਂ ਵਰ੍ਹੇ ਵਾਰ ਛਪਦਾ ਰਸਾਲਾ ਹੈ। ਮਹਿਮਾਨ ਸੰਪਾਦਕ ਕੁਲਦੀਪ ਸਿੰਘ ਨੇ 'ਵਪਾਰ ਅਤੇ ਜੰਗ ਦੀ ਦੌੜ ਵਿਚ ਅਮਨਪਸੰਦ ਤਾਕਤਾਂ ਲਈ ਚੁਣੌਤੀ' ਤੇ ਸੰਪਾਦਕੀ ਲਿਖੀ ਹੈ। ਅਗਲੇ ਪੰਨਿਆਂ ਉੱਤੇ ਬਰਜਿੰਦਰ ਸਿੰਘ ਹਮਦਰਦ ਨੇ ਲੈਂਡ ਪੂਲਿੰਗ ਨੀਤੀ, ਦਰਸ਼ਨ ਖਟਕੜ ਨੇ ਫ਼ਾਸ਼ੀਵਾਦ , ਡਾ. ਸੁਖਦੇਵ ਸਿਰਸਾ ਨੇ ਹਿੰਦ ਪਾਕਿ ਵੰਡ ਸਿਆਸਤ ਤੇ ਸਾਹਿਤ, ਡਾ. ਕੁਲਦੀਪ ਸਿੰਘ-ਰਮਨਦੀਪ ਕੌਰ ਨੇ ਜੰਗ, ਡਾ. ਅਰੁਣ ਮਿੱਤਰਾ ਨੇ ਪਰਮਾਣੂ ਖਤਰਿਆਂ, ਕੁਲਦੀਪ ਸਿੰਘ ਦੀਪ ਨੇ ਅ-ਸਾਹਿਤ ਤੇ ਕੁ ਸਾਹਿਤ, ਡਾ. ਸਰਬਜੀਤ ਸਿੰਘ ਨੇ ਸਾਕਾ ਜੱਲ੍ਹਿਆਂ ਵਾਲਾ ਬਾਗ਼ ਤੇ ਪੰਜਾਬੀ ਕਵਿਤਾ, ਡਾ. ਕੰਵਲਜੀਤ ਕੌਰ ਢਿੱਲੋਂ ਨੇ ਪੰਜਾਬੀ ਸਮਾਜ ਤੇ ਚੇਤਨਾ ਪ੍ਰਵਾਹ, ਡਾ. ਧਰਮ ਸਿੰਘ ਦੇਸ ਵੰਡ ਤੇ ਪੰਜਾਬੀ ਭਾਸ਼ਾ, ਸੁਰਜੀਤ ਟੋਰਾਂਟੋ ਨੇ ਵਿਸ਼ਵ ਸ਼ਾਂਤੀ ਤੇ ਕਵਿਤਾ, ਡਾ. ਸ਼ਿਆਮ ਸੁੰਦਰ ਦੀਪਤੀ ਨੇ ਵਾਤਾਵਰਨ ਸਬੰਧੀ, ਸਤਨਾਮ ਸਿੰਘ ਚਾਨਾ ਨੇ ਇਕ ਯਾਦਗਾਰ ਦੀ ਹੱਤਿਆ, ਭੁਪਿੰਦਰ ਸੰਧੂ ਨੇ ਵੰਡ 1947, ਅਰਵਿੰਦਰ ਕਾਕੜਾ ਨੇ ਭਾਈਚਾਰਕ ਸਾਂਝ, ਸਤਨਾਮ ਸਿੰਘ ਮਾਣਕ ਨੇ ਭਾਰਤ-ਪਾਕਿਸਤਾਨ ਦੀ ਅਮਨ ਲਹਿਰ ਆਦਿ ਲੇਖ ਸਮੇਤ ਕੁਝ ਜੰਗ ਬਾਰੇ ਕਵਿਤਾਵਾਂ ਅਤੇ ਹੋਰ ਸਮੱਗਰੀ ਪ੍ਰਕਾਸ਼ਤ ਕੀਤੀ ਗਈ ਹੈ। ਪੰਜ ਪਾਣੀ ਦੇ ਸੰਪਾਦਕ ਪ੍ਰੋ. ਸੁਰਜੀਤ ਜੱਜ ਤੇ ਰਮੇਸ਼ ਯਾਦਵ ਹਨ। ਸੰਪਰਕ ਨੰਬਰ ਹੈ : 98723-18484.

### ਗੁਰਮਤਿ ਪ੍ਰਕਾਸ਼ : ਸਤੰਬਰ, 2025




'ਗੁਰਮਤਿ ਪ੍ਰਕਾਸ਼' ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਤ ਕੀਤਾ ਜਾਂਦਾ ਰਸਾਲਾ ਹੈ। ਰਸਾਲਾ ਗੁਰਮਤਿ ਦੇ ਸਿਧਾਂਤ ਦੀ ਗੱਲ ਕਰਨ ਵਾਲਾ ਹੈ। ਹੱਥਲੇ ਅੰਕ ਵਿੱਚ ਬਲਵਿੰਦਰ ਸਿੰਘ, ਗੁਰਵਿੰਦਰ ਕੌਰ, ਧਰਮ ਸਿੰਘ, ਰੂਪ ਸਿੰਘ, ਗੁਰਚਰਨਜੀਤ ਸਿੰਘ ਲਾਂਬਾ, ਗੁਰਪ੍ਰੀਤ ਸਿੰਘ, ਅਵਤਾਰ ਸਿੰਘ ਆਨੰਦ, ਕਮਰਜੀਤ ਸਿੰਘ ਨੂਰ, ਸਤਿੰਜਰ ਸਿੰਘ, ਮਾਨ ਸਿੰਘ ਨਿਰੰਕਾਰੀ, ਰਾਜਵਿੰਦਰ ਸਿੰਘ ਜੋਗਾ, ਸਤਿਨਾਮ ਸਿੰਘ ਕੋਮਲ, ਕਰਮਜੀਤ ਸਿੰਘ ਦੂਲਾ ਨੰਗਲ, ਅਜ਼ਾਦ ਦੀਪ ਸਿੰਘ, ਬੀਬੀ ਰਜਵੰਤ ਕੌਰ, ਭਾਈ ਰੇਸ਼ਮ ਸਿੰਘ, ਬਲਬੀਰ ਸਿੰਘ ਹੰਸਪਾਲ ਤੇ ਭਾਈ ਹਰਪ੍ਰੀਤ ਸਿੰਘ ਦੇ ਗੁਰਬਾਣੀ, ਗੁਰੂ ਗ੍ਰੰਥ ਸਾਹਿਬ, ਸਿੱਖ ਧਰਮ, ਗੁਰੂ ਸਾਹਿਬ ਤੇ ਗੁਰੂ ਰਾਮਦਾਸ ਸਰਾਂ ਆਦਿ ਆਦਿ ਸਬੰਧੀ ਲੇਖ ਪ੍ਰਕਾਸ਼ਤ ਹੋਏ ਹਨ। ਅੰਕ ਦੀ ਸੰਪਾਦਕੀ 'ਗੁਰਬਾਣੀ ਦਾ ਅਦਬ ਸਤਿਕਾਰ' ਦੀ ਗੱਲ ਕਰਦੀ ਹੈ। ਇਸ ਅੰਕ ਦੇ ਸਫ਼ੇ : 98, ਮੁੱਲ : 5 ਰੁਪਏ ਹੈ। ਗੁਰਮਤਿ ਪ੍ਰਕਾਸ਼ ਦੇ ਸੰਪਾਦਕ : ਸਤਵਿੰਦਰ ਸਿੰਘ, ਸਹਾਇਕ ਸੰਪਾਦਕ : ਬਿਕਰਮਜੀਤ ਸਿੰਘ ਹਨ। ਸੰਪਰਕ : ਸਕੱਤਰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਸੰਪਦਕ 0183-2553956-59 ਐਕਸ 304 ਰਚਨਾਵਾਂ ਭੇਜਣ ਲਈ- gurmatparkashmonthly@gmail.com

*ਗੁਰਸੇਵਕ ਲੰਬੀ ਸੂਖਮ ਅਹਿਸਾਸਾਂ ਦਾ ਸ਼ਾਇਰ ਹੈ। 'ਮੇਰਾ ਬਸਤਾ' ਕਿਤਾਬ 'ਚ ਗੁਰਸੇਵਕ ਨੇ ਬਾਲ ਮਨ ਦੇ ਸੂਖਮ ਅਹਿਸਾਸ ਨੂੰ ਬਾਰੀਕੀ ਨਾਲ ਪੇਸ਼ ਕੀਤਾ ਹੈ। ਸ਼ਾਇਰ ਦੇ ਨਾਲ-ਨਾਲ ਉਹ ਚਿੰਤਕ ਵੀ ਹੈ। ਉਸ ਨੇ 'ਬਸਤੀਵਾਦ, ਉੱਤਰ ਬਸਤੀਵਾਦ ਤੇ ਪੰਜਾਬੀ ਨਾਟਕ' 'ਤੇ ਮਿਆਰੀ ਕਾਰਜ ਕੀਤਾ ਹੈ। 'ਭੱਖੜਾ' ਉਸ ਦਾ ਕਾਵਿ ਸੰਗ੍ਰਹਿ ਹੈ, ਜਿਸ ਵਿੱਚ ਉਸ ਨੇ 'ਭੱਖੜਾ' ਨੂੰ ਵੱਖ-ਵੱਖ ਕਵਿਤਾਵਾਂ 'ਚ ਚਿਹਨ ਵਜੋਂ ਵਰਤਿਆ ਹੈ। 'ਮੇਰਾ ਬਸਤਾ' ਵੀ ਇੱਕ ਚਿਹਨ ਹੈ। ਉਹ ਚਿਹਨ ਜਿਸ ਰਾਹੀਂ ਗੁਰਸੇਵਕ ਆਪਣੇ ਸਵੈ, ਪਰਵਾਰ ਤੇ ਪਿੰਡ ਦੀਆਂ ਜੜ੍ਹਾਂ ਦੀ ਤਲਾਸ਼ ਕਰਦਾ ਹੈ। ਹੁਣ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਮੁਖੀ ਵਜੋਂ ਸੇਵਾ ਨਿਭਾਅ ਰਹੇ ਹਨ।*

# ਡਾ. ਗੁਰਸੇਵਕ ਲੰਬੀ ਦੀਆਂ ਗ਼ਜ਼ਲਾਂ



ਉਸ ਦਰਿਆ ਦੇ ਪਾਣੀਆਂ ਅੰਦਰ, ਖੌਰੇ ਕਿਹੜਾ ਸੋਕਾ ਬੈਠਾ
ਵਗਦਾ ਵਗਦਾ ਰੁਕ ਜਾਂਦਾ ਹੈ, ਜਿਉਂ ਪਿੱਛੇ ਕੋਈ ਪਿਆਸਾ ਬੈਠਾ

ਉਹ ਤਾਂ ਵਸਤੂ ਹੋ ਚੁੱਕਾ ਹੈ, ਧੜਕਣ ਅਪਣੀ ਖੋ ਚੁੱਕਾ ਹੈ
ਉਹ ਤਾਂ ਕਦ ਦਾ ਮੋ ਚੁੱਕਾ ਹੈ, ਮੇਰੇ ਵਿਚ ਸੀ ਬੰਦਾ ਬੈਠਾ

ਫੁੱਲ, ਬਹਾਰਾਂ ਤੇ ਗੁਲਜ਼ਾਰਾਂ, ਸਭ ਨੂੰ ਉਹੋ ਟਿੱਚ ਜਾਣਦਾ
ਗਜ਼ਲਾਂ ਦੇ ਪਰ ਸ਼ਿਅਰ ਦੱਸਦੇ, ਉਸ ਅੰਦਰ ਇਕ ਹਉਂਕਾ ਬੈਠਾ

ਸਾਡਾ ਵੀ ਕਿ ਦਿਨ ਚੜ੍ਹ ਜਾਵੇ, ਬੁੱਕਾਂ ਭਰ ਭਰ ਚਾਨਣ ਆਵੇ
ਇਸਨੂੰ ਥੋੜ੍ਹਾ ਤੂੰ ਸਰਕਾਦੇ, ਤੇਰੀ ਖਿੜਕੀ ਪਰਦਾ ਬੈਠਾ

ਚਮਕਾਂ, ਦਮਕਾਂ, ਲਿਸ਼ਕਾਂ, ਪੁਸ਼ਕਾਂ, ਪਿੰਡੇ ਉਤੇ ਮਲੀਆਂ ਮੁਸ਼ਕਾਂ
ਅੱਜਕੱਲ੍ਹ ਬੰਦਾ ਇੰਝ ਲੱਗਦਾ ਹੈ, ਜਿਉਂ ਹੋਵੇ ਕੋਈ ਤੋਹਫ਼ਾ ਬੈਠਾ

ਤੂੰ ਹੀ ਨੈਣ ਨਾ ਕਾਸੇ ਕੀਤੇ, ਤੰਦਾਂ ਤਾਣੇ ਪਾਸੇ ਕੀਤੇ
ਤੇਰੇ ਉੱਤੇ ਡੁੱਲ੍ਹਣ ਖਾਤਰ, ਉਹ ਤਾਂ ਕਦ ਦਾ ਭਰਿਆ ਬੈਠਾ

ਤੇਰੇ ਬੋਲ ਵੀ ਸ਼ੋਰ ਹੋ ਗਏ, ਮੇਰੇ ਕੰਨ ਵੀ ਹੋਰ ਹੋ ਗਏ
ਸਾਡੇ ਦੋਹਾਂ ਵਿਚ ਵਿਚਾਲੇ, ਜਦ ਦਾ ਆ ਕੇ ਬਟੂਆ ਬੈਠਾ

(2)

ਤੇਰੀ ਯਾਦ ਦਾ ਪਾਣੀ ਕੱਲ੍ਹ ਹੀ ਵੱਢਿਆ ਹੈ
ਆਪਣੀ ਰੂਹ ਦੇ ਖੇਤਾਂ ਦੇ ਵੱਲ ਛੱਡਿਆ ਹੈ

ਮਨ-ਮਰਜ਼ੀ ਦਾ ਤੜਕਾ ਇਹਨੂੰ ਲਾਵਾਂਗੇ
ਔਖੇ ਹੋ ਕੇ ਇਸ਼ਕ ਦਾ ਛੋਲੀਆ ਕੱਢਿਆ ਹੈ

ਉਹਦੇ ਲਈ ਵੀ ਗੁਲ-ਗੁਲਦਸਤਾ ਹੋਵਾਂਗੇ
ਜਿਸ ਨੇ ਸਾਡੇ ਪੈਰੀਂ ਭੱਖੜਾ ਗੱਡਿਆ ਹੈ

ਸੁੱਤਾ ਹੋਇਆ ਵੀ ਸੱਸੀ ਲਈ ਜਾਗੇਗਾ
ਪੁੰਨ੍ਹੂ ਲਈ ਅਸੀਂ ਨਵਾਂ ਸਰ੍ਹਾਣਾ ਕੱਢਿਆ ਹੈ

ਉਸ ਨੂੰ ਸੁਣਿਆ ਅੱਜਕੱਲ੍ਹ ਹਉਂਕੇ ਲਗਦੇ ਨੇ
ਜਿਹੜੇ ਜੰਡ ਦੇ ਥੱਲੇ ਮਿਰਜ਼ਾ ਵੱਢਿਆ ਹੈ

ਮੈਨੂੰ ਮੇਰੀਆਂ ਛਾਵਾਂ ਵਾਪਸ ਮੋੜ ਦਿਓ
ਰੁੱਖ ਨੇ ਆ ਕੇ ਸ਼ਹਿਰ 'ਚ ਪੱਲਾ ਅੱਡਿਆ ਹੈ

(3)

ਤੂੰ ਰੁੱਖਾਂ ਨੂੰ ਦੇ ਧਰਵਾਸ ਕਦੇ
ਛਾਵਾਂ ਆਉਣਗੀਆਂ ਤੇਰੇ ਪਾਸ ਕਦੇ

ਤੇਰੇ ਜੰਗਲ ਨੇ ਹੋਣਾ ਸੀ ਬੇਸੁਰਾ
ਤੂੰ ਉੱਗਣ ਨ੍ਹੀਂ ਦਿੱਤਾ ਬਾਂਸ ਕਦੇ

ਤੂੰ ਗਜ਼ਲਾਂ ਦੇ ਸ਼ਿਅਰਾਂ 'ਚ ਭਰ ਜ਼ਿੰਦਗੀ
ਫੇਰ ਹੋਣੇ ਨਈ੍ਹਂ ਪੰਨੇ ਉਦਾਸ ਕਦੇ

ਤੇਰੇ ਜੁਗਨੂੰ ਵੀ ਸੂਰਜ ਕਿ ਬਣ ਜਾਣਗੇ
ਤੂੰ ਹੋਵੀਂ ਨਾ ਸੱਜਣਾ ਬੇ-ਆਸ ਕਦੇ

ਕੋਈ ਦੀਵਾ ਦਿਸ਼ਾ ਤੋਂ ਉਲਟ ਬਲ਼ੇ
ਇਹ ਪੌਣਾਂ ਨੂੰ ਆਉਂਦਾ ਨ੍ਹੀਂ ਰਾਸ ਕਦੇ

(4)

ਉਸ ਦੇ ਅੰਦਰ ਕੈਸੀ ਤੇਹ ਦਾ ਵਾਸਾ ਹੈ
ਦਰਿਆ ਦੇ ਵਿਚ ਰਹਿ ਕੇ ਵੀ ਉਹ ਪਿਆਸਾ ਹੈ

ਮਾੜੇ ਵਕਤਾਂ ਵਿਚ ਵੀ ਡੋਲਣ ਨਈ੍ਹਂ ਦਿੰਦੀ
ਉਸ ਦੀ ਦਿੱਤੀ ਘੜੀ ਦਾ ਇਹੀ ਖਾਸਾ ਹੈ

ਉਸ ਦੇ ਚਾਨਣ ਤੀਕਰ ਤੇਰੀ ਪਹੁੰਚ ਨਹੀਂ
ਉਹ ਤਾਂ ਚੰਦਰਮਾ ਦਾ ਪਰਲਾ ਪਾਸਾ ਹੈ

ਉਹ ਨਾਟਕ ਦਾ ਪਾਤਰ ਕੈਸਾ ਪਾਤਰ ਸੀ
ਉਹਦੇ ਬਾਝੋਂ ਨਾਟਕ ਬਹੁਤ ਉਦਾਸਾ ਹੈ

ਨਾਗਾ, ਡੰਗ ਨਾ ਬੈਠੀ ਨਈ੍ਹਂ ਤਾਂ ਮਰਜੇਂਗਾ
ਬੰਦੇ ਅੰਦਰ ਸੌ ਨਾਗਾਂ ਦਾ ਵਾਸਾ ਹੈ

ਅਸਿਸਟੈਂਟ ਪ੍ਰੋਫ਼ੈਸਰ
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
**ਮੋਬਾ: 99141-50353**

# ਸਮਕਾਲੀ ਹਿੰਦੀ ਨਜ਼ਮਾਂ

**ਅਨੁਵਾਦ : ਤ੍ਰੈਲੋਚਨ ਲੋਚੀ**
**ਮੋਬਾਈਲ: 98142-53315**

## ਬੇਰੁਜ਼ਗਾਰ

ਇਹ ਸਵਾਲ
ਉਸ ਨੂੰ ਸ਼ਰਮਿੰਦਾ ਕਰ ਦਿੰਦਾ ਹੈ
ਕਿ ਉਹ ਕੀ ਕਰ ਰਿਹਾ ਹੈ ਅੱਜਕੱਲ੍ਹ
ਉਹ ਡਾਕੇ ਵੀ ਨਹੀਂ ਮਾਰਦਾ
ਉਹ ਤਸਕਰੀ ਵੀ ਨਹੀਂ ਕਰਦਾ
ਉਹ ਕਿਸੇ ਹੱਤਿਆ ਵਿੱਚ ਵੀ ਸ਼ਾਮਲ ਨਹੀਂ
ਉਹ ਫ਼ਰੇਬੀ ਵਾਅਦੇ ਵੀ ਨਹੀਂ ਕਰਦਾ
ਉਹ ਦੇਸ਼ ਵੀ ਨਹੀਂ ਚਲਾਉਂਦਾ

ਫਿਰ ਵੀ ਇਹ ਸਵਾਲ
ਉਸ ਨੂੰ ਸ਼ਰਮਿੰਦਾ ਕਰ ਦਿੰਦਾ ਹੈ
ਕਿ ਉਹ ਕੀ ਕਰ ਰਿਹਾ ਹੈ ਅੱਜਕਲ੍ਹ...

**- ਦੇਵੀ ਪ੍ਰਸਾਦ ਮਿਸ਼ਰ**

## ਮਾਚਿਸ ਦੀ ਡੱਬੀ..

ਮੇਰੇ ਘਰ ਵਿੱਚ ਪਈ
ਮਾਚਿਸ ਦੀ ਡੱਬੀ ਨੇ
ਇਹ ਦੱਸਿਆ
ਕਿ ਅੱਗ ਲਾਉਣ ਵਾਲਿਆਂ ਦੀ ਕੀਮਤ
ਦੋ ਕੌਡੀ ਤੋਂ
ਵੱਧ ਨਹੀਂ ਹੁੰਦੀ ....

**- ਅਮੀਰ ਚਤੁਰਵੇਦੀ**

## ਰੋਟੀ...

ਰੋਟੀ ਕਿੰਨੀ ਮਹਿੰਗੀ ਹੈ
ਇਹ ਤਾਂ ਸਿਰਫ਼
ਓਹੀ ਔਰਤ ਦੱਸੇਗੀ
ਜਿਸ ਨੇ ਆਪਣਾ
ਜਿਸਮ ਗਿਰਵੀ ਰੱਖ ਕੇ
ਇਸ ਦੀ ਕੀਮਤ
ਅਦਾ ਕੀਤੀ ਹੈ.....

**- ਅਦਮ ਗੌਂਡਵੀ**

## ਘਰੇਲੂ ਔਰਤਾਂ...

ਘਰੇਲੂ ਔਰਤਾਂ
ਸਾਰਾ ਦਿਨ ਹੀ
ਡੁੱਬੀਆਂ ਰਹਿੰਦੀਆਂ
ਬਹੁਤ ਸਾਰੀਆਂ
ਚਿੰਤਾਵਾਂ ਵਿੱਚ...

ਫਿਰ ਜਦੋਂ ਕਦੇ
ਘਰ ਦੀ ਦਹਿਲੀਜ਼ ਤੋਂ
ਨਿਕਲਦੀਆਂ ਨੇ ਬਾਹਰ..

ਤਾਂ .. ਖ਼ੁਦ ਨੂੰ
ਦਹਿਲੀਜ਼ ਅੰਦਰ ਹੀ
ਛੱਡ ਕੇ ਜਾਂਦੀਆਂ.....

**- ਸਾਰਿਕਾ ਭੂਸ਼ਨ**

## ਇਤਿਹਾਸ.....

ਜਦੋਂ ਤੱਕ ਹਿਰਨ
ਆਪਣਾ ਇਤਿਹਾਸ
ਖ਼ੁਦ ਨਹੀਂ ਲਿਖਣਗੇ...

ਓਦੋਂ ਤੱਕ...
ਹਿਰਨਾਂ ਦੇ ਇਤਿਹਾਸ ਵਿੱਚ
ਸ਼ਿਕਾਰੀਆਂ ਦੀ
ਬਹਾਦਰੀ ਦੇ ਕਿੱਸੇ
ਗਾਏ ਜਾਂਦੇ ਰਹਿਣਗੇ..

**- ਚਿਨੁਵਾ ਅਚੇਬੇ**

## ਗ਼ੈਰ-ਹਾਜ਼ਰ...

ਗੁੱਸਾ ?
ਹਾਜ਼ਰ ਸਰ..

ਨਫ਼ਰਤ ?
ਹਾਜ਼ਰ ਸਰ...

ਧੋਖਾ ?
ਹਾਜ਼ਰ ਸਰ ...

ਬੇਈਮਾਨੀ ?
ਹਾਜ਼ਰ ਸਰ ...

ਅੱਥਰੂ ?
ਸਭ ਤੋਂ ਪਹਿਲਾਂ ਹਾਜ਼ਰ ਸਰ..

ਦਇਆ ?
ਹਾਜ਼ਰ ਸਰ..

ਪਿਆਰ ?

ਪਿਆਰ ?
ਪਿਆਰ ?
ਅੱਜ ਫਿਰ ਗ਼ੈਰ ਹਾਜ਼ਰ ?

**- ਗੀਤ ਚਤੁਰਵੇਦੀ**

## ਮਾਂ....

ਮੈਨੂੰ ਲੱਗਦਾ ਹੈ
ਮਾਂ ਚਲਾਕ ਹੈ
ਬਹੁਤ ਚਲਾਕ...

ਘਰ ਦੇ ਕੋਨੇ ਕੋਨੇ 'ਚੋਂ
ਚੁਣ ਚੁਣ ਕੇ
ਸਾਰੇ ਦੁੱਖਾਂ ਨੂੰ
ਲੱਭ ਲੈਣਾ ਚਾਹੁੰਦੀ ਹੈ
ਸਾਡੇ ਤੱਕ
ਪਹੁੰਚਣ ਤੋਂ ਪਹਿਲਾਂ ਹੀ.....
ਸ਼ਾਇਦ ਏਸੇ ਕਰਕੇ ਹੀ
ਉਹ ਕਦੇ ਵੀ
ਵਿਹਲੀ ਨਹੀਂ ਰਹਿੰਦੀ.....
ਤੇ
ਸਾਡੇ ਦੁੱਖਾਂ ਨੂੰ
ਸੁੱਖਾਂ ਵਿੱਚ ਬਦਲਣ ਦੀਆਂ
ਨਵੀਆਂ ਨਵੀਆਂ
ਤਰਕੀਬਾਂ ਲੱਭਣ 'ਚ ਹੀ
ਲੰਘਾਅ ਦਿੰਦੀ ਹੈ
ਆਪਣਾ ਸਾਰਾ ਜੀਵਨ...

ਮੈਨੂੰ ਲੱਗਦਾ ਹੈ
ਮਾਂ ਚਲਾਕ ਹੈ
ਬਹੁਤ ਚਲਾਕ....

**- ਅੰਸ਼ਕਾ ਸ਼ੁਕਲਾ**



## ਸ.ਫ਼ਾ 2 ਦੀ ਬਾਕੀ

## ਬੇਜ਼ਮੀਨੇ ਮਜ਼ਦੂਰਾਂ ਦੀ ਦਰਦ ਕਹਾਣੀ ...

ਕਹਿ ਲਵੋ ਕਿ ਉਹ ਆਰੀਅਨਾਂ ਤੋਂ ਪਹਿਲਾਂ ਇਥੇ ਰਹਿੰਦੇ ਸਨ, ਪਰ ਇਹ ਇਤਿਹਾਸਿਕ/ਮਿਥਿਹਾਸਕ ਤੱਥ ਵੀ ਨਾ ਝੁਠਲਾਇਆ ਜਾਣ ਵਾਲਾ ਹੈ ਕਿ ਆਰੀਅਨਾਂ ਦੇ ਆਉਣ ਤੋਂ ਪਹਿਲਾਂ ਹੀ ਭਾਰਤੀ ਸਮਾਜ ਗੁਲਾਮਦਾਰੀ ਵਿਵਸਥਾ 'ਚੋਂ ਦੀ ਗੁਜ਼ਰ ਰਿਹਾ ਸੀ, ਭਾਵ ਕਿ ਇਥੇ ਪਹਿਲਾਂ ਹੀ ਕਮਾਊ ਲੋਕ ਗ਼ੁਲਾਮ ਸਨ ਤੇ ਉਨ੍ਹਾਂ ਦੇ ਮਾਲਕ ਜੋ ਇੱਥੋਂ ਦੇ ਹੀ ਸਨ, ਉਨ੍ਹਾਂ 'ਤੇ ਜ਼ੁਲਮ ਕਰਦੇ ਸਨ। ਇਹਨਾਂ ਦੋ ਜਮਾਤਾਂ ਦਰਮਿਆਨ ਜਮਾਤੀ ਵਿਰੋਤਾਈ ਮੌਜੂਦ ਸੀ। ਅਸਲੀਅਤ ਤਾਂ ਇਹ ਹੈ ਕਿ ਆਰੀਅਨਾਂ ਦੇ ਹਮਲਿਆਂ ਸਮੇਂ ਇਹਨਾਂ ਗੁਲਾਮਾਂ ਨੇ ਆਪਣੇ ਮਾਲਕਾਂ ਦਾ ਸਾਥ ਨਹੀਂ ਦਿੱਤਾ, ਕਿਉਂਕਿ ਉਹ ਤਾਂ ਉਨ੍ਹਾਂ ਦੇ ਜ਼ੁਲਮਾਂ ਦਾ ਸ਼ਿਕਾਰ ਸਨ, ਇਸੇ ਕਾਰਨ ਹੀ ਇੱਥੋਂ ਦੇ ਗੁਲਾਮ ਮਾਲਕ ਆਰੀਅਨਾਂ ਕੋਲੋਂ ਹਾਰੇ ਹਨ ਪਰ ਆਪਣੇ ਜਮਾਤੀ ਕਿਰਦਾਰ ਕਾਰਨ, ਪਹਿਲਾਂ ਵਾਲੇ ਗ਼ੁਲਾਮ ਮਾਲਕ ਹਾਰ ਕੇ ਵੀ ਉਸੇ ਆਰੀਅਨ ਸਮਾਜ ਵਿਚ ਸਨਮਾਨਯੋਗ ਸਥਾਨ ਹਾਸਲ ਕਰ ਗਏ ਤੇ ਉਨ੍ਹਾਂ ਨੇ ਆਰੀਅਨ ਸੰਸਕ੍ਰਿਤੀ ਅਤੇ ਵਿਚਾਰਧਾਰਾ ਅਪਣਾਅ ਲਈ ਕਿਉਂ ਜੋ ਉਹ ਮਾਲਕ ਸਨ ਤੇ ਨਵੇਂ ਮਾਲਕਾਂ ਨੇ ਉਨ੍ਹਾਂ ਨਾਲ ਮਾਲਕਾਂ ਵਾਲਾ ਵਿਵਹਾਰ ਕੀਤਾ ਪਰ ਗੁਲਾਮ, ਗੁਲਾਮ ਹੀ ਰਹੇ। ਇਹ ਵੀ ਵਿਸ਼ੇਸ਼ ਜ਼ਿਕਰਯੋਗ ਹੈ ਕਿ ਮਨੂੰਵਾਦੀ ਵਿਚਾਰਧਾਰਾ, ਆਰੀਅਨਾਂ ਦੇ ਸ਼ਾਸਕ ਵਰਗ ਦੀ ਵਿਚਾਰਧਾਰਾ ਸੀ/ਹੈ ਸਾਰੇ ਆਰੀਅਨ ਸ਼ਾਸਕ ਨਹੀਂ ਸਨ, ਉਨ੍ਹਾਂ ਵਿੱਚ ਵੀ ਗੁਲਾਮ ਸਨ। ਇਸ ਕਰਕੇ ਆਰੀਅਨਾਂ ਤੋਂ ਪਹਿਲਾਂ ਵਾਲੇ ਗ਼ੁਲਾਮ ਮਾਲਕਾਂ ਜਾਂ ਰਾਜਿਆਂ ਨੂੰ ਮੌਜੂਦਾ ਦਲਿਤਾਂ ਦੇ ਹੀਰੋ ਬਣਾ ਕੇ ਪੇਸ਼ ਕਰਨਾ ਤੇ ਉਨ੍ਹਾਂ 'ਤੇ ਮਾਣ ਕਰਨਾ ਇਕ ਭਰਮ ਹੀ ਹੈ। ਬਾਅਦ ਦੇ ਇਤਿਹਾਸਕ ਪੜਾਵਾਂ ਮੌਕੇ ਵੀ ਇੰਝ ਵਾਪਰਦਾ ਰਿਹਾ। ਰਾਜਿਆਂ/ਮਹਾਰਾਜਿਆਂ ਵਿਚਕਾਰ ਸੱਤਾ ਲਈ ਯੁੱਧ ਵੀ ਹੁੰਦੇ ਰਹੇ ਤੇ ਸੰਧੀਆਂ-ਸਮਝੌਤੇ ਵੀ ਹੁੰਦੇ ਰਹੇ, ਪਰ ਰਾਜੇ ਕਦੇ ਰੰਕ ਨਹੀਂ ਬਣੇ, ਜਿੱਤੇ/ਹਾਰੇ ਰਾਜਿਆਂ ਨੇ ਮਿਲ ਕੇ ਅਧੀਨ ਪੈਦਾਵਾਰੀ ਸ਼ਕਤੀਆਂ ਨੂੰ ਕਦੇ ਉੱਪਰ ਨਹੀਂ ਆਉਣ ਦਿੱਤਾ, ਜੇ ਬਹੁਤ ਨੇੜੇ ਦੀ ਉਦਾਹਰਣ ਦੇਣੀ ਹੋਵੇ ਤਾਂ ਅੰਗਰੇਜ਼ ਬਸਤੀਵਾਦੀਆਂ ਦੀ ਅਧੀਨਗੀ ਮੰਨ ਕੇ ਇੱਥੋਂ ਦੇ ਬਹੁ-ਗਿਣਤੀ ਦੇਸੀ ਰਿਆਸਤੀ ਰਾਜਿਆਂ ਨੇ ਆਪਣਾ ਰਾਜਭਾਗ ਕਾਇਮ ਰੱਖਿਆ, ਪਰ ਅਧੀਨ ਪੈਦਾਵਾਰੀ ਸ਼ਕਤੀਆਂ 'ਤੇ ਉਹ ਉਸੇ ਤਰ੍ਹਾਂ ਜ਼ੁਲਮ ਕਰਦੇ ਰਹੇ, (ਇਹ ਰਿਆਸਤਾਂ ਦੇ ਰਾਜੇ ਹਿੰਦੂ ਵੀ ਸਨ, ਮੁਸਲਮਾਨ ਵੀ ਸਨ ਤੇ ਸਿੱਖ ਵੀ) ਹੁਣ ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਵੀ, ਉਹੀ ਰਾਜੇ, ਰਾਜ ਭਾਗ ਵਿਚ ਹਿੱਸੇਦਾਰ ਹਨ ਤੇ ਉਨ੍ਹਾਂ ਦੀਆਂ ਜਾਗੀਰਾਂ ਵੀ ਉਸੇ ਤਰ੍ਹਾਂ ਕਾਇਮ ਹਨ, ਸਗੋਂ ਵਧ ਕੇ ਕਈ ਗੁਣਾ ਹੋ ਗਈਆਂ ਹਨ। ਇਸ ਕਰਕੇ ਇਹ ਗੱਲ ਜ਼ਿਹਨ ਵਿੱਚ ਰਹਿਣੀ ਚਾਹੀਦੀ ਹੈ ਕਿ ਸ਼ਾਸਕਾਂ ਦਾ ਜਮਾਤੀ ਕਿਰਦਾਰ ਪੈਦਾਵਾਰੀ ਸ਼ਕਤੀਆਂ ਨੂੰ ਦਬਾ ਕੇ ਰੱਖਣਾ ਹੁੰਦਾ ਹੈ ਉਨ੍ਹਾਂ ਦਾ ਧਰਮ ਜਾਂ ਦੇਸ਼ ਭਾਵੇਂ ਕੋਈ ਹੋਵੇ, ਪਰ ਇਸ ਦਰਦ ਕਹਾਣੀ 'ਚ ਇਕ ਵਿਡੰਬਨਾ ਇਹ ਵੀ ਹੈ ਕਿ ਬੇਜ਼ਮੀਨੇ ਮਜ਼ਦੂਰਾਂ/ਸਾਧਨਹੀਣਾਂ ਨੇ ਜਾਤਪਾਤੀ ਵਿਵਸਥਾ ਤੋਂ ਛੁਟਕਾਰਾ ਪਾਉਣ ਲਈ ਧਰਮ ਬਦਲ ਕੇ ਵੀ ਦੇਖੇ ਹਨ, ਪਰ ਉਨ੍ਹਾਂ ਦੀ ਸਮਾਜਿਕ ਦਸ਼ਾ ਨਹੀਂ ਬਦਲੀ। ਗੀਤ ਦਾ ਅਗਲਾ ਅੰਤਰਾ ਇਸ ਦਰਦ ਨੂੰ ਇਉਂ ਬਿਆਨ ਕਰਦਾ ਹੈ।

"ਗੁਰੂ ਘਰਾਂ ਵਿੱਚ ਵੱਖਰੀ ਪੰਗਤ ਬੈਠੇ ਗੁਰ ਕੇ ਬੇਟੇ
ਕੋਈ ? ਧਰਮ ਵੀ ਅਪਣਾਵੇ ਨਾ ਇਹ ਕਿਸ ਰੱਬ ਦੇ ਬੇਟੇ
ਸਭ ਧਰਮਾਂ ਵਿੱਚ ਚੌਥਾ ਦਰਜਾ ਮਿਲਿਆ ਨਾ ਛੁਟਕਾਰਾ
ਇਹੋ ਜੀਣ ਹਮਾਰਾ....."

ਮੱਧ ਕਾਲ ਵਿਚ ਭਗਤੀ ਲਹਿਰ ਦੇ ਸੰਤਾਂ ਨੇ ਬੜੀ ਦਲੇਰੀ ਨਾਲ, ਆਪਣੇ ਭਗਤੀ ਭਾਵ ਵਾਲੇ ਅੰਦਾਜ਼ ਨਾਲ ਜਾਤਪਾਤ ਦਾ ਜ਼ੋਰਦਾਰ ਖੰਡਨ ਕੀਤਾ। ਸਿੱਖ ਗੁਰੂ ਸਾਹਿਬਾਨ ਨੇ ਵੀ ਜ਼ੋਰਦਾਰ ਢੰਗ ਨਾਲ ਖੰਡਨ ਕਰਕੇ ਇਸ ਜਾਤਪਾਤੀ ਵਿਵਸਥਾ ਨੂੰ ਨਿੰਦਿਆ ਵੀ ਤੇ ਇਸ ਨੂੰ ਖੋਰਨ ਦਾ ਯਤਨ ਵੀ ਕੀਤਾ ਪਰ ਸੰਤਾਂ-ਮਹਾਪੁਰਸ਼ਾਂ ਦੇ "ਇਕੱਲੇ" ਪ੍ਰਚਾਰ ਕਰਨ ਨਾਲ ਇਹ ਜਾਤਪਾਤੀ ਵਿਵਸਥਾ ਟੁੱਟ ਨਾ ਸਕੀ ਪਰ ਇਹਨਾਂ ਯਤਨਾਂ ਨੇ ਪੀੜਤ ਲੋਕਾਂ ਦੇ ਮਨਾਂ ਨੂੰ ਕੁਝ ਧਰਵਾਸਾ ਜ਼ਰੂਰ ਬਨ੍ਹਾਇਆ ਤੇ ਇਉਂ ਚਾਹੇ ਬਹੁਤ ਥੋੜ੍ਹੇ ਸਹੀ, ਜ਼ਾਤ-ਪਾਤ ਵਿਰੁੱਧ ਵਿਚਾਰਾਂ ਦੇ ਨਵੇਂ ਬੀਜ ਪੁੰਗਰਨੇ ਸ਼ੁਰੂ ਹੋ ਗਏ।

ਹੁਣ ਕਹਾਣੀ ਵਰਤਮਾਨ ਤੋਂ ਸੌ ਕੁ ਵਰ੍ਹੇ ਪਿਛਾਂਹ ਪਰਤਦੀ ਹੈ, ਬਰਤਾਨਵੀ ਸਾਮਰਾਜ ਖਿਲਾਫ਼, ਮੁਲਕ ਅੰਦਰ ਜਨ ਅੰਦੋਲਨ ਜ਼ੋਰ ਫੜਦਾ ਜਾ ਰਿਹਾ ਹੈ। ਇਨ੍ਹਾਂ ਸਮਿਆਂ ਵਿੱਚ ਹੀ ਮੁਲਕ ਦੇ ਅੱਡ-ਅੱਡ ਹਿੱਸਿਆਂ ਵਿੱਚ ਦਲਿਤਾਂ/ਅਛੂਤਾਂ ਨਾਲ ਹੋ ਰਹੇ ਅਛੂਤ ਵਿਵਹਾਰ ਦੀ ਚਰਚਾ ਵੀ ਹੋ ਰਹੀ ਹੈ, ਡਾਕਟਰ ਬੀ ਆਰ ਅੰਬੇਡਕਰ ਅਤੇ ਹੋਰ ਸਮਾਜ ਸੁਧਾਰਕ ਵੀ ਇਸ ਅਮਾਨਵੀ ਵਿਵਸਥਾ ਵਿਰੁੱਧ ਬੋਲ ਰਹੇ ਸਨ। ਪੰਜਾਬ ਵਿਚ ਨੌਜਵਾਨ ਭਗਤ ਸਿੰਘ ਅਛੂਤ ਦੇ ਸਵਾਲ ਨੂੰ ਜ਼ੋਰਦਾਰ ਢੰਗ ਨਾਲ ਉਠਾਉਂਦਾ ਹੈ। ਵੀਹਵੀਂ ਸਦੀ ਦਾ ਤੀਜਾ ਦਹਾਕਾ ਚੱਲ ਰਿਹਾ ਹੈ, ਟੂ ਨੇਸ਼ਨ ਥਿਊਰੀ ਰਿੜਕੀ ਜਾ ਰਹੀ ਹੈ, ਮੁਸਲਮਾਨ ਵਸੋਂ ਲਈ ਵੱਖਰੇ ਮੁਲਕ ਦੀ ਮੰਗ ਉੱਠ ਰਹੀ ਹੈ, ਮਹਾਤਮਾ ਗਾਂਧੀ ਅਤੇ ਉਸ ਦੇ ਸਾਥੀ ਮੁਲਕ ਦੀ ਵੰਡ ਦੇ ਹਾਮੀ ਹਨ, ਪਰ ਇਕ ਸਵਾਲ ਇਹ ਖੜ੍ਹਾ ਹੋ ਜਾਂਦਾ ਹੈ ਕਿ ਇਹ ਅਛੂਤ ਲੋਕ ਕਿਹੜੇ ਮੁਲਕ ਦਾ ਹਿੱਸਾ ਹੋਣਗੇ ? ਗਾਂਧੀ ਨੂੰ ਇਸ ਗੱਲ ਦੀ ਚਿੰਤਾ ਹੋਈ ਕਿ ਜੇਕਰ ਇਹ ਅਛੂਤ ਨਵੇਂ ਬਣਨ ਵਾਲੇ ਮੁਸਲਿਮ ਦੇਸ਼ ਦਾ ਹਿੱਸਾ ਬਣ ਗਏ ਤਾਂ ਇੱਥੇ ਹਿੰਦੂਆਂ ਦੀ ਆਬਾਦੀ ਘੱਟ ਰਹਿ ਜਾਵੇਗੀ। ਇਸੇ ਸਮੇਂ ਡਾਕਟਰ ਅੰਬੇਦਕਰ ਵੀ ਦਲਿਤ ਅਧਿਕਾਰਾਂ ਦੀ ਗੱਲ ਜ਼ੋਰ ਨਾਲ ਚੁੱਕਦੇ ਹਨ, ਜੀਹਦੇ ਨਾਲ ਗਾਂਧੀ ਦੀ ਚਿੰਤਾ ਹੋਰ ਵਧ ਜਾਂਦੀ ਹੈ। ਇਸ ਸਮੇਂ ਗਾਂਧੀ ਇਕ ਨਵਾਂ ਫਾਰਮੂਲਾ ਘੜਦਾ ਹੈ ਕਿ ਇਹ ਅਛੂਤ ਲੋਕ ਹਿੰਦੂ ਧਰਮ ਦਾ ਹੀ ਹਿੱਸਾ ਹਨ, ਉਹ ਅਛੂਤਾਂ ਨੂੰ ਇੱਕ ਨਵਾਂ ਨਾਂਅ ਦਿੰਦਾ ਹੈ "ਹਰੀਜਨ", ਭਾਵ ਕਿ ਇਹ ਲੋਕ ਹਰੀ ਦੇ ਜਨ ਹਨ (ਰੱਬ ਦੇ ਜੀਅ ਹਨ) ਹਰੀਜਨ ਸ਼ਬਦ ਉਚਾਰਦਿਆਂ ਤਰਸ ਦੀ ਧੁਨੀ ਉਤਪੰਨ ਹੁੰਦੀ ਹੈ, ਜੋ ਗਾਂਧੀ ਤੇ ਉਹਦੇ ਪੈਰੋਕਾਰਾਂ ਦੀ ਅਸਲ ਮਨਸ਼ਾ ਨੂੰ ਪ੍ਰਗਟਾਉਂਦੀ ਹੈ। ਪਾਠਕਾਂ ਨੂੰ ਸੰਖੇਪ ਵਿੱਚ ਇਹ ਦੱਸਣਾ ਜ਼ਰੂਰੀ ਹੈ ਕਿ ਗਾਂਧੀ, ਵਰਣ ਵੰਡ ਦਾ ਕੱਟੜ ਸਮੱਰਥਕ ਸੀ, ਉਸ ਨੇ ਕਦੇ ਵੀ ਜਾਤਪਾਤ ਦਾ ਵਿਰੋਧ ਨਹੀਂ ਸੀ ਕੀਤਾ। ਇਉਂ ਵੀਹਵੀਂ ਸਦੀ ਦੇ ਤੀਜੇ ਦਹਾਕੇ ਤੋਂ, ਅਛੂਤ, ਹਰੀਜਨ ਬਣ ਗਏ।

'ਦਰਦ' ਕਹਾਣੀ ਬੀਤੇ 'ਤੇ ਪਿਛਲਝਾਤ ਮਾਰ ਕੇ ਜਦੋਂ ਫਿਰ ਵਰਤਮਾਨ ਵਿੱਚ ਪ੍ਰਵੇਸ਼ ਕਰਦੀ ਹੈ ਤਾਂ ਅਸੀਂ ਦੇਖਦੇ ਹਾਂ ਕਿ ਆਜ਼ਾਦੀ ਦੇ ਪੌਣੀ ਸਦੀ ਪਾਰ ਕਰਨ ਤੋਂ ਬਾਅਦ ਵੀ ਇਹ ਲੋਕ ਜਾਇਦਾਦ ਹੀਣ ਹੀ ਹਨ। ਸਰਕਾਰਾਂ ਵੱਲੋਂ ਆਟਾ-ਦਾਲ ਵਰਗੀਆਂ ਸਕੀਮਾਂ ਲਿਆਉਣਾ, ਘੱਟੋ-ਘੱਟ ਸੌ ਦਿਨ ਦਾ ਰੁਜ਼ਗਾਰ ਦੇ ਦੇਣ ਲਈ ਮਗਨਰੇਗਾ ਕਾਨੂੰਨ ਬਣਾਉਣਾ ਜਾਂ ਕੇਂਦਰੀ ਤੇ ਸੂਬਾਈ ਸਰਕਾਰਾਂ ਵੱਲੋਂ ਛੋਟੀਆਂ-ਮੋਟੀਆਂ ਹੋਰ "ਰਾਹਤ ਸਹੂਲਤਾਂ" ਦੇਣਾ, ਸਾਫ ਤੌਰ 'ਤੇ ਇਹ ਇਕਬਾਲ ਕਰਨਾ ਹੈ ਕਿ ਅੱਜ ਵੀ ਬੇਜ਼ਮੀਨੇ ਲੋਕ ਮੰਦੇਹਾਲੀਂ ਹਨ ਅਤੇ ਆਪਣੇ ਜੀਵਨ ਨਿਰਬਾਹ ਲਈ ਉਹਨਾਂ ਕੋਲ ਕੋਈ ਠੋਸ ਵਸੀਲਾ ਨਹੀਂ ਹੈ। ਇਸ ਮੂੰਹ ਬੋਲਦੀ ਹਕੀਕਤ ਨੂੰ ਇਥੋਂ ਦੇਖਿਆ ਜਾ ਸਕਦਾ ਕਿ ਸਾਡੇ ਸਮਿਆਂ 'ਚ ਗਰੀਬਾਂ ਤੋਂ ਹੇਠਾਂ ਵੀ ਗਰੀਬ ਹਨ (ਬੀ ਪੀ ਐੱਲ) ਜਿਹਨਾਂ ਨੂੰ ਗ਼ਰੀਬੀ ਰੇਖਾ ਤੋਂ ਹੇਠਾਂ ਵਾਲਾ ਹਿੱਸਾ ਕਿਹਾ ਜਾਂਦਾ ਹੈ। ਨਿਸ਼ਚਿਤ ਤੌਰ 'ਤੇ ਇਹ ਲੋਕ ਬੇਜ਼ਮੀਨੇ/ਸਾਧਨਹੀਣ ਲੋਕ ਹੀ ਹਨ, ਸਰਕਾਰਾਂ ਦੇ ਦਾਅਵਿਆਂ ਦੇ ਉਲਟ ਬੇਜ਼ਮੀਨਿਆਂ ਦੀ ਮੌਜੂਦਾ ਹਾਲਤ ਨੂੰ ਗੀਤ ਦਾ ਅਗਲਾ ਅੰਤਰਾ ਇਉਂ ਬਿਆਨ ਕਰਦਾ ਹੈ-

"ਮੁੱਕ ਗਏ ਪਿੰਡਾਂ ਵਿੱਚੋਂ ਮਿਲੇ ਨਾ ਸ਼ਹਿਰ ਦਿਹਾੜੀ,
ਬਿਜਲੀ ਪਾਣੀ ਬੰਦ ਕਰਾਂਗੇ ਹੁਕਮ ਹੋਇਆ ਸਰਕਾਰੀ,
ਸੌ ਦਿਨ ਦਾ ਰੁਜ਼ਗਾਰ ਵੀ ਐਵੇਂ ਨਿਕਲਿਆ ਝੂਠਾ ਲਾਰਾ,
ਇਹੋ ਜੀਣ ਹਮਾਰਾ...."

ਹਾਲਾਂਕਿ ਮੌਜੂਦਾ ਸਮੇਂ ਵਿੱਚ ਇਹ ਲੋਕ ਭਾਰਤੀ/ਪੰਜਾਬੀ ਅਰਥ ਵਿਵਸਥਾ 'ਚ ਆਪਣਾ ਭਰਪੂਰ ਯੋਗਦਾਨ ਪਾ ਰਹੇ ਹਨ, ਇਹ ਕੋਈ ਨਿਰਾਪੁਰਾ ਸਰਕਾਰੀ ਰਾਹਤ 'ਤੇ ਨਹੀਂ ਬੈਠੇ, ਪਰ ਰੁਜ਼ਗਾਰ ਦਾ ਕੋਈ ਪੱਕਾ ਵਸੀਲਾ ਨਾ ਹੋਣਾ, ਉਹਨਾਂ ਨੂੰ ਜ਼ਮੀਨ ਮਾਲਕ ਪੇਂਡੂ ਧਨਾਢਾਂ 'ਤੇ ਨਿਰਭਰ ਹੋਣ ਲਈ ਮਜਬੂਰ ਕਰਦਾ ਹੈ। ਅਖੌਤੀ ਰਾਹਤ ਸਹੂਲਤਾਂ ਵੀ ਇਹਨਾਂ ਪੇਂਡੂ ਧਨਾਢਾਂ ਦੀ ਮਰਜ਼ੀ 'ਤੇ ਹੀ ਨਿਰਭਰ ਕਰਦੀਆਂ, ਕਿਉਂਕਿ ਰਾਜ ਕਰਦੀਆਂ ਸਿਆਸੀ ਪਾਰਟੀਆਂ ਦੇ ਪਿੰਡਾਂ ਅੰਦਰ ਇਹੋ ਧਨਾਢ ਲੋਕ ਮੁਖੀ ਹੁੰਦੇ ਹਨ ਜਾਂ ਇਉਂ ਕਹਿ ਲਵੋ ਕਿ ਪਿੰਡਾਂ ਅੰਦਰ ਅਸਲ ਸਰਕਾਰ ਇਹਨਾਂ ਧਨਾਢਾਂ ਦੀ ਹੀ ਹੁੰਦੀ ਹੈ, ਜਿਸ ਕਾਰਨ ਇਹਨਾਂ ਦਾ ਜਾਗੀਰੂ ਦਾਬਾ ਬਰਕਰਾਰ ਰਹਿ ਰਿਹਾ ਹੈ। ਇਹ ਦਾਬਾ ਤਦੇ ਹੀ ਟੁੱਟ ਸਕਦਾ ਹੈ ਜੇਕਰ ਜ਼ਮੀਨਾਂ ਦੀ ਮੁੜ ਵੰਡ ਹੋਵੇ, ਪਰ ਹਾਕਮ ਜਮਾਤਾਂ ਜਿਹੜੀਆਂ ਇਹਨਾਂ ਪੇਂਡੂ ਧਨਾਢਾਂ/ਜਗੀਰਦਾਰਾਂ ਅਤੇ ਵੱਡੇ ਸਰਮਾਏਦਾਰਾਂ ਦੀਆਂ ਨੁਮਾਇੰਦਾ ਹਨ, ਉਹ ਕਦੇ ਅਜਿਹਾ ਨਹੀਂ ਚਾਹੁੰਦੀਆਂ, ਭਾਵੇਂ ਕਿ ਲੋਕ ਲਹਿਰਾਂ ਦੇ ਦਬਾਅ ਕਾਰਨ ਉਨ੍ਹਾਂ ਨੂੰ 1972 'ਚ ਜ਼ਮੀਨ ਹੱਦਬੰਦੀ ਕਾਨੂੰਨ ਬਣਾਉਣਾ ਪਿਆ, ਪਰ ਇਹ ਹਕੀਕਤ ਹੈ ਕਿ ਜ਼ਮੀਨ ਦੀ ਕਾਣੀ ਵੰਡ ਉਸੇ ਤਰ੍ਹਾਂ ਬਰਕਰਾਰ ਰਹਿ ਰਹੀ ਹੈ, ਇਸੇ ਕਰਕੇ ਹਾਕਮਾਂ ਦੇ ਬਦਲਣ ਨਾਲ ਬੇਸ਼ੱਕ ਉਨ੍ਹਾਂ ਦੀਆਂ ਸਿਆਸੀ ਪਾਰਟੀਆਂ ਦੇ ਨਾਂਅ ਅਲੱਗ-ਅਲੱਗ ਹੋਣ ਜਾਂ ਉਹਨਾਂ ਦੇ ਧਰਮ ਅਲੱਗ-ਅਲੱਗ ਹੋਣ ਨਾਲ ਕੋਈ ਫਰਕ ਨਹੀਂ ਪੈਂਦਾ। ਮੌਜੂਦਾ ਸਮੇਂ ਹਾਕਮ ਜਮਾਤਾਂ ਇਸੇ ਮਨਸ਼ੇ ਨਾਲ ਕੰਮ ਕਰ ਰਹੀਆਂ ਹਨ। ਪੰਜਾਬ ਦੀ ਉਦਾਹਰਣ ਸਾਡੇ ਸਾਹਮਣੇ ਹੈ, ਜੇਕਰ, ਮਜ਼ਦੂਰ/ਮਜ਼ਦੂਰ ਜਥੇਬੰਦੀਆਂ ਪੰਚਾਇਤੀ ਜ਼ਮੀਨ 'ਚੋਂ ਆਪਣੇ ਹਿੱਸੇ ਦੀ (ਕਾਨੂੰਨੀ) ਜ਼ਮੀਨ ਦੀ ਮੰਗ ਕਰਦੀਆਂ ਹਨ ਤਾਂ ਰਾਜਭਾਗ, ਪੇਂਡੂ ਧਨਾਢਾਂ ਦੀ ਪਿੱਠ 'ਤੇ ਆ ਖੜ੍ਹਦਾ ਹੈ, ਮਜ਼ਦੂਰਾਂ ਨੂੰ ਜਨਤਕ ਤੌਰ 'ਤੇ ਕੁੱਟ ਕੁਟਾਪਾ, ਝੂਠੇ ਪਰਚੇ ਤੇ ਜੇਲ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਇਵੇਂ ਹੀ ਪੰਚਾਇਤੀ ਜ਼ਮੀਨ 'ਚੋਂ ਰਿਹਾਇਸ਼ ਲਈ ਪਲਾਟਾਂ ਦੀ ਮੰਗ ਕਰਨ ਵੇਲੇ ਹੁੰਦਾ ਹੈ। ਬੇਜ਼ਮੀਨਿਆਂ ਨੂੰ ਜ਼ਮੀਨਾਂ ਵਾਲੇ ਅਹਿਸਾਸ ਕਰਵਾਉਂਦੇ ਹਨ ਕਿ ਇਹ ਜ਼ਮੀਨਾਂ ਸਾਡੀਆਂ ਹਨ।

ਬੇਜ਼ਮੀਨਿਆਂ ਦਾ ਵੱਡਾ ਹਿੱਸਾ ਅਜੇ ਗ਼ੈਰ ਜਥੇਬੰਦ ਅਤੇ ਗੈਰ ਚੇਤਨ ਹੋਣ ਕਾਰਨ ਇਸ ਹੋਣੀ ਨੂੰ ਸਵੀਕਾਰੀ ਬੈਠਾ ਹੈ, ਪਰ 'ਆਪਣੀ ਜ਼ਮੀਨ ਹੋਵੇ' ਦੀ ਤਾਂਘ ਵੀ ਉਨ੍ਹਾਂ ਅੰਦਰੋਂ ਮਰਦੀ ਨਹੀਂ, ਕਿਉਂਕਿ ਜ਼ਮੀਨਾਂ ਸਮਾਜਿਕ ਰੁਤਬੇ ਕਾਰਨ ਵੀ ਹਨ, ਉਪਜੀਵਕਾ ਦਾ ਪੱਕਾ ਵਸੀਲਾ ਵੀ ਹਨ।

ਇਤਿਹਾਸਕ ਤੌਰ 'ਤੇ ਇਹ ਬੜਾ ਜ਼ਾਹਰਾ ਤੱਥ ਹੈ ਕਿ ਵਰਣ ਵੰਡ 'ਚ ਜਿਨ੍ਹਾਂ ਨੂੰ ਸ਼ੂਦਰ ਕਿਹਾ ਗਿਆ ਸੀ, ਪਰ ਖੇਤੀ ਕਾਸ਼ਤ ਦੀ ਉਹਨਾਂ ਨੂੰ ਇਜਾਜ਼ਤ ਸੀ, ਸਮਾਂ ਪਾ ਕੇ ਜਦੋਂ ਇਹਨਾਂ ਸ਼ੂਦਰਾਂ ਨੂੰ ਜ਼ਮੀਨਾਂ ਦੀ ਮਾਲਕੀ ਮਿਲ ਗਈ ਤਾਂ ਉਨ੍ਹਾਂ ਦਾ ਸਮਾਜਿਕ ਰੁਤਬਾ ਵੀ ਬਦਲ ਗਿਆ ਤੇ ਉਹ ਅਖੌਤੀ ਉੱਚ ਜਾਤਾਂ ਵਾਲੇ ਬਣ ਗਏ...ਇਹ ਹੈ ਜ਼ਮੀਨ ਦੀ ਤਾਕਤ!

ਇਸ ਲਈ ਜ਼ਮੀਨ ਦਾ ਸਵਾਲ ਬੇਜ਼ਮੀਨਿਆਂ ਲਈ ਅਤੀ ਮਹੱਤਵਪੂਰਨ ਹੈ, ਇਸ ਦੀ ਪ੍ਰਾਪਤੀ ਤੋਂ ਬਿਨਾਂ ਉਹਨਾਂ ਦੀ ਸਮਾਜਿਕ ਬੇਵਕਤੀ ਖ਼ਤਮ ਨਹੀਂ ਹੋ ਸਕਦੀ, ਪਰ ਇਸ ਦੀ ਪ੍ਰਾਪਤੀ ਲਈ ਜਾਨ ਹੂਲਵੇਂ ਸੰਘਰਸ਼ ਦੀ ਜ਼ਰੂਰਤ ਹੈ ਤੇ ਇਸ ਸੰਘਰਸ਼ ਨੂੰ ਜਿੱਤ ਤੱਕ ਪਹੁੰਚਾਉਣ ਲਈ ਠੀਕ ਦਿਸ਼ਾ ਅਖਤਿਆਰ ਕਰਨੀ ਵੀ ਓਨੀ ਹੀ ਮਹੱਤਵਪੂਰਨ ਹੈ। ਇਹ ਸਭ ਕਿਉਂ ?

ਮੋਟੇ ਤੌਰ 'ਤੇ ਆਪਾਂ ਪੰਜਾਬ ਦੇ ਪ੍ਰਸੰਗ ਵਿੱਚ ਗੱਲ ਕਰਦੇ ਹਾਂ, ਪੰਜਾਬ ਅੰਦਰ ਮੁਲਕ ਦੇ ਦੂਜੇ ਸੂਬਿਆਂ ਦੇ ਮੁਕਾਬਲੇ ਬੇਜ਼ਮੀਨਿਆਂ (ਮੁੱਖ ਤੌਰ 'ਤੇ ਦਲਿਤ ਭਾਈਚਾਰਾ) ਦੀ ਵਸੋਂ ਵਧੇਰੇ ਹੈ (ਪੰਜਾਬ ਦੀ ਆਬਾਦੀ ਫੀਸਦੀ ਦੇ ਹਿਸਾਬ ਨਾਲ) ਦਲਿਤ ਵਸੋਂ ਵਧੇਰੇ ਕਰਕੇ ਪਿੰਡਾਂ ਅੰਦਰ ਹੀ ਹੈ ਤੇ ਜ਼ਮੀਨ ਮਾਲਕ ਜੱਟ ਕਿਸਾਨੀ ਵੀ, ਸੁਤੇ ਸਿੱਧ ਦੋਵਾਂ ਕਿਰਤੀ ਵਰਗਾਂ ਦਰਮਿਆਨ ਟਕਰਾਅ ਵੀ ਹੈ ਤੇ ਸਹਿਯੋਗ/ਭਰੱਪਾ ਵੀ, ਇਹ ਸਮਝਣ/ਪਰਖ਼ਣ ਦੀ ਲੋੜ ਹੈ ਕਿ ਟਕਰਾਅ ਕਿਸ ਦੇ ਨਾਲ ਹੈ ਤੇ ਭਰੱਪਾ ਕਿਸ ਨਾਲ....।

ਇਸ ਸਵਾਲ ਨੂੰ ਜ਼ਮੀਨੀ ਬੰਦੋਬਸਤ ਦੇ ਕੁਝ ਇਤਿਹਾਸਕ ਤੱਥਾਂ ਤੋਂ ਸਮਝਣਾ ਲਾਹੇਵੰਦ ਰਹੇਗਾ, ਮੱਧਯੁਗੀ ਜ਼ਮੀਨੀ ਬੰਦੋਬਸਤ ਇਸ ਤਰ੍ਹਾਂ ਹੁੰਦਾ ਸੀ ਕਿ ਰਾਜਾ ਹੀ ਜ਼ਮੀਨ ਦਾ ਆਹਲਾ ਮਾਲਕ ਹੁੰਦਾ ਸੀ ਤੇ ਕਾਸ਼ਤਕਾਰ ਅਦਨਾ ਮਾਲਕ, ਅੱਗੋਂ ਰਾਜੇ ਨੇ ਇਹ ਜ਼ਮੀਨਾਂ ਜਾਗੀਰਦਾਰਾਂ ਨੂੰ ਦਿੱਤੀਆਂ ਹੁੰਦੀਆਂ ਸਨ, ਅਸਲ ਵਿੱਚ ਰਾਜੇ ਦਾ ਵਫ਼ਾਦਾਰ ਜਾਗੀਰਦਾਰ ਹੀ ਜ਼ਮੀਨ ਦਾ ਮਾਲਕ ਹੁੰਦਾ ਸੀ ਕਿਉਂਕਿ ਰਾਜੇ ਨੂੰ ਤਾਂ ਨਿਸ਼ਚਿਤ ਲਗਾਨ ਚਾਹੀਦਾ ਹੁੰਦਾ ਸੀ, ਜੋ ਜਾਗੀਰਦਾਰ ਮੁਜ਼ਾਰਿਆਂ ਤੋਂ ਉਗਰਾਹ ਕੇ ਦੇ ਦਿੰਦਾ ਸੀ। ਅਦਨੇ ਮਾਲਕ, ਭਾਵ ਮੁਜ਼ਾਰੇ, ਛੋਟੇ-ਛੋਟੇ ਜ਼ਮੀਨੀ ਟੋਟਿਆਂ 'ਤੇ ਖੇਤੀ ਕਰਕੇ ਮੁਸ਼ਕਿਲ ਨਾਲ ਆਪਣਾ ਪਰਵਾਰ ਪਾਲਦੇ ਸਨ। ਉਸ ਵਕਤ ਖੇਤੀ ਕੋਈ ਆਸਾਨ ਕੰਮ ਨਹੀਂ ਸੀ, ਖੇਤੀ ਮੀਂਹਾਂ/ਬਾਰਸ਼ਾਂ 'ਤੇ ਨਿਰਭਰ ਸੀ ਤੇ ਸਾਰਾ ਕੰਮ ਹੱਥੀਂ ਕਰਨਾ ਪੈਂਦਾ ਸੀ। ਬਿਹਤਰ ਖੇਤੀ ਲਈ ਸਿੰਚਾਈ ਬੰਦੋਬਸਤ ਨੂੰ ਯਕੀਨੀ ਬਣਾਉਣ ਵਾਸਤੇ ਜਾਂ ਤਾਂ ਦਰਿਆਵਾਂ 'ਚੋਂ ਨਹਿਰਾਂ ਕੱਢਣ ਦੀ ਲੋੜ ਸੀ ਜਾਂ ਖੂਹਾਂ ਰਾਹੀਂ ਸਿੰਜਾਈ ਹੋ ਸਕਦੀ ਸੀ, ਪਰ ਇਹ ਕੰਮ ਮੁਜ਼ਾਰੇ/ਕਿਸਾਨ ਦੇ ਵੱਸ ਦੀ ਗੱਲ ਨਹੀਂ ਸੀ, ਕਿਉਂਕਿ ਉਸ ਦੀ ਵਾਫਰ ਕਿਰਤ ਤਾਂ ਜਾਗੀਰਦਾਰ ਲੈ ਜਾਂਦਾ ਸੀ ਤੇ ਜਾਗੀਰਦਾਰ ਦੀ ਇਹ ਕੋਈ ਦਿਲਚਸਪੀ ਨਹੀਂ ਸੀ, ਅਲਬੱਤਾ ਮੁਜ਼ਾਰੇ ਮੀਂਹਾਂ ਆਧਾਰਤ ਖੇਤੀ ਕਰਨ ਲਈ ਹੀ ਮਜਬੂਰ ਸਨ। ਮੁਲਕ ਦੇ ਕਈ ਸੂਬਿਆਂ ਅੰਦਰ ਅਜੇ ਵੀ ਪਾਣੀ ਖੁਣੋਂ ਖੇਤੀ ਦਾ ਇਹੋ ਹਾਲ ਹੈ। ਪੰਜਾਬ ਅੰਦਰ ਵੀ ਪੀਣ ਵਾਲੇ ਪਾਣੀ ਲਈ ਤਾਂ ਚਾਹੇ ਖੂਹਾਂ ਦੀ ਵਰਤੋਂ ਬਹੁਤ ਸਮੇਂ ਤੋਂ ਹੋ ਰਹੀ ਹੈ ਪਰ ਖੇਤਾਂ ਨੂੰ ਸਿੰਜਣ ਲਈ ਹਲਟਾਂ ਦੀ ਵਰਤੋਂ ਸੌ ਸਵਾ ਸੌ ਸਾਲ ਪਹਿਲਾਂ ਹੀ ਹੋਣ ਲੱਗੀ, ਖਾਸ ਕਰ ਉਦੋਂ ਜਦੋਂ ਮੁਜ਼ਾਰੇ ਆਪ ਜ਼ਮੀਨਾਂ ਦੇ ਮਾਲਕ ਬਣੇ। ਮਰਹੂਮ ਲਾਲ ਚੰਦ ਯਮਲਾ ਜੱਟ ਦਾ ਲਿਖਿਆ ਤੇ ਗਾਇਆ ਗੀਤ ਉਸ ਵਕਤ ਦੇ ਹਾਲਾਤ ਦੀ ਬਿਆਨੀ ਕਰਦਾ ਹੈ।

"ਖੇਤਾਂ ਦਾ ਰਾਜਾ ਤੜਫਦਾ ਡਿੱਠਾ ਹਮੇਸ਼ਾ ਆਬ ਨੂੰ,
ਝੋਈਆਂ 'ਚੋਂ ਝੱਟੇ ਝੱਟ ਕੇ ਬੀਜਾਂਗਾ ਕੀਕੂੰ ਲਾਬ ਨੂੰ,
ਸੋਕੇ ਨੇ ਲੱਕ ਤੋੜਿਆ ਨਾ ਜਾਣ ਸਾਂਗਾਂ ਝੱਲੀਆਂ
ਆਉਣ ਕੂੰਜਾਂ ਦੇਣ ਬੱਚੇ ਨਦੀ ਨਾਂਵਣ ਚੱਲੀਆਂ"

ਇਸ ਸੋਕੇ ਮਾਰੀ ਹਾਲਤ, ਜੋ ਦੂਜੇ/ਚੌਥੇ ਸਾਲ ਬਣੀ ਹੀ ਰਹਿੰਦੀ ਸੀ, ਉਸ ਸਮੇਂ ਮੁਜ਼ਾਰਿਆਂ ਦੀ ਹਾਲਤ ਇਹ ਹੁੰਦੀ ਸੀ।

"ਚੀਣਾਂ ਸਵਾਂਕੀ ਸੁੱਕ ਗਏ
ਮੱਢਲ ਤੇ ਉਹ ਵੱਟ ਕੰਗਣਾ,
ਅੰਨ ਬਾਝੋਂ ਜਾਪਦਾ ਹੁਣ ਸਾਲ ਔਖਾ ਲੰਘਣਾ,
ਔੜ ਮੱਕੀ ਮਾਰ ਗਈ,
ਚੱਬਾਂਗੇ ਕਿੱਥੋਂ ਛੱਲੀਆਂ
ਆਉਣ ਕੂੰਜਾਂ....."

ਮੁਜ਼ਾਰੇ ਕਿਸਾਨ, ਜੋ ਅੱਜ ਦੇ ਮਾਲਕ ਕਿਸਾਨ ਹਨ (ਜਿਹਨਾਂ ਦੀ ਜਾਤੀ ਜੱਟ, ਕੰਬੋਜ ਜਾਂ ਹੋਰ ਵੀ ਹੋ ਸਕਦੀ ਹੈ) ਅੰਗਰੇਜ਼ਾਂ ਦੇ ਪੰਜਾਬ 'ਤੇ ਕਬਜ਼ੇ ਤੋਂ ਬਾਅਦ ਹੀ ਜ਼ਮੀਨਾਂ ਦੇ ਮਾਲਕ ਬਣੇ, ਪਰ ਇਥੇ ਜਿਹੜੀ ਘਰੋੜ ਕੇ ਕਹਿਣ ਵਾਲੀ ਗੱਲ ਹੈ, ਉਹ ਇਹ ਕਿ ਅੰਗਰੇਜ਼ਾਂ ਨੇ ਇਹਨਾਂ ਮੁਜ਼ਾਰਿਆਂ ਨੂੰ ਉਨ੍ਹਾਂ ਹੀ ਛੋਟੇ-ਛੋਟੇ ਜ਼ਮੀਨੀ ਟੋਟਿਆਂ ਦੀ ਮਾਲਕੀ ਦਿੱਤੀ, ਜਿਹਨਾਂ 'ਤੇ ਉਹ ਖੇਤੀ ਕਰਦੇ ਸਨ ਜਾਂ ਪੱਛਮੀ ਪੰਜਾਬ ਵਿੱਚ ਦਰਿਆਵਾਂ ਵਿਚਕਾਰਲੇ ਹਿੱਸੇ, ਜਿਹਨਾਂ ਨੂੰ ਬਾਰ (ਜੰਗਲ) ਦੇ ਇਲਾਕੇ ਕਹਿੰਦੇ ਸਨ, ਉਥੇ ਨਹਿਰੀ ਕਾਲੋਨੀਆਂ ਵਸਾਈਆਂ ਤੇ ਖਾਸਕਰ ਕੇਂਦਰੀ ਪੰਜਾਬ ਦੇ ਘੱਟ ਜ਼ਮੀਨਾਂ ਵਾਲੇ ਇਲਾਕਿਆਂ ਵਿੱਚੋਂ ਕਿਸਾਨਾਂ ਨੂੰ ਇੱਥੇ ਵਸਾਇਆ (ਇਸ ਪਿੱਛੇ ਅੰਗਰੇਜ਼ਾਂ ਦੇ ਆਪਣੇ ਵਪਾਰਕ ਹਿੱਤ ਸਨ) ਪਰ ਵੱਡੇ ਜ਼ਮੀਨੀ ਟੋਟੇ ਉਹਨਾਂ ਆਪਣੇ ਟੋਡੀਆਂ ਨੂੰ ਦਿੱਤੇ ਜਾਂ ਉਹਨਾਂ ਹੀ ਜਾਗੀਰਦਾਰਾਂ ਨੂੰ, ਜਿਹੜੇ ਪਹਿਲਾਂ ਹੀ ਵੱਡੀਆਂ ਜਗੀਰਾਂ ਦੇ ਮਾਲਕ ਸਨ, ਨਾਲ ਦੀ ਨਾਲ ਅੰਗਰੇਜ਼ਾਂ ਨੇ ਉਹਨਾਂ ਸਰਦਾਰਾਂ ਦੀਆਂ ਜ਼ਮੀਨਾਂ ਜ਼ਬਤ ਵੀ ਕੀਤੀਆਂ, ਜਿਹਨਾਂ ਦੀ ਵਫ਼ਾਦਾਰੀ 'ਤੇ ਉਨ੍ਹਾਂ ਨੂੰ ਸ਼ੱਕ ਸੀ।

ਇਸੇ ਤਰ੍ਹਾਂ ਸਤਲੁਜ ਦਰਿਆ ਤੋਂ ਪਾਰਲਾ (ਮਾਲਵੇ ਦਾ ਖਿੱਤਾ) ਜਿੱਥੇ 1952 ਤੋਂ ਬਾਅਦ ਮੁਜ਼ਾਰੇ ਮਾਲਕ ਬਣੇ, ਉੱਥੇ ਵੀ ਉਨ੍ਹਾਂ ਨੂੰ ਉਹੀ ਛੋਟੇ ਜ਼ਮੀਨੀ ਟੋਟੇ ਮਿਲੇ, ਜਿਨ੍ਹਾਂ 'ਤੇ ਉਹ ਖੇਤੀ ਕਰਦੇ ਸਨ।

ਇਹ ਹਕੀਕਤ ਦਰਸਾਉਂਦੀ ਹੈ ਕਿ ਪੁਰਾਣੇ ਜਾਗੀਰਦਾਰ ਅਤੇ ਅੰਗਰੇਜ਼ਾਂ ਦੇ ਵਫ਼ਾਦਾਰ ਨਵੇਂ ਜਾਗੀਰਦਾਰ ਅਤੇ ਅੰਗਰੇਜ਼ਾਂ ਦੇ ਟੋਡੀਆਂ ਕੋਲ ਹੀ ਵੱਡੀਆਂ ਜਾਗੀਰਾਂ ਹਨ।

ਨੈਸ਼ਨਲ ਸੈਂਪਲ ਸਰਵੇ (1980) ਦੀ ਰਿਪੋਰਟ ਵੀ ਇਹੋ ਕਹਿੰਦੀ ਹੈ ਕਿ ਵੱਡੇ ਤੇ ਦਰਮਿਆਨੇ ਜਾਗੀਰਦਾਰਾਂ ਕੋਲ (ਜਿਹਨਾਂ ਦੀ ਗਿਣਤੀ 25 ਫੀਸਦੀ ਹੈ) ਪਰ ਉਨ੍ਹਾਂ ਕੋਲ ਜ਼ਮੀਨ ਦੀ ਮਾਲਕੀ 75 ਫ਼ੀਸਦੀ ਹੈ, ਜਦਕਿ 75 ਫੀਸਦ ਕਿਸਾਨਾਂ ਕੋਲ 25 ਫੀਸਦ ਜ਼ਮੀਨਾਂ ਦੀ ਮਾਲਕੀ ਹੈ।

ਇਸ ਕਰਕੇ ਬੇਜ਼ਮੀਨਿਆਂ ਦੇ ਹਿੱਸੇ ਦੀ ਜ਼ਮੀਨ ਨੂੰ ਤਾਂ 75 ਫ਼ੀਸਦ ਵਾਲੇ ਕਬਜ਼ਾਈ ਬੈਠੇ ਹਨ। ਇਸ ਕਰਕੇ ਜ਼ਮੀਨ ਦੀ ਪ੍ਰਾਪਤੀ ਲਈ ਸੰਘਰਸ਼ ਦੌਰਾਨ ਇਹਨਾਂ ਤੱਥਾਂ ਤੇ ਹਕੀਕਤਾਂ ਨੂੰ ਨਜ਼ਰਅੰਦਾਜ਼ ਕਰਨਾ ਸੰਘਰਸ਼ ਨੂੰ ਗ਼ਲਤ ਦਿਸ਼ਾ ਵੱਲ ਲੈ ਜਾਵੇਗਾ।

ਬੇਜ਼ਮੀਨਿਆਂ ਦੇ ਸੰਘਰਸ਼ ਦੀ ਠੀਕ ਦਿਸ਼ਾ ਕੀ ਹੋਵੇ, ਇਸ ਤੋਂ ਪਹਿਲਾਂ ਇਕ ਤਰਦੀ ਜਿਹੀ ਨਿਗ੍ਹਾ ਮੌਜੂਦਾ ਸਮੇਂ ਪੰਜਾਬ ਅੰਦਰ, ਮਜ਼ਦੂਰਾਂ ਦੀ ਜਥੇਬੰਦਕ ਤਾਕਤ ਅਤੇ ਲੜੇ/ਜਿੱਤੇ ਸੰਘਰਸ਼ਾਂ 'ਤੇ ਮਾਰ ਲਈਏ। ਇਸ ਸਮੇਂ ਪੰਜਾਬ ਅੰਦਰ ਕੁਝ ਜਥੇਬੰਦੀਆਂ ਖ਼ਰੇ ਇਰਾਦੇ ਅਤੇ ਦ੍ਰਿੜ੍ਹਤਾ ਨਾਲ ਬੇਜ਼ਮੀਨਿਆਂ ਨੂੰ ਜਥੇਬੰਦ ਕਰਨ ਦੇ ਕਾਰਜ ਲਈ ਜੁਟੀਆਂ ਹੋਈਆਂ ਹਨ, ਜ਼ਮੀਨ ਦੇ ਸਵਾਲ ਸਣੇ ਮਜ਼ਦੂਰਾਂ ਦੇ ਰੁਜ਼ਗਾਰ, ਕਰਜ਼ੇ ਮਾਫੀ, ਸਰਵਜਨਕ ਜਨਤਕ ਵੰਡ ਪ੍ਰਣਾਲੀ ਨੂੰ ਬਚਾਉਣ ਤੇ ਸੁਚਾਰੂ ਬਣਾਉਣ, ਮਾਨ-ਸਨਮਾਨ ਦੀ ਰਾਖੀ ਅਤੇ ਜਗੀਰੂ ਜਬਰ ਵਰਗੇ ਮੁੱਦਿਆਂ 'ਤੇ ਕਈ ਸ਼ਾਨਦਾਰ ਸੰਘਰਸ਼ ਲੜੇ/ਜਿੱਤੇ ਗਏ ਹਨ। ਇਹ ਜਿੱਤਾਂ ਕੋਈ ਐਵੇਂ ਨ੍ਹੀਂ ਹੋਈਆਂ, ਇਸ ਖਾਤਰ ਮਜ਼ਦੂਰ ਆਗੂਆਂ ਅਤੇ ਵਰਕਰਾਂ ਨੇ ਵਾਰ-ਵਾਰ ਪੁਲਸੀ ਤੇ ਜਾਗੀਰੂ ਜਬਰ ਝੱਲਿਆ ਹੈ ਤੇ ਝੱਲ ਰਹੇ ਹਨ। ਇਨ੍ਹਾਂ ਜੁਝਾਰੂ ਸਾਥੀਆਂ ਦੀ ਅਣਥੱਕ ਮਿਹਨਤ ਤੇ ਸਿਰੜ ਕਾਰਨ ਹੀ ਮਜ਼ਦੂਰਾਂ ਨੇ ਪੰਜਾਬ ਅੰਦਰ ਆਪਣੇ ਸੰਘਰਸ਼ਾਂ ਦੀ ਮੌਜੂਦਗੀ ਦਰਜ ਕਰਵਾਈ ਹੈ, ਜੋ ਇਕ ਆਸ ਬੰਨ੍ਹਾਉਂਦੀ ਹੈ, ਪਰ ਅਜੇ ਇਹ ਸੰਘਰਸ਼ ਖੇਤ ਮਜ਼ਦੂਰ ਲਹਿਰ ਵਿੱਚ ਨਹੀਂ ਵਟ ਰਹੇ, ਜਿਵੇਂ ਕਿ ਮੁਕਾਬਲਤਨ ਕਿਸਾਨ ਜਨਤਾ ਸੰਘਰਸ਼ਾਂ ਵਿੱਚ ਆ ਰਹੀ ਹੈ। ਮਜ਼ਦੂਰਾਂ ਦੀ ਲਾਮਬੰਦੀ ਅਜੇ ਬਹੁਤ ਊਣੀ ਹੈ, ਵਸੀਲੇ ਬਹੁਤ ਘੱਟ ਹਨ, ਅਜੇ ਬਹੁਤ ਛੋਟਾ ਹਿੱਸਾ ਹੀ ਜਥੇਬੰਦ ਚੇਤਨਾ ਦੀ ਕੰਨੀ ਫੜ ਸਕਿਆ ਹੈ, ਪਿੰਡਾਂ ਦੇ ਪਿੰਡ, ਇਲਾਕਿਆਂ ਦੇ ਇਲਾਕੇ ਅਜੇ "ਖਾਲੀ" ਪਏ ਹਨ, ਜਿੱਥੇ ਕਿਸੇ ਜਥੇਬੰਦੀ ਦਾ ਕੰਮ ਨਹੀਂ ਹੈ।

'ਪਹਾੜ' ਜਿੱਡਾ ਸਵਾਲ ਇਹੋ ਹੀ ਹੈ ਕਿ ਆਖਰ ਸਮਾਜ ਦਾ ਇਹ ਸਭ ਤੋਂ ਲਤਾੜਿਆ ਹੋਇਆ ਹਿੱਸਾ ਏਨੀ ਬਦਹਾਲੀ ਹੰਢਾਉਂਦਿਆਂ ਹੋਇਆਂ ਵੀ ਲਾਮਬੰਦ ਕਿਉਂ ਨਹੀਂ ਹੋ ਰਿਹਾ ? ਇਹਨਾਂ ਕਾਰਨਾਂ ਦੀ ਪੈੜ ਨੱਪਿਆਂ ਬਗੈਰ ਗੱਲ ਅੱਗੇ ਨਹੀਂ ਤੁਰਨੀ, ਸੰਘਰਸ਼ ਦੀ ਠੀਕ ਦਿਸ਼ਾ ਅਖਤਿਆਰ ਕਰਨ ਲਈ ਵੀ ਇਹਨਾਂ ਕਾਰਕਾਂ ਨੂੰ ਲੱਭਣਾ ਤੇ ਹੱਲ ਕਰਨਾ ਅਤੀ ਜ਼ਰੂਰੀ ਹੈ।

ਮੋਟੇ ਤੌਰ 'ਤੇ ਸਦੀਆਂ ਦੀ ਗੁਲਾਮੀ, ਜਿਹੜੀ ਮਾਨਸਿਕ ਗੁਲਾਮੀ ਦਾ ਰੂਪ ਅਖ਼ਤਿਆਰ ਕਰ ਚੁੱਕੀ ਹੈ, ਜਾਤਪਾਤੀ ਦਾਬਾ ਤੇ ਸਾਧਨ ਸੰਪੰਨ ਲੋਕਾਂ 'ਤੇ ਬਣੀ ਮੁਥਾਜ਼ਗੀ ਵਾਲੀ ਆਰਥਿਕ ਹਾਲਤ ਜਥੇਬੰਦ ਹੋਣ 'ਚ ਵੱਡਾ ਅੜਿੱਕਾ ਹੈ, ਲੀਰੋ-ਲੀਰ ਹੋਏ ਆਤਮਵਿਸ਼ਵਾਸ ਨੂੰ ਬਹਾਲ ਕਰਨਾ ਬਹੁਤ ਵੱਡਾ ਕਾਰਜ ਹੈ, ਪਰ ਫਿਰ ਵੀ ਚਿੱਟੇ ਦਿਨ ਵਾਂਗ ਸਾਫ ਦੀਂਹਦੇ ਇਹਨਾਂ ਕਾਰਨਾਂ ਦੇ ਬਾਵਜੂਦ, ਇਹ ਗੱਲ ਹਜ਼ਮ ਨਹੀਂ ਹੁੰਦੀ ਕਿ ਦਿਨੋਂ-ਦਿਨ ਵਧਦੀ ਆਰਥਿਕ ਮੰਦੀ ਤੇ ਰੁਜ਼ਗਾਰ ਦੇ ਸੁੰਗੇੜੇ ਕਾਰਨ ਜਿਹੋ ਜਿਹੀ ਸਥਿਤੀ ਬਣੀ ਹੋਈ ਹੈ, ਇਸ ਹਾਲਤ ਦੇ ਬਾਵਜੂਦ ਮਜ਼ਦੂਰਾਂ ਨੂੰ ਰੋਹ ਕਿਉਂ ਨਹੀਂ ਚੜ੍ਹਦਾ ?

ਹੁਣ ਜਦੋਂ ਕਿ ਇਕ ਹਿੱਸਾ ਥੋੜ੍ਹਾ-ਬਹੁਤ ਪੜ੍ਹ-ਲਿਖ ਵੀ ਗਿਆ ਹੈ (ਇਥੇ ਮੈਂ ਦਲਿਤਾਂ ਦੀ ਕ੍ਰੀਮੀਲੇਅਰ ਦੀ ਗੱਲ ਨਹੀਂ ਕਰ ਰਿਹਾ) ਸੋਸ਼ਲ ਮੀਡੀਆ ਰਾਹੀਂ ਹਰ ਤਰ੍ਹਾਂ ਦੀ ਸੂਚਨਾ ਘਰ-ਘਰ ਤੱਕ ਪਹੁੰਚ ਰਹੀ ਹੈ ਅਤੇ ਮੌਜੂਦਾ ਦੌਰ ਜਥੇਬੰਦ ਸੰਘਰਸ਼ਾਂ ਦਾ ਦੌਰ ਹੈ, ਕੀ ਸਮਾਜ ਵਿਚ ਹੋ ਰਹੇ ਸੰਘਰਸ਼ ਇਹਨਾਂ ਹਿੱਸਿਆਂ 'ਤੇ ਕੋਈ ਅਸਰ ਨਹੀਂ ਪਾ ਰਹੇ? ਵਾਕਿਆ ਹੀ ਇਹ ਸਵਾਲ ਪਹਾੜ ਜਿੱਡਾ ਵੀ ਹੈ ਤੇ ਬਹੁਤ ਗੁੰਝਲਦਾਰ ਵੀ ਹੈ...! ਪਰ ਜਥੇਬੰਦਕਾਰਾਂ ਨੂੰ ਇਹਨਾਂ ਸਵਾਲਾਂ ਦੇ ਜਵਾਬ ਲੱਭਣ ਲਈ ਵਿਹੜਿਆਂ ਦੀਆਂ ਭੀੜੀਆਂ ਗਲੀਆਂ 'ਚੋਂ ਲੰਘ ਕੇ ਛੋਟੇ-ਛੋਟੇ ਘਰਾਂ 'ਚ ਜਾਣਾ ਪਵੇਗਾ, ਜਿੱਥੇ ਜਾ ਕੇ ਹੀ ਤੁਹਾਨੂੰ ਪਤਾ ਲੱਗੇਗਾ ਕਿ ਦੇਸ਼ ਅੰਦਰ ਹੀ ਇਕ ਹੋਰ ਦੇਸ਼ ਵੱਸਦਾ ਹੈ, ਇਕ ਵੱਖਰੀ ਦੁਨੀਆ ਹੈ? ਫੇਰ ਤੁਹਾਨੂੰ ਪਤਾ ਲੱਗੇਗਾ ਕਿ 'ਮਨੂੰਸਿਮਰਤੀ' ਹੁਣ ਦੇ ਸਮਿਆਂ ਵਿੱਚ ਕਿਵੇਂ ਲਾਗੂ ਕੀਤੀ ਜਾ ਰਹੀ ਹੈ।

ਆਰਥਿਕ ਤੇ ਸਮਾਜਿਕ ਹਾਲਤਾਂ ਦੇ ਝੰਬੇ ਹੋਏ ਇਹਨਾਂ ਗਰੀਬਾਂ ਨੂੰ ਮੌਜੂਦਾ ਸਮੇਂ ਸਰਕਾਰਾਂ ਵੱਲੋਂ ਬਹੁਤ ਹੀ ਸੋਚੇ-ਸਮਝੇ ਤਰੀਕੇ ਨਾਲ ਨਸ਼ਿਆਂ ਦੀ ਦਲਦਲ ਵੱਲ ਧੱਕ ਦਿੱਤਾ ਗਿਆ ਹੈ (ਭਾਵੇਂ ਕਿ ਇਸ ਦਾ ਇਹ ਮਤਲਬ ਨਹੀਂ ਕਿ ਸਾਰੇ ਗਰੀਬ ਨਸ਼ੇ ਕਰਦੇ ਹਨ ਤੇ ਉਹ ਨਿਕੰਮੇ ਹਨ) ਇਸ ਦਾ ਮਤਲਬ ਇਹ ਹੈ ਕਿ ਗਰੀਬਾਂ ਦੀ ਗ਼ੈਰਤ ਮਾਰਨ ਲਈ ਇਹ ਸਭ, ਬਹੁਤ ਸੋਚੇ-ਸਮਝੇ ਤਰੀਕੇ ਨਾਲ ਸਰਕਾਰਾਂ ਵੱਲੋਂ ਜਥੇਬੰਦ ਕੀਤਾ ਗਿਆ ਹੈ। ਨੌਜਵਾਨ ਵਰਗ, ਜਿਸ ਨੇ ਜਥੇਬੰਦੀਆਂ ਦਾ ਹਿਰਾਵਲ ਦਸਤਾ ਬਣਨਾ ਹੁੰਦਾ, ਉਸ ਨੂੰ ਖ਼ਾਸ ਨਿਸ਼ਾਨਾ ਬਣਾਇਆ ਗਿਆ ਹੈ, ਇਹ ਗਹਿਰੀ ਸਾਜ਼ਿਸ਼, ਵਿਹੜਿਆਂ ਨੂੰ ਜਥੇਬੰਦ ਹੋਣ ਤੋਂ ਰੋਕਣ ਲਈ ਹੈ। ਕਿਉਂ ਜੋ ਇਹ ਗੱਲ ਵੀ ਚਿੱਟੇ ਦਿਨ ਵਾਂਗ ਸਾਫ ਹੈ ਜੇਕਰ ਇਹ "ਸੁੱਤੇ ਸ਼ੇਰ" ਜਾਗ ਪਏ ਤਾਂ ਫਿਰ ਇਹਨਾਂ ਦੀ ਤਾਕਤ ਅੱਗੇ ਕੋਈ ਨਹੀਂ ਖੜ੍ਹ ਸਕਦਾ।

ਦੂਜਾ, ਸਰਕਾਰਾਂ ਵੱਲੋਂ ਜੋ ਮਾੜੀ-ਮੋਟੀ ਰਾਹਤ ਲੋਕ ਭਲਾਈ ਮਹਿਕਮਿਆਂ ਰਾਹੀਂ ਦਿੱਤੀ ਜਾਂਦੀ ਸੀ, ਉਹ ਖੋਹ ਲਈ ਗਈ ਹੈ, ਇਹ ਸਭ ਕੁਝ ਏਨੀ ਚਲਾਕੀ ਨਾਲ ਕੀਤਾ ਗਿਆ ਹੈ ਕਿ ਆਮ ਲੋਕਾਂ ਨੂੰ ਇਸ ਦਾ ਪਤਾ ਹੀ ਨਹੀਂ ਲੱਗਿਆ, ਮਸਲਨ ਸਰਕਾਰੀ ਹਸਪਤਾਲ ਹੁਣ ਨਾਂਅ ਦੇ ਹੀ ਰਹਿ ਗਏ ਹਨ। ਉੱਥੇ ਬੇਵੱਸ ਲੋਕਾਂ ਦੀਆਂ ਭੀੜਾਂ ਤਾਂ ਬਹੁਤ ਜਾਂਦੀਆਂ ਪਰ ਹੁਣ ਇਲਾਜ ਨਹੀਂ ਹੁੰਦਾ, ਖੇਤੀ 'ਤੇ ਹੋ ਰਹੇ ਜ਼ਹਿਰਾਂ ਦੇ ਛਿੜਕਾਅ, ਧਰਤੀ ਹੇਠਲੇ ਅਤੇ ਦਰਿਆਵਾਂ/ਵੇਈਆਂ ਪਾਣੀ ਦੇ ਦੂਸ਼ਤ ਹੋਣ ਅਤੇ ਹੋਰਨਾਂ ਕਾਰਨਾਂ ਕਰਕੇ ਵਾਤਾਵਰਨ ਦੇ ਪਲੀਤ ਹੋਣ ਨਾਲ ਬਿਮਾਰੀਆਂ ਪਹਿਲਾਂ ਨਾਲੋਂ ਕਿਤੇ ਭਿਆਨਕ ਰੂਪ ਧਾਰ ਕੇ ਲੋਕਾਂ ਦੀ ਸਿਹਤ ਦਾ ਘਾਣ ਕਰ ਰਹੀਆਂ ਹਨ, ਇਹਨਾਂ ਬਿਮਾਰੀਆਂ ਦੀ ਚਪੇਟ ਵਿੱਚ ਸਭ ਤੋਂ ਵੱਧ ਗਰੀਬ ਲੋਕ ਹੀ ਹਨ, ਇਲਾਜ ਖਰਚੇ ਲੱਖਾਂ ਵਿੱਚ ਹਨ, ਇਕ ਆਮ ਜਿਹੀ ਗੱਲ ਹੈ, ਬੱਚਿਆਂ ਦੀ ਪੈਦਾਇਸ਼ ਤਾਂ ਹਰ ਅਮੀਰ-ਗਰੀਬ ਦੇ ਘਰ ਹੋਣੀ ਹੀ ਹੈ, ਜਿਸ ਵਾਸਤੇ ਹਸਪਤਾਲ ਜਾਣਾ ਪੈਂਦਾ ਹੈ। ਅਮੀਰਾਂ ਲਈ ਤਾਂ ਇਹ ਕੋਈ ਗੱਲ ਨਹੀਂ ਪਰ ਗਰੀਬਾਂ ਲਈ ਇਸ ਦਾ ਮਤਲਬ ਘੱਟੋ-ਘੱਟ ਇੱਕ ਲੱਖ ਰੁਪਏ ਦਾ ਖਰਚਾ ਹੈ, ਕਈ ਵਾਰ ਇਸ ਤੋਂ ਵੀ ਵਧੇਰੇ ਖਰਚ ਹੋ ਜਾਂਦੇ ਹਨ, ਹੁਣ ਇਹ ਇਕ ਅਜਿਹੀ ਕੁਦਰਤੀ ਪ੍ਰਕਿਰਿਆ ਹੈ ਜਿਸ ਨੂੰ ਰੋਕਿਆ ਨਹੀਂ ਜਾ ਸਕਦਾ, ਮਜ਼ਦੂਰ ਦੀ ਆਮਦਨ ਤੇ ਖਰਚ ਅਨੁਪਾਤ ਵਿੱਚ ਬਹੁਤ ਵੱਡਾ ਪਾੜਾ ਹੈ। ਜਥੇਬੰਦਕਾਰਾਂ ਲਈ ਇਹ ਵੱਡਾ ਮਸਲਾ ਹੈ ਕਿ ਕਰਜ਼ਾਈ ਹੋਇਆ ਮਜ਼ਦੂਰ, ਜਥੇਬੰਦ ਹੋਣ ਬਾਰੇ ਕਿਵੇਂ ਸੋਚ ਸਕਦਾ ? ਇਵੇਂ ਹੀ ਜਗ੍ਹਾ ਖਰੀਦ ਕੇ ਮਕਾਨ ਬਣਾਉਣ ਵੇਲੇ ਹੁੰਦਾ, ਜੋ ਕਿ ਕਬੀਲਦਾਰੀ ਤੋਰਨ ਲਈ ਜ਼ਰੂਰੀ ਹੁੰਦਾ, ਇਹ ਦੋ ਕਾਰਨ ਹੀ ਅਜਿਹੇ ਹਨ ਹਰੇਕ ਪਰਵਾਰ ਨੂੰ ਇਹਨਾਂ ਵਿੱਚੋਂ ਗੁਜ਼ਰਨਾ/ਲੰਘਣਾ ਹੀ ਪੈਣਾ ਹੈ, ਭਾਵੇਂ ਕਿ ਵਿਆਹ-ਸ਼ਾਦੀਆਂ ਜਾਂ ਹੋਰਨਾਂ ਕਾਰਨਾਂ ਕਰਕੇ ਵੀ ਮਜ਼ਦੂਰਾਂ ਸਿਰ ਕਰਜ਼ੇ ਚੜ੍ਹਦੇ ਹਨ, ਉਂਝ ਹੋਰ ਵੀ ਬਹੁਤ ਸਾਰੇ ਕਾਰਨ ਤੇ ਵਰਤਾਰੇ ਹਨ, ਜਿਨ੍ਹਾਂ ਨੂੰ ਵਿਸਥਾਰ ਵਿਚ ਬਿਆਨਿਆ ਜਾ ਸਕਦਾ ਹੈ, ਪਰ ਇੱਥੇ ਕਹਿਣ ਦਾ ਮਤਲਬ ਹੈ ਕਿ ਅਜਿਹੀਆਂ ਹਾਲਤਾਂ ਮਜ਼ਦੂਰਾਂ ਨੂੰ "ਸਾਹ" ਨਹੀਂ ਲੈਣ ਦਿੰਦੀਆਂ ਤੇ ਉੱਤੋਂ ਨਸ਼ਿਆਂ ਦਾ ਪ੍ਰਕੋਪ..।

ਕਈ ਵਾਰੀ ਮਜ਼ਦੂਰਾਂ ਦੇ ਜਥੇਬੰਦ ਨਾ ਹੋਣ ਨੂੰ ਮਾਲਕ ਕਿਸਾਨਾਂ ਦੇ ਜਥੇਬੰਦ ਹੋਣ ਨਾਲ ਤੁਲਨਾਇਆ ਜਾਂਦਾ, ਇਹ ਠੀਕ ਹੈ ਕਿ ਛੋਟੀ ਕਿਸਾਨੀ ਵੀ ਕਰਜ਼ਾਈ ਹੈ, ਪਰ ਫਿਰ ਵੀ ਉਨ੍ਹਾਂ ਦੀ ਸਮਾਜਿਕ ਹਾਲਤ ਮਜ਼ਦੂਰਾਂ ਨਾਲੋਂ ਵੱਖਰੀ ਹੈ, ਜ਼ਿਮੀਂਦਾਰਾਂ ਦੇ ਹਰ ਘਰ 'ਚੋਂ ਇੱਕ ਬੰਦਾ ਲਾਣੇਦਾਰ ਹੁੰਦਾ, ਜਿਹੜਾ ਆੜ੍ਹਤੀਆਂ ਨਾਲ ਹਿਸਾਬ-ਕਿਤਾਬ ਰੱਖਣ ਤੋਂ ਲੈ ਕੇ ਪਿੰਡ ਵਿੱਚ ਹੁੰਦੇ ਹਰ ਸਮਾਜਿਕ ਕਾਰਵਿਹਾਰ 'ਚ ਹਿੱਸਾ ਲੈਂਦਿਆਂ ਇਕ ਤਰ੍ਹਾਂ ਅੱਧਾ ਕੁ ਲੀਡਰ ਤਾਂ ਬਣਿਆ ਹੀ ਹੁੰਦਾ, ਬਹੁਤਾ ਕਰਕੇ ਇਹ ਹਿੱਸੇ ਹੀ ਮਾਲਕ ਕਿਸਾਨੀ ਦੀਆਂ ਜਥੇਬੰਦੀਆਂ ਵਿਚ ਪਿੰਡ ਪੱਧਰੇ ਜਾਂ ਮੁਢਲੇ ਲੀਡਰ ਬਣ ਜਾਂਦੇ ਹਨ, ਪਰ ਮਜ਼ਦੂਰ ਘਰਾਂ ਦੇ ਮੁਖੀਏ ਦੀ ਹਾਲਤ ਏਦੂੰ ਬਿਲਕੁਲ ਉਲਟ ਹੁੰਦੀ ਹੈ, ਸਾਰੇ ਟੱਬਰ ਦਾ ਢਿੱਡ ਭਰਨ ਤੇ ਉਹਨਾਂ ਦੀਆਂ ਜ਼ਰੂਰਤਾਂ ਨੂੰ ਪੂਰਿਆਂ ਕਰਨ ਲਈ ਉਹਦੀ "ਅੱਡੀ" ਨਹੀਂ ਲੱਗਦੀ, ਉਹਦੇ ਫ਼ਿਕਰ, ਜ਼ਿੰਮੇਵਾਰੀਆਂ ਅਤੇ ਘਰ ਦੀਆਂ ਲੋੜਾਂ ਹੀ ਉਹਦੀ ਮੱਤ 'ਤੇ ਭਾਰੀ ਰਹਿੰਦੀਆਂ ਹਨ। ਇਸ ਤਰ੍ਹਾਂ ਜਥੇਬੰਦੀ 'ਚ ਆਉਣਾ ਤੇ ਜਥੇਬੰਦੀ 'ਚ ਕੰਮ ਕਰਨਾ ਉਸ ਲਈ ਅਸਾਨ ਨਹੀਂ ਹੈ। ਇਉਂ ਘਰ ਦੇ ਮੁਖੀਏ ਦਾ ਜਥੇਬੰਦੀ ਵਿਚ ਨਾ ਆਉਣਾ ਇਕ ਤਰ੍ਹਾਂ ਦੂਜੇ ਪਰਵਾਰ ਨੂੰ ਵੀ ਰੋਕਦਾ/ਪ੍ਰਭਾਵਤ ਕਰਦਾ ਹੈ। ਹੋਰਨਾਂ ਕਾਰਨਾਂ 'ਚ ਕੁਝ ਸਮੇਂ ਤੋਂ ਰਾਜ ਕਰਦੀਆਂ ਸਿਆਸੀ ਪਾਰਟੀਆਂ ਨੇ ਵਿਹੜਿਆਂ ਵਿੱਚੋਂ ਹੀ ਕੁਝ ਅਜਿਹੇ ਅਨਸਰ ਪੈਦਾ ਕਰ ਲਏ ਹਨ, ਜਿਹੜੇ ਟਾਊਟ ਕਿਸਮ ਦੇ ਬੇਜ਼ਮੀਰੇ ਲੋਕ ਹਨ, ਇਹ ਹਿੱਸੇ ਵੀ ਜਥੇਬੰਦੀਆਂ ਦੇ ਖ਼ਿਲਾਫ਼ ਪ੍ਰਚਾਰ ਕਰਦੇ ਹਨ ਤੇ ਮਜ਼ਦੂਰਾਂ ਨੂੰ ਜਾਤਾਂ ਦੀ ਸੌੜੀ ਸੋਚ ਵੱਲ ਧੱਕ ਰਹੇ ਹਨ। ਨਾਲ ਦੀ ਨਾਲ ਹਾਕਮ ਜਮਾਤਾਂ ਵੱਲੋਂ ਨਵੇਂ-ਨਵੇਂ ਨਾਹਰੇ ਘੜ ਕੇ, ਵਾਅਦੇ ਕਰਕੇ ਨਵੇਂ-ਨਵੇਂ ਸਬਜ਼ਬਾਗ ਦਿਖਾ ਕੇ ਲੋਕਾਂ/ਗਰੀਬਾਂ ਦੀ ਟੇਕ ਇਸ ਗੱਲ 'ਤੇ ਬੰਨ੍ਹਾਉਣ ਦੇ ਯਤਨ ਕੀਤੇ ਜਾ ਰਹੇ ਹਨ ਕਿ ਸਾਨੂੰ ਵੋਟਾਂ ਪਾਓ, ਤੁਹਾਡੇ ਦੁੱਖ ਕੱਟ ਦਿਆਂਗੇ। ਖਾਸ ਕਰ ਗਰੀਬਾਂ ਨੂੰ ਭੁਚਲਾਉਣ ਲਈ ਦਲਿਤ ਭਾਈਚਾਰੇ 'ਚੋਂ "ਬੰਦੇ ਖੜਾਉਣੇ" ਹੁਣ ਤਾਂ ਮੁੱਖ ਮੰਤਰੀ ਦਲਿਤਾਂ 'ਚੋਂ ਬਣਾ ਕੇ ਜਾਂ ਬਣਾਵਾਂਗੇ, ਵਰਗੇ ਪੱਤੇ ਵੀ ਖੇਡੇ ਜਾ ਰਹੇ ਹਨ।

ਸਦੀਆਂ ਦੀ ਜਾਤਪਾਤੀ ਚੀਸ ਹੰਢਾਉਂਦੇ ਆ ਰਹੇ ਲੋਕਾਂ ਨੂੰ ਅਜੇ ਸੰਘਰਸ਼ ਕਰਨ ਦੀ ਬਜਾਏ ਇਹ ਨਾਹਰੇ ਵਧੇਰੇ ਭਾਉਂਦੇ ਹਨ, ਪਰ ਫੇਰ ਵੀ ਹਾਕਮ ਜਮਾਤਾਂ ਨੂੰ ਇਹ ਫ਼ਿਕਰ ਵੱਢ-ਵੱਢ ਖਾਂਦਾ ਹੈ ਕਿ ਕਿਤੇ ਇਹ ਲੋਕ ਜਥੇਬੰਦ ਨਾ ਹੋ ਜਾਣ, ਇਸੇ ਨੂੰ ਰੋਕਣ ਲਈ ਪੂਰੇ ਦੇਸ਼ ਅੰਦਰ ਸਾਰੀਆਂ ਹੀ ਹਾਕਮ ਜਮਾਤੀ ਪਾਰਟੀਆਂ ਵੱਲੋਂ ਤੇ ਬੀਜੇਪੀ/ਆਰ ਐੱਸ ਐੱਸ ਵੱਲੋਂ ਖਾਸ ਕਰਕੇ ਦਲਿਤ ਹਿੱਸਿਆਂ ਨੂੰ ਜਾਤਵਾਦ ਦੀ ਪੁੱਠ ਚਾੜ੍ਹ ਕੇ ਇਨਕਲਾਬੀ ਲੋਕ ਜਥੇਬੰਦੀਆਂ ਦੇ ਵਿਰੁੱਧ ਭੁਗਤਾਉਣ ਦੇ ਯਤਨ ਪਹਿਲਾਂ ਨਾਲੋਂ ਤੇਜ਼ ਕੀਤੇ ਜਾ ਰਹੇ ਹਨ।

ਇਹਨਾਂ ਸਭਨਾਂ ਵਰਤਾਰਿਆਂ ਨੂੰ ਬੁੱਝਦਿਆਂ/ਸਮਝਦਿਆਂ, ਪਿਛਲੇ ਸਾਰੇ ਅਮਲ ਤੋਂ ਸਿੱਖਦਿਆਂ, ਗਰੀਬ ਲੋਕਾਂ ਨੂੰ ਆਪਣੇ ਖਰੇ ਆਗੂਆਂ ਦੀ ਪਛਾਣ ਕਰਨੀ ਹੋਵੇਗੀ।

ਜਿੰਨਾ ਚਿਰ ਮਜ਼ਦੂਰ ਦੀ ਆਪਣੀ ਜਥੇਬੰਦ ਤਾਕਤ ਨਹੀਂ ਉੱਸਰਦੀ, ਓਨੀ ਦੇਰ ਨਾ ਦੂਜੇ ਤਬਕਿਆਂ ਦੀਆਂ ਜਥੇਬੰਦੀਆਂ ਨਾਲ ਸਾਂਝ ਬਣਨੀ ਹੈ ਨਾ ਉਹਨਾਂ ਤੋਂ ਹਮਾਇਤ ਮਿਲ ਸਕਦੀ ਹੈ। ਸਦੀਆਂ ਦੀ ਇਸ ਗੁਲਾਮੀ ਨੂੰ ਲੀਰੋ-ਲੀਰ ਕਰਨ ਲਈ ਨਾ ਕਿ ਆਪ ਜਥੇਬੰਦ ਹੋਣਾ ਲਾਜ਼ਮੀ ਸ਼ਰਤ ਹੈ ਸਗੋਂ ਦੂਜੇ ਕਮਾਊ ਤਬਕਿਆਂ ਨੂੰ ਵੀ ਨਾਲ ਰਲਾਉਣਾ ਪੈਣਾ, ਉਹਨਾਂ ਨਾਲ ਸਾਂਝ ਪਾਉਣੀ ਪਵੇਗੀ।

ਗੀਤ ਦਾ ਆਖਰੀ ਅੰਤਰਾ ਗੱਲ ਇੱਥੇ ਮੁਕਾਉਂਦਾ ਹੈ :-

"ਜਿਹਨਾਂ ਹੱਥਾਂ ਨਾਲ ਕਿਰਤ ਤੂੰ ਕਰਦਾ ਉਹੀ ਹੱਥ ਮਹਾਨ,
ਸਮਿਆਂ ਦਾ ਸਿਰਨਾਵਾਂ ਹੈ ਤੂੰ ਆਪਣਾ ਆਪ ਪਛਾਣ,
ਏਕੇ ਦਾ ਹਥਿਆਰ ਉਠਾ ਕੇ ਕਰਦੇ ਪਾਰ ਉਤਾਰਾ,
ਫਿਰ ਬਦਲੂ ਜੀਣ ਹਮਾਰਾ....।"

***ਮੋਬਾ. : 98724-53246***

# ਕੇ.ਦਾਮੋਦਰਨ : ਉੱਘੇ ਮਾਰਕਸਵਾਦੀ ਦਾਰਸ਼ਨਿਕ ਤੇ ਸੀ ਪੀ ਆਈ ਨੇਤਾ

CENTENARY OF STRUGGLES & SACRIFICES

ਅਨਿਲ ਰਾਜੀਮਵਾਲੇ

ਅਨੁਵਾਦ : ਐੱਮ ਐੱਸ ਭਾਟੀਆ

ਕੇ.ਦਾਮੋਦਰਨ ਇੱਕ ਮਸ਼ਹੂਰ ਮਾਰਕਸਵਾਦੀ ਦਾਰਸ਼ਨਿਕ ਅਤੇ ਸਿਧਾਂਤਕਾਰ ਸਨ, ਜਿਨ੍ਹਾਂ ਨੇ ਭਾਰਤੀ ਦਰਸ਼ਨ 'ਤੇ ਵੀ ਵਿਆਪਕ ਤੌਰ 'ਤੇ ਲਿਖਿਆ। ਉਹ ਸੰਸਕ੍ਰਿਤ ਅਤੇ ਕੁਝ ਹੋਰ ਭਾਸ਼ਾਵਾਂ ਦੇ ਚੰਗੇ ਜਾਣਕਾਰ ਸਨ। ਉਹ ਰਾਜ ਸਭਾ ਵਿੱਚ ਸੰਸਦ ਮੈਂਬਰ ਸਨ ਅਤੇ ਕੇਰਲਾ ਅਤੇ ਪੂਰੇ ਦੇਸ਼ ਵਿੱਚ ਸੀ ਪੀ ਆਈ ਦੇ ਸਭ ਤੋਂ ਉੱਚੇ ਅਤੇ ਵਿਵਾਦਪੂਰਨ ਨੇਤਾਵਾਂ ਵਿੱਚੋਂ ਇੱਕ ਸਨ।

**ਮੁੱਢਲਾ ਜੀਵਨ**

ਕੀਜ਼ੇਦਾਥੂ ਦਾਮੋਦਰਨ ਦਾ ਜਨਮ 25 ਫਰਵਰੀ, 1912 ਨੂੰ ਕੇਰਲਾ ਦੇ ਮਾਲਾਪੁਰਮ ਜ਼ਿਲ੍ਹੇ ਦੇ ਪੋਨਾਨੀ ਵਿੱਚ ਕਿਜ਼ਾਕਿਨੀਆਕਥ ਥੁੱਪਨ ਨਾਮਪੂਥਰੀ ਅਤੇ ਕੀਜ਼ੇਦਾਥੂ ਨਾਰਾਇਣੀ ਅੰਮਾ ਦੇ ਘਰ ਹੋਇਆ ਸੀ। ਉਨ੍ਹਾਂ ਨੇ ਆਪਣੀ ਸਕੂਲੀ ਸਿੱਖਿਆ ਤਿਰੂਰ ਦੇ ਸਰਕਾਰੀ ਸਕੂਲ ਵਿੱਚ ਅਤੇ ਕਾਲਜ ਦੀ ਸਿੱਖਿਆ ਕਾਲੀਕਟ ਦੇ ਸਮੂਥਰੀ ਜ਼ਮੋਰਿਨ ਕਾਲਜ ਵਿੱਚ ਪ੍ਰਾਪਤ ਕੀਤੀ।

ਵਿਦਿਆਰਥੀ ਅੰਦੋਲਨ ਵਿੱਚ ਸ਼ਾਮਲ ਹੋਣ ਕਰਕੇ ਉਹ 'ਕੇਰਲ ਵਿਦਿਆਰਥੀ ਅੰਦੋਲਨ' ਦੇ ਸਕੱਤਰ ਬਣੇ ਅਤੇ ਉਹ ਜਲਦੀ ਹੀ ਆਜ਼ਾਦੀ ਸੰਘਰਸ਼ ਵਿੱਚ ਸ਼ਾਮਲ ਹੋ ਗਏ। 1931 ਵਿੱਚ ਸਿਵਲ ਨਾ-ਫ਼ਰਮਾਨੀ ਅੰਦੋਲਨ ਵਿੱਚ ਹਿੱਸਾ ਲੈਣ ਲਈ ਉਹਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਕੋਇੰਬਟੂਰ ਜੇਲ੍ਹ ਵਿੱਚ 23 ਮਹੀਨਿਆਂ ਲਈ ਸਖ਼ਤ ਕੈਦ ਦੀ ਸਜ਼ਾ ਸੁਣਾਈ ਗਈ । ਉਹ 1935 ਵਿੱਚ ਵਿਸ਼ਵ ਵਿਦਿਆਲਿਆ ਤੋਂ ਸੰਸਕ੍ਰਿਤ ਦੀ ਪੜ੍ਹਾਈ ਕਰਨ ਲਈ ਕਾਸ਼ੀ (ਯੂਪੀ) ਗਏ ਸਨ ਅਤੇ ਸ਼ਾਸਤਰੀ ਪ੍ਰੀਖਿਆ ਪਾਸ ਕੀਤੀ। ਕਾਸ਼ੀ ਵਿੱਚ ਰਹਿੰਦਿਆਂ ਉਹਨਾਂ ਨੇ ਉਰਦੂ ਅਤੇ ਬੰਗਾਲੀ ਵੀ ਸਿੱਖੀ। ਉਹ ਜਲਦੀ ਹੀ ਆਪਣੇ ਸੀਨੀਅਰ ਓਂਕਾਰ ਨਾਦਾਸ਼ਾਸਤਰੀ ਰਾਹੀਂ ਕਮਿਊਨਿਸਟ ਵਿਚਾਰਧਾਰਾ ਵੱਲ ਖਿੱਚੇ ਗਏ, ਇਸ ਤਰ੍ਹਾਂ ਉਹ 'ਪਹਿਲੇ ਮਲਿਆਲੀ' ਕਮਿਊਨਿਸਟ ਬਣ ਗਏ। ਲਾਲ ਬਹਾਦੁਰ ਸ਼ਾਸਤਰੀ ਉਹਨਾਂ ਦੇ ਸਹਿਪਾਠੀ ਸਨ।

**ਸਰਗਰਮ ਰਾਜਨੀਤੀ ਵਿੱਚ**

1931-32 ਵਿੱਚ ਤ੍ਰਾਵਣਕੋਰ ਰਾਜ ਵਿੱਚ ਕਾਂਗਰਸ ਦਾ ਗਠਨ ਹੋਇਆ। 1934 ਵਿੱਚ ਡਾ. ਪੱਟਾਭੀ ਸੀਤਾਰਾਮਈਆ ਦੁਆਰਾ ਯੂਥ ਲੀਗ ਕਾਨਫਰੰਸ ਦਾ ਉਦਘਾਟਨ ਕੀਤਾ ਗਿਆ। ਤ੍ਰਾਵਣਕੋਰ ਦੇ ਮਹਾਰਾਜੇ ਦੇ ਵਿਰੁੱਧ ਅਤੇ ਇੱਕ ਜ਼ਿੰਮੇਵਾਰ ਸਰਕਾਰ ਦੇ ਗਠਨ ਲਈ ਨੌਜਵਾਨਾਂ ਦਾ ਅੰਦੋਲਨ ਅੰਗੜਾਈ ਲੈ ਰਿਹਾ ਸੀ। ਦਾਮੋਦਰਨ ਨੇ ਇਸ ਵਿੱਚ ਸਰਗਰਮ ਹਿੱਸਾ ਲਿਆ।

ਦਾਮੋਦਰਨ, ਐਸ. ਥੰਪੀ, ਕੁਰੂਪ ਅਤੇ ਹੋਰਾਂ ਨੂੰ 1938 ਵਿੱਚ ਗ੍ਰਿਫ਼ਤਾਰ ਕੀਤਾ ਗਿਆ ਅਤੇ ਤ੍ਰਿਵੇਂਦਰਮ ਕੇਂਦਰੀ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ ਸੀ। ਇਹ ਇਸ ਤਰ੍ਹਾਂ ਹੋਇਆ-ਕਮਲਾਦੇਵੀ ਚਟੋਪਾਧਿਆਏ ਨੂੰ 1938 ਵਿੱਚ ਤ੍ਰਿਵੇਂਦਰਮ ਵਿੱਚ ਯੂਥ ਕਾਂਗਰਸ ਕਾਨਫਰੰਸ ਦਾ ਉਦਘਾਟਨ ਕਰਨ ਲਈ ਸੱਦਾ ਦਿੱਤਾ ਗਿਆ ਸੀ। ਉਸ ਨੇ ਦੇਸ਼ ਨਿਕਾਲੇ ਦੇ ਹੁਕਮ ਦੀ ਉਲੰਘਣਾ ਕੀਤੀ ਅਤੇ ਰੇਲਵੇ ਸਟੇਸ਼ਨ ਦੇ ਗੇਟ ਤੋਂ ਹੀ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉੱਥੇ ਪਹਿਲਾਂ ਹੀ ਇੱਕ ਵੱਡੀ ਭੀੜ ਇਕੱਠੀ ਹੋ ਚੁੱਕੀ ਸੀ। ਕੇ. ਦਾਮੋਦਰਨ ਨੇ ਤੁਰੰਤ ਉੱਥੇ ਇੱਕ ਵਿਰੋਧ ਮੀਟਿੰਗ ਦਾ ਪ੍ਰਬੰਧ ਕੀਤਾ ਅਤੇ ਇਸ ਦਾ ਉਦਘਾਟਨ ਕੀਤਾ, ਜਲੂਸ ਕੱਢੇ ਗਏ ਅਤੇ ਮੀਟਿੰਗਾਂ ਕੀਤੀਆਂ ਗਈਆਂ। ਕਾਨਫਰੰਸ ਉਨ੍ਹਾਂ ਦੀ ਪ੍ਰਧਾਨਗੀ ਹੇਠ ਪੂਰੇ ਜੋਸ਼ ਨਾਲ ਹੋਈ। ਨਤੀਜੇ ਵਜੋਂ, ਉਨ੍ਹਾਂ ਸਾਰਿਆਂ ਨੂੰ 23 ਅਗਸਤ, 1938 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਇੱਕ ਸਾਲ ਦੀ ਸਖਤ ਕੈਦ ਦੀ ਸਜ਼ਾ ਸੁਣਾਈ ਗਈ। ਜੇਲ੍ਹਾਂ ਭਰ ਗਈਆਂ। ਮਹਾਰਾਜਾ ਦੇ ਜਨਮ ਦਿਨ ਦੇ ਕਾਰਨ ਇੱਕ ਅਖੌਤੀ 'ਆਮ ਮੁਆਫ਼ੀ' ਦੇ ਬਹਾਨੇ ਉਹਨਾਂ ਨੂੰ ਦੋ ਮਹੀਨਿਆਂ ਦੇ ਅੰਦਰ ਹੀ ਰਿਹਾਅ ਕਰ ਦਿੱਤਾ ਗਿਆ।

ਦਰਅਸਲ, ਉਹਨਾਂ ਦੀ ਰਿਹਾਈ ਮਹਾਰਾਜੇ ਦੇ ਜਨਮ ਦਿਨ ਕਾਰਨ ਨਹੀਂ, ਸਗੋਂ ਅੰਦੋਲਨ ਕਾਰਨ ਹੋਈ ਸੀ। ਅੰਦੋਲਨਕਾਰੀਆਂ ਦਾ ਇੱਕ ਵੱਡਾ ਜੱਥਾ ਮਹਾਰਾਜੇ ਦੇ ਦੀਵਾਨ ਵਿੱਚ ਗਿਆ ਅਤੇ ਉਹ ਭੀੜ ਨੂੰ ਵੇਖ ਕੇ ਪਿਛਲੇ ਦਰਵਾਜ਼ੇ ਰਾਹੀਂ ਭੱਜ ਗਿਆ। ਕੈਦੀਆਂ ਦੀ ਰਿਹਾਈ ਦੇ ਆਦੇਸ਼ ਪਹਿਲਾਂ ਹੀ ਜਾਰੀ ਕੀਤੇ ਗਏ ਸਨ ਅਤੇ ਇਸ ਨੂੰ ਮਹਾਰਾਜਾ ਦੇ ਜਨਮ ਦਿਨ 'ਤੇ ਦਿਆਲਤਾ ਵਜੋਂ ਪੇਸ਼ ਕੀਤਾ ਗਿਆ ਸੀ।

ਕੇਰਲ ਵਿੱਚ ਸੀ ਪੀ ਆਈ ਦਾ ਗਠਨ ਅਤੇ ਦਾਮੋਦਰਨ

1931-32 ਵਿੱਚ ਹੀ ਕੇਰਲ ਦੇ ਵੱਖ-ਵੱਖ ਹਿੱਸਿਆਂ ਵਿੱਚ ਕਮਿਊਨਿਸਟ ਸਮੂਹ ਉਭਰਨੇ ਸ਼ੁਰੂ ਹੋ ਗਏ ਸਨ।

ਦਾਮੋਦਰਨ 1937 ਵਿੱਚ ਕੇਰਲ ਵਾਪਸ ਆਏ ਸਨ। ਉਹ ਆਪਣੀਆਂ ਯਾਦਾਂ ਵਿੱਚ ਕਹਿੰਦੇ ਹਨ ਕਿ ਕੇਰਲ ਵਿੱਚ ਪਹਿਲਾ ਕਮਿਊਨਿਸਟ ਸਮੂਹ 1937 ਵਿੱਚ ਪੰਜ ਸਾਥੀਆਂ ਦੁਆਰਾ ਸੰਗਠਿਤ ਕੀਤਾ ਗਿਆ ਸੀ। ਉਨ੍ਹਾਂ ਵਿੱਚ ਈ.ਐੱਮ.ਐੱਸ ਨੰਬੂਦਰੀਪਾਦ, ਕ੍ਰਿਸ਼ਨਾ ਪਿੱਲਈ ਅਤੇ ਕੇ. ਦਾਮੋਦਰਨ ਸ਼ਾਮਲ ਸਨ। ਪਹਿਲਾਂ-ਪਹਿਲ ਉਹ ਸੋਸ਼ਲਿਸਟ ਪਾਰਟੀ ਜਾਂ ਕਾਂਗਰਸ ਸੋਸ਼ਲਿਸਟ ਪਾਰਟੀ (ਸੀ ਐੱਸ ਪੀ) ਦੇ ਅੰਦਰ ਕੰਮ ਕਰਦੇ ਸਨ। ਅਜੇ ਤੱਕ ਉਹ ਆਪਣੇ ਆਪ ਨੂੰ ਕਮਿਊਨਿਸਟ ਪਾਰਟੀ ਨਹੀਂ ਕਹਿੰਦੇ ਸਨ, ਪਰ ਸੀ ਐੱਸ ਪੀ ਦੇ ਅੰਦਰ ਉਹਨਾਂ ਇੱਕ ਵੱਡਾ ਸਮੂਹ ਬਣਾਇਆ। ਉਨ੍ਹਾਂ ਨੇ ਸੀ ਐੱਸ ਪੀ ਦੇ ਅੰਦਰ ਕਮਿਊਨਿਸਟ ਸਾਹਿਤ ਦਾ ਪ੍ਰਸਾਰ ਕੀਤਾ ਅਤੇ ਇਹ ਗਰੁੱਪ ਕਾਂਗਰਸ ਦੇ ਅੰਦਰ ਕੰਮ ਕਰਦਾ ਸੀ।

ਈ.ਐੱਮ.ਐੱਸ, ਏ. ਕੇ. ਗੋਪਾਲਨ, ਕ੍ਰਿਸ਼ਨਾ ਪਿੱਲਈ ਅਤੇ ਬਾਅਦ ਵਿੱਚ ਦਾਮੋਦਰਨ, ਸਾਰੇ ਕੇਰਲ ਕਾਂਗਰਸ ਦੇ ਪ੍ਰਮਾਨਤ ਨੇਤਾ ਬਣ ਗਏ ਸਨ। ਉਨ੍ਹਾਂ ਨੇ ਟ੍ਰੇਡ ਯੂਨੀਅਨਾਂ, ਕਿਸਾਨ ਸੰਗਠਨਾਂ, ਵਿਦਿਆਰਥੀ ਯੂਨੀਅਨਾਂ ਅਤੇ ਪ੍ਰਗਤੀਸ਼ੀਲ ਅਤੇ ਸਾਮਰਾਜ ਵਿਰੋਧੀ ਲੇਖਕਾਂ ਦੀਆਂ ਐਸੋਸੀਏਸ਼ਨਾਂ ਦਾ ਗਠਨ ਕੀਤਾ। ਉਨ੍ਹਾਂ ਨੇ 1939 ਦੇ ਅੰਤ ਤੱਕ ਕੇਰਲਾ ਵਿੱਚ ਇੱਕ ਨਿਯਮਤ ਕਮਿਊਨਿਸਟ ਪਾਰਟੀ ਬਣਾ ਲਈ। ਕਮਿਊਨਿਸਟਾਂ ਨੂੰ ਰਾਸ਼ਟਰਵਾਦੀ ਇੱਛਾਵਾਂ ਦੇ ਹਾਣ ਦਾ ਹੋਣ ਦਾ ਮਾਣ ਹਾਸਲ ਸੀ। ਇਸ ਤਰ੍ਹਾਂ ਕੇਰਲਾ ਆਜ਼ਾਦੀ ਤੋਂ ਬਾਅਦ ਦੇ ਕਮਿਊਨਿਜ਼ਮ ਦੇ ਮਹੱਤਵਪੂਰਨ ਗੜ੍ਹਾਂ ਵਿੱਚੋਂ ਇੱਕ ਬਣ ਗਿਆ।

1937 ਦੀਆਂ ਚੋਣਾਂ ਤੋਂ ਬਾਅਦ ਭਟਲਾਗੁੰਡੂ ਦੇ ਮਦੁਰਾਈ ਜ਼ਿਲ੍ਹੇ ਵਿੱਚ ਇੱਕ ਕਾਨਫਰੰਸ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸੀ ਐੱਸ ਪੀ ਯੂਨਿਟ ਦਾ ਗਠਨ ਹੋਇਆ। ਇਸ ਵਿੱਚ ਕੇ. ਦਾਮੋਦਰਨ ਅਤੇ ਮਦੁਰੀ ਅੰਨਪੂਰਨਈਆ ਨੇ ਸ਼ਿਰਕਤ ਕੀਤੀ ।

1938 ਵਿੱਚ ਉਹ ਪਹਿਲਾਂ ਹੀ ਪਾਰਟੀ ਦਾ ਮੈਂਬਰ ਸੀ, ਪਰ ਜਨਤਾ ਦੀਆਂ ਨਜ਼ਰਾਂ ਵਿੱਚ ਉਸ ਨੂੰ ਅਜੇ ਵੀ ਇੱਕ ਰਾਸ਼ਟਰਵਾਦੀ ਅੰਦੋਲਨਕਾਰੀ ਮੰਨਿਆ ਜਾਂਦਾ ਸੀ। ਉਸ ਦੀ ਗ੍ਰਿਫਤਾਰੀ ਦਾ ਕਾਰਨ ਤ੍ਰਿਵੇਂਦਰਮ ਵਿੱਚ ਯੂਥ ਲੀਗ ਦੇ ਮੈਂਬਰਾਂ ਦੀ ਇੱਕ ਕਾਨਫਰੰਸ ਵਿੱਚ ਦਿੱਤਾ ਗਿਆ ਭਾਸ਼ਣ ਸੀ। ਉਨ੍ਹਾਂ ਨੇ ਸਾਮਰਾਜਵਾਦ, ਤ੍ਰਾਵਣਕੋਰ ਦੇ ਮਹਾਰਾਜੇ ਵਿਰੁੱਧ ਅਤੇ ਬ੍ਰਿਟਿਸ਼ ਸਾਮਰਾਜਵਾਦ ਦੁਆਰਾ ਕੀਤੇ ਜਾ ਰਹੇ ਜ਼ੁਲਮ ਨੂੰ ਦਰਸਾਉਂਦੇ ਹੋਏ ਘੋਰ ਨਿੰਦਾ ਕੀਤੀ ਸੀ। ਇਸ ਮੀਟਿੰਗ ਵਿੱਚ ਹੀ ਉਨ੍ਹਾਂ ਨੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਸੰਘਰਸ਼ ਵਿੱਚ ਸ਼ਾਮਲ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਅਤੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਨਾਲ ਆਪਣਾ ਭਾਸ਼ਣ ਸਮਾਪਤ ਕੀਤਾ, ਜਿਸ ਨੂੰ ਪੂਰੀ ਮੀਟਿੰਗ ਨੇ ਪੂਰੇ ਜੋਸ਼ ਨਾਲ ਕਬੂਲਿਆ। ਇਹ ਪਹਿਲੀ ਵਾਰ ਸੀ ਜਦੋਂ ਇਹ ਨਾਅਰਾ ਬੁਲੰਦ ਕੀਤਾ ਗਿਆ ਸੀ।

ਦੂਜੇ ਵਿਸ਼ਵ ਯੁੱਧ ਦੇ ਸ਼ੁਰੂ ਹੋਣ 'ਤੇ ਹੀ ਸੀ ਪੀ ਆਈ ਨੇ ਜੰਗ ਅਤੇ ਬ੍ਰਿਟਿਸ਼ ਸਾਮਰਾਜਵਾਦ ਦਾ ਸਖ਼ਤ ਵਿਰੋਧ ਕੀਤਾ। ਇਸ ਨੇ ਕਾਂਗਰਸ 'ਤੇ ਇੱਕ ਜਨ ਅੰਦੋਲਨ ਸ਼ੁਰੂ ਕਰਨ ਲਈ ਦਬਾਅ ਪਾਇਆ। ਦਾਮੋਦਰਨ ਨੇ 1940 ਵਿੱਚ ਕਾਂਗਰਸ ਦੇ ਪੂਨਾ ਸੈਸ਼ਨ ਵਿੱਚ ਮਹਾਤਮਾ ਗਾਂਧੀ ਦੁਆਰਾ ਪੇਸ਼ ਕੀਤੇ ਗਏ ਮੁੱਖ ਮਤੇ ਵਿੱਚ ਇੱਕ ਸੋਧ ਪੇਸ਼ ਕੀਤੀ, ਜਿਸ ਵਿੱਚ ਜੰਗ ਦੇ ਵਿਰੁੱਧ ਜਨ ਸੰਘਰਸ਼ ਦੀ ਮੰਗ ਕੀਤੀ ਗਈ ਸੀ। ਦਾਮੋਦਰਨ ਨੂੰ ਜਵਾਹਰ ਲਾਲ ਨਹਿਰੂ ਦਾ ਸਮਰਥਨ ਹਾਸਲ ਸੀ। ਇਸ ਤੋਂ ਥੋੜ੍ਹੀ ਦੇਰ ਬਾਅਦ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਵੇਲੋਰ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਜੇਲ੍ਹ ਵਿੱਚ ਕਮਿਊਨਿਸਟਾਂ ਵਿੱਚ ਜੰਗ ਦੀ ਪ੍ਰਕਿਰਤੀ ਬਾਰੇ ਇੱਕ ਵਿਵਾਦ ਸ਼ੁਰੂ ਹੋ ਗਿਆ। ਆਂਧਰਾ ਪ੍ਰਦੇਸ਼ ਦੇ ਸੀ ਪੀ ਆਈ ਦੇ ਇੱਕ ਬੁੱਧੀਜੀਵੀ, ਪ੍ਰੋਫੈਸਰ ਕੇ.ਬੀ. ਕ੍ਰਿਸ਼ਨਾ ਵੀ ਜੇਲ੍ਹ ਵਿੱਚ ਸਨ। ਉਨ੍ਹਾਂ ਨੇ ਇੱਕ ਥੀਸਿਸ ਪੇਸ਼ ਕੀਤਾ ਕਿ ਜੰਗ ਦਾ ਚਰਿੱਤਰ ਬਦਲ ਗਿਆ ਹੈ ਅਤੇ ਕਮਿਊਨਿਸਟਾਂ ਨੂੰ ਜੰਗ ਦੀ ਕਾਰਵਾਈ ਦਾ ਸਮਰਥਨ ਕਰਨਾ ਚਾਹੀਦਾ ਹੈ, ਕਿਉਂਕਿ ਹੁਣ ਇਹ ਇੱਕ 'ਲੋਕ ਯੁੱਧ' ਬਣ ਗਿਆ ਹੈ ।

ਦਾਮੋਦਰਨ ਨੇ ਇਸ ਦੇ ਉਲਟ ਇਹ ਥੀਸਿਸ ਲਿਖਿਆ ਕਿ ਯੂ ਐੱਸ ਐੱਸ ਆਰ ਦਾ ਸਮਰਥਨ ਕਰਦੇ ਹੋਏ ਵੀ ਬ੍ਰਿਟਿਸ਼ ਵਿਰੋਧੀ ਲਾਈਨ ਨੂੰ ਨਹੀਂ ਬਦਲਣਾ ਚਾਹੀਦਾ। ਨਤੀਜੇ ਵਜੋਂ, ਅੰਗਰੇਜ਼ੀ ਹਕੂਮਤ ਦੁਆਰਾ ਦਾਮੋਦਰਨ ਨੂੰ ਯੁੱਧ ਦੇ ਅੰਤ ਤੱਕ ਜੇਲ੍ਹ ਵਿੱਚ ਰੱਖਿਆ ਗਿਆ। ਸੀ ਪੀ ਆਈ ਲੀਡਰਸ਼ਿਪ ਨੇ ਉਸ ਨੂੰ ਰਿਹਾਅ ਕਰਵਾਉਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਕੋਈ ਫਾਇਦਾ ਨਹੀਂ ਹੋਇਆ।

1946 ਵਿੱਚ ਬੰਬਈ ਵਿੱਚ ਰਾਇਲ ਨੇਵੀ ਵਿਦਰੋਹ ਦੌਰਾਨ ਉਹਨਾਂ ਨੂੰ ਦੁਬਾਰਾ ਗ੍ਰਿਫ਼ਤਾਰ ਕੀਤਾ ਗਿਆ ਅਤੇ ਆਜ਼ਾਦੀ ਤੋਂ ਸਿਰਫ਼ 24 ਘੰਟੇ ਪਹਿਲਾਂ, 13 ਅਗਸਤ, 1947 ਨੂੰ ਰਿਹਾਅ ਕਰ ਦਿੱਤਾ ਗਿਆ ਸੀ।

**ਬੀ ਟੀ ਆਰ ਪੀਰੀਅਡ, 1948-50**

ਦਾਮੋਦਰਨ ਨੂੰ ਇਸ ਸਮੇਂ ਦੌਰਾਨ, 1948 ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਉਹ ਬੀ ਟੀ ਆਰ ਦੀ ਖੱਬੇ ਪੱਖੀ ਸੰਕੀਰਨ ਮਾਅਰਕੇਬਾਜ਼ੀ ਵਾਲੀ ਲਾਈਨ ਦੇ ਵਿਰੋਧੀ ਸਨ, ਜਿਸ ਨੇ ਕਮਿਊਨਿਸਟ ਲਹਿਰ ਅਤੇ ਪਾਰਟੀ ਨੂੰ ਭਾਰੀ ਨੁਕਸਾਨ ਪਹੁੰਚਾਇਆ। ਉਹਨਾਂ ਨੇ ਆਪਣੀ ਇੰਟਰਵਿਊ ਵਿੱਚ ਕਈ ਵਾਰ ਪਾਰਟੀ ਅਤੇ ਜਨਤਕ ਸੰਗਠਨਾਂ ਨੂੰ ਹੋਏ ਭਾਰੀ ਨੁਕਸਾਨ ਦੀ ਵਿਆਖਿਆ ਕੀਤੀ।



**ਜਥੇਬੰਦਕ ਅਤੇ ਵਿਧਾਨਕ ਕੰਮ**

ਉਹਨਾਂ ਨੇ ਜੂਟ ਅਤੇ ਬੀੜੀ ਕਾਮਿਆਂ ਨੂੰ ਸੰਗਠਿਤ ਕੀਤਾ। ਪਾਰਟੀ ਹੌਲੀ-ਹੌਲੀ ਕੌਮੀ ਮੁੱਖ ਧਾਰਾ ਵਿੱਚ ਆ ਗਈ। 1951 ਵਿੱਚ, ਉਹ ਕਮਿਊਨਿਸਟ ਪਾਰਟੀ ਦੀ ਮਾਲਾਬਾਰ ਇਕਾਈ ਕਮੇਟੀ ਦੇ ਤਾਲੁਕ ਸਕੱਤਰ ਚੁਣੇ ਗਏ। ਉਨ੍ਹਾਂ ਨੇ 1951 ਵਿੱਚ ਵਿਧਾਨ ਸਭਾ ਚੋਣ ਅਤੇ 1957 ਵਿੱਚ ਲੋਕ ਸਭਾ ਲਈ ਚੋਣ ਲੜੀ। ਉਹ 1964 ਤੋਂ 1970 ਤੱਕ ਰਾਜ ਸਭਾ ਦੇ ਮੈਂਬਰ ਰਹੇ। ਦਾਮੋਦਰਨ 1956 ਵਿੱਚ ਸੀ ਪੀ ਆਈ ਦੀ ਕੇਂਦਰੀ ਕਮੇਟੀ ਲਈ ਅਤੇ 1958 ਵਿੱਚ ਕੌਮੀ ਕੌਂਸਲ ਲਈ ਚੁਣੇ ਗਏ। ਵਿਜੇਵਾੜਾ, ਬੰਬਈ ਅਤੇ ਪਟਨਾ ਕਾਂਗਰਸ ਵਿੱਚ ਦੁਬਾਰਾ ਇਸੇ ਅਹੁਦੇ ਲਈ ਚੁਣੇ ਗਏ। ਉਹ 1958 ਤੋਂ 1968 ਤੱਕ ਪਾਰਟੀ ਦੀ ਕੇਂਦਰੀ ਕਾਰਜਕਾਰੀ ਕਮੇਟੀ ਲਈ ਚੁਣੇ ਗਏ। ਇੱਕ ਪੱਤਰਕਾਰ ਅਤੇ ਕਮਿਊਨਿਸਟ ਹੋਣ ਦੇ ਨਾਤੇ, ਉਨ੍ਹਾਂ ਨੇ 1930 ਦੇ ਦਹਾਕੇ ਵਿੱਚ ਸੀ ਪੀ ਆਈ ਦੇ ਪਹਿਲੇ ਹਫ਼ਤਾਵਾਰੀ 'ਪ੍ਰਭਾਤਮ' ਦਾ ਸੰਪਾਦਨ ਕੀਤਾ। 1950 ਅਤੇ 60 ਦੇ ਦਹਾਕੇ ਵਿੱਚ, ਉਨ੍ਹਾਂ ਨੇ ਪਾਰਟੀ ਹਫ਼ਤਾਵਾਰੀ 'ਨਵਯੁਗਮ' ਦਾ ਸੰਪਾਦਨ ਕੀਤਾ।

ਦਾਮੋਦਰਨ ਸੀ ਪੀ ਆਈ ਦੀ ਮਾਲਾਬਾਰ ਸੂਬਾ ਕਮੇਟੀ ਦੇ ਸਕੱਤਰ ਸਨ। ਪਾਲਘਾਟ, 1956 ਪਾਰਟੀ ਕਾਂਗਰਸ ਤੋਂ ਪਹਿਲਾਂ ਪਾਰਟੀ ਦੀ ਮਾਲਾਬਾਰ ਸੂਬਾਈ ਕਾਨਫਰੰਸ ਵਿੱਚ ਕਾਂਗਰਸ-ਕਮਿਊਨਿਸਟ ਗੱਠਜੋੜ ਸਰਕਾਰ 'ਤੇ ਤਿੱਖੀ ਚਰਚਾ ਹੋਈ।

ਇਨ੍ਹਾਂ ਸਾਰੇ ਸਾਲਾਂ ਦੌਰਾਨ ਉਹ ਲੇਖ ਅਤੇ ਕਿਤਾਬਾਂ ਲਿਖਣ, ਨਵੀਆਂ ਭਾਸ਼ਾਵਾਂ ਸਿੱਖਣ ਅਤੇ ਵੱਖ-ਵੱਖ ਮੰਚਾਂ 'ਤੇ ਬਹਿਸਾਂ ਦੌਰਾਨ ਬੌਧਿਕ ਤੌਰ 'ਤੇ ਸਰਗਰਮ ਰਹੇ। ਉਹ 1964 ਵਿੱਚ ਰਾਜ ਸਭਾ ਦੇ ਮੈਂਬਰ ਬਣੇ। ਉਨ੍ਹਾਂ ਨੇ ਲੱਗਭੱਗ ਸਾਰੇ ਕਮਿਊਨਿਸਟ ਦੇਸ਼ਾਂ ਅਤੇ ਕਈ ਏਸ਼ੀਆਈ ਅਤੇ ਯੂਰਪੀਅਨ ਦੇਸ਼ਾਂ ਦਾ ਦੌਰਾ ਵੀ ਕੀਤਾ।

**ਵਿਦੇਸ਼ੀ ਦੌਰੇ**

ਉਨ੍ਹਾਂ ਨੇ ਇੱਕ ਐਫਰੋ-ਏਸ਼ੀਅਨ ਲੇਖਕਾਂ ਦੇ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਭਾਰਤੀ ਲੇਖਕਾਂ ਦੇ ਵਫ਼ਦ ਦੇ ਮੈਂਬਰ ਵਜੋਂ ਤਾਸ਼ਕੰਦ ਦਾ ਦੌਰਾ ਕੀਤਾ। ਇੱਕ ਸੱਭਿਆਚਾਰਕ ਪ੍ਰੋਗਰਾਮ ਦੌਰਾਨ, ਸੀ ਪੀ ਐੱਸ ਯੂ ਦੇ ਜਨਰਲ ਸਕੱਤਰ, ਖਰੁਸ਼ਚੇਵ, ਅਚਾਨਕ ਇੱਕ ਖਾਲੀ ਕੁਰਸੀ 'ਤੇ ਉਨ੍ਹਾਂ ਦੇ ਕੋਲ ਆ ਕੇ ਬੈਠ ਗਏ। ਦਾਮੋਦਰਨ ਨੇ ਉਨ੍ਹਾਂ ਤੋਂ ਕਈ ਸਵਾਲ ਪੁੱਛੇ, ਜਿਨ੍ਹਾਂ ਵਿੱਚ ਬੋਰਿਸ ਪਾਸਟਰਨਾਕ ਦੇ ਨਾਵਲ 'ਤੇ ਪਾਬੰਦੀ, ਸੋਵੀਅਤ ਯੂਨੀਅਨ ਵਿੱਚ ਸ਼ਰਾਬ ਪੀਣ ਦੀ ਆਦਤ ਆਦਿ ਸ਼ਾਮਲ ਸਨ।

1960 ਵਿੱਚ ਜਦੋਂ ਦਾਮੋਦਰਨ ਚੀਨ ਗਏ ਸਨ ਤਾਂ ਉਨ੍ਹਾਂ ਨੇ ਚੀਨੀ ਕਮਿਊਨਿਸਟਾਂ ਨਾਲ ਵੱਖ- ਵੱਖ ਮੁੱਦਿਆਂ 'ਤੇ ਚਰਚਾ ਕੀਤੀ। ਵਫ਼ਦ ਨੇ ਚਉ-ਐਨ-ਲਾਈ ਨਾਲ ਇੱਕ ਲੰਮੀ ਮੁਲਾਕਾਤ ਕੀਤੀ, ਜਿਨ੍ਹਾਂ ਨੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ, ਜਿਸ ਵਿੱਚ ਸਰਹੱਦੀ ਵਿਵਾਦ ਵੀ ਸ਼ਾਮਲ ਸੀ। ਦਾਮੋਦਰਨ ਚੀਨੀ ਲੀਡਰਸ਼ਿਪ ਤੋਂ ਪਰੇਸ਼ਾਨ ਅਤੇ ਨਿਰਾਸ਼ ਹੋ ਕੇ ਵਾਪਸ ਪਰਤੇ। ਚਉ ਨੇ ਕਿਹਾ ਕਿ ਚੀਨ ਨੂੰ ਹਮਲੇ ਦਾ ਖ਼ਤਰਾ ਹੈ, ਅਮਰੀਕਾ ਤੋਂ ਨਹੀਂ, ਸਗੋਂ ਨਹਿਰੂ ਤੋਂ।

ਉਹ ਹੋ-ਚੀ-ਮਿਨਹ ਨੂੰ ਵੀ ਮਿਲੇ, ਜਿਸ ਨੇ ਛੇ ਭਾਸ਼ਾਵਾਂ ਵਿੱਚ ਵਿਦੇਸ਼ੀ ਡੈਲੀਗੇਟਾਂ ਦਾ ਸਵਾਗਤ ਕੀਤਾ: ਵੀਅਤਨਾਮੀ, ਚੀਨੀ, ਰੂਸੀ, ਫ੍ਰੈਂਚ, ਅੰਗਰੇਜ਼ੀ ਅਤੇ ਸਪੈਨਿਸ਼।

ਦਾਮੋਦਰਨ ਨੇ 1967-69 ਵਿੱਚ ਇਟਲੀ, ਫਰਾਂਸ ਅਤੇ ਹੋਰ ਯੂਰਪੀਅਨ ਦੇਸ਼ਾਂ ਦਾ ਵੀ ਦੌਰਾ ਕੀਤਾ। ਉਹ ਫਰੈਂਚ ਕਮਿਊਨਿਸਟ ਪਾਰਟੀ ਦੇ ਰੋਜਰ ਗਾਰੋਡੀ ਨੂੰ ਵੀ ਮਿਲੇ। ਉਹ ਅਖੌਤੀ ਨਵੇਂ ਖੱਬੇ ਪੱਖੀ ਲੋਕਾਂ ਦੇ ਉਭਾਰ ਦਾ ਸਮਾਂ ਸੀ। ਦਾਮੋਦਰਨ ਉਨ੍ਹਾਂ ਦੀਆਂ ਅਤੇ ਯੂਰੋ- ਕਮਿਊਨਿਸਟਾਂ ਦੀਆਂ ਕੁਝ ਆਲੋਚਨਾਵਾਂ ਨਾਲ ਵੀ ਸਹਿਮਤ ਸਨ।

**ਪਾਲਘਾਟ ਕਾਂਗਰਸ, 1956**

ਪਾਲਘਾਟ ਤੋਂ ਪਹਿਲਾਂ ਦੀਆਂ ਚਰਚਾਵਾਂ ਦੌਰਾਨ ਦਾਮੋਦਰਨ ਨੇ ਸਭ ਤੋਂ ਪਹਿਲਾਂ, ਅੱਗੇ ਦੇ ਸੰਘਰਸ਼ਾਂ ਲਈ ਇੱਕ ਜਨਤਕ ਲਾਈਨ ਲਈ ਦਲੀਲ ਦਿੱਤੀ, ਜਿਸ ਵਿੱਚ ਸੰਘਰਸ਼ ਮੂਲ ਰੂਪ ਵਿੱਚ ਜਮਾਤਾਂ ਵਿਚਕਾਰ ਸੀ, ਨਾ ਕਿ ਪਾਰਟੀਆਂ ਵਿਚਕਾਰ। ਉਨ੍ਹਾਂ ਨੇ ਦਲੀਲ ਦਿੱਤੀ ਕਿ ਜਮਾਤੀ ਏਕਤਾ ਦੇ ਆਧਾਰ 'ਤੇ ਸਾਨੂੰ ਲੋਕਾਂ ਦੇ ਸਾਰੇ ਪ੍ਰਗਤੀਸ਼ੀਲ ਵਰਗਾਂ, ਜਿਨ੍ਹਾਂ ਵਿੱਚ ਕਾਂਗਰਸ ਸਮਰਥਕ ਵੀ ਸ਼ਾਮਲ ਹਨ, ਨੂੰ ਜ਼ਮੀਨੀ ਸੁਧਾਰਾਂ ਨੂੰ ਲਾਗੂ ਕਰਨ, ਮਜ਼ਦੂਰਾਂ ਦੇ ਅਧਿਕਾਰਾਂ ਲਈ, ਵਧੇਰੇ ਜਮਹੂਰੀ ਆਜ਼ਾਦੀਆਂ ਲਈ, ਇੱਕ ਮਜ਼ਬੂਤ ? ?ਸਾਮਰਾਜ ਵਿਰੋਧੀ ਵਿਦੇਸ਼ ਨੀਤੀ ਆਦਿ ਲਈ ਇੱਕਜੁੱਟ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਸੰਘਰਸ਼ਾਂ ਰਾਹੀਂ ਸਾਨੂੰ ਜਨਤਾ ਨੂੰ ਬੁਰਜੂਆ ਪ੍ਰਭਾਵ ਤੋਂ ਦੂਰ ਕਰਨਾ ਅਤੇ ਮਜ਼ਦੂਰ ਵਰਗ ਦੀ ਸਰਦਾਰੀ ਕਾਇਮ ਕਰਨ ਵੱਲ ਵਧਣਾ ਚਾਹੀਦਾ ਹੈ। ਉਪਰੋਕਤ ਆਧਾਰ 'ਤੇ ਉਨ੍ਹਾਂ ਦੁਆਰਾ ਪੇਸ਼ ਕੀਤਾ ਗਿਆ ਰਾਜਨੀਤਿਕ ਮਤਾ ਮਾਲਾਬਾਰ ਪਾਰਟੀ ਕਾਨਫਰੰਸ ਵਿੱਚ ਬਹੁਮਤ ਨਾਲ ਪਾਸ ਹੋ ਗਿਆ।

ਪਾਰਟੀ ਦੀ ਚੌਥੀ ਕਾਂਗਰਸ 1956 ਵਿੱਚ ਕੇਰਲਾ ਦੇ ਪਾਲਘਾਟ ਵਿਖੇ ਹੋਈ ਸੀ। ਬਹੁਗਿਣਤੀ ਦਾ ਜ਼ੋਰ ਕਾਂਗਰਸ ਵਿਰੋਧੀ ਮੋਰਚੇ 'ਤੇ ਸੀ, ਜਿਸ ਵਿੱਚ ਇਹ ਦਲੀਲ ਦਿੱਤੀ ਗਈ ਸੀ ਕਿ ਭਾਰਤੀ ਬੁਰਜੂਆਜ਼ੀ ਬ੍ਰਿਟਿਸ਼ ਵਿੱਤ ਪੂੰਜੀ ਦੇ ਅਧੀਨ ਹੈ। ਪੀ.ਸੀ. ਜੋਸ਼ੀ, ਭੋਵਾਨੀ ਸੇਨ, ਕੇ. ਦਾਮੋਦਰਨ ਅਤੇ ਕੁਝ ਹੋਰਾਂ ਨੇ ਅਧਿਕਾਰਤ ਮਤੇ ਦੇ ਬਦਲ ਵਜੋਂ ਇੱਕ ਮਤਾ ਪੇਸ਼ ਕੀਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਕਾਂਗਰਸ ਸਰਕਾਰ ਸਾਮਰਾਜਵਾਦ ਦੇ ਅਧੀਨ ਨਹੀਂ ਹੈ। ਮਤਾ ਹਾਰ ਗਿਆ ਪਰ ਇੱਕ ਚੌਥਾਈ ਡੈਲੀਗੇਟਾਂ ਨੇ ਸਮਰਥਨ ਦਿੱਤਾ।

ਦਾਮੋਦਰਨ ਕੇਂਦਰੀ ਕਮੇਟੀ ਲਈ ਚੁਣੇ ਗਏ ਸਨ।

ਇਸ ਸਮੇਂ ਤੱਕ ਦਾਮੋਦਰਨ ਸਟਾਲਿਨ ਦੀ ਆਲੋਚਨਾ 'ਤੇ ਖਰੁਸ਼ਚੇਵ ਦੇ ਸਟੈਂਡ ਦਾ ਸਮਰਥਨ ਕਰਨ ਤੱਕ ਆ ਗਏ ਸਨ। ਸਟਾਲਿਨ ਦੀ ਸ਼ਖਸੀਅਤ ਪ੍ਰਸਤੀ ਦੀ ਆਲੋਚਨਾ 'ਤੇ ਪਾਰਟੀ ਵਿੱਚ ਇੱਕ ਤਿੱਖੀ ਬਹਿਸ ਛਿੜ ਗਈ ਸੀ।

**ਪਾਰਟੀ ਵੰਡ, 1964**

ਕੇ.ਦਾਮੋਦਰਨ ਦੇ ਅਨੁਸਾਰ 'ਡਾਂਗੇ ਦਾ ਪੱਤਰ' ਪਾਰਟੀ ਨੂੰ ਵੰਡਣ ਦਾ ਸਿਰਫ਼ ਬਹਾਨਾ ਸੀ। ਉਹ ਵੰਡ ਦੇ ਸਖ਼ਤ ਵਿਰੁੱਧ ਸਨ ਅਤੇ ਉਹਨਾਂ ਨੇ ਸੀ.ਪੀ.ਆਈ. ਵਿੱਚ ਬਣੇ ਰਹਿਣ ਦਾ ਫੈਸਲਾ ਕੀਤਾ। ਉਨ੍ਹਾਂ ਦੀ ਰਾਏ ਵਿੱਚ, ਜਨਤਕ ਸੰਗਠਨਾਂ ਵਿੱਚ ਫੁੱਟ ਇਕ ਸਾਜ਼ਿਸ਼ੀ ਚਾਲ ਸੀ, ਜਿਸ ਨੇ ਸਿਰਫ਼ ਕਾਂਗਰਸ ਪਾਰਟੀ ਅਤੇ ਸੱਜੇਪੱਖੀ ਪ੍ਰਤੀਕਿਰਿਆਵਾਦੀਆਂ ਦੀ ਮਦਦ ਕੀਤੀ।

ਦਾਮੋਦਰਨ ਸਟਾਲਿਨਵਾਦ ਦੇ ਸਖ਼ਤ ਵਿਰੁੱਧ ਸਨ ਅਤੇ ਲਗਾਤਾਰ ਇਸ ਦੇ ਵਿਰੁੱਧ ਲੜਦੇ ਰਹੇ। ਆਪਣੇ ਸ਼ੁਰੂਆਤੀ ਦਿਨਾਂ ਵਿੱਚ, ਜਦੋਂ ਸਟਾਲਿਨ ਦੀ ਸ਼ਖਸੀਅਤ ਪ੍ਰਸਤੀ ਦੀ ਪੂਜਾ ਆਮ ਸੀ, ਉਹ ਵੀ ਅੰਨ੍ਹੇਵਾਹ ਸਟਾਲਿਨ ਦੇ ਪ੍ਰਸ਼ੰਸਕ ਸਨ। ਇਸ ਦਾ ਉਨ੍ਹਾਂ ਨੇ ਬਾਅਦ ਵਿੱਚ ਪਛਤਾਵਾ ਕੀਤਾ।

ਪੀ.ਸੀ. ਜੋਸ਼ੀ ਪੁਰਾਲੇਖਾਂ ਦੀ ਸਥਾਪਨਾ

1971 ਦੀ ਕੋਚੀਨ ਪਾਰਟੀ ਕਾਂਗਰਸ ਤੋਂ ਬਾਅਦ, ਦਾਮੋਦਰਨ ਸਰਗਰਮ ਰਾਜਨੀਤਿਕ ਕੰਮ ਛੱਡ ਕੇ 1972 ਵਿੱਚ ਜੇ.ਐੱਨ.ਯੂ. ਵਿੱਚ ਚਲੇ ਗਏ। 1974 ਤੱਕ ਕੇ.ਦਾਮੋਦਰਨ ਜੇ.ਐੱਨ.ਯੂ. ਵਿੱਚ ਪੀ.ਸੀ. ਜੋਸ਼ੀ ਪੁਰਾਲੇਖਾਂ ਦੀ ਸਥਾਪਨਾ ਵਿੱਚ ਰੁੱਝੇ ਹੋਏ ਸਨ, ਜੋ ਅੱਜ ਭਾਰਤ ਵਿੱਚ ਕਮਿਊਨਿਸਟ ਲਹਿਰ ਬਾਰੇ ਖੋਜ ਦਾ ਇੱਕ ਅਮੀਰ ਸਰੋਤ ਹੈ। ਦਾਮੋਦਰਨ ਨੇ ਆਪਣਾ ਪੂਰਾ ਸਮਾਂ ਆਈ.ਸੀ.ਐਚ.ਆਰ. ਫੈਲੋਸ਼ਿਪ ਨਾਲ ਭਾਰਤੀ ਕਮਿਊਨਿਸਟ ਲਹਿਰ ਵਿੱਚ ਖੋਜ ਕਰਨ ਲਈ ਸਮਰਪਿਤ ਕੀਤਾ। ਬਾਅਦ ਵਿੱਚ ਉਹ 1970 ਦੇ ਦਹਾਕੇ ਵਿੱਚ ਜੇ.ਐੱਨ.ਯੂ. ਵਿੱਚ ਭਾਰਤ ਦੇ ਸਮਕਾਲੀ ਇਤਿਹਾਸ ਦੇ ਪੁਰਾਲੇਖਾਂ ਦੇ ਡਿਪਟੀ ਡਾਇਰੈਕਟਰ ਬਣੇ।

**ਸ਼ਾਨਦਾਰ ਨਿੱਜੀ ਗੁਣ**

ਦਾਮੋਦਰਨ ਨੇ ਕੇਰਲ ਦੇ ਸਿਵਲ ਸਮਾਜ 'ਤੇ ਡੂੰਘਾ ਪ੍ਰਭਾਵ ਛੱਡਿਆ। ਉਨ੍ਹਾਂ ਕੋਲ ਸ਼ਾਨਦਾਰ ਭਾਸ਼ਣ ਕਰਨ ਦਾ ਹੁਨਰ ਸੀ। ਭਾਸ਼ਣ ਦੇਣ ਤੋਂ ਪਹਿਲਾਂ ਉਹ ਲੰਬੇ ਸਮੇਂ ਤੱਕ ਬੋਲਣ ਲਈ ਆਪਣਾ ਗਲਾ ਸਾਫ਼ ਕਰਨ ਵਾਸਤੇ ਖੰਡ ਦੇ ਦਾਣਿਆਂ ਨਾਲ ਇੱਕ ਮੁੱਠੀ ਭਰ ਛੋਟੇ ਪਿਆਜ਼ ਚਬਾ ਲੈਂਦੇ ਸਨ। ਮਸ਼ਹੂਰ ਫਿਲਮ ਨਿਰਮਾਤਾ ਕੇ.ਪੀ. ਕੁਮਾਰਨ ਨੇ ਜ਼ਿਕਰ ਕੀਤਾ ਹੈ ਕਿ ਜਦੋਂ ਉਹ ਜਵਾਨ ਸੀ ਤਾਂ ਉਸ ਨੇ ਦਾਮੋਦਰਨ ਦਾ ਚਾਰ ਘੰਟੇ ਦਾ ਜਨਤਕ ਭਾਸ਼ਣ ਸੁਣਿਆ ਸੀ। ਦਾਮੋਦਰਨ ਸਵੇਰੇ 4 ਵਜੇ ਉੱਠਦੇ ਸਨ, (ਜੋ ਬਚਪਨ ਤੋਂ ਹੀ ਉਹਨਾਂ ਦੀ ਆਦਤ ਸੀ) ਅਤੇ 4.30 ਵਜੇ ਉਹ ਚਾਹ ਦੇ ਕੱਪ ਨਾਲ ਆਪਣਾ ਕੰਮ ਸ਼ੁਰੂ ਕਰ ਦਿੰਦੇ ਸਨ ।

ਰਾਜ ਸਭਾ ਤੋਂ ਵਾਪਸ ਆਉਣ ਤੋਂ ਬਾਅਦ, ਉਹਨਾਂ ਨੇ ਤ੍ਰਿਚੁਰ ਵਿੱਚ ਕਰਜ਼ਾ ਲੈ ਕੇ ਇੱਕ ਘਰ ਬਣਾਇਆ। ਉਨ੍ਹਾਂ ਦੀਆਂ ਲਿਖਤਾਂ ਨੇ ਉਨ੍ਹਾਂ ਦੀਆਂ ਕਿਤਾਬਾਂ ਦੀਆਂ ਜ਼ਰੂਰਤਾਂ ਨੂੰ ਹੀ ਮੁਸ਼ਕਲ ਨਾਲ ਪੂਰਾ ਕੀਤਾ, ਕਰਜ਼ੇ ਵਾਪਸ ਕਰਨ ਦੀ ਗੱਲ ਤਾਂ ਭੁੱਲ ਜਾਓ। ਉਨ੍ਹਾਂ ਕੋਲ ਬਹੁਤ ਹੀ ਦੁਰਲੱਭ ਕਿਤਾਬਾਂ ਵਾਲੀ ਇੱਕ ਵੱਡੀ ਲਾਇਬ੍ਰੇਰੀ ਸੀ, ਜੋ ਹੋਰ ਚੀਜ਼ਾਂ ਨਾਲੋਂ ਜ਼ਿਆਦਾ ਜਗ੍ਹਾ ਘੇਰਦੀ ਸੀ। ਸ਼ਾਇਦ ਉਹ ਖਾਣ-ਪੀਣ ਦੀਆਂ ਵਸਤਾਂ ਨਾਲੋਂ ਕਿਤਾਬਾਂ ਨੂੰ ਤਰਜੀਹ ਦਿੰਦੇ ਸਨ।

ਫੀਸਾਂ ਦੇਣ ਵੇਲੇ, ਉਨ੍ਹਾਂ ਦਾ ਪੁੱਤਰ ਉਹਨਾਂ ਦੇ ਕਮਰੇ ਵਿੱਚ ਜਾਂਦਾ ਸੀ ਅਤੇ ਉੱਥੇ ਖੜ੍ਹਾ ਹੋ ਜਾਂਦਾ ਸੀ। ਪੜ੍ਹਨ ਜਾਂ ਲਿਖਣ ਵਿੱਚ ਰੁੱਝੇ ਹੋਏ ਦਾਮੋਦਰਨ ਕੁਝ ਸਮੇਂ ਬਾਅਦ ਸਵਾਲੀਆ ਨਜ਼ਰਾਂ ਨਾਲ ਉੱਪਰ ਵੱਲ ਦੇਖਦੇ ਸਨ। ਪੁੱਤਰ (ਕੇ.ਪੀ. ਸਾਸੀ, ਜੋ ਬਾਅਦ ਵਿੱਚ ਇੱਕ ਮਸ਼ਹੂਰ ਪੱਤਰਕਾਰ ਅਤੇ ਕਾਰਟੂਨਿਸਟ ਬਣਿਆ) ਇੱਕ ਸ਼ਬਦ ਕਹਿੰਦਾ ਸੀ: 'ਫ਼ੀਸ'। ਪਿਤਾ ਕਹਿੰਦਾ ਸੀ: 'ਕੱਲ੍ਹ' ਅਤੇ ਅਗਲੇ ਦਿਨ, ਉਹ ਕਿਸੇ ਤੋਂ ਉਧਾਰ ਲੈ ਕੇ ਮੈਨੂੰ ਪੈਸੇ ਦਿੰਦੇ ਸਨ।

ਕੇਰਲਾ ਦੇ ਜ਼ਿਆਦਾਤਰ ਸ਼ੁਰੂਆਤੀ ਕਮਿਊਨਿਸਟ ਆਪਣੀ ਜੀਵਨ ਸ਼ੈਲੀ ਵਿੱਚ ਗਾਂਧੀਵਾਦੀਆਂ ਨਾਲੋਂ ਜ਼ਿਆਦਾ ਗਾਂਧੀਵਾਦੀ ਸਨ: ਮਾਰਕਸਵਾਦੀ ਵਿਚਾਰਧਾਰਾ ਵਾਲੇ ਗਾਂਧੀਵਾਦੀ! ਮਸ਼ਹੂਰ ਲੋਕ ਸੀਮਤ ਜ਼ਰੂਰਤਾਂ ਨਾਲ ਰਹਿੰਦੇ ਸਨ। ਚਾਹ, ਸਿਗਰਟ ਅਤੇ ਕਿਤਾਬਾਂ ਤੋਂ ਇਲਾਵਾ, ਦਾਮੋਦਰਨ ਦੀਆਂ ਨਿੱਜੀ ਜ਼ਰੂਰਤਾਂ ਵੀ ਬਹੁਤ ਸੀਮਤ ਸਨ। ਦਿੱਲੀ ਵਿੱਚ ਉਹਨਾਂ ਦੇ ਦੋਸਤਾਂ ਨੇ ਉਹਨਾਂ ਨੂੰ ਦੱਸਿਆ ਕਿ ਜੇ.ਐੱਨ.ਯੂ ਵਿੱਚ ਆਰਕਾਈਵਜ਼ ਆਫ਼ ਕੰਟੈਂਪਰੇਰੀ ਹਿਸਟਰੀ ਆਫ਼ ਇੰਡੀਆ ਦੇ ਡਿਪਟੀ ਡਾਇਰੈਕਟਰ ਬਣਨ 'ਤੇ ਉਹ ਜੇ.ਐੱਨ.ਯੂ ਤੋਂ ਇੱਕ ਫਲੈਟ ਦੇ ਹੱਕਦਾਰ ਹਨ। ਉਨ੍ਹਾਂ ਨੇ ਉਹਨਾਂ ਨੂੰ ਇੱਕ ਪੱਤਰ ਲਿਖਣ ਜਾਂ ਰਜਿਸਟਰਾਰ ਨੂੰ ਮਿਲਣ ਦੀ ਬੇਨਤੀ ਕੀਤੀ, ਜੋ ਉਹਨਾਂ ਦਾ ਬਹੁਤ ਸਤਿਕਾਰ ਕਰਦੇ ਸਨ, ਪਰ ਉਹਨਾਂ ਨੇ ਆਪਣੇ ਨਿੱਜੀ ਸਕੱਤਰ ਦੇ ਫਲੈਟ ਤੋਂ ਕਿਰਾਏ 'ਤੇ ਲਏ ਦੋ ਕਮਰਿਆਂ ਵਿੱਚ ਰਹਿਣ ਦੀ ਚੋਣ ਕੀਤੀ। ਇਸ ਤੋਂ ਪਹਿਲਾਂ ਉਹਨਾਂ ਕੋਲ 10x12 ਦਾ ਸਿਰਫ ਇੱਕ ਛੋਟਾ ਕਮਰਾ ਸੀ, ਜਿਸ ਵਿੱਚ ਪਰਵਾਰ ਦੇ ਪੰਜ ਮੈਂਬਰ ਰਹਿੰਦੇ ਸਨ, ਜਿਸ ਵਿੱਚ ਕੋਈ ਰਸੋਈ ਨਹੀਂ ਸੀ ਅਤੇ ਟਾਇਲਟ ਇੱਕ ਹੋਰ ਪਰਵਾਰ ਨਾਲ ਸਾਂਝੀ ਸੀ। ਉਹਨਾਂ ਨੇ ਆਪਣੀ ਜ਼ਿੰਦਗੀ ਦੇ ਜ਼ਿਆਦਾਤਰ ਕਰਜ਼ੇ ਇਸ ਤਰ੍ਹਾਂ ਰਹਿ ਕੇ ਅਦਾ ਕੀਤੇ।

ਇੱਕ ਵਾਰ ਉਹਨਾਂ ਨੇ ਆਪਣੇ ਪੁੱਤਰ ਨੂੰ ਦੋ ਘੰਟੇ ਤੱਕ ਸਿਗਰਟ ਲੁਕਾਉਣ ਅਤੇ ਉਹਨਾਂ ਦੀ ਮੌਜੂਦਗੀ ਵਿੱਚ ਸਿਗਰਟ ਨਾ ਪੀਣ ਲਈ ਝਿੜਕਿਆ। 'ਜੇ ਤੇਰੇ ਵਿੱਚ ਆਪਣੇ ਪਿਤਾ ਦੇ ਸਾਹਮਣੇ ਸਿਗਰਟ ਪੀਣ ਦੀ ਹਿੰਮਤ ਨਹੀਂ ਹੈ, ਤਾਂ ਤੂੰ ਸਿਗਰਟ ਕਿਉਂ ਪੀਂਦੈਂ ? '

**ਸਾਹਿਤਕ ਅਤੇ ਦਾਰਸ਼ਨਿਕ ਯੋਗਦਾਨ**

ਕੇ. ਦਾਮੋਦਰਨ ਭਾਰਤੀ ਦਰਸ਼ਨ 'ਤੇ ਆਪਣੇ ਮਸ਼ਹੂਰ ਕੰਮ, 'ਇੰਡੀਅਨ ਥੌਟ : ਏ ਕ੍ਰਿਟੀਕਲ ਸਰਵੇ' ਲਈ ਸਭ ਤੋਂ ਵੱਧ ਜਾਣੇ ਜਾਂਦੇ ਹਨ, ਜਿਸ ਦਾ ਹਿੰਦੀ ਅਤੇ ਕਈ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ। ਇਹ ਪ੍ਰਾਚੀਨ ਸਮੇਂ ਤੋਂ ਲੈ ਕੇ ਆਧੁਨਿਕ ਤੱਕ 'ਇੰਡੀਅਨ ਫਿਲੋਸਫੀਕਲ ਸਕੂਲਜ਼' ਦੀ ਇੱਕ ਵਿਸ਼ਾਲ ਸ਼੍ਰੇਣੀ ਨੂੰ ਕਵਰ ਕਰਦਾ ਹੈ। ਇਸ ਤੋਂ ਇਲਾਵਾ ਉਹਨਾਂ ਨੇ ਮੈਨ ਐਂਡ ਸੋਸਾਇਟੀ ਇਨ ਇੰਡੀਅਨ ਫਿਲਾਸਫੀ, ਮਾਰਕਸ, ਹੀਗਲ ਅਤੇ ਸ਼੍ਰੀਸੰਕਰਾ, ਮਾਰਕਸ ਕਮਜ਼ ਟੂ ਇੰਡੀਆ (ਪੀ.ਸੀ. ਜੋਸ਼ੀ ਦੇ ਨਾਲ ਮਿਲ ਕੇ), ਆਦਿ ਲਿਖੇ। ਉਨ੍ਹਾਂ ਨੇ ਵੱਡੀ ਗਿਣਤੀ ਵਿੱਚ ਲੇਖ ਅਤੇ ਕਿਤਾਬਾਂ ਲਿਖੀਆਂ। ਉਨ੍ਹਾਂ ਨੇ ਮਲਿਆਲਮ ਵਿੱਚ ਵਿਆਪਕ ਤੌਰ 'ਤੇ ਲਿਖਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਕਿਤਾਬਾਂ ਸ਼ਾਮਲ ਹਨ।

ਦਾਮੋਦਰਨ ਇੱਕ ਬਹੁਭਾਸ਼ਾਈ ਵਿਦਵਾਨ ਸਨ ਅਤੇ ਉਹਨਾਂ ਨੇ ਰੂਸੀ ਤੋਂ ਮਲਿਆਲਮ ਵਿੱਚ ਬਹੁਤ ਸਾਰੀਆਂ ਕਿਤਾਬਾਂ ਦਾ ਅਨੁਵਾਦ ਕੀਤਾ। ਪੱਟਾਬਾਕੀ ਤੋਂ ਇਲਾਵਾ, ਉਹਨਾਂ ਨੇ ਰਕਥਾਪਨਮ ਨਾਂਅ ਦਾ ਇੱਕ ਹੋਰ ਨਾਟਕ ਲਿਖਿਆ। 1934 ਅਤੇ 1935 ਦੇ ਵਿਚਕਾਰ ਲਿਖੀਆਂ ਕਹਾਣੀਆਂ ਨੂੰ ਕਾਂਨੂੰਨੀਰ ਵਜੋਂ ਇਕੱਠਾ ਕੀਤਾ ਗਿਆ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿੱਚੋਂ ਸਭ ਤੋਂ ਵੱਧ ਜਾਣਿਆ ਜਾਣ ਵਾਲਾ ਇੰਦੀਯੁਦੇ ਆਤਮਵੁ ਹੈ। ਉਹਨਾਂ ਨੇ ਪੁਰਾਤੱਤਵ, ਮਾਨਵ ਵਿਗਿਆਨ ਅਤੇ ਸਿੱਕਾ ਵਿਗਿਆਨ 'ਤੇ ਅਧਾਰਤ ਕੇਰਲ ਇਤਿਹਾਸ ਦਾ ਸਿਰਫ਼ ਪਹਿਲਾ ਭਾਗ ਪੂਰਾ ਕੀਤਾ।

ਰਾਜਨੀਤਿਕ ਕਾਰਕੁਨ ਅਤੇ ਦਸਤਾਵੇਜ਼ੀ ਨਿਰਦੇਸ਼ਕ ਕੇ.ਪੀ. ਸਾਸੀ, ਉਹਨਾਂ ਦੇ ਪੁੱਤਰ ਹਨ।

ਉਨ੍ਹਾਂ ਦੀ ਮੌਤ 3 ਜੁਲਾਈ, 1976 ਨੂੰ ਦਿੱਲੀ ਦੇ ਸਫਦਰਜੰਗ ਹਸਪਤਾਲ ਵਿੱਚ ਹੋਈ, ਜਦੋਂ ਉਹ ਅਜੇ ਵੀ ਇਹ ਖੋਜ ਕਰ ਰਹੇ ਸਨ।

+91 9988491002

# ਵੰਡ ਤੋਂ ਪਹਿਲਾਂ ਹੋਈਆਂ ਦੋ ਸਾਹਿਤਕ ਗੋਸ਼ਟੀਆਂ

ਸੱਜ਼ਾਦ ਜ਼ਹੀਰ

ਅਨੁਵਾਦ : ਡਾ. ਨਰੇਸ਼

ਅਬਦੁੱਲਾ ਮਲਿਕ ਇਕ ਸਾਲ ਬੰਬਈ ਰਹਿਣ ਮਗਰੋਂ 1944 (ਸ਼ਾਇਦ) ਵਿਚ ਲਾਹੌਰ ਚਲੇ ਗਏ।ਪੰਜਾਬ ਦੇ ਕਈ ਸਿਰਕੱਢ ਲੇਖਕ ਹੋਰਨਾਂ ਸੂਬਿਆਂ ਵਿਚ ਪ੍ਰਗਤੀਸ਼ੀਲ ਸਾਹਿਤ ਦੀ ਜੋਤ ਜਗਾਈ ਬੈਠੇ ਸਨ, ਇਸ ਲਈ ਉਥੇ ਸਾਡਾ ਸੰਗਠਨ 1942 ਨਾਲੋਂ ਵੀ ਮਾੜੀ ਹਾਲਤ ਵਿਚ ਸੀ। ਸੂਫ਼ੀ ਤਬੱਸੁਮ (ਸ਼ਾਇਦ ਸਰਕਾਰੀ ਨੌਕਰ ਹੋਣ ਕਰਕੇ) ਕਾਫ਼ੀ ਸਮੇਂ ਅੰਜੁਮਨ ਤੋਂ ਪੱਲਾ ਵੱਟੀ ਬੈਠੇ ਸਨ। ਉਥੇ ਇਕ ਅਜਿਹੇ ਵਿਅਕਤੀ ਦੀ ਲੋੜ ਸੀ ਜੋ ਘੱਟੋਘੱਟ ਅੰਜੁਮਨ ਦੀਆਂ ਬਾਕਾਇਦਾ ਗੋਸ਼ਟੀਆਂ ਕਰੇ, ਗੋਸ਼ਠੀਆਂ ਲਈ ਚੰਗੇ ਪ੍ਰੋਗਰਾਮ ਉਲੀਕੇ ਅਤੇ ਲਾਹੌਰ ਵਿਚ ਅੰਜੁਮਨ ਨੂੰ ਜੱਥੇਬੰਦ ਕਰੇ। ਲਾਹੌਰ ਉਰਦੂ ਦੇ ਪ੍ਰਗਤੀਸ਼ੀਲ ਸਾਹਿਤ ਦਾ ਸਭ ਤੋਂ ਵੱਡਾ ਪ੍ਰਕਾਸ਼ਨ ਕੇਂਦਰ ਸੀ। ਉਸੇ ਸੰਗਠਨ ਦੇ ਮਜ਼ਬੂਤ ਹੋਣ 'ਤੇ ਉਥੋਂ ਦੇ ਸਾਹਿਤਕ ਰਸਲਿਆਂ ਅਤੇ ਪ੍ਰਕਾਸ਼ਨ ਘਰਾਂ ਉੱਪਰ ਵੀ ਚੰਗਾ ਪ੍ਰਭਾਵ ਪੈ ਸਕਦਾ ਸੀ। ਇਸ ਤੋਂ ਸਮੁੱਚੇ ਅੰਦੋਲਨ ਨੂੰ ਬਲ ਮਿਲਣਾ ਸੀ।

ਮੈਂ ਉਸ ਜ਼ਮਾਨੇ ਵਿਚ ਪੰਜਾਬੀ ਬਹੁਤ ਘੱਟ ਸਮਝਦਾ ਸੀ ਪਰ ਅੰਜੁਮਨ ਦੇ ਜਨਰਲ ਸਕੱਤਰ ਦੇ ਤੌਰ 'ਤੇ ਮੇਰੇ ਲਈ ਆਪਣੀ ਭਾਸ਼ਾ ਤੋਂ ਬਿਨਾਂ ਹੋਰਨਾਂ ਭਾਸ਼ਾਵਾਂ ਦੇ ਪ੍ਰਗਤੀਸ਼ੀਲ ਲੇਖਕਾਂ ਨੂੰ ਮਿਲਣਾ ਅਤੇ ਉਨ੍ਹਾਂ ਦੀਆਂ ਰਚਨਾਵਾਂ ਅਤੇ ਗਤੀਵਿਧੀਆਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਜ਼ਰੂਰੀ ਸੀ। ਲਾਹੌਰ ਵਿਚ ਇਕ ਵਾਰੀ ਮੈਨੂੰ ਪੰਜਾਬੀ ਸਾਹਿਤਕਾਰਾਂ ਨੇ ਆਪਣੀ ਗੋਸ਼ਠੀ ਵਿਚ ਆਮੰਤ੍ਰਿਤ ਕੀਤਾ।ਗੋਸ਼ਠੀ ਲਈ ਚਾਹ ਤੇ ਲੰਗਰ ਦਾ ਪ੍ਰਬੰਧ ਵੀ ਸੀ।ਉਥੇ ਮੈਂ ਪਹਿਲੀ ਵਾਰੀ ਕਰਤਾਰ ਸਿੰਘ ਦੁੱਗਲ ਨੂੰ ਮਿਲਿਆ।ਉਨ੍ਹਾਂ ਗੋਸ਼ਟੀ ਵਿਚ ਆਪਣੀ ਇਕ ਕਹਾਣੀ ਪੜ੍ਹੀ ਸੀ। ਪ੍ਰੋ. ਮੋਹਨ ਸਿੰਘ ਨਾਲ ਵੀ ਉਥੇ ਹੀ ਮੁਲਾਕਾਤ ਹੋਈ ਸੀ। ਗੋਸ਼ਟੀ ਵਿਚ ਪੰਜਾਬੀ ਦੀਆਂ ਕਈ ਕਵਿਤਾਵਾਂ ਪੜ੍ਹੀਆਂ ਗਈਆਂ।ਮੇਰੇ ਲਈ ਉਨ੍ਹਾਂ ਦੇ ਅਨੁਵਾਦ ਵੀ ਕੀਤੇ ਗਏ।ਪੰਜਾਬੀ ਸਾਹਿਤ ਅਤੇ ਉਸਦੇ ਵਿਕਾਸ ਬਾਰੇ ਗੱਲਾਂ ਵੀ ਹੋਈਆਂ।ਇਥੇ ਹੀ ਮੈਂ ਪਹਿਲੀ ਵਾਰੀ ਇਮਤਿਆਜ਼ ਅਲੀ ਤਾਜ਼ ਨੂੰ ਮਿਲਿਆ। ਮਗਰੋਂ ਮੈਨੂੰ ਪੰਜਾਬੀ ਦੇ ਉਸਤਾਦ ਕਵੀ 'ਦਾਮਨ' ਦੀਆਂ ਕਵਿਤਾਵਾਂ ਸੁਣਨ ਦਾ ਮੌਕਾ ਵੀ ਮਿਲਿਆ।ਪੰਜਾਬ ਦੇ ਪਿੰਡਾਂ-ਕਸਬਿਆਂ ਵਿਚ ਪੰਜਾਬੀ ਕਵਿਤਾ ਬੜੇ ਠੁੱਕ ਨਾਲ ਜਿਉਂ ਰਹੀ ਹੈ ਅਤੇ ਅਨੇਕ ਕਵੀ ਉਥੋਂ ਦੇ ਕਿਸਾਨੀ ਅੰਦੋਲਨ ਨਾਲ ਜੁੜੇ ਹੋਏ ਹਨ।

ਲਾਹੌਰ ਵਿਚ ਵੰਡ ਤੋਂ ਪਹਿਲਾਂ ਹੋਈਆਂ ਦੋ ਸਾਹਿਤਕ ਗੋਸ਼ਠੀਆਂ ਵੀ ਮੈਨੂੰ ਯਾਦ ਆ ਰਹੀਆਂ ਹਨ।ਸ਼ਾਇਦ 1946 ਜਾਂ 1947 ਦੇ ਆਰੰਭ ਦਾ ਸਮਾਂ ਸੀ। ਪੰਜਾਬ ਵਿਚ ਸਾਡਾ ਅੰਦੋਲਨ ਸੰਗਠਨ ਅਤੇ ਪਾਸਾਰ ਪੱਖੋਂ ਅਤੇ ਸਾਹਿਤਰਚਨਾ ਅਤੇ ਪ੍ਰਗਤੀਸ਼ੀਲ ਰਸਾਲਿਆਂ-ਪੁਸਤਕਾਂ ਦੇ ਪ੍ਰਕਾਸ਼ਨ ਪੱਖੋਂ ਚੜ੍ਹਤਮੁਖੀ ਸੀ। ਹੁਣ ਉਥੇ ਪੀਪਲਜ਼ ਥੀਏਟਰ ਦੀ ਲਹਿਰ ਵੀ ਚੱਲ ਪਈ ਸੀ ਅਤੇ ਉਸਦਾ ਬਹੁਤ ਵਧੀਆ ਗਰੁੱਪ ਤਿਆਰ ਹੋ ਗਿਆ ਸੀ।

ਪਹਿਲੀ ਗੋਸ਼ਟੀ ਦਾ ਵੇਰਵਾ ਮੈਨੂੰ ਚੇਤੇ ਨਹੀਂ, ਛੁੱਟ ਇਸਤੋਂ ਕਿ ਮੈਂ ਇਸ ਵਿਚ ਪ੍ਰਗਤੀਸ਼ੀਲ ਸਾਹਿਤ ਦੀਆਂ ਸਮੱਸਿਆਵਾਂ 'ਤੇ ਭਾਸ਼ਨ ਦਿੱਤਾ ਸੀ। ਭਾਸ਼ਨ ਵਿਚ ਕੀ ਆਖਿਆ ਸੀ, ਉਹ ਵੀ ਚੇਤੇ ਨਹੀਂ ਪਰ ਇਸ ਗੋਸ਼ਟੀ ਦਾ ਮਾਹੌਲ ਅਤੇ ਅੰਦਾਜ਼ ਦਿਮਾਗ਼ ਵਿਚ ਸੁਰੱਖਿਅਤ ਹੈ। ਲਾਹੌਰ ਵਾਸੀ ਇਕ ਬੰਗਾਲੀ ਕਲਾਕਾਰ (ਸਾਨਯਾਲ) ਦੇ ਸਟੂਡੀਓ ਵਿਚ ਹੋਈ ਸੀ, ਇਹ ਗੋਸ਼ਟੀ ਸਟੂਡੀਓ ਮਾਲ ਰੋਡ ਦੇ ਇਕ ਚੁਬਾਰੇ ਵਿਚ ਸੀ। ਇਕ ਵੱਡਾ ਸਾਰਾ ਕਮਰਾ, ਜਿਸ ਦੀਆਂ ਕੰਧਾਂ 'ਤੇ ਨਿੱਕੀਆਂ-ਵੱਡੀਆਂ ਤਸਵੀਰਾਂ ਟੰਗੀਆਂ ਹੋਈਆਂ ਸਨ, ਕੁਝ ਪੂਰਨ, ਕੁਝ ਅਪੂਰਨ, ਕਿਸੇ ਵਿਚ ਸਿਰ ਗਾਇਬ ਸੀ, ਕੋਈ ਕੇਵਲ ਧੜ ਅਤੇ ਕਿਸੇ ਵਿਚ ਕੇਵਲ ਵੱਡਾ ਸਾਰਾ ਸਿਰ। ਸਫੈਦ ਮਿੱਟੀ ਅਤੇ ਪੱਥਰ ਦੀਆਂ ਮੂਰਤਾਂ ਇਧਰ-ਉਧਰ ਰੱਖੀਆਂ ਹੋਈਆਂ ਸਨ। ਬੈਠਣ ਲਈ ਅਦਭੁੱਤ ਪ੍ਰਕਾਰ ਦੇ ਕੁਰਸੀਆਂ-ਸਟੂਲ ਸਨ। ਸ਼ਾਮਾਂ ਪੈ ਗਈਆਂ ਸਨ। ਸਟੂਡੀਓ ਵਿਚ ਲੁਕੇ ਹੋਏ ਬਲਬਾਂ ਦੀ ਮੱਧਮ ਰੌਸ਼ਨੀ ਫੈਲੀ ਹੋਈ ਸੀ। ਇਸ ਹਸੀਨ ਧੁੰਦਲਕੇ ਵਿਚ ਚਾਲ੍ਹੀ ਪੰਜਾਹ ਲੇਖਕ ਅਤੇ ਸਾਹਿਤ-ਪ੍ਰੇਮੀ ਬੈਠੇ ਹੋਏ ਸਨ। ਜ਼ਿਆਦਾਤਰ ਲੋਕ ਫਰਸ਼ 'ਤੇ ਅਤੇ ਕੁਝ ਉਥੇ ਪਈਆਂ ਕੁਰਸੀਆਂ 'ਤੇ। ਇਨ੍ਹਾਂ ਵਿਚ ਕੁਝ ਗੰਭੀਰ ਲੋਕ ਸਨ, ਕੁਝ ਲਲਿਤ ਕਲਾਵਾਂ ਦੇ ਸ਼ੁਕੀਨ ਹੀ ਆਖੇ ਜਾ ਸਕਦੇ ਸਨ। ਇਹ ਮਾਹੌਲ ਪੰਜਾਬ ਦੇ ਜਨਤਕ ਮਾਹੌਲ ਨਾਲ ਕਿਸੇ ਤਰ੍ਹਾਂ ਮੇਲ ਨਹੀਂ ਖਾਂਦਾ ਸੀ, ਪਰ ਇਸ ਦਾ ਇਕ ਆਪਣਾ ਹੁਸਨ ਸੀ। ਮੈਨੂੰ ਪ੍ਰਗਤੀਵਾਦ ਦੇ ਆਰੰਭਕ ਦੌਰ ਦੀ ਉਹ ਕਾਨਫੰਰਸ ਯਾਦ ਆ ਗਈ ਜੋ ਅੰਮ੍ਰਿਤਸਰ ਦੇ ਜਲ੍ਹਿਆਂਵਾਲੇ ਬਾਗ ਵਿਚ ਪੰਜਾਬੀ ਕਿਸਾਨਾਂ ਦੇ ਇਕੱਠ ਵਿਚ ਚੌਂਤਰੇ 'ਤੇ ਹੋਈ ਸੀ। ਇਹ ਸਾਡੇ ਅੰਦੋਲਨ ਦੇ ਦੋ ਰੁਖ ਸਨ। ਵਰਤਮਾਨ ਸਮਾਜ ਵਿਚ ਮੱਧਵਰਗੀ ਬੁੱਧੀਜੀਵੀਆਂ ਅਤੇ ਰਚਨਾਕਾਰਾਂ ਦੀ ਆਪਣੀ ਇਕ ਦੁਨੀਆਂ ਸੀ। ਇਸ ਵਿਚ ਵੀ ਗਿਆਨ, ਕਲਾ ਅਤੇ ਸਾਹਿਤ ਨੂੰ ਬੜ੍ਹਾਵਾ ਮਿਲਦਾ ਸੀ ਪਰ ਇਸ ਵਿਚ ਜਾਨ ਉਦੋਂ ਹੀ ਪੈ ਸਕਦੀ ਸੀ ਜਦੋਂ ਇਹ ਬਾਹਰਲੀ ਦੁਨੀਆਂ ਨਾਲ ਜੁੜਿਆ ਹੋਵੇ। ਪ੍ਰਤੀਕ੍ਰਿਆਵਾਦੀ ਜਨਤਾ ਅਤੇ ਕਲਾਕਾਰਾਂ-ਬੁੱਧੀਜੀਵੀਆਂ ਦਾ ਇਹ ਸੰਬੰਧ ਤੋੜਣ ਦਾ ਯਤਨ ਕਰਦੇ ਹਨ। ਪ੍ਰਗਤੀਵਾਦੀ ਸਮਝਦੇ ਹਨ ਕਿ ਕਲਾ ਅਤੇ ਸਾਹਿਤ ਦੇ ਦੂਜੀ ਗੋਸ਼ਟੀ ਦੀ ਮਾਲ ਰੋਡ ਦੀ ਹੀ ਇਕ ਦੁਕਾਨ ਦੀ ਬੇਸਮੈਂਟ ਵਿਚ, ਕਾਫ਼ੀ ਹਾਊਸ ਨੇੜੇ, ਹੋਈ ਸੀ।ਇਹ ਨਵਾਂ ਬਣਿਆ ਇਕ ਵੱਡਾ ਸਾਰਾ ਹਾਲ ਕਮਰਾ ਸੀ। ਇਹ ਬੇਸਮੈਂਟ ਪ੍ਰਗਤੀਵਾਦੀਆਂ ਦੇ ਕਿਸੇ ਹਮਦਰਦ ਨੇ ਆਪਣੇ ਕਾਰੋਬਾਰੀ ਦਫ਼ਤਰ ਲਈ ਲੈ ਲਈ ਸੀ। ਉਸ ਦੀਆਂ ਦੋ ਕੁ ਮੇਜ਼ਾਂ ਅਤੇ ਟਾਈਪ-ਰਾਈਟਰ ਇਕ ਨੁੱਕਰੇ ਪਏ ਸਨ। ਬਾਕੀ ਹਿੱਸਾ ਖਾਲੀ ਸੀ, ਜਿਸ ਉੱਪਰ ਪ੍ਰਗਤੀਵਾਦੀਆਂ ਨੇ ਗੋਸ਼ਟੀ ਲਈ ਕਬਜ਼ਾ ਕੀਤਾ ਹੋਇਆ ਸੀ। ਇਹ ਗੋਸ਼ਟੀ ਸਵੇਰੇ ਦਸ ਵਜੇ ਦੇ ਲਗਭਗ ਸ਼ੁਰੂ ਹੋਈ ਸੀ। ਭਾਗ ਲੈਣ ਵਾਲਿਆਂ ਦੀ ਗਿਣਤੀ ਵੀਹ-ਪੰਝੀ ਸੀ। ਇਸ ਵਿਚ ਅੰਜੁਮਨ ਦੇ ਪ੍ਰਬੰਧਕ ਢਾਂਚੇ ਬਾਰੇ ਵਿਚਾਰ ਚਰਚਾ ਹੋਈ ਸੀ। ਇਸੇ ਗੋਸ਼ਠੀ ਵਿਚ ਮੈਂ ਪਹਿਲੀ ਵਾਰੀ ਅਬਦੁਸ-ਸਲਾਮ, ਖੁਰਸ਼ੀਦ, ਬਲਵੰਤ ਗਾਰਗੀ ਅਤੇ ਹੰਸਰਾਜ ਰਹਿਬਰ ਨੂੰ ਮਿਲਿਆ ਸੀ। ਖੁਰਸ਼ੀਦ ਹੋਰੀਂ ਬੜੀ ਦੇਰ ਪੰਜਾਬ ਦੇ ਲੋਕ-ਗੀਤਾਂ ਅਤੇ ਲੋਕ-ਨਾਚਾਂ ਬਾਰੇ ਗੱਲਾਂ ਕਰਦੇ ਰਹੇ। ਬਲਵੰਤ ਗਾਰਗੀ ਪੰਜਾਬ ਵਿਚ ਨਾਟਕਕਾਰੀ ਆਰੰਭ ਕਰ ਚੁੱਕੇ ਸਨ, ਸ਼ਾਇਦ ਇਹ ਨਾਟਕ ਲਾਹੌਰ ਰੇਡੀਓ 'ਤੇ ਪੇਸ਼ ਵੀ ਹੋ ਰਹੇ ਸਨ। ਉਨ੍ਹਾਂ ਇਹ ਵੀ ਦੱਸਿਆ ਕਿ ਹੁਣ ਉਹ ਪੰਜਾਬੀ ਵਿਚ ਨਾਵਲ ਲਿਖਣ ਦੀ ਯੋਜਨਾ ਬਣਾ ਰਹੇ ਹਨ। ਉਹ ਮੁੜ-ਮੁੜ ਮੁਲਕ ਰਾਜ ਆਨੰਦ ਦਾ ਹਵਾਲਾ ਦੇ ਰਹੇ ਸਨ। ਆਨੰਦ ਤੋਂ ਉਹ ਕਾਫ਼ੀ ਪ੍ਰਭਾਵਿਤ ਸਨ। ਉਨ੍ਹਾਂ ਵਿਚ ਇਕ ਅਜੀਬ ਜਿਹੀ ਬੇਚੈਨੀ ਸੀ ਅਤੇ ਉਹ ਕਾਫੀ ਨਰਮਦਿਲ ਅਤੇ ਸੰਵੇਦਨਸ਼ੀਲ ਜਾਪ ਰਹੇ ਸਨ ਜਿਵੇਂ ਕਲਾ ਵਿਚ ਕਿਸੇ ਨਾਜ਼ੁਕ-ਕਾਲਪਨਿਕ ਪੋਟਲੀ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕਰ ਰਹੇ ਹੋਣ, ਅਤੇ ਇਹ ਪੋਟਲੀ ਹਰ ਵਾਰੀ ਉਨ੍ਹਾਂ ਦੇ ਹੱਥੋਂ ਤਿਲ੍ਹਕ ਜਾਂਦੀ ਹੋਵੇ। ਉਹ ਇਕ ਬਾਲ ਵਾਂਗ ਘੜੀ 'ਚ ਖੁਸ਼ ਅਤੇ ਘੜੀ 'ਚ ਉਦਾਸ ਹੋ ਜਾਂਦੇ ਸਨ। ਉਨ੍ਹਾਂ ਨੂੰ ਮਿਲ ਕੇ ਅਚਨਚੇਤ ਜੀਅ ਕੀਤਾ ਕਿ ਕਾਸ਼ ਮੈਂ ਉਨ੍ਹਾਂ ਦਾ ਲਿਖਿਆ ਕੁਝ ਪੜ੍ਹ ਸਕਦਾ। ਉਸ ਸਮੇਂ ਤਕ ਮੈਂ ਉਰਦੂ ਵਿਚ ਉਨ੍ਹਾਂ ਦੀ ਕੋਈ ਕਹਾਣੀ ਜਾਂ ਨਾਟਕ ਨਹੀਂ ਪੜ੍ਹਿਆ ਸੀ।

ਰਹਿਬਰ ਨੂੰ ਪਹਿਲੀ ਵਾਰੀ ਮਿਲਣ 'ਤੇ ਇਕ ਬਿਲਕੁਲ ਵੱਖਰਾ ਅਹਿਸਾਸ ਹੋਇਆ ਸੀ। ਉਨ੍ਹਾਂ ਦੀ ਪੈਂਟ ਦੀ ਕ੍ਰੀਜ਼ ਮਾਲ ਰੋਡ ਉੱਪਰ ਚਹਿਲਕਦਮੀ ਕਰਨ ਵਾਲੇ ਖੁਸ਼ਹਾਲ, ਖੁਸ਼-ਪੁਸ਼ਾਕ ਨੌਜਵਾਨਾਂ ਵਾਂਗ ਸਿੱਧੀ ਅਤੇ ਅਪ-ਟੂ-ਡੇਟ ਸੀ। ਰਹਿਬਰ ਜਿਵੇਂ ਰਾਤ ਕਿਸੇ ਦਫ਼ਤਰ ਵਿਚ ਘੁਸ ਕੇ ਸਵੇਰੇ ਇਕ ਚਾਹ ਦਾ ਕੱਪ ਪੀ ਕੇ ਆ ਗਏ ਹੋਣ। ਉਨ੍ਹਾਂ ਦੀਆਂ ਅੰਦਰ ਧੁਸੀਆਂ ਅੱਖਾਂ ਦੇ ਆਲੇ-ਦੁਆਲੇ ਘੇਰੇ ਜਿਹੇ ਸਨ। ਉਨ੍ਹਾਂ ਦੇ ਦੁਬਲੇ-ਪਤਲੇ ਚਿਹਰੇ 'ਤੇ ਪੀਚੇ ਹੋਏ ਸਨ। ਉਹ ਉਦਾਸੀ ਅਤੇ ਫ਼ਿਕਰਮੰਦੀ ਦੀ ਹੱਦ ਤਕ ਗੰਭੀਰ ਵਿਖਾਈ ਦੇ ਰਹੇ ਸਨ। ਉਸ ਸਮੇਂ ਤਕ ਮੈਂ ਉਨ੍ਹਾਂ ਦੀ ਕੋਈ ਰਚਨਾ ਨਹੀਂ ਪੜ੍ਹੀ ਸੀ।ਉਨ੍ਹਾਂ ਦੱਸਿਆ ਕਿ ਉਹ ਉਰਦੂ ਅਤੇ ਹਿੰਦੀ ਦੋਵਾਂ ਭਾਸ਼ਾਵਾਂ ਵਿਚ ਲਿਖਦੇ ਸਨ। ਉਨ੍ਹਾਂ ਤੋਂ ਇਹ ਵੀ ਗਿਆਤ ਹੋਇਆ ਕਿ ਲਾਹੌਰ ਵਿਚ ਹਿੰਦੀ ਦੇ ਪ੍ਰਗਤੀਸ਼ੀਲ ਲੇਖਕ ਵੀ ਮੌਜੂਦ ਸਨ।ਉਂਝ ਤਾਂ ਸਾਡੇ ਅੰਦੋਲਨ ਵਿਚ ਭਾਂਤ-ਭਾਂਤ ਦੇ ਲੋਕ ਸ਼ਾਮਿਲ ਹਨ—ਬਹੁਤ ਪ੍ਰੇਮੀ ਅਤੇ ਘੱਟ ਭਾਵੁਕ, ਮਿਹਨਤੀ ਅਤੇ ਢਿੱਲੜ, ਕਲਾ ਲਈ ਉੱਦਮ ਕਰਨ ਵਾਲੇ ਅਤੇ ਮਨੋਰੰਜਨ ਲਈ ਪ੍ਰਗਤੀਵਾਦੀ ਬਣੇ, ਜਿਹੜੇ ਕੁਝ ਸਮੇਂ ਲਈ ਪ੍ਰਗਤੀਵਾਦ ਦੀ ਸੈਰ ਕਰਕੇ ਮੁੜ ਆਪਣੀ ਨਿੱਜਤਾ ਦੇ ਨਿਰਮਾਣ ਵਿਚ ਰੁੱਝ ਜਾਂਦੇ ਹਨ ਅਤੇ ਫਿਰ ਸਾਰੀ ਉਮਰ ਇਸ ਗੱਲ ਦਾ ਰੋਣਾ ਰੋਂਦੇ ਹਨ ਕਿ ਪ੍ਰਗਤੀਸ਼ੀਲ ਲੇਖਕਾਂ ਜਾਂ ਉਨ੍ਹਾਂ ਦੇ ਕਿਸੇ ਵਿਸ਼ੇਸ਼ ਗੁੱਟ ਨੇ ਉਨ੍ਹਾਂ ਦੀ ਕਦਰ ਨਹੀਂ ਕੀਤੀ, ਉਨ੍ਹਾਂ ਦੇ ਗੁਣ ਨਹੀਂ ਪਛਾਣੇ। ਰਹਿਬਰ ਨੂੰ ਮਿਲ ਕੇ ਮਹਿਸੂਸ ਹੋਇਆ ਕਿ ਸਾਡੇ ਅੰਦੋਲਨ ਦੀ ਅਸਲੀ ਸ਼ਕਤੀ ਕੁਝ ਵਿਅਕਤਿਤੱਵਾਂ ਦੀ ਚਰਿੱਤਰਗਤ ਅਤੇ ਆਤਮਿਕ ਪ੍ਰਤਿਭਾ ਉੱਪਰ ਕਾਇਮ ਹੈ। ਇਹ ਉਹ ਲੋਕ ਹਨ, ਜਿਹੜੇ ਹਰ ਪਕਾਰ ਦੀਆਂ ਆਰਥਿਕ ਅਤੇ ਰਾਜਨੀਤਕ ਮੁਸੀਬਤਾਂ ਝੱਲ ਕੇ ਆਪਣੇ ਉੱਚ ਇਨਸਾਨੀ ਅਸੂਲ ਨਹੀਂ ਤਿਆਗਦੇ, ਜਿਹੜੇ ਅੰਦੋਲਨ ਲਈ ਕਿਸੇ ਤਰ੍ਹਾਂ ਕੰਮ (ਗੋਸ਼ਟੀਆਂ ਲਈ ਦਰੀਆਂ ਵਿਛਾਉਣੀਆਂ, ਇਸ਼ਤਿਹਾਰ ਚਿਪਕਾਉਣੇ, ਵੰਡਣੇ, ਕੰਧਾਂ 'ਤੇ ਚੇਪਣੇ; ਟਿਕਟਾਂ ਵੇਚਣੀਆਂ; ਚੰਦਾ ਇਕੱਠਾ ਕਰਨਾ ਆਦਿ ਔਖੇ ਕੰਮ) ਨੂੰ ਵੀ ਆਪਣੀ ਸ਼ਾਨ 'ਤੇ ਵੱਟਾ ਨਹੀਂ ਸਮਝਦੇ, ਜਿਹੜੇ ਨਿਰੰਤਰ ਗਿਆਨ ਪ੍ਰਾਪਤੀ ਦੇ ਜਗਿਆਸੂ ਬਣ ਕੇ ਅਨੁਭਵ, ਅਭਿਆਸ ਅਤੇ ਮੁਹਾਰਤ ਦੁਆਰਾ ਆਪਣੀ ਕਲਾ ਦਾ ਪੱਧਰ ਨਿਰੰਤਰ ਉੱਚਾ ਚੁੱਕਣ ਦੀ ਕੋਸ਼ਿਸ਼ ਕਰਦੇ ਹਨ। ਪਹਿਲੀ ਵਾਰੀ ਰਹਿਬਰ ਨੂੰ ਮਿਲ ਕੇ ਮੈਨੂੰ ਜਾਪਿਆ ਸੀ ਜਿਵੇਂ ਮੈਂ ਕਿਸੇ ਅਜਿਹੇ ਸਾਥੀ ਨੂੰ ਹੀ ਮਿਲ ਰਿਹਾ ਹਾਂ ਪਰ ਮੇਰੇ ਨਾਲ ਬੜੀ ਵਾਰੀ ਅਜਿਹਾ ਵਾਪਰਿਆ ਹੈ ਕਿ ਪਹਿਲੀ ਵਾਰੀ ਕਿਸੇ ਨੂੰ ਮਿਲ ਕੇ ਉਸ ਬਾਰੇ ਜੋ ਰਾਏ ਬਣਾਉਂਦਾ ਹਾਂ, ਉਹ ਗ਼ਲਤ ਸਿੱਧ ਹੋ ਜਾਂਦੀ ਹੈ ਅਤੇ ਮੈਨੂੰ ਆਪਣੀ ਰਾਏ ਬਦਲਣੀ ਪੈਂਦੀ ਹੈ। ਮੈਨੂੰ ਖੁਸ਼ੀ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਰਹਿਬਰ ਦੀ ਕਹਾਣੀ-ਕਲਾ ਨੇ ਨਿਰੰਤਰ ਵਿਕਾਸ ਕੀਤਾ ਹੈ। ਉਨ੍ਹਾਂ ਦੇ ਲੇਖਾਂ ਤੋਂ ਪਤਾ ਲੱਗਦਾ ਹੈ ਕਿ ਉਹ ਸੱਭਿਆਚਾਰਕ ਮਾਮਲਿਆਂ ਉਤੇ ਕਾਫ਼ੀ ਮਿਹਨਤ ਅਤੇ ਸੋਚਵਿਚਾਰ ਮਗਰੋਂ ਕਦਮ ਉਠਾਉਂਦੇ ਹਨ।

*'ਰੌਸ਼ਨਾਈ' 'ਚੋਂ*

**ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾਂ-ਸੰਮੇਲਨ ਨੂੰ ਸਮਰਪਤ**

ਅਣਲਿਖਿਆ ਜਿਥੇ ਹਰਫ਼ ਹੈ
ਅਸੀਂ ਜਾਣਾ ਉਸੇ ਤਰਫ਼ ਹੈ

ਯਾਦ ਮੋਇਆਂ ਨੂੰ ਕਰਨਾ ਹੈ
ਦੁੱਖ ਆਪਣਾ ਏਦਾਂ ਜਰਨਾ ਹੈ

ਯਾਦ ਦੀ ਚੰਡੀ ਚੰਡਣੀ ਹੈ
ਜੋ ਟੁੱਟੀ ਹੈ, ਉਹ ਗੰਢਣੀ ਹੈ

ਮਿੱਟੀ ਨੇ ਵੱਤਰ ਹੋਣਾ ਹੈ
ਹਰ ਦਾਗ਼ ਜ਼ੁਲਮ ਦਾ ਧੋਣਾ ਹੈ

ਸਵਾਲ ਜਾਬਰ ਨੂੰ ਕਰਨਾ ਹੈ
ਦਰਿਆ ਅਗਨ ਦਾ ਤਰਨਾ ਹੈ

ਤੰਦ ਤਾਂਘ ਦੀ ਫੜਨੀ ਹੈ
ਇਹ ਜੰਗ ਅਸਾਂ ਨੇ ਲੜਨੀ ਹੈ

ਲੋਅ ਸ਼ਬਦ ਦੀ ਕਰਨੀ ਹੈ
ਨੀਂਹ ਵਿਸਾਹ ਦੀ ਧਰਨੀ ਹੈ

- ਡਾ. ਸਵਰਾਜਬੀਰ